# PUNJAB VIDHAN SABHA

**DEBATES**

*Thursday, the 14th February, 2019*

**Vol. VII – No. 3**

**OFFICIAL REPORT**

CONTENTS


| | Page |
|---|---|
| Starred Questions and Answers | (3) 1 |
| Written Answers to Starred Questions laid on the table of the House under rule 38 | (3) 36 |
| Unstarred Questions and Answers | (3) 40 |
| Matters raised during Zero Hour | (3) 75 |
| Resolution regarding recommendation to the State Government to approach the Central Government for conducting elections to the Shiromani Gurudwara Prabandhak Committee as its term has expired in December, 2016 | (3) 77 |
| Matters raised during Zero Hour *(Resumption)* | (3) 81 |
| Calling Attention Notices Under Rule 66 | (3) 84 |
| Walk out | (3) 93 |
| Presentation of Reports of the Committees | (3) 93 |
| Presentation of the Second Report of the Business Advisory Committee | (3) 94 |
| Resolution Reg. Recommendation to the State Government to enact a Law in Punjab on the pattern of Maharashtra Government to prevent exploitation of a particular class of society due to growing superstitions and beliefs in the State so that effective steps can be taken against such incidents in the society | (3) 97 |
| Appedndix | (i) |


---

**Punjab Vidhan Sabha Secretariat, Chandigarh**

**Price..........**

## ਪੰਜਾਬ ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ. | ਨਾਮ | ਮਹਿਕਮਾ/ਮਹਿਕਮੇ |
|---|---|---|
| 1. | ਕੈਪਟਨ ਅਮਰਿੰਦਰ ਸਿੰਘ<br>ਮੁੱਖ ਮੰਤਰੀ | ਪ੍ਰਬੰਧਕੀ ਸੁਧਾਰ, ਖੇਤੀਬਾੜੀ ਅਤੇ ਕਿਸਾਨ ਭਲਾਈ, ਬਾਗਬਾਨੀ, ਭੂਮੀ ਅਤੇ ਜਲ ਸੰਭਾਲ, ਸ਼ਹਿਰੀ ਹਵਾਬਾਜ਼ੀ, ਰੱਖਿਆ ਸੇਵਾਵਾਂ ਭਲਾਈ, ਆਬਕਾਰੀ ਤੇ ਕਰ, ਆਮ ਰਾਜ ਪ੍ਰਬੰਧ, ਗ੍ਰਹਿ ਮਾਮਲੇ ਅਤੇ ਨਿਆਂ, ਪ੍ਰਾਹੁਣਾਚਾਰੀ, ਨਿਵੇਸ਼ ਪ੍ਰੋਤਸਾਹਨ, ਸੂਚਨਾ ਤੇ ਲੋਕ ਸੰਪਰਕ, ਕਾਨੂੰਨੀ ਤੇ ਵਿਧਾਨਕਾਰ ਮਾਮਲੇ, ਪਰਸੋਨਲ, ਵਾਤਾਵਰਨ, ਚੌਕਸੀ, ਜੰਗਲੀ ਜੀਵ, ਪ੍ਰਵਾਸੀ ਭਾਰਤੀ ਮਾਮਲੇ |
| | Captain Amarinder Singh<br>Chief Minister | Administrative Reforms, Agriculture and Farmers' Welfare, Horticulture, Conservation of Land and Water, Civil Aviation, Defence Services Welfare, Excise & Taxation, General Administration, Home Affairs and Justice, Hospitality, Investment Promotion, Information & Public Relations, Legal & Legislative Affairs, Personnel, Environment, Vigilance, Wildlife, NRI Affairs |
| 2. | ਸ਼੍ਰੀ ਬ੍ਰਹਮ ਮਹਿੰਦਰਾ | ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ, ਸੰਸਦੀ ਮਾਮਲੇ, ਚੋਣਾਂ, ਸ਼ਿਕਾਇਤ ਨਿਵਾਰਨ ਮੰਤਰੀ |
| | Shri Brahm Mohindra | Health & Family Welfare, Medical Education & Research , Parliamentary Affairs, Elections, Removal of Grievances Minister |

| | | |
|---|---|---|
| 3. | ਸਰਦਾਰ ਨਵਜੋਤ ਸਿੰਘ ਸਿੱਧੂ<br>Sardar Navjot Singh Sidhu | ਸਥਾਨਕ ਸਰਕਾਰ, ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ ਮੰਤਰੀ<br>Local Government, Tourism and Cultural Affairs Minister |
| 4. | ਸਰਦਾਰ ਮਨਪ੍ਰੀਤ ਸਿੰਘ ਬਾਦਲ<br>Sardar Manpreet Singh Badal | ਵਿੱਤ, ਯੋਜਨਾ, ਪ੍ਰੋਗਰਾਮ ਲਾਗੂਕਰਨ, ਪ੍ਰਸ਼ਾਸਨ ਸੁਧਾਰ ਮੰਤਰੀ<br>Finance, Planning, Programme Implementation, Governance Reforms Minister |
| 5. | ਸ਼੍ਰੀ ਓਮ ਪ੍ਰਕਾਸ਼ ਸੋਨੀ<br>Shri Om Parkash Soni | ਸਕੂਲ ਸਿੱਖਿਆ, ਆਜ਼ਾਦੀ ਘੁਲਾਟੀਏ ਤੇ ਫੂਡ ਪ੍ਰੋਸੈਸਿੰਗ ਮੰਤਰੀ<br>School Education , Freedom Fighters Food Processing Minister |
| 6. | ਸਰਦਾਰ ਸਾਧੂ ਸਿੰਘ<br>Sardar Sadhu Singh | ਜੰਗਲਾਤ, ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ, ਛਪਾਈ ਤੇ ਲਿਖਣ ਸਮੱਗਰੀ ਮੰਤਰੀ<br>Forest, Social Justice, Empowerment and Miniorties Printing & Stationery Minister |
| 7. | ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ<br>Sardar Tript Rajinder Singh Bajwa | ਦਿਹਾਤੀ ਵਿਕਾਸ ਤੇ ਪੰਚਾਇਤਾਂ, ਮਕਾਨ ਤੇ ਸ਼ਹਿਰੀ ਵਿਕਾਸ ਮੰਤਰੀ<br>Rural Development & Panchayats, Housing & Urban Development Minister |
| 8. | ਰਾਣਾ ਗੁਰਮੀਤ ਸਿੰਘ ਸੋਢੀ<br>Rana Gurmeet Singh Sodhi | ਖੇਡਾਂ ਅਤੇ ਯੁਵਕ ਮਾਮਲੇ ਮੰਤਰੀ<br>Sports and Youth Affairs Minister |

| | | |
|---|---|---|
| 9. | ਸਰਦਾਰ ਚਰਨਜੀਤ ਸਿੰਘ ਚੰਨੀ<br>Sardar Charanjit Singh Channi | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਰੁਜ਼ਗਾਰ ਉਤਪਤੀ, ਸਾਇੰਸ ਤੇ ਤਕਨਾਲੋਜੀ ਮੰਤਰੀ<br>Technical Education and Industrial Training, Employment Generation, Science & Technology Minister |
| 10. | ਸ਼੍ਰੀਮਤੀ ਅਰੁਨਾ ਚੌਧਰੀ<br>Smt. Aruna Chaudhary, | ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ, ਟਰਾਂਸਪੋਰਟ ਮੰਤਰੀ<br>Social Security, Women & Child Development, Transport Minister |
| 11. | ਸ਼੍ਰੀਮਤੀ ਰਜ਼ੀਆ ਸੁਲਤਾਨਾ<br>Smt. Razia Sultana | ਉਚੇਰੀ ਸਿੱਖਿਆ, ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ<br>Higher Education, Water Supply & Sanitation Minister |
| 12. | ਸਰਦਾਰ ਸੁਖਜਿੰਦਰ ਸਿੰਘ ਰੰਧਾਵਾ<br>Sardar Sukhjinder Singh Randhawa | ਸਹਿਕਾਰਤਾ, ਜੇਲ੍ਹਾਂ ਮੰਤਰੀ<br>Cooperation, Jails Minister |
| 13. | ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ<br>Sardar Sukhbinder Singh Sarkaria | ਮਾਲ, ਪੁਨਰਵਾਸ ਅਤੇ ਕੁਦਰਤੀ ਆਫਤਾਂ ਪ੍ਰਬੰਧਨ, ਜਲ ਸਰੋਤ, ਖਾਣਾਂ ਤੇ ਭੂ-ਵਿਗਿਆਨ ਮੰਤਰੀ<br>Revenue, Rehabilitation and Disaster Management, Water Resources, Mines & Geology Minister |
| 14. | ਸਰਦਾਰ ਗੁਰਪ੍ਰੀਤ ਸਿੰਘ ਕਾਂਗੜ<br>Sardar Gurpreet Singh Kangar | ਊਰਜਾ, ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ<br>Power, New and Renewable Energy Sources Minister |

| | |
|---|---|
| 15. ਸਰਦਾਰ ਬਲਬੀਰ ਸਿੰਘ ਸਿੱਧੂ<br>Sardar Balbir Singh Sidhu | ਪਸ਼ੂ ਪਾਲਣ, ਡੇਅਰੀ ਵਿਕਾਸ, ਕਿਰਤ ਮੰਤਰੀ<br>Animal Husbandry, Dairy Development, Labour Minister |
| 16. ਸ਼੍ਰੀ ਵਿਜੈ ਇੰਦਰ ਸਿੰਗਲਾ<br>Shri Vijay Inder Singla | ਲੋਕ ਨਿਰਮਾਣ, ਸੂਚਨਾ ਤਕਨਾਲੋਜੀ ਮੰਤਰੀ<br>Public Works, Information Technology Minister |
| 17. ਸ਼੍ਰੀ ਸੁੰਦਰ ਸ਼ਾਮ ਅਰੋੜਾ<br>Shri Sunder Sham Arora | ਉਦਯੋਗ ਤੇ ਕਮਰਸ ਮੰਤਰੀ<br>Industries & Commerce Minister |
| 18. ਸ਼੍ਰੀ ਭਾਰਤ ਭੂਸ਼ਣ ਆਸ਼ੂ<br>Shri Bharat Bhushan Ashu | ਖੁਰਾਕ ਤੇ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ<br>Food & Civil Supplies and Consumer Affairs Minister |

## PUNJAB VIDHAN SABHA

*Thursday, the 14th February, 2019*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Rana Kanwar Pal Singh) in the Chair.*

---

## STARRED QUESTIONS AND ANSWERS

### ਨਿਸ਼ਾਨ ਵਾਲਾ ਪ੍ਰਸ਼ਨ ਨੰ:1802

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

### ਸ੍ਰੀ ਮੁਕਤਸਰ ਸਾਹਿਬ ਨੂੰ ਅਮਰੂਤ ਸਿਟੀ ਘੋਸ਼ਿਤ ਕਰਨਾ

***1906. ਸਰਦਾਰ ਕੰਵਰਜੀਤ ਸਿੰਘ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਇਹ ਠੀਕ ਹੈ ਕਿ ਸ੍ਰੀ ਮੁਕਤਸਰ ਸਾਹਿਬ ਨੂੰ ਅਮਰੂਤ ਸਿਟੀ ਵਜੋਂ ਘੋਸ਼ਿਤ ਕੀਤਾ ਗਿਆ ਸੀ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੈ ਤਾਂ ਕੀ ਇਸ ਪ੍ਰਾਜੈਕਟ ਨੂੰ ਨੇਪਰੇ ਚਾੜ੍ਹਨ ਲਈ ਰਾਜ ਸਰਕਾਰ ਨੇ ਲੋੜੀਂਦੇ ਫੰਡਜ਼ ਰਿਲੀਜ਼ ਕਰ ਦਿੱਤੇ ਹਨ; ਅਤੇ ਇਸ ਪ੍ਰਾਜੈਕਟ ਦੀ ਅਜੋਕੀ ਸਥਿਤੀ ਕੀ ਹੈ?

**ਸਰਦਾਰ ਨਵਜੋਤ ਸਿੰਘ ਸਿੱਧੂ :** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਐਮ.ਐਲ.ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ (ੳ) ਜੀ ਹਾਂ, ਇਹ ਠੀਕ ਹੈ ਕਿ ਸ੍ਰੀ ਮੁਕਤਸਰ ਸਾਹਿਬ ਸ਼ਹਿਰ ਨੂੰ ਅਟਲ ਮਿਸ਼ਨ ਫਾਰ ਰਿਜੁਵੈਨੇਸ਼ਨ ਐਂਡ ਅਰਬਨ ਟਰਾਂਸਫਾਰਮੇਸ਼ਨ (ਅਮਰੂਤ) ਮਿਸ਼ਨ, ਭਾਰਤ ਸਰਕਾਰ ਵੱਲੋਂ ਅਮਰੂਤ ਸ਼ਹਿਰ ਐਲਾਨ ਕੀਤਾ ਗਿਆ ਹੈ।

(ਅ) ਸ੍ਰੀ ਮੁਕਤਸਰ ਸਾਹਿਬ ਸ਼ਹਿਰ ਵਿੱਚ 100% ਅਬਾਦੀ ਨੂੰ ਪਾਣੀ ਅਤੇ ਸੀਵਰੇਜ ਦੀ ਵਿਵਸਥਾ ਮੁਹੱਈਆ ਕਰਵਾਉਣ ਵਾਸਤੇ ਡੀ.ਪੀ.ਆਰ. 28.51 ਕਰੋੜ ਰੁਪਏ ਅਤੇ 59.63 ਕਰੋੜ ਰੁਪਏ ਪ੍ਰਵਾਨ ਕੀਤੀ ਗਈ ਹੈ, ਜਿਸ ਦਾ ਟੋਟਲ 88.14 ਕਰੋੜ ਰੁਪਏ ਬਣਦਾ ਹੈ। ਕਿਸੇ ਵੀ ਕੰਮ ਨੂੰ ਕਰਵਾਉਣ ਵਾਸਤੇ ਵੱਡਾ ਕੰਮ ਟੈਂਡਰ ਲਗਵਾਉਣ

[ ਸਥਾਨਕ ਸਰਕਾਰ ਮੰਤਰੀ ]

ਦਾ ਹੁੰਦਾ ਹੈ। ਇਸ ਕੰਮ ਨੂੰ ਕਰਵਾਉਣ ਵਾਸਤੇ ਲੋੜੀਂਦੇ ਫੰਡਾਂ ਦਾ ਉਪਬੰਧ ਕਰ ਲਿਆ ਗਿਆ ਹੈ। ਮੈਂ ਐਮ.ਐਲ.ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਤੁਹਾਡੇ ਟੈਂਡਰ 15 ਦਿਨਾਂ ਦੇ ਅੰਦਰ ਲੱਗ ਜਾਣਗੇ।

ਸਪੀਕਰ ਸਾਹਿਬ, ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜੂਨ, 2015 ਵਿੱਚ ਅਮਰੂਤ ਸਕੀਮ ਆਈ ਸੀ। ਜੂਨ, 2015 ਤੋਂ ਲੈ ਕੇ ਸਾਡੀ ਸਰਕਾਰ ਬਣਨ ਤੱਕ ਦੇ ਦੋ ਸਾਲਾਂ ਵਿੱਚ ਪੰਜਾਬ ਸਰਕਾਰ ਵੱਲੋਂ 50% ਰਾਸ਼ੀ ਪਾਈ ਜਾਣੀ ਸੀ ਅਤੇ 50% ਰਾਸ਼ੀ ਸੈਂਟਰ ਸਰਕਾਰ ਤੋਂ ਲੈਣੀ ਸੀ ਪਰੰਤੂ ਉਸ ਵੇਲੇ ਪੰਜਾਬ ਸਰਕਾਰ ਵੱਲੋਂ 50% ਹਿੱਸਾ ਨਾ ਪਾਉਣ ਕਰਕੇ ਸੈਂਟਰ ਗੌਰਮਿੰਟ ਨੇ ਆਪਣੇ ਪੈਸੇ ਨਹੀਂ ਦਿੱਤੇ। ਸਾਡੀ ਸਰਕਾਰ ਆਈ ਤਾਂ ਕੈਪਟਨ ਸਾਹਿਬ ਨੇ ਰਿਵਿਊ ਰੱਖੇ ਅਤੇ ਰਿਵਿਊਜ਼ ਵਿੱਚ ਕੈਪਟਨ ਅਮਰਿੰਦਰ ਸਿੰਘ ਜੀ ਨੇ ਨਿਰਦੇਸ਼ ਦਿੱਤੇ ਕਿ ਇਹ ਕੰਮ ਪ੍ਰਾਇਰਟੀ ਤੇ ਕਰਨਾ ਹੈ। ਸ੍ਰੀ ਮੁਕਤਸਰ ਸਾਹਿਬ ਸ਼ਹਿਰ ਸਾਡੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਪਾਤਸ਼ਾਹ ਦੀ ਪਛਾਣ ਹੈ। ਇਸ ਕਰਕੇ ਇਸ ਹਦਾਇਤ ਦੇ ਮੱਦੇਨਜ਼ਰ ਅਸੀਂ ਆਪਣੇ ਹਿੱਸੇ ਦੇ 50% ਪੈਸੇ ਏ.ਡੀ.ਪੀ. ਤੋਂ ਲੋਨ ਲੈ ਕੇ ਪਾਏ ਹਨ। ਪਹਿਲਾਂ 15-15% ਦੀਆਂ ਡੀ.ਪੀ.ਆਰਜ਼ ਬਣਨੀਆਂ ਸਨ, ਅਸੀਂ ਇਨ੍ਹਾਂ 16 ਸ਼ਹਿਰਾਂ ਵਿੱਚ 100% ਸੀਵਰੇਜ ਦੇ ਡੀ.ਪੀ.ਆਰਜ਼ ਬਣਾ ਕੇ ਇੱਕ ਸਾਲ ਦੇ ਅੰਦਰ-ਅੰਦਰ ਮੁਕੰਮਲ ਕਰ ਦਿੱਤੇ ਹਨ।

**ਸਰਦਾਰ ਕੰਵਰਜੀਤ ਸਿੰਘ :** ਧੰਨਵਾਦ ਜੀ।

---

### ਨਿਸ਼ਾਨ ਵਾਲਾ ਪ੍ਰਸ਼ਨ ਨੰ: 1839

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

### ਜਲੰਧਰ ਜ਼ਿਲ੍ਹੇ ਵਿੱਚ ਜੰਗਲਾਤ ਵਿਭਾਗ ਦੀ ਜ਼ਮੀਨ ਬਾਰੇ

***1965. ਸ਼੍ਰੀ ਅਵਤਾਰ ਸਿੰਘ ਜੂਨੀਅਰ:** ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਜਲੰਧਰ ਜ਼ਿਲ੍ਹੇ ਵਿਚ ਜੰਗਲਾਤ ਅਧੀਨ ਕੁੱਲ ਕਿੰਨਾ ਰਕਬਾ ਹੈ;

(ਅ) ਜਲੰਧਰ ਜ਼ਿਲ੍ਹੇ ਵਿਚ ਜੰਗਲਾਤ ਵਿਭਾਗ ਪਾਸ ਕੁੱਲ ਕਿੰਨੀ ਜ਼ਮੀਨ ਹੈ;

(ੲ) ਜਲੰਧਰ ਜ਼ਿਲ੍ਹੇ ਵਿਚ 2017-18 ਅਤੇ 2018-19 ਵਿਚ ਕ੍ਰਮਵਾਰ ਕੁੱਲ ਕਿੰਨੇ ਦਰੱਖਤ ਲਗਾਏ ਗਏ ਹਨ?

**ਸਰਦਾਰ ਸਾਧੂ ਸਿੰਘ :** ਸ਼੍ਰੀਮਾਨ ਜੀ,

(ੳ) ਜਲੰਧਰ ਵਿਖੇ ਜੰਗਲਾਤ ਅਧੀਨ ਕੁੱਲ 5570.66 ਹੈਕਟੇਅਰ ਰਕਬਾ ਹੈ।

(ਅ) ਜਲੰਧਰ ਜ਼ਿਲ੍ਹੇ ਵਿਚ ਜੰਗਲਾਤ ਵਿਭਾਗ ਪਾਸ ਕੁੱਲ 5570.66 ਹੈਕਟੇਅਰ ਜ਼ਮੀਨ ਹੈ।

(ੲ) ਜਲੰਧਰ ਜ਼ਿਲ੍ਹੇ ਵਿਚ ਸਾਲ 2017-18 ਵਿਚ 1,60,730 (ਇੱਕ ਲੱਖ ਸੱਠ ਹਜ਼ਾਰ ਸੱਤ ਸੌ ਤੀਹ), ਸਾਲ 2018-19 ਵਿਚ 2,00,536 (ਦੋ ਲੱਖ ਪੰਜ ਸੌ ਛੱਤੀ) ਕੁੱਲ 3,61,266 (ਤਿੰਨ ਲੱਖ ਇਕਾਹਠ ਹਜ਼ਾਰ ਦੋ ਸੌ ਛਿਆਹਠ) ਰਵਾਇਤੀ ਕਿਸਮ ਦੇ ਪੌਦੇ ਲਗਾਏ ਗਏ ਹਨ।

**ਸ਼੍ਰੀ ਅਵਤਾਰ ਸਿੰਘ ਜੂਨੀਅਰ :** ਸਪੀਕਰ ਸਾਹਿਬ, ਸਪਲੀਮੈਂਟਰੀ ਜੀ। ਮੈਂ ਤੁਹਾਡੀ ਮਾਰਫ਼ਤ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਵੇਂ ਇਸ ਸਾਲ ਦੇ ਵਿਚ ਤਜਵੀਜ਼ ਹੋਈ ਹੈ ਕਿ ਹਰ ਪਿੰਡ ਦੇ ਵਿੱਚ 550 ਬੂਟੇ ਲਗਾਏ ਜਾਣਗੇ, ਕੀ ਸ਼ਹਿਰਾਂ ਵਿੱਚ ਵੀ ਉਸੇ ਤਜਵੀਜ਼ ਦੇ ਤਹਿਤ ਬੂਟੇ ਲਗਾਏ ਜਾਣਗੇ?

ਸਰ, ਦੂਜਾ ਪ੍ਰਸ਼ਨ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਾਡੀ ਕਾਂਸਟੀਚੂਐਂਸੀ ਜਲੰਧਰ ਦੇ ਸੈਂਟਰ ਵਿਚੋਂ ਰੇਲਵੇ ਲਾਈਨਜ਼ ਨਿਕਲਦੀਆਂ ਹਨ। ਕੀ ਰੇਲਵੇ ਡਿਪਾਰਟਮੈਂਟ ਨਾਲ ਕੋਈ ਐਗਰੀਮੈਂਟ ਹੋ ਸਕਦਾ ਹੈ ਜਿਸ ਦੇ ਤਹਿਤ ਰੇਲਵੇ ਦੀ ਜੋ ਜ਼ਮੀਨ ਹੈ, ਉਸ ਉਤੇ ਵੀ ਪਲਾਂਟੇਸ਼ਨ ਕੀਤੀ ਜਾ ਸਕੇ?

**ਮੰਤਰੀ:** ਸਰ, ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ 550ਵੇਂ ਸ਼ਤਾਬਦੀ ਸਮਾਗਮਾਂ ਨੂੰ ਲੈ ਕੇ ਮਾਨਯੋਗ ਮੁੱਖ ਮੰਤਰੀ ਜੀ ਨੇ ਐਲਾਨ ਕੀਤਾ ਹੈ ਕਿ ਹਰ ਪਿੰਡ ਦੇ ਵਿੱਚ 550 ਬੂਟੇ ਲਗਾਏ ਜਾਣਗੇ ਔਰ ਉਨ੍ਹਾਂ ਦੀ ਸਾਂਭ-ਸੰਭਾਲ ਵੀ ਕੀਤੀ ਜਾਵੇਗੀ। ਐਮ.ਐਲ.ਏ. ਸਾਹਿਬ ਨੇ ਕਿਹਾ ਹੈ, ਅਸੀਂ ਸ਼ਹਿਰਾਂ ਵਿੱਚ ਵੀ ਪਹਿਲ ਦੇਵਾਂਗੇ ਅਤੇ ਸਕੂਲਾਂ, ਕਾਲਜਾਂ ਜਾਂ ਜਿਥੇ ਕਿਤੇ ਵੀ ਜਗ੍ਹਾ ਅਵੇਲੇਬਲ ਹੈ, ਇਹ ਦੱਸ ਦੇਣ। ਇਹ ਬਹੁਤ ਜ਼ਰੂਰੀ ਹੈ, ਸਾਡਾ ਮਹਿਕਮਾ ਤਿਆਰ ਹੈ। ਬੂਟੇ ਤਾਂ ਹਮੇਸ਼ਾ ਲਗਦੇ ਸੀ ਲੇਕਿਨ ਬਾਬੇ ਨਾਨਕ ਦੀ 550ਵੀਂ ਸ਼ਤਾਬਦੀ ਮਨਾਉਣ ਦਾ ਇਹ ਸਾਲ ਸਾਨੂੰ ਜ਼ਿੰਦਗੀ ਵਿਚ ਮਿਲਿਆ ਹੈ ਅਤੇ ਅਸੀਂ ਭਾਗਾਂ ਵਾਲੇ ਹਾਂ। ਜਿੰਨੇ ਬੂਟੇ ਕਹਿਣਗੇ, ਉਨੇ ਦੇਵਾਂਗੇ। ਬਾਕੀ ਇਨ੍ਹਾਂ ਦਾ ਸਵਾਲ ਰੇਲਵੇ ਨਾਲ ਸਬੰਧਿਤ ਸੀ, ਇਹ ਵੱਖਰਾ ਸਵਾਲ ਬਣਦਾ ਹੈ ਪਰ ਜਿਥੇ ਵੀ ਰੇਲਵੇ ਦੇ ਨਾਲ ਜਗ੍ਹਾ ਖਾਲੀ ਹੈ, ਉਥੇ ਅਸੀਂ ਬੂਟੇ ਲਗਾਉਣ ਅਤੇ ਸਾਂਭ-ਸੰਭਾਲ ਕਰਨ ਨੂੰ ਵੀ ਤਿਆਰ ਹਾਂ।

**ਮਾਨਯੋਗ ਸਪੀਕਰ :** ਮੰਤਰੀ ਜੀ, ਉਨ੍ਹਾਂ ਨੇ ਪੁੱਛਿਆ ਹੈ ਕਿ ਕੀ ਤੁਸੀਂ ਇਹ ਮਾਮਲਾ ਰੇਲਵੇ ਮਹਿਕਮੇ ਨਾਲ ਟੇਕਅੱਪ ਕਰੋਗੇ?

**ਮੰਤਰੀ :** ਬਿਲਕੁਲ ਕਰਾਂਗੇ ਜੀ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਸਪਲੀਮੈਂਟਰੀ....

**ਸ਼੍ਰੀ ਅਵਤਾਰ ਸਿੰਘ ਜੂਨੀਅਰ :** ਸਪੀਕਰ ਸਾਹਿਬ, ਮੇਰੀ ਇਕ ਗੁਜ਼ਾਰਿਸ਼ ਹੈ ਕਿ ਜਿਹੜੇ ਸ਼ਹਿਰ ਵਿਚ ਟਰੀ ਪਲਾਂਟੇਸ਼ਨ ਕਰਨੀ ਹੈ, ਕੀ ਉਥੇ ਟਰੀ ਗਾਰਡ ਵੀ ਨਾਲ ਲਗਾਏ ਜਾਣਗੇ?

**ਮੰਤਰੀ :** ਸਪੀਕਰ ਸਾਹਿਬ, ਮੇਰੀ ਤਮੰਨਾ ਵੀ ਇਹੀ ਹੈ ਕਿ ਜਿਹੜੇ ਬੂਟੇ ਲੱਗਣ, ਉਹ ਪਲ ਜਾਣ। ਬੇਸ਼ੱਕ 100 ਦੀ ਬਜਾਏ 10 ਲੱਗਣ ਪਰ ਉਹ ਰੁੱਖ ਬਣ ਜਾਣ। ਨਹੀਂ ਤਾਂ ਬੂਟਿਆਂ ਨੂੰ ਡੰਗਰ ਖਾ ਜਾਂਦੇ ਹਨ। ਖਾਸ ਕਰਕੇ ਸ਼ਹਿਰਾਂ ਵਿਚ ਜਿਥੇ ਅਵਾਰਾ ਡੰਗਰਾਂ ਕਾਰਨ ਬੂਟੇ ਨਹੀਂ ਬਚਦੇ। ਮੇਰੀ ਤਮੰਨਾ ਹੈ ਕਿ ਅਸੀਂ ਟਰੀ ਗਾਰਡ ਲਾਈਏ, ਜਿਥੇ ਜਿਥੇ ਵੀ ਡੰਗਰਾਂ ਕਾਰਨ ਬੂਟਿਆਂ ਨੂੰ ਖਤਰਾ ਹੈ, ਉਥੇ ਇਹ ਟਰੀ ਗਾਰਡ ਲਾਈਏ।

**ਸਰਦਾਰ ਬਲਬੀਰ ਸਿੰਘ ਸਿੱਧੂ (ਪਸ਼ੂ ਪਾਲਣ ਮੰਤਰੀ):** ਸਪੀਕਰ ਸਾਹਿਬ....

**ਮਾਨਯੋਗ ਸਪੀਕਰ :** ਨਾਭਾ ਜੀ, ਪਹਿਲਾਂ ਦੇ ਖੜ੍ਹੇ ਹਨ। ਸਿੱਧੂ ਸਾਹਿਬ, ਮੰਤਰੀ ਸਵਾਲ ਨਹੀਂ ਪੁੱਛ ਸਕਦੇ, ਤੁਸੀਂ ਤਾਂ ਜਵਾਬ ਦੇਣਾ ਹੁੰਦਾ ਹੈ। ਹਾਂ ਜੀ, ਨਾਭਾ ਜੀ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਮੰਤਰੀ ਜੀ ਨੇ ਜ਼ਿਕਰ ਕੀਤਾ ਹੈ ਕਿ ਸਾਲ 2017 ਵਿਚ ਇਕ ਲੱਖ ਦੇ ਲਗਭਗ ਬੂਟੇ ਲਗਾਏ ਗਏ ਹਨ ਅਤੇ ਸਾਲ 2018 ਵਿਚ 2 ਲੱਖ 536 ਬੂਟੇ ਲਗਾਏ ਗਏ ਹਨ। ਮੈਂ ਵਜ਼ੀਰ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਇਸ ਸਕੀਮ ਤੇ ਕਿੰਨੀ ਰਾਸ਼ੀ ਲਗਾਈ ਗਈ ਹੈ ਅਤੇ ਕਿਹੜੇ ਕਿਹੜੇ ਬੂਟੇ ਲਗਾਏ ਗਏ ਹਨ, ਇਸ ਦੀ ਵਿਸਥਾਰ ਪੂਰਵਕ ਡਿਟੇਲ ਦੱਸ ਸਕਦੇ ਹਨ?

**ਮਾਨਯੋਗ ਸਪੀਕਰ:** ਇਹ ਵੱਖਰਾ ਸਵਾਲ ਬਣਦਾ ਹੈ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਸਪੀਕਰ ਸਾਹਿਬ, ਅੱਜ ਵਾਤਾਵਰਨ ਪ੍ਰੇਮੀ ਕੈਪਟਨ ਅਮਰਿੰਦਰ ਸਿੰਘ ਜੀ ਦਾ ਬਹੁਤ ਧੰਨਵਾਦ ਕਰ ਰਹੇ ਹਨ ਕਿਉਂਕਿ 550 ਬੂਟੇ ਹਰ ਪਿੰਡ ਵਿਚ ਲਗਾਏ ਜਾ ਰਹੇ ਹਨ। ਮੰਤਰੀ ਜੀ ਨੇ ਹੁਣੇ ਦੱਸਿਆ ਹੈ ਕਿ ਸ਼ਹਿਰਾਂ ਵਿਚ ਵੀ ਰੁੱਖ ਲਗਾਏ ਜਾਣਗੇ ਪਰ ਸ਼ਹਿਰ ਦੇ ਲੋਕਾਂ ਵਿਚ ਇਕ ਸਹਿਮ ਹੈ। ਉਨ੍ਹਾਂ ਦੇ ਘਰਾਂ ਦੇ ਬਾਹਰ ਅਤੇ ਰਸਤਿਆਂ ਵਿਚ ਜਿਹੜੇ ਸੁੱਕੇ ਦਰੱਖਤ ਹਨ, ਉਹ ਬਹੁਤ ਪੁਰਾਣੇ ਹਨ। ਮੰਤਰੀ ਸਾਹਿਬ ਇਹ ਦੱਸਣ ਕਿ ਕੀ ਪੁਰਾਣੇ ਦਰੱਖਤਾਂ ਨੂੰ ਕੱਟ ਕੇ ਨਵੇਂ ਦਰੱਖਤ ਲਗਾਏ ਜਾ ਸਕਦੇ ਹਨ?

**ਮੰਤਰੀ :** ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਠੀਕ ਕਿਹਾ ਹੈ ਕਿ ਕਈ ਜਗ੍ਹਾ ਸੁੱਕੇ ਰੁੱਖ ਰਸਤਿਆਂ ਵਿਚ ਆ ਗਏ ਹਨ ਅਤੇ ਉਹ ਖਤਰਾ ਬਣ ਚੁੱਕੇ ਹਨ ਪਰ ਸਾਡੀ ਮਜਬੂਰੀ ਹੈ ਕਿ ਸਾਨੂੰ ਇਸ ਵਾਸਤੇ ਗਰੀਨ ਟ੍ਰਿਬਿਊਨਲ ਤੋਂ ਮਨਜ਼ੂਰੀ ਲੈਣੀ ਪੈਂਦੀ ਹੈ।

ਹੁਣ ਅਸੀਂ ਇਸ ਵਾਸਤੇ ਮਨਜ਼ੂਰੀ ਲਿਆਏ ਹਾਂ ਅਤੇ ਜਲਦੀ ਤੋਂ ਜਲਦੀ ਸੁੱਕੇ ਰੁੱਖਾਂ ਨੂੰ ਕੱਟ ਦਿਆਂਗੇ।

**ਸਰਦਾਰ ਨਵਤੇਜ ਸਿੰਘ ਚੀਮਾ:** ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ 550 ਸਾਲਾ ਸ਼ਤਾਬਦੀ ਮੌਕੇ 550 ਬੂਟਿਆਂ ਦੀ ਬਹੁਤ ਵਧੀਆ ਸਕੀਮ ਦੀ ਸ਼ੁਰੂਆਤ ਕੀਤੀ ਹੈ ਅਤੇ ਇਸ ਸਕੀਮ ਦੀ ਸ਼ੁਰੂਆਤ ਮੇਰੇ ਪਿੰਡ ਤੋਂ ਕੀਤੀ ਸੀ। ਇਸ ਸਕੀਮ ਵਾਸਤੇ 12 ਕਨਾਲ ਜਗ੍ਹਾ ਚਾਹੀਦੀ ਹੈ। ਜਿਥੇ ਵੀ ਕਿਸੇ ਮੈਂਬਰ ਨੂੰ ਇਸ ਸਬੰਧੀ ਕੋਈ ਪ੍ਰਾਬਲਮ ਆਉਂਦੀ ਹੈ, ਸਾਨੂੰ ਇਸ ਵਾਸਤੇ ਪਾਰਟੀ ਲਾਈਨ ਤੋਂ ਉੱਪਰ ਉੱਠ ਕੇ ਜ਼ਮੀਨ ਦੇਣੀ ਚਾਹੀਦੀ ਹੈ।

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛੋ।

**ਸਰਦਾਰ ਨਵਤੇਜ ਸਿੰਘ ਚੀਮਾ :** ਸਾਰੇ ਪੰਜਾਬ ਵਿਚ ਜੇਕਰ ਇਹ ਕੰਮ ਹੋ ਗਿਆ ਤਾਂ ਪੰਜਾਬ ਪਹਿਲਾ ਸੂਬਾ ਬਣ ਜਾਵੇਗਾ ਜਿਹੜਾ ਮੌਸਮ ਅਤੇ ਵਾਤਾਵਰਨ ਪ੍ਰਤੀ ਸੁਹਿਰਦ ਹੋਵੇਗਾ। ਇਸ ਸਾਰੀ ਸਕੀਮ ਨੂੰ ਐਮ.ਐਲ.ਏ. ਸਾਹਿਬਾਨ ਨੇ ਹੀ ਲਾਗੂ ਕਰਨਾ ਹੈ।

**ਮਾਨਯੋਗ ਸਪੀਕਰ:** ਸਵਾਲ ਕੋਈ ਨਹੀਂ ਆਇਆ।

---

## ਨਿਸ਼ਾਨ ਵਾਲਾ ਪ੍ਰਸ਼ਨ ਨੰ: 1869**

**ਮਾਨਯੋਗ ਸਪੀਕਰ:** ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

---

** For Starred Question No. 1869 and reply thereto, please see Appendix to this Debates.

## ਕੰਢੀ ਖੇਤਰ ਦੇ ਪਿੰਡਾਂ ਵਿਚ ਬੱਸ ਸੇਵਾ ਸ਼ੁਰੂ ਕਰਨਾ

*1937. **ਸਰਦਾਰ ਸੰਗਤ ਸਿੰਘ ਗਿਲਜੀਆਂ:** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਕੰਢੀ ਖੇਤਰ ਦੇ ਪਿੰਡ ਗੜ੍ਹਦੀਵਾਲਾ ਤੋਂ ਹੋਰਨਾਂ ਪਿੰਡਾਂ ਲਈ ਪੇਂਡੂ ਬੱਸ ਸੇਵਾ ਸ਼ੁਰੂ ਕਰਨ ਦੀ ਕੋਈ ਤਜਵੀਜ਼ ਹੈ; ਜੇਕਰ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

**ਸ਼੍ਰੀਮਤੀ ਅਰੁਨਾ ਚੌਧਰੀ :** ਨਹੀਂ ਜੀ।

**ਸਰਦਾਰ ਸੰਗਤ ਸਿੰਘ ਗਿਲਜੀਆਂ:** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬਾ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੰਢੀ ਏਰੀਏ ਦੇ ਮੇਰੇ ਤਕਰੀਬਨ 50 ਪਿੰਡ ਹਨ, ਜਿਨ੍ਹਾਂ ਵਿਚ ਕੋਈ ਬੱਸ ਸੇਵਾ ਨਹੀਂ ਹੈ। ਪਹਿਲੇ ਰੂਟ ਸਾਰੇ ਬੰਦ ਹੋ ਗਏ ਹਨ। 50 ਪਿੰਡਾਂ ਨੂੰ ਸ਼ਹਿਰਾਂ ਨਾਲ ਜੋੜਨ ਦੀ ਕੋਈ ਬੱਸ ਸੇਵਾ ਨਹੀਂ ਹੈ। ਮੈਂ ਚਾਹੁੰਦਾ ਹਾਂ ਕਿ ਘੱਟੋ-ਘੱਟ ਦੋ ਰੂਟ ਇਸ ਕੰਢੀ ਏਰੀਏ ਨੂੰ ਦਿੱਤੇ ਜਾਣ ਤਾਂ ਕਿ ਲੋਕਾਂ ਨੂੰ ਸ਼ਹਿਰ ਵਿਚ ਆਉਣ ਜਾਣ ਵਾਸਤੇ ਸਹੂਲਤ ਮਿਲ ਸਕੇ। ਉਥੇ ਕੰਢੀ ਏਰੀਏ ਵਿਚ ਤੁਰਨਾ ਵੀ ਬੜਾ ਔਖਾ ਹੈ, ਇਸ ਟਾਈਮ ਪੱਕੀਆਂ ਸੜਕਾਂ ਬਣ ਗਈਆਂ ਹਨ। ਸਾਨੂੰ ਘੱਟ ਤੋਂ ਘੱਟ ਦੋ ਰੂਟ ਜ਼ਰੂਰ ਦੇਣੇ ਚਾਹੀਦੇ ਹਨ।

**ਮੰਤਰੀ :** ਸਪੀਕਰ ਸਾਹਿਬ, ਮੈਂਬਰ ਸਾਹਿਬ ਦੇ ਕਹਿਣ ਤੇ ਗੜ੍ਹਦੀਵਾਲਾ, ਅੰਬਾਲਾ ਜੱਟਾਂ, ਜੌਹਲਾਂ, ਨੰਗਲ, ਹਰਸੀ ਪਿੰਡ ਤੋਂ ਟਾਂਡਾ ਲਈ ਟ੍ਰਾਇਲ ਬੇਸ ਤੇ ਇੱਕ ਬੱਸ ਦੋ ਮਹੀਨੇ ਪਹਿਲਾਂ ਚਲਾ ਦਿੱਤੀ ਗਈ ਹੈ। ਜੇਕਰ ਇਸ ਦੀ ਵਾਇਬਿਲਟੀ ਹੋਈ ਤਾਂ ਇਸ ਨੂੰ ਪੱਕੇ ਤੌਰ ਤੇ ਚਾਲੂ ਕਰ ਦਿੱਤਾ ਜਾਵੇਗਾ। ਦੂਸਰਾ, ਨਵੇਂ ਰੂਟਾਂ ਬਾਰੇ ਇਸ ਤਰ੍ਹਾਂ ਹੈ ਕਿ official website ਤੇ ਲੋਕਾਂ ਤੋਂ ਸੁਝਾਅ ਮੰਗੇ ਹਨ। ਉਸ ਦੇ ਮੁਤਾਬਿਕ ਜੋ-ਜੋ ਸੁਝਾਅ ਆਉਣਗੇ ਅਸੀਂ ਉਨ੍ਹਾਂ ਰੂਟਾਂ ਦੇ ਪਰਮਿਟ ਦੇ ਦਿਆਂਗੇ।

**ਸਰਦਾਰ ਸੰਗਤ ਸਿੰਘ ਗਿਲਜੀਆਂ:** ਸਪੀਕਰ ਸਾਹਿਬ, ਜਿਹੜੀ ਮੰਤਰੀ ਸਾਹਿਬਾ ਨੇ ਗੱਲ ਕੀਤੀ ਹੈ ਕਿ ਹਰਸੀ ਪਿੰਡ ਵਾਲੇ ਪਾਸੇ ਬੱਸ ਲਾਈ ਹੈ, ਉਹ ਪਲੇਨ ਏਰੀਆ ਹੈ ਜੀ। ਮੈਂ ਕੰਢੀ ਏਰੀਆ ਦੀ ਗੱਲ ਕਰ ਰਿਹਾ ਹਾਂ। ਬੱਚਿਆਂ ਦੇ ਸਕੂਲਾਂ ਨੂੰ ਆਉਣ ਜਾਣ ਵਾਸਤੇ ਅਤੇ ਬਿਮਾਰ ਲੋਕਾਂ ਦੇ ਆਉਣ ਜਾਣ ਵਾਸਤੇ ਕੋਈ ਸਾਧਨ ਨਹੀਂ ਹੈ। ਮੈਂ ਕੰਢੀ ਏਰੀਏ ਦੀ ਗੱਲ ਕਰ ਰਿਹਾ ਹਾਂ। ਪਹਿਲਾਂ ਰੂਟ ਚਲਦੇ ਸੀ, ਹੁਣ ਬੰਦ ਹੋ ਗਏ ਹਨ। ਇਸ ਲਈ ਕਮ-ਅਜ਼-ਕਮ ਦੋ ਮਿੰਨੀ ਬੱਸ ਦੇ ਰੂਟ ਦਿੱਤੇ ਜਾਣ। ਇਹ 50 ਪਿੰਡਾਂ ਲਈ ਕੋਈ ਜ਼ਿਆਦਾ ਨਹੀਂ ਹੈ। ਦੋ ਬੱਸਾਂ ਦੇ ਰੂਟ ਦਿੱਤੇ ਜਾਣ ਕਿਉਂਕਿ ਗਰੀਬਾਂ ਦੇ ਆਉਣ ਜਾਣ ਵਾਸਤੇ ਅਤੇ ਸ਼ਹਿਰ ਨੂੰ ਜੋੜਨ ਵਾਸਤੇ ਸਾਨੂੰ ਇਹ ਰੂਟ ਜ਼ਰੂਰ ਚਾਹੀਦੇ ਹਨ।

**ਮੰਤਰੀ:** ਸਪੀਕਰ ਸਾਹਿਬ, ਵਿਚਾਰ ਕਰ ਲਵਾਂਗੇ। ਮੈਂ ਕਹਿ ਚੁੱਕੀ ਹਾਂ ਕਿ ਸਾਨੂੰ ਸੁਝਾਅ ਭੇਜ ਦਿਓ। ਅਸੀਂ ਵਿਚਾਰ ਕਰ ਲਵਾਂਗੇ।

**ਸਰਦਾਰ ਅਮਰਜੀਤ ਸਿੰਘ ਸੰਦੋਆ:** ਸਪੀਕਰ ਸਾਹਿਬ, ਤੁਹਾਡਾ ਧੰਨਵਾਦ, ਤੁਸੀਂ ਮੈਨੂੰ ਬੋਲਣ ਦਾ ਟਾਈਮ ਦਿੱਤਾ ਹੈ। ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਨੂਰਪੁਰ ਬੇਦੀ ਤੋਂ ਦਿੱਲੀ ਨੂੰ ਰੋਜ਼ 11:00 ਵਜੇ ਅਤੇ 12:00 ਵਜੇ ਰੋਡਵੇਜ਼ ਦੀਆਂ ਬੱਸਾਂ ਜਾਂਦੀਆਂ ਸਨ। ਇਨ੍ਹਾਂ ਨੇ ਉਹ ਤਕਰੀਬਨ ਦੋ ਮਹੀਨੇ ਤੋਂ ਬੰਦ ਕਰ ਦਿੱਤੀਆਂ ਹਨ।

**ਮਾਨਯੋਗ ਸਪੀਕਰ :** ਇਹ ਹੁਸ਼ਿਆਰਪੁਰ ਦਾ ਸਵਾਲ ਹੈ, ਮੰਤਰੀ ਸਾਹਿਬ ਇਸ ਦਾ ਜ਼ੁਬਾਨੀ ਜਵਾਬ ਕਿਵੇਂ ਦੱਸ ਸਕਦੇ ਹਨ? ਸਾਰੇ ਜ਼ਿਲ੍ਹੇ ਦੇ ਇਕੱਲੇ-ਇਕੱਲੇ ਰੂਟਾਂ ਬਾਰੇ ਵਜ਼ੀਰ ਸਾਹਿਬ ਕਿਵੇਂ ਦੱਸ ਸਕਦੇ ਹਨ? ਤੁਸੀਂ ਪਲੀਜ਼ ਬੈਠੋ.. ਬੈਠੋ.. ਬੈਠੋ।

---

## ਯੂਨੀਵਰਸਿਟੀ ਕਾਲਜ, ਘਨੌਰ ਵਿੱਚ ਬੀ.ਐਸ.ਸੀ. ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਗਿਣਤੀ

***1720. ਠੇਕੇਦਾਰ ਮਦਨ ਲਾਲ ਜਲਾਲਪੁਰ :** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਯੂਨੀਵਰਸਿਟੀ ਕਾਲਜ, ਘਨੌਰ ਵਿਖੇ ਬੀ.ਐਸ.ਸੀ. ਦੇ ਕਿੰਨੇ ਵਿਦਿਆਰਥੀ ਅਤੇ ਕਿੰਨੇ ਅਧਿਆਪਕ ਹਨ;

(ਅ) ਉਪਰੋਕਤ ਕਾਲਜ ਵਿੱਚ ਅਧਿਆਪਕ ਅਮਲੇ ਦੀਆਂ ਕਿੰਨੀਆਂ ਅਸਾਮੀਆਂ ਖਾਲੀ ਹਨ ਅਤੇ ਇਹ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ?

**ਸ਼੍ਰੀਮਤੀ ਰਜ਼ੀਆ ਸੁਲਤਾਨਾ :**

(ੳ) ਯੂਨੀਵਰਸਿਟੀ ਕਾਲਜ, ਘਨੌਰ ਵਿਖੇ ਬੀ.ਐਸ.ਸੀ ਦੇ ਭਾਗ ਪਹਿਲਾ ਵਿੱਚ 10, ਭਾਗ ਦੂਜਾ ਵਿੱਚ 08 ਅਤੇ ਭਾਗ ਤੀਜਾ ਵਿੱਚ 09 ਵਿਦਿਆਰਥੀ ਹਨ। ਕਾਲਜ ਵਿਖੇ ਬੀ.ਐਸ.ਸੀ. ਦੇ ਫਿਜ਼ਿਕਸ, ਕੈਮਿਸਟਰੀ ਅਤੇ ਗਣਿਤ ਵਿਸ਼ੇ ਦੇ 2-2 ਅਧਿਆਪਕ ਹਨ।

(ਅ) ਉਪਰੋਕਤ ਕਾਲਜ ਵਿੱਚ ਅਸਿਸਟੈਂਟ ਪ੍ਰੋਫੈਸਰ (ਰੈਗੂਲਰ) ਦੀਆਂ 24 ਅਤੇ ਅਸਿਸਟੈਂਟ ਪ੍ਰੋਫੈਸਰ (ਕੰਟਰੈਕਟ) ਦੀਆਂ 17 ਆਸਾਮੀਆਂ ਖਾਲੀ ਹਨ। ਯੂ.ਜੀ.ਸੀ ਦੇ ਪੱਤਰ ਨੰ. F-1-5/2006 (SCT) dated 19.7.2018 (ਅਨੁਲੱਗ-ਅ) ਅਨੁਸਾਰ ਅਧਿਆਪਨ ਅਮਲੇ ਦੀਆਂ ਖਾਲੀ ਅਸਾਮੀਆਂ ਭਰਨ ਸਬੰਧੀ ਕਾਰਵਾਈ ਹਾਲ ਦੀ ਘੜੀ ਪੈਂਡਿੰਗ ਰੱਖਣ ਦੇ ਆਦੇਸ਼ ਹਨ।

**(ਅਨੁਲੱਗ-ਅ)**

**(Annexure-A)**

विष्वविद्यालय अनुदान आयोग

University Grant Commission

(मानव संसाधन विकास मंत्रालय, भारत सरकार)

(Ministry of Human Resource Development, Govt. of India)

बहादुर शाह जफर मार्ग, नई दिल्ली-110002

Bahadur Shah Zafar Marg New Delhi-110002

No, F.1-5/2006 (SCT) 19th July, 2018

The Registrar(s)

All Central Universities

All State Universities receiving grant-in-aid

Deemed to be Universities receiving grant-in-aid from UGC/Government

Inter-University Centres of UGC

**Sub. : Implementation of reservation policy of the Government of India**

Sir/Madam,

Reference is invited to this office letter of even number dated 20th April, 2018 on the above mentioned subject wherein-It was informed that Union of India and the University Grants Commission has filed separate petitions in the Hon'ble Supreme Court of India seeking special leave to appeal the final order and judgment dated 07.04.2017 of the Hon'ble High Court of Judicature at Allahabad in WPA No. 43260 of 2016, which was upheld by the Hon'ble Supreme Court of India.

In this context and in pursuance of the letter No.1-7-2017-CU-V(pt) dated 18th July, 2018 of the Ministry of Human Resource Development, Government of India (copy enclosed), you are requested to postpone the recruitment process, if it is already underway till further orders.

yours faithfully

Sd/-

Encl : As above, Joint Secretary

**ਠੇਕੇਦਾਰ ਮਦਨ ਲਾਲ ਜਲਾਲਪੁਰ :** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਕਾਲਜ ਸਾਡੇ ਕਾਂਗਰਸ ਪਾਰਟੀ ਦੇ ਪ੍ਰਧਾਨ ਡਾਕਟਰ ਮਨਮੋਹਨ ਸਿੰਘ ਜੀ ਦੀ ਸਕੀਮ ਨਾਲ ਖੁੱਲ੍ਹਿਆ ਸੀ। ਸਾਡਾ ਘਨੌਰ ਹਲਕਾ ਬਿਲਕੁਲ ਪੇਂਡੂ ਖੇਤਰ ਹੈ। ਪਹਿਲਾਂ ਸਾਡੇ ਬੱਚੇ ਅੰਬਾਲਾ, ਰਾਜਪੁਰਾ, ਪਟਿਆਲਾ ਪੜ੍ਹਨ ਲਈ ਜਾਂਦੇ ਸਨ ਜਿਹੜਾ ਕਿ 30-35 ਕਿਲੋਮੀਟਰ ਦੂਰ ਪੈਂਦਾ ਹੈ ਪਰ ਇਸ ਕਾਲਜ ਦੇ ਖੁੱਲ੍ਹਣ ਨਾਲ ਪ੍ਰਾਈਵੇਟ ਕਾਲਜਾਂ ਦੀ ਲੁੱਟ-ਖਸੁੱਟ ਖ਼ਤਮ ਹੋਈ ਹੈ। ਮੈਂ ਹੁਣ ਮੰਤਰੀ ਸਾਹਿਬ ਦਾ ਧਿਆਨ ਇਸ ਗੱਲ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਜਿਹੜੀਆਂ ਇਥੇ ਪੋਸਟਾਂ ਖਾਲੀ ਹਨ, ਇਨ੍ਹਾਂ ਨੂੰ ਕਦੋਂ ਤੱਕ ਭਰਿਆ ਜਾਵੇਗਾ? ਦੂਜਾ, ਜਿਹੜੇ ਕੰਟਰੈਕਟ ਵਾਲੇ ਟੀਚਰਜ਼ ਹਨ, ਇਹ ਕਦੋਂ ਤੱਕ ਪੱਕੇ ਕੀਤੇ ਜਾਣਗੇ ਤਾਂ ਕਿ ਇਹ ਪਾੜਾ ਖ਼ਤਮ ਹੋਵੇ ਕਿਉਂਕਿ ਅੱਜ ਟੀਚਰ ਧਰਨਿਆਂ ਤੇ ਬੈਠੇ ਹਨ ਜਿਸ ਕਾਰਨ ਨੌਜਵਾਨ ਬੱਚਿਆਂ ਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੋ ਰਿਹਾ ਹੈ। ਇਹ ਪਾੜਾ ਕਦੋਂ ਤੱਕ ਖ਼ਤਮ ਕੀਤਾ ਜਾਵੇਗਾ ਅਤੇ ਰੈਗੂਲਰ ਟੀਚਰ ਕਦੋਂ ਤੱਕ ਭਰਤੀ ਕੀਤੇ ਜਾਣਗੇ? ਮੰਤਰੀ ਜੀ ਵਿਸ਼ਵਾਸ ਦਿਵਾਉਣ ਜੀ।

**ਮੰਤਰੀ :** ਪੱਕੇ ਰੈਗੂਲਰ ਹੋਣ ਤੇ ਪਾਬੰਦੀ ਹੋਣ ਕਾਰਨ ਅਸੀਂ ਹਾਲੇ ਕੁਝ ਨਹੀਂ ਕਰ ਸਕਦੇ ਪਰ ਫੇਰ ਵੀ ਕਾਫੀ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਕਿ ਇਸ ਮਸਲੇ ਨੂੰ ਅਸੀਂ ਹੱਲ ਕਰ ਲਈਏ। ਜਲਦੀ ਤੋਂ ਜਲਦੀ ਮਸਲਾ ਹੱਲ ਕਰਨ ਦੀ ਸਾਡੀ ਕੋਸ਼ਿਸ਼ ਜਾਰੀ ਹੈ।

**ਠੇਕੇਦਾਰ ਮਦਨ ਲਾਲ ਜਲਾਲਪੁਰ :** ਸਪੀਕਰ ਸਾਹਿਬ,ਸਟੇਟ ਦੀ ਇੱਕ ਪ੍ਰਾਬਲਮ ਇਹ ਵੀ ਹੈ ਕਿ ਇਸ ਕਾਲਜ ਦੀ ਕੋਈ ਵੀ ਟੀਚਰ ਜਦੋਂ ਚਾਈਲਡ ਕੇਅਰ ਲੀਵ ਤੇ ਚਲੀ ਜਾਂਦੀ ਹੈ ਤਾਂ 200 ਬੱਚਾ ਵਿਹਲਾ ਹੋ ਕੇ ਗਰਾਊਂਡ ਵਿੱਚ ਬੈਠਾ ਹੁੰਦਾ ਹੈ ਕਿਉਂਕਿ ਇੱਕ ਟੀਚਰ ਕੋਲ 50-50 ਬੱਚਿਆਂ ਦੀਆਂ ਚਾਰ ਕਲਾਸਾਂ ਹੁੰਦੀਆਂ ਹਨ। ਇਹ ਚਾਈਲਡ ਕੇਅਰ ਲੀਵ ਦੀ ਸਕੀਮ ਪੰਜਾਬ ਤੇ ਸੈਂਟਰ ਸਰਕਾਰ ਦੀ ਜ਼ਰੂਰ ਹੈ ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਵੀ ਕੋਈ ਟੀਚਰ ਛੁੱਟੀ ਤੇ ਜਾਵੇ ਤਾਂ ਅਲੱਗ ਟੀਚਰ ਦਾ ਪ੍ਰਬੰਧ ਕਰਨਾ ਜ਼ਰੂਰੀ ਹੈ। ਟੀਚਰ ਵੱਲੋਂ ਆਪਣੇ ਇੱਕ ਇੱਕ ਬੱਚੇ ਨੂੰ ਪੜ੍ਹਾਉਣ ਵਾਸਤੇ ਛੁੱਟੀ ਤੇ ਜਾਣ ਕਾਰਨ 200 ਪਿੰਡਾਂ ਦੇ ਬੱਚੇ ਪੇਪਰਾਂ ਦੇ ਟਾਈਮ ਪੜ੍ਹਾਈ ਤੋਂ ਵਾਂਝੇ ਰਹਿੰਦੇ ਹਨ। ਸੋ, ਟੀਚਰ ਦੀ ਛੁੱਟੀ ਦੌਰਾਨ ਇਨ੍ਹਾਂ 200 ਬੱਚਿਆਂ ਦੀ ਪੜ੍ਹਾਈ ਦਾ ਵੀ ਕੋਈ ਨਾ ਕੋਈ ਪ੍ਰਬੰਧ ਜ਼ਰੂਰ ਕੀਤਾ ਜਾਵੇ। ਮੰਤਰੀ ਸਾਹਿਬ ਦੱਸਣ ਕਿ ਜਦੋਂ ਵੀ ਕੋਈ ਟੀਚਰ ਛੁੱਟੀ ਤੇ ਜਾਣਾ ਚਾਹੇ ਤਾਂ ਕੀ ਕੋਈ ਆਲਟਰਨੇਟਿਵ ਇੰਤਜ਼ਾਮ ਕਰਕੇ ਟੀਚਰ ਨੂੰ ਛੁੱਟੀ ਤੇ ਭੇਜਿਆ ਜਾਵੇਗਾ?

**ਮਾਨਯੋਗ ਸਪੀਕਰ :** ਮੰਤਰੀ ਜੀ ਕੁਝ ਕਹਿਣਾ ਚਾਹੋਗੇ?

**ਮੰਤਰੀ :** ਵੈਸੇ ਤਾਂ ਅਸੀਂ ਇਸ ਚੀਜ਼ ਦਾ ਪੂਰਾ ਖਿਆਲ ਰੱਖਦੇ ਹਾਂ ਕਿ ਜੇ ਕੋਈ ਟੀਚਰ ਛੁੱਟੀ ਤੇ ਜਾਂਦਾ ਹੈ ਤਾਂ ਉਸ ਦਾ ਆਲਟਰਨੇਟਿਵ ਹੋਣਾ ਚਾਹੀਦਾ ਹੈ ਲੇਕਿਨ ਫਿਰ ਵੀ ਜੇਕਰ ਅਜਿਹਾ ਕੁਝ ਹੋਇਆ ਤਾਂ ਅਸੀਂ ਪੂਰਾ ਖਿਆਲ ਰੱਖਾਂਗੇ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਯੂ.ਜੀ.ਸੀ. ਨੇ ਪਾਬੰਦੀ ਲਗਾਈ ਹੈ, ਉਹ ਕਿਉਂ ਲਗਾਈ ਹੈ? ਜਿਹੜੇ ਗੈਸਟ ਟੀਚਰ ਹਨ, ਉਨ੍ਹਾਂ ਨੂੰ ਕਦੋਂ ਤੱਕ ਪੱਕਾ ਕੀਤਾ ਜਾਵੇਗਾ? ਜਿਹੜੀ ਹੋਰ ਫੈਕਾਲਿਟੀ ਹੈ, ਉਹ ਕਦੋਂ ਤੱਕ ਪੱਕੇ ਹੋਣਗੇ?

**ਮਾਨਯੋਗ ਸਪੀਕਰ :** ਚੀਮਾ ਸਾਹਿਬ, ਯੂ.ਜੀ.ਸੀ. ਦੀ ਪਾਬੰਦੀ ਬਾਰੇ ਉਹ ਕਿਵੇਂ ਦੱਸ ਸਕਦੇ ਹਨ?

**ਸਰਦਾਰ ਹਰਪਾਲ ਸਿੰਘ ਚੀਮਾ :** ਸਰ, ਇਨ੍ਹਾਂ ਕੋਲ ਲੈਟਰ ਆਇਆ ਹੋਏਗਾ ਕਿ ਪਾਬੰਦੀ ਕਿਉਂ ਲਗਾਈ ਹੈ। ਇਹ ਕਦੋਂ ਤੱਕ ਖੁੱਲ੍ਹੇਗੀ ਅਤੇ ਕੀ ਸਰਕਾਰ ਕੋਈ ਐਫਰਟ ਕਰ ਰਹੀ ਹੈ? ਜਿਹੜੇ ਆਲਰੇਡੀ ਟੀਚਰ ਹਨ, ਉਹ ਕਦੋਂ ਤੱਕ ਪੱਕੇ ਕੀਤੇ ਜਾਣਗੇ?

**ਮਾਨਯੋਗ ਸਪੀਕਰ :** ਇਸ ਦੀ ਵਜ੍ਹਾ ਤਾਂ ਯੂ.ਜੀ.ਸੀ. ਵਾਲੇ ਹੀ ਦੱਸ ਸਕਦੇ ਹਨ।

**ਸਰਦਾਰ ਹਰਪਾਲ ਸਿੰਘ ਚੀਮਾ :** ਇਨ੍ਹਾਂ ਕੋਲ ਲੈਟਰ ਆਇਆ ਹੋਵੇਗਾ ਕਿ ਪਾਬੰਦੀ ਕਿਉਂ ਲਗਾਈ ਹੈ। ਲੈਟਰ ਤੇ reason ਵੀ ਲਿਖਿਆ ਹੋਵੇਗਾ।

**ਮਾਨਯੋਗ ਸਪੀਕਰ :** ਰਜ਼ੀਆ ਜੀ, ਕੁਝ ਦੱਸ ਸਕਦੇ ਹੋ?

**ਮੰਤਰੀ :** ਇਹ ਨਵਾਂ ਪ੍ਰਸ਼ਨ ਦੇ ਦੇਣ, ਅਸੀਂ ਦੱਸ ਦਿਆਂਗੇ।

**ਸਰਦਾਰ ਹਰਪਾਲ ਸਿੰਘ ਚੀਮਾ :** ਸਰ, ਨਵਾਂ ਸਵਾਲ ਨਹੀਂ। ਮੈਂ ਤਾਂ ਕਹਿ ਰਿਹਾ ਹਾਂ ਕਿ ਜਿਹੜੇ ਆਲਰੇਡੀ ਗੈਸਟ ਟੀਚਰ ਹਨ ਉਹ ਕਦੋਂ ਤੱਕ ਪੱਕੇ ਹੋ ਜਾਣਗੇ?

**ਮਾਨਯੋਗ ਸਪੀਕਰ :** ਇਸ ਦਾ ਜਵਾਬ ਪਹਿਲਾਂ ਆ ਗਿਆ ਹੈ, ਉਨ੍ਹਾਂ ਨੇ ਸਵਾਲ ਪੁੱਛ ਲਿਆ ਹੈ। ਹਾਂ ਜੀ, ਚੰਦੂਮਾਜਰਾ ਜੀ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਪੀਕਰ ਸਾਹਿਬ, ਕਿਉਂਕਿ ਮਸਲਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਹੈ, ਜਿਹੜੀ ਕਿ ਪੰਜਾਬ ਦੀ ਇੱਕ ਅਹਿਮ ਯੂਨੀਵਰਸਿਟੀ ਹੈ ਅਤੇ ਜਿਸ ਨੇ ਬਹੁਤ ਵੱਡੀਆਂ ਸ਼ਖਸੀਅਤਾਂ ਦਿੱਤੀਆਂ ਹਨ। ਮੈਂ ਮੰਤਰੀ ਸਾਹਿਬ ਨੂੰ ਸੁਣ ਰਿਹਾ ਸੀ, ਇਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਰੂਲਜ਼ ਬਣਾਉਣੇ ਹਨ। ਮੈਂ ਤੁਹਾਡੇ ਜ਼ਰੀਏ ਸਦਨ ਦੇ ਅਤੇ ਖਾਸ ਤੌਰ ਤੇ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਪੰਜਾਬੀ ਯੂਨੀਵਰਸਿਟੀ ਨੇ ਆਲਰੇਡੀ ਰੂਲਜ਼ ਬਣਾਏ ਹੋਏ

ਹਨ। ਤਿੰਨ ਸਾਲਾਂ ਬਾਅਦ ਕਾਂਟ੍ਰੈਕਟ ਅਤੇ ਐਡਹਾਕ ਦੇ ਮੁਲਾਜ਼ਮ ਰੈਗੂਲਰ ਕਰਨ ਦਾ ਰੂਲ ਉਥੋਂ ਦੀ ਸਿੰਡੀਕੇਟ ਨੇ ਪਾਸ ਕੀਤਾ ਹੋਇਆ ਹੈ। ਇਹ ਉਸ ਨੂੰ ਲਾਗੂ ਕਿਉਂ ਨਹੀਂ ਕਰ ਰਹੇ? ਪੰਜਾਬੀ ਯੂਨੀਵਰਸਿਟੀ ਜਿਸ ਨੇ ਰੂਲਜ਼ ਸਿਖਾਉਣੇ ਹੁੰਦੇ ਹਨ, ਉੱਥੇ ਬੱਚਿਆਂ ਨੇ ਕਾਨੂੰਨ ਬਾਰੇ ਪੜ੍ਹਨਾ ਹੁੰਦਾ ਹੈ, ਜੇਕਰ ਉਸ ਯੂਨੀਵਰਸਿਟੀ ਵਿੱਚ ਹੀ ਤੁਸੀਂ ਰੂਲਜ਼ ਨੂੰ ਤੋੜਨ ਲੱਗ ਪਏ, ਜਿਹੜੇ ਬਣੇ ਹੋਏ ਰੂਲਜ਼ ਹਨ, ਉਹੀ ਤੋੜਨ ਲੱਗ ਪਏ ਤਾਂ ਜਿਹੜਾ ਸਾਡਾ ਭਵਿੱਖ ਉੱਸਰ ਰਿਹਾ ਹੈ, ਉਹ ਕੀ ਸੁਨੇਹਾ ਲੈ ਕੇ ਜਾਵੇਗਾ?

**ਮਾਨਯੋਗ ਸਪੀਕਰ :** ਤੁਸੀਂ ਸਵਾਲ ਤਾਂ ਕੋਈ ਪੁੱਛਿਆ ਹੀ ਨਹੀਂ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਰ, ਮੇਰਾ ਸਵਾਲ ਹੈ ਕਿ ਸਿੰਡੀਕੇਟ ਨੇ ਆਲਰੇਡੀ ਰੂਲਜ਼ ਬਣਾਏ ਹੋਏ ਹਨ। ਯੂਨੀਵਰਸਿਟੀ ਵਿੱਚ ਸਟੂਡੈਂਟਸ ਵੀ ਧਰਨੇ ਤੇ ਹਨ, ਮੁਲਾਜ਼ਮ ਵੀ ਧਰਨੇ ਤੇ ਹਨ, ਟੀਚਰ ਵੀ ਧਰਨੇ ਤੇ ਹਨ। ਯੂਨੀਵਰਸਿਟੀ ਧਰਨਿਆਂ ਦਾ ਅਖਾੜਾ ਬਣ ਚੁੱਕੀ ਹੈ।

**ਮਾਨਯੋਗ ਸਪੀਕਰ :** ਹਾਲੇ ਵੀ ਸਵਾਲ ਨਹੀਂ ਪੁੱਛ ਰਹੇ। ਤੁਸੀਂ ਭਾਸ਼ਣ ਨਾ ਕਰੋ... ਭਾਸ਼ਣ ਨਾ ਕਰੋ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਰ, ਕਰਮਚਾਰੀਆਂ ਲਈ ਕੈਟਾਗਰੀਕਲੀ ਦੋ ਰੂਲ 3 ਸਾਲ ਅਤੇ 5 ਸਾਲ ਵਾਲੇ ਬਣਾਏ ਹੋਏ ਹਨ, ਉਨ੍ਹਾਂ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਲਾਗੂ ਕਿਉਂ ਨਹੀਂ ਕਰ ਰਹੀ?

**ਮਾਨਯੋਗ ਸਪੀਕਰ :** ਰਜ਼ੀਆ ਜੀ, ਰੂਲਜ਼ ਨੂੰ ਲਾਗੂ ਕਰਵਾਉਗੇ?

**ਮੰਤਰੀ :** ਹਾਂ ਜੀ, ਕਰਵਾਵਾਂਗੇ। ਰੂਲਜ਼ ਨੂੰ ਲਾਗੂ ਕਰਵਾਵਾਂਗੇ।

**ਮਾਨਯੋਗ ਸਪੀਕਰ :** ਧੰਨਵਾਦ।

---

## ਰੱਖੜਾ ਸ਼ੂਗਰ ਮਿੱਲ ਨੂੰ ਮੁੜ ਚਾਲੂ ਕਰਨਾ

*1929. **ਸਰਦਾਰ ਰਾਜਿੰਦਰ ਸਿੰਘ:** ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਮਾਣਾ ਹਲਕੇ ਵਿਚ ਪੈਂਦੀ ਰੱਖੜਾ ਸ਼ੂਗਰ ਮਿੱਲ ਨੂੰ ਪਹਿਲਤਾ ਦੇ ਅਧਾਰ ਤੇ ਮੁੜ ਚਾਲੂ ਕਰਨ ਬਾਰੇ ਸਰਕਾਰ ਵਿਚਾਰ ਕਰੇਗੀ ਜੋ ਕਿ 2003-04 ਵਿਚ ਬੰਦ ਹੋ ਗਈ ਸੀ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ :** ਜੀ ਹਾਂ। ਰੱਖੜਾ ਸ਼ੂਗਰ ਮਿੱਲ ਨੂੰ ਲੀਜ਼ ਦੇ ਅਧਾਰ ਤੇ ਮੁੜ ਚਾਲੂ ਕਰਨ ਦਾ ਮਸਲਾ ਸਰਕਾਰ ਦੇ ਵਿਚਾਰ ਅਧੀਨ ਹੈ।

**ਮਾਨਯੋਗ ਸਪੀਕਰ:** ਮੰਤਰੀ ਸਾਹਿਬ ਕਹਿੰਦੇ ਹਨ ਕਿ ਸ਼ੂਗਰ ਮਿੱਲ ਨੂੰ ਚਾਲੂ ਕਰਨ ਦਾ ਵਿਚਾਰ ਕਰ ਰਹੇ ਹਨ।

**ਸਰਦਾਰ ਰਾਜਿੰਦਰ ਸਿੰਘ :** ਮਾਨਯੋਗ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਵੀ ਚਾਹੁੰਦਾ ਹਾਂ ਤੇ ਬੇਨਤੀ ਵੀ ਕਰਨੀ ਚਾਹੁੰਦਾ ਹਾਂ ਕਿ ਜਦੋਂ ਸਰਦਾਰ ਦਰਬਾਰਾ ਸਿੰਘ ਜੀ ਮੁੱਖ ਮੰਤਰੀ ਹੁੰਦੇ ਸਨ ਅਤੇ ਕੈਪਟਨ ਅਮਰਿੰਦਰ ਸਿੰਘ ਜੀ ਪਟਿਆਲਾ ਤੋਂ ਮੈਂਬਰ ਪਾਰਲੀਮੈਂਟ ਸਨ, ਇਨ੍ਹਾਂ ਦੇ ਯਤਨਾਂ ਸਦਕਾ ਸਾਲ 1985 ਵਿੱਚ ਇਹ ਰੱਖੜਾ ਸ਼ੂਗਰ ਮਿੱਲ ਸਟਾਰਟ ਹੋਈ ਸੀ ਅਤੇ ਤਕਰੀਬਨ 18-19 ਸਾਲ ਇਹ ਬੜੇ ਵਧੀਆ ਤਰੀਕੇ ਨਾਲ ਚਲਦੀ ਰਹੀ ਹੈ ਲੇਕਿਨ ਕੁਝ ਕਾਰਨਾਂ ਕਰਕੇ ਸਾਲ 2004 ਵਿੱਚ ਇਹ ਬੰਦ ਹੋ ਗਈ ਸੀ। ਮੇਰੀ ਬੇਨਤੀ ਹੈ ਕਿ 15 ਸਾਲ ਤੋਂ ਇਹ ਮਿੱਲ ਬੰਦ ਹੈ ਅਤੇ ਸਰਕਾਰ ਇਸ ਦੀ ਦੇਖ ਰੇਖ ਤੇ ਕਾਫੀ ਪੈਸਾ ਵੀ ਲਗਾ ਰਹੀ ਹੈ। ਸਰਕਾਰ ਦੀ ਪਾਲਿਸੀ ਹੈ, ਜਿਸ ਕਾਰਨ ਡਾਈਵਰਸੀਫਿਕੇਸ਼ਨ ਤੇ ਬਹੁਤ ਜ਼ੋਰ ਦਿੱਤਾ ਹੋਇਆ ਹੈ। ਮੇਰੀ ਬੇਨਤੀ ਹੈ ਕਿ.....

**ਮਾਨਯੋਗ ਸਪੀਕਰ :** ਸਵਾਲ ਪੁੱਛੋ।

**ਸਰਦਾਰ ਰਾਜਿੰਦਰ ਸਿੰਘ :** ਮੇਰੀ ਬੇਨਤੀ ਹੈ ਕਿ ਇਸ ਮਿੱਲ ਨੂੰ ਸ਼ੁਰੂ ਕੀਤਾ ਜਾਏ।

**ਮਾਨਯੋਗ ਸਪੀਕਰ :** ਉਨ੍ਹਾਂ ਨੇ ਕਹਿ ਦਿੱਤਾ ਹੈ ਕਿ ਇਹ ਜ਼ੇਰੇ ਗੌਰ ਹੈ, ਤੁਹਾਡੀ ਗੱਲ ਦਾ ਪਹਿਲਾਂ ਹੀ ਜਵਾਬ ਆ ਚੁੱਕਾ ਹੈ।

**ਸਰਦਾਰ ਰਾਜਿੰਦਰ ਸਿੰਘ:** ਧੰਨਵਾਦ।

---

## ਲਾਲ ਲਕੀਰ ਦੇ ਅੰਦਰ ਵਾਲੀਆਂ ਜ਼ਮੀਨਾਂ/ਘਰਾਂ ਦੀ ਮਲਕੀਅਤ ਮਾਲ ਰਿਕਾਰਡ ਵਿੱਚ ਕਾਬਜ਼ਕਾਰਾਂ ਦੇ ਨਾਮ ਕਰਨਾ

***1894. ਸ਼੍ਰੀ ਪਵਨ ਕੁਮਾਰ ਟੀਨੂ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਰਾਜ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਲਾਲ ਲਕੀਰ ਦੇ ਅੰਦਰ ਵਾਲੀਆਂ ਜ਼ਮੀਨਾਂ/ ਘਰਾਂ ਦੀ ਮਲਕੀਅਤ ਮਾਲ ਰਿਕਾਰਡ ਵਿੱਚ ਕਾਬਜ਼ਕਾਰਾਂ ਦੇ ਨਾਂਅ ਤੇ ਦਰਜ ਨਹੀਂ ਹੈ ਤੇ ਉਥੇ ਰਹਿ ਰਹੇ ਵਿਅਕਤੀ ਨਾ ਤਾਂ ਇਨ੍ਹਾਂ ਜ਼ਮੀਨਾਂ/ਘਰਾਂ ਤੇ ਕਰਜ਼ਾ ਲੈ ਕੇ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿੱਚ ਪੜ੍ਹਾਈ ਲਈ ਅਪਲਾਈ ਕਰ ਸਕਦੇ ਹਨ ਅਤੇ ਨਾ ਹੀ ਕਿਸੇ ਦੀ ਜ਼ਮਾਨਤ ਆਦਿ ਦੇ ਸਕਦੇ ਹਨ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਰਾਜ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਲਾਲ ਲਕੀਰ ਦੇ ਅੰਦਰ ਵਾਲੀਆਂ ਜ਼ਮੀਨਾਂ/ਘਰਾਂ ਦੀ ਮਲਕੀਅਤ

ਮਾਲ ਰਿਕਾਰਡ ਵਿੱਚ ਕਾਬਜ਼ਕਾਰਾਂ ਦੇ ਨਾਂਅ ਤੇ ਦਰਜ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤੱਕ ਕਰ ਦਿੱਤਾ ਜਾਵੇਗਾ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** (ੳ) ਹਾਂ ਜੀ।

(ਅ) ਲਾਲ ਲਕੀਰ ਦੇ ਅੰਦਰ ਦੀਆਂ ਜ਼ਮੀਨਾਂ ਦੇ ਮਾਲਕੀ ਹੱਕ ਰਿਕਾਰਡ ਵਿੱਚ ਸ਼ਾਮਲ ਕਰਨ ਸਬੰਧੀ ਕਾਰਵਾਈ ਜ਼ੇਰੇ ਅਧੀਨ ਹੈ ਅਤੇ ਇਹ ਕਾਰਵਾਈ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵੱਲੋਂ ਕੀਤੀ ਜਾ ਰਹੀ ਹੈ। ਇਸ ਸਬੰਧੀ ਇੱਕ ਉੱਚ ਪੱਧਰੀ ਮੀਟਿੰਗ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਫੈਸਲਾ ਕੀਤਾ ਗਿਆ ਸੀ ਕਿ ਇਹ ਅੰਦਰੂਨੀ ਲਾਲ ਲਕੀਰ (ਅਬਾਦੀ ਦੇਹ) ਜ਼ਮੀਨ ਮਾਲ ਵਿਭਾਗ ਦੇ ਅਧਿਕਾਰ ਖੇਤਰ ਤੋਂ ਬਾਹਰ ਹੋਣ ਕਰਕੇ, ਇਸ ਸਬੰਧੀ ਮਾਲਕੀ ਦਾ ਰਿਕਾਰਡ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵੱਲੋਂ ਤਿਆਰ ਕੀਤਾ ਜਾਵੇਗਾ। ਇਸ ਸਬੰਧੀ ਇੱਕ ਨਵਾਂ ਕਾਨੂੰਨ ਬਣਾਉਣਾ ਪਵੇਗਾ ਜਿਸ ਵਿੱਚ ਜ਼ਮੀਨ ਦਾ ਮਾਲਕੀ ਹੱਕ ਸ਼ਾਮਲ ਹੋਵੇ। ਇਸ ਕੰਮ ਲਈ ਕੋਈ ਸਮਾਂ-ਸੀਮਾ ਨਿਰਧਾਰਤ ਨਹੀਂ ਕੀਤੀ ਗਈ।

**ਸ਼੍ਰੀ ਪਵਨ ਕੁਮਾਰ ਟੀਨੂ:** ਮਾਨਯੋਗ ਸਪੀਕਰ ਸਾਹਿਬ, ਪੰਜਾਬ ਵਿੱਚ ਆਪਾਂ ਰੋਜ਼ ਅਖਬਾਰਾਂ ਵਿੱਚ ਵੀ ਪੜ੍ਹਦੇ ਹਾਂ ਅਤੇ ਆਪਾਂ ਨੁਮਾਇੰਦੇ ਹਾਂ ਅਤੇ ਸਾਨੂੰ ਵੀ ਲੋਕ ਆ ਕੇ ਮਿਲਦੇ ਹਨ ਜਿਹੜੇ ਲੋਕ ਲਾਲ ਲਕੀਰ ਦੇ ਅੰਦਰ ਰਹਿੰਦੇ ਹਨ ਚਾਹੇ ਉਹ ਪਿੰਡ ਵਿੱਚ ਹਨ ਜਾਂ ਸ਼ਹਿਰ ਵਿੱਚ ਹਨ। ਉਨ੍ਹਾਂ ਵਿੱਚੋਂ ਕਈ ਤਾਂ 1947 ਤੋਂ ਪਹਿਲਾਂ ਦੇ ਹੀ ਬੈਠੇ ਹਨ ਪਰ ਉਨ੍ਹਾਂ ਦੇ ਕੋਲ ਮਾਲਕੀ ਨਹੀਂ ਹੈ ਅਤੇ ਉਹ ਨਾ ਉਸ ਜ਼ਮੀਨ ਨੂੰ ਬੈਂਕ ਵਿੱਚ ਲੋਨ ਲੈਣ ਲਈ ਵਰਤ ਸਕਦੇ ਹਨ। ਪਹਿਲਾਂ-ਪਹਿਲਾਂ ਤਾਂ ਨੈਸ਼ਨੇਲਾਈਜ਼ਡ ਬੈਂਕ ਲਾਲ ਲਕੀਰ ਵਾਲੀ ਜ਼ਮੀਨ ਨੂੰ ਐਕਸੈਪਟ ਕਰ ਲੈਂਦੇ ਸੀ ਪਰ ਹੁਣ ਉਨ੍ਹਾਂ ਨੇ ਲਾਲ ਲਕੀਰ ਵਾਲੀ ਜ਼ਮੀਨ ਨੂੰ ਗਾਰੰਟੀ ਵਜੋਂ ਲੈਣਾ ਬੰਦ ਕਰ ਦਿੱਤਾ ਹੈ। ਪ੍ਰਾਈਵੇਟ ਬੈਂਕਾਂ ਵਾਲੇ ਤਾਂ ਪਹਿਲਾਂ ਹੀ ਨਹੀਂ ਲੈਂਦੇ ਸੀ। ਜੇ ਕਿਸੇ ਬੱਚੇ ਨੇ ਬਾਹਰ ਪੜ੍ਹਨ ਲਈ ਜਾਣਾ ਹੁੰਦਾ ਹੈ ਜਾਂ ਰੁਜ਼ਗਾਰ ਵਾਸਤੇ ਬਾਹਰ ਜਾਣਾ ਹੁੰਦਾ ਹੈ ਜਾਂ ਕਿਸੇ ਨੇ ਕੋਈ ਹਾਊਸਿੰਗ ਲੋਨ ਲੈਣਾ ਹੈ ਤਾਂ ਇਹ ਲੋਕ ਜਿਹੜੇ ਉਸ ਜ਼ਮੀਨ ਤੇ ਬੈਠੇ ਤਾਂ ਹਨ ਪਰ ਉਸ ਦੇ ਮਾਲਕ ਨਹੀਂ ਹਨ, ਉਨ੍ਹਾਂ ਦਾ ਜ਼ਮੀਨ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਜੇ ਕਿਸੇ ਨੇ ਅਦਾਲਤ ਵਿੱਚ ਵੀ ਗਵਾਹੀ ਦੇਣੀ ਹੋਵੇ ਤਾਂ ਉਹ ਵੀ ਉਨ੍ਹਾਂ ਨੂੰ ਜ਼ਮੀਨ ਦੇ ਮਾਲਕ ਨਹੀਂ ਮੰਨਦੇ ਹਨ। ਇੱਥੋਂ ਤੱਕ ਕਿ ਜਿਹੜੀ ਪੰਜਾਬ ਸਰਕਾਰ ਦੀ ਸ਼ਡਿਊਲਡ ਕਾਸਟਸ ਫਾਈਨਾਂਸ ਕਾਰਪੋਰੇਸ਼ਨ ਹੈ, ਜਿਹੜੀ ਛੋਟੇ-ਮੋਟੇ ਲੋਨ ਦਿੰਦੀ ਹੈ ਉਹ ਲਾਲ ਲਕੀਰ ਵਾਲੀ ਜ਼ਮੀਨ ਦੀ ਗਾਰੰਟੀ ਪਹਿਲਾਂ ਲੈ ਲੈਂਦੀ ਸੀ ਪਰ ਹੁਣ ਉਸ ਨੇ ਵੀ ਇਸ ਨੂੰ ਗਾਰੰਟੀ ਵਜੋਂ ਲੈਣਾ ਬੰਦ ਕਰ ਦਿੱਤਾ ਹੈ।

**ਮਾਨਯੋਗ ਸਪੀਕਰ:** ਟੀਨੂ ਜੀ, ਇੰਨੀ ਲੰਬੀ ਗੱਲ ਕਰਨ ਦਾ ਇਸ ਕਰਕੇ ਕੋਈ ਫਾਇਦਾ ਨਹੀਂ ਹੈ ਕਿਉਂਕਿ ਉਨ੍ਹਾਂ ਨੇ ਇਸ ਗੱਲ ਦਾ ਜਵਾਬ ਪਹਿਲਾਂ ਦੇ ਦਿੱਤਾ ਹੈ ਕਿ ਮਾਮਲਾ ਜ਼ੇਰੇ ਗੌਰ ਹੈ।

**ਸ਼੍ਰੀ ਪਵਨ ਕੁਮਾਰ ਟੀਨੂ :** ਬਸ ਕੰਪਲੀਟ ਹੀ ਹੈ ਜੀ। ਮੇਰਾ ਕਹਿਣ ਦਾ ਮਤਲਬ ਇਹ ਹੈ ਕਿ ਮੰਤਰੀ ਜੀ ਨੇ ਕਿਹਾ ਹੈ ਕਿ ਇਹ ਮਾਮਲਾ ਰੂਰਲ ਡਿਵੈਲਪਮੈਂਟ ਨਾਲ ਜੁੜਿਆ ਹੋਇਆ ਹੈ, ਮੀਟਿੰਗ ਕੀਤੀ ਗਈ ਸੀ। ਉਸ ਬਾਰੇ ਇਹ ਦੱਸ ਦੇਣ। ਨਾਲ ਹੀ ਇਨ੍ਹਾਂ ਨੇ ਕਿਹਾ ਹੈ ਕਿ ਸਮਾਂ ਨਿਰਧਾਰਤ ਨਹੀਂ ਕੀਤਾ ਜਾ ਸਕਦਾ ਹੈ। ਫਿਰ ਤਾਂ ਸਵਾਲ ਦਾ ਵੀ ਕੋਈ ਫਾਇਦਾ ਨਹੀਂ ਹੈ ਤੇ ਜਵਾਬ ਦਾ ਵੀ ਕੋਈ ਫਾਇਦਾ ਨਹੀਂ ਹੈ। ਕਿਰਪਾ ਕਰਕੇ ਇਹ ਦੱਸ ਦੇਣ ਕਿ ਛੇ ਮਹੀਨੇ ਲੱਗਣਗੇ ਜਾਂ ਸਾਲ ਲੱਗੇਗਾ ਤਾਂ ਕਿ ਪੰਜਾਬ ਦੇ ਲੱਖਾਂ ਲੋਕਾਂ ਨੂੰ ਫਾਇਦਾ ਮਿਲ ਸਕੇ।

**ਮਾਨਯੋਗ ਸਪੀਕਰ:** ਬੈਠੋ, ਬੈਠੋ। ਮੰਤਰੀ ਜੀ।

**ਮੰਤਰੀ :** ਜਿਹੜਾ ਇਨ੍ਹਾਂ ਨੇ ਸਵਾਲ ਕੀਤਾ ਹੈ ਇਹ ਬੜਾ ਜ਼ਰੂਰੀ ਹੈ ਅਤੇ ਸਾਨੂੰ ਸਾਰਿਆਂ ਨੂੰ ਇਸ ਦਾ ਬਹੁਤ ਫਿਕਰ ਹੈ। ਇਨ੍ਹਾਂ ਨੇ ਕੰਸਰਨ ਤਾਂ ਬਹੁਤ ਸ਼ੋਅ ਕੀਤਾ ਹੈ ਔਰ ਸ਼ੋਅ ਕਰਨਾ ਵੀ ਚਾਹੀਦਾ ਹੈ ਪਰ ਸ਼ੋਅ ਬਹੁਤ ਲੇਟ ਕੀਤਾ ਹੈ। ਦਸ ਸਾਲ ਇਹ ਵੀ ਰਹੇ ਹਨ, ਉਦੋਂ ਇਨ੍ਹਾਂ ਨੂੰ ਚੇਤਾ ਨਹੀਂ ਆਇਆ ਪਰ ਅਸੀਂ ਇਸ ਸਬੰਧੀ ਕੰਮ ਸ਼ੁਰੂ ਕਰ ਦਿੱਤਾ ਹੈ। ਬਾਜਵਾ ਸਾਹਿਬ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ ਸੀ ਅਤੇ ਪੰਜ ਪਿੰਡਾਂ ਦੀ ਅਸੀਂ ਚੋਣ ਕੀਤੀ ਹੈ ਉਸ ਵਿੱਚ ਉਨ੍ਹਾਂ ਨੇ ਕੰਮ ਸ਼ੁਰੂ ਕਰਨਾ ਸੀ ਪਰ ਪੰਚਾਇਤ ਦੀਆਂ ਇਲੈਕਸ਼ਨਾਂ ਆਉਣ ਕਾਰਨ ਥੋੜ੍ਹੀ ਦੇਰੀ ਹੋ ਗਈ ਹੈ। ਇਹ ਕੰਮ ਛੋਟਾ ਨਹੀਂ ਹੈ। ਇਨ੍ਹਾਂ ਨੇ ਕਹਿ ਤਾਂ ਦਿੱਤਾ ਕਿ ਛੇ ਮਹੀਨੇ ਜਾਂ ਸਾਲ ਵਿੱਚ ਕਰ ਦਿਓ ਪਰ ਇਸ ਵਿੱਚ ਥੋੜ੍ਹਾ ਸਮਾਂ ਲੱਗਣਾ ਹੈ। ਇਸ ਵਿੱਚ ਕਈ ਅੜਚਨਾਂ ਆਉਣੀਆਂ ਹਨ, ਮਾਲਕੀ ਦੇ ਹੱਕ ਦੇਣੇ ਹਨ। ਕਈ ਲੋਕਾਂ ਨੇ ਆਪਣੇ ਕਬਜ਼ੇ ਸ਼ੋਅ ਕਰਨ ਦੀ ਕੋਸ਼ਿਸ਼ ਕਰਨੀ ਹੈ। ਸਾਡਾ ਡਿਪਾਰਟਮੈਂਟ ਇਨ੍ਹਾਂ ਦੇ ਨਾਲ ਰਲ ਕੇ ਕੰਮ ਕਰੇਗਾ ਅਤੇ ਬਾਕੀ ਬਾਜਵਾ ਸਾਹਿਬ ਦੱਸ ਸਕਦੇ ਹਨ ਕਿ ਉਨ੍ਹਾਂ ਦਾ ਡਿਪਾਰਟਮੈਂਟ ਕੀ ਕਰ ਰਿਹਾ ਹੈ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ):** ਸਪੀਕਰ ਸਾਹਿਬ, ਸਾਡੀ ਸਾਂਝੀ ਮੀਟਿੰਗ ਹੋਈ ਸੀ। ਇਹ ਇਸ਼ੂ ਬੜਾ ਜ਼ਰੂਰੀ ਹੈ ਅਤੇ ਕੈਪਟਨ ਸਾਹਿਬ ਨੇ ਵੀ ਕਿਹਾ ਸੀ ਕਿ ਇਸ ਦਾ ਛੇਤੀ ਹੱਲ ਹੋਣਾ ਚਾਹੀਦਾ ਹੈ। ਅਸੀਂ ਉਹ ਪਿੰਡ ਸਰਵੇ ਲਈ ਲਏ ਜਿਨ੍ਹਾਂ ਨੇ ਇਸ ਦਾ ਖਰਚਾ ਵੀ ਕਰਨਾ ਸੀ ਅਤੇ ਜਿਨ੍ਹਾਂ ਪੰਚਾਇਤਾਂ ਕੋਲ ਆਪਣੀ ਆਮਦਨ ਸੀ।

ਅਸੀਂ ਉਨ੍ਹਾਂ ਪਿੰਡਾਂ ਨੂੰ ਚੁਣ ਕੇ ਉਹ ਪੰਚਾਇਤ ਦੀ ਆਮਦਨ ਵਿੱਚ ਹੀ ਵੈਲਿਡ ਚਾਰਜ ਕਰਕੇ ਸਰਵੇ ਕਰਵਾਇਆ। ਪੰਜ ਪਿੰਡ ਅਸੀਂ ਫਤਹਿਗੜ੍ਹ ਸਾਹਿਬ ਦੇ ਲਏ, ਉੱਥੇ ਸਾਰਾ ਸਰਵੇ ਹੋ ਗਿਆ, ਨਕਸ਼ਾ ਬਣ ਗਿਆ, ਹੁਣ ਅਸੀਂ ਨਕਸ਼ਾ ਰੈਵੇਨਿਊ ਡਿਪਾਰਟਮੈਂਟ ਨੂੰ ਦੇਣਾ ਹੈ ਪਰ ਪੰਚਾਇਤ ਇਲੈਕਸ਼ਨਾਂ ਆ ਗਈਆਂ, ਜਿਸ ਕਰਕੇ ਥੋੜ੍ਹਾ ਡਿਲੇਅ ਹੋ ਗਿਆ। ਰੈਵੇਨਿਊ ਡਿਪਾਰਟਮੈਂਟ ਉਹ ਨਕਸ਼ਾ ਤਹਿਸੀਲਦਾਰ ਨੂੰ ਦੇਵੇਗਾ ਅਤੇ ਪਿੰਡਾਂ ਦੇ ਬਾਹਰ ਉਹ ਨਕਸ਼ੇ ਲਗਾਏ ਜਾਣਗੇ ਤਾਂ ਜੋ ਲੋਕ ਇਤਰਾਜ਼ ਕਰ ਸਕਣ ਕਿ ਜੋ ਉਨ੍ਹਾਂ ਦਾ ਹਦੂਦ ਅਰਬਾ ਲਿਖਿਆ ਹੋਇਆ ਹੈ ਕਿਤੇ ਉਹ ਗਲਤ ਤਾਂ ਨਹੀਂ ਹੈ। ਇਸ ਵਾਸਤੇ ਇਤਰਾਜ਼ਾਂ ਲਈ ਮਹੀਨਾ – ਦੋ ਮਹੀਨਾ ਰੱਖਿਆ ਜਾਵੇਗਾ। ਉਸ ਤੋਂ ਬਾਅਦ ਉਨ੍ਹਾਂ ਦੇ ਨਾਂ ਰਜਿਸਟਰੀਆਂ ਕਰਨ ਦਾ ਫੈਸਲਾ ਹੋਵੇਗਾ। ਰਜਿਸਟਰੀਆਂ ਦਾ ਕਿੰਨਾ ਖਰਚਾ ਹੈ, ਕਿੰਨੀ ਫੀਸ ਲੱਗਣੀ ਹੈ ਜਾਂ ਨਹੀਂ ਲੱਗਣੀ, ਇਸ ਸਬੰਧੀ ਅਸੀਂ ਪੰਜ ਪਿੰਡ ਡਿਸਾਈਡ ਕਰ ਲਏ ਹਨ। ਡੇਢ ਦੋ ਮਹੀਨੇ ਵਿੱਚ ਅਸੀਂ ਇਨ੍ਹਾਂ ਪੰਜ ਪਿੰਡਾਂ ਦੇ ਓਬਜੈਕਸ਼ਨ ਮੰਗ ਲੈਣੇ ਹਨ, ਜਦੋਂ ਇਹ ਸਾਰੇ ਪ੍ਰੋਸੈਸ ਦਾ ਐਕਸਪੈਰੀਮੈਂਟ ਹੋ ਗਿਆ ਤਾਂ ਫਿਰ ਅਸੀਂ ਇਸ ਨੂੰ ਕਿਸੇ ਤਹਿਸੀਲ ਤੇ ਲਾਗੂ ਕਰਾਂਗੇ ਪਰ ਖਰਚੇ ਦੀ ਪ੍ਰਾਬਲਮ ਆ ਰਹੀ ਹੈ ਕਿ ਖਰਚਾ ਕਿੱਥੋਂ ਕਰਨਾ ਹੈ। ਅਜੇ ਅਸੀਂ ਉਨ੍ਹਾਂ ਪਿੰਡਾਂ ਵਿੱਚ ਕਰ ਰਹੇ ਹਾਂ ਜਿਨ੍ਹਾਂ ਪਿੰਡਾਂ ਦੀ ਪੰਚਾਇਤਾਂ ਤੋਂ ਵੈਲਿਡ ਆਮਦਨ ਚਾਰਜ ਹੋ ਰਹੀ ਹੈ ਪਰ ਟੀਨੂ ਜੀ ਤੁਹਾਡਾ ਸਵਾਲ ਵਧੀਆ ਹੈ। ਅਸੀਂ ਕਰਕੇ ਦਿਆਂਗੇ। ਤੁਹਾਡੇ ਤੋਂ ਨਹੀਂ ਹੋਇਆ ਪਰ ਅਸੀਂ ਜ਼ਰੂਰ ਕੁਝ ਨਾ ਕੁਝ ਕਰਾਂਗੇ।

**Mr. Speaker :** Thank you.

**ਸਰਦਾਰ ਬਿਕਰਮ ਸਿੰਘ ਮਜੀਠੀਆ:** ਮੈਂ ਦੋਵੇਂ ਵਜ਼ੀਰ ਸਾਹਿਬਾਨਾਂ ਦਾ ਬਹੁਤ ਧੰਨਵਾਦੀ ਹਾਂ। ਅੱਜ ਤੁਸੀਂ ਐਸ਼ਿਉਰੈਂਸ ਹੀ ਦੇ ਦਿਓ ਕਿ ਤੁਸੀਂ ਇਸ ਨੂੰ ਕਰ ਦਿਓਗੇ। ਅਸੀਂ ਤਾਂ ਕਹਿੰਦੇ ਹਾਂ ਕਿ ਠੀਕ ਹੈ, ਸਾਡੇ ਤੋਂ ਨਹੀਂ ਹੋਇਆ ਪਰ ਤੁਸੀਂ ਐਸ਼ਿਉਰ ਕਰ ਦਿਓ। ਤੁਸੀਂ ਸਾਲ ਵਿੱਚ ਲਾਗੂ ਕਰ ਦਿਓ, ਅਸੀਂ ਤੁਹਾਨੂੰ ਵਧਾਈ ਦਿਆਂਗੇ। ਤੁਸੀਂ ਐਸ਼ਿਉਰ ਕਰ ਦਿਓ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ :** ਜ਼ਰੂਰ ਲਾਗੂ ਕਰ ਦਿਆਂਗੇ। ਸਪੀਕਰ ਸਾਹਿਬ, 13500 ਪਿੰਡ ਹਨ, ਇਨ੍ਹਾਂ ਵਾਸਤੇ ਇਕਦਮ ਐਸ਼ਿਉਰੈਂਸ ਕਿਵੇਂ ਦਿੱਤੀ ਜਾ ਸਕਦੀ ਹੈ ਕਿ ਦੋ ਮਹੀਨਿਆਂ ਵਿੱਚ ਹੋ ਜਾਵੇਗਾ, ਨਹੀਂ ਹੋ ਸਕਦਾ। ਅਸੀਂ ਪ੍ਰੋਸੈਸ ਸ਼ੁਰੂ ਕੀਤਾ ਹੈ। ਉਸ ਦੀਆਂ ਜੋ ਡਿਫੀਕਲਟੀਜ਼ ਆਉਣਗੀਆਂ ਉਹ ਦੇਖ ਕੇ ਫਿਰ ਸਾਰਾ ਕੁਝ ਕਰਾਂਗੇ ਪਰ ਅਸੀਂ ਜ਼ਰੂਰ ਕਰ ਦੇਣਾ ਹੈ। ਤੁਹਾਡੇ ਵਾਂਗ ਦਸ ਸਾਲ ਨਹੀਂ ਲਵਾਂਗੇ ਛੇਤੀ ਕਰ ਦਿਆਂਗੇ।

**ਮਾਨਯੋਗ ਸਪੀਕਰ :** ਤੁਸੀਂ ਵਧਾਈ ਤਿਆਰ ਰੱਖੋ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਉਹੀ ਤਾਂ ਗੱਲ ਹੈ ਕਿ ਵਧਾਈ ਦੇਣ ਵੇਲੇ ਵੀ ਘਬਰਾਹਟ ਹੋ ਜਾਂਦੀ ਹੈ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ :** ਕੋਈ ਘਬਰਾਹਟ ਨਹੀਂ ਜੀ, ਵਧਾਈ ਲਵਾਂਗੇ।

**ਮਾਨਯੋਗ ਸਪੀਕਰ:** ਤੁਸੀਂ ਵਧਾਈ ਤਿਆਰ ਰੱਖੋ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਰ, ਇਹ ਦੱਸੋ ਕਿ ਕੀ 6 ਮਹੀਨਿਆਂ ਵਿੱਚ ਲਾਗੂ ਕਰ ਦੇਵੋਗੇ?

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ :** ਤੁਸੀਂ ਵਧਾਈ ਤਿਆਰ ਰੱਖੋ, ਜ਼ਰੂਰ ਕਰਾਂਗੇ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਤੁਸੀਂ ਇਹ ਕੰਮ 6 ਮਹੀਨਿਆਂ ਵਿੱਚ ਕਰੋ ਜੀ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ:** ਅਸੀਂ ਛੇਤੀ ਹੀ ਕਰ ਦੇਵਾਂਗੇ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਛੇਤੀ ਕੀ ਹੁੰਦਾ ਹੈ ਜੀ?

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ:** ਦੇਖੋ ਤੁਹਾਨੂੰ ਪਤਾ ਲੱਗ ਜਾਵੇਗਾ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਕੀ ਛੇਤੀ ਦਾ ਮਤਲਬ ਗੋਲ-ਮੋਲ ਹੈ?

**ਮਾਨਯੋਗ ਸਪੀਕਰ:** ਟੀਨੂ ਜੀ.... ਟੀਨੂ ਜੀ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਤੁਸੀਂ ਬਸ ਭੰਬਲਭੂਸਾ ਪਾ ਦਿਉ।

**ਮਾਨਯੋਗ ਸਪੀਕਰ:** ਟੀਨੂ ਜੀ.... ਟੀਨੂ ਜੀ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ:** ਫਿਰ ਅਸੀਂ ਅਗਲੇ ਪੰਜਾਂ ਸਾਲਾਂ ਵਿੱਚ ਸਾਰਾ ਕੁਝ ਕਰ ਦੇਵਾਂਗੇ।

**ਮਾਨਯੋਗ ਸਪੀਕਰ:** ਟੀਨੂ ਜੀ, ਟੀਨੂ ਜੀ ਦਾ ਸਵਾਲ ਹੈ। ਸ਼ਰਮਾ ਜੀ, ਤੁਸੀਂ ਬੈਠੋ।

**ਸ਼੍ਰੀ ਪਵਨ ਕੁਮਾਰ ਟੀਨੂ:** ਮਾਨਯੋਗ ਮੰਤਰੀ ਸਾਹਿਬ ਨੂੰ ਮੇਰੀ ਬੇਨਤੀ ਹੈ ਅਤੇ ਤੁਸੀਂ ਮੰਨਦੇ ਵੀ ਹੋ ਕਿ ਇਹ ਬਹੁਤ ਜ਼ਰੂਰੀ ਮੁੱਦਾ ਹੈ। ਕਿਰਪਾ ਕਰਕੇ 6 ਮਹੀਨੇ ਨਾ ਕਹੋ, 8 ਕਹਿ ਦਿਉ, ਸਾਲ ਹੀ ਕਹਿ ਦਿਉ। ਜਦੋਂ ਤੁਸੀਂ ਕੰਮ ਸ਼ੁਰੂ ਕਰ ਦਿੱਤਾ ਤਾਂ ਲੋਕਾਂ ਨੂੰ ਵੀ ਪਤਾ ਲੱਗ ਜਾਵੇਗਾ। ਤੁਸੀਂ ਸਾਲ ਕਹਿ ਦਿਉ ਪਰ ਐਸ਼ਿਓਰੈਂਸ ਦੇ ਦਿਉ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ:** ਟੀਨੂ ਜੀ, 10 ਸਾਲ ਤਾਂ ਚੇਤਾ ਨਹੀਂ ਆਇਆ। ਹੁਣ ਇਕਦਮ ਭੱਜ ਪਏ ਹੋ। ਇੰਨੇ ਕਾਹਲੇ ਨਾ ਪਓ, ਅਸੀਂ ਕਰਾਂਗੇ। ਕੈਪਟਨ ਸਾਹਿਬ ਨੇ ਫੈਸਲਾ ਕੀਤਾ ਹੈ, ਅਸੀਂ ਕਰ ਦੇਣਾ ਹੈ।

**ਸ਼੍ਰੀ ਪਵਨ ਕੁਮਾਰ ਟੀਨੂ :** ਇੱਕ ਮਿੰਟ ਸਪੀਕਰ ਸਾਹਿਬ, ਜਦੋਂ ਵੀ ਕੋਈ ਸਵਾਲ ਕਰ ਲਵੋ, ਇਹ ਇਹੀ ਕਹਿੰਦੇ ਹਨ। ਅਸੀਂ 10 ਸਾਲ ਵਿੱਚ ਜਿਹੜੇ ਕੰਮ ਕੀਤੇ ਹਨ, ਤੁਸੀਂ ਹਾਲੇ ਉੱਧਰ ਦੇਖਿਆ ਤੱਕ ਨਹੀਂ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ:** ਅਸੀਂ ਕੰਮ ਜਲਦੀ ਹੀ ਕਰ ਦੇਣਾ ਹੈ।

**ਸ਼੍ਰੀ ਪਵਨ ਕੁਮਾਰ ਟੀਨੂ:** ਜ਼ਿੰਦਗੀ ਵਿੱਚ ਕਦੇ ਕੰਮ ਨਹੀਂ ਮੁੱਕਦੇ। ਤੁਹਾਡੇ ਕੋਲ ਵੀ 3 ਸਾਲ ਹੀ ਹਨ, ਕੀ ਤੁਸੀਂ ਇਨ੍ਹਾਂ ਤਿੰਨਾਂ ਸਾਲਾਂ ਵਿੱਚ ਕਰ ਦਿਉਗੇ?

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ:** ਹਾਂ ਜੀ, ਕਰ ਦਿਆਂਗੇ।

**ਸ਼੍ਰੀ ਪਵਨ ਕੁਮਾਰ ਟੀਨੂ:** ਤੁਸੀਂ ਉਠ ਕੇ ਐਸ਼ਿਓਰੈਂਸ ਦਿਉ। ਐਸ਼ਿਓਰੈਂਸ ਦਿਉ ਕਿ ਅਸੀਂ ਕਰ ਦਿਆਂਗੇ, ਤੁਹਾਡੇ ਕੋਲ ਤਾਂ ਤਿੰਨ ਸਾਲ ਹੀ ਹਨ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ ਪਰ ਮਾਈਕ ਬੰਦ ਹੋਣ ਕਾਰਨ ਕੁਝ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ:** ਉਹ ਕਹਿੰਦੇ ਹਨ ਕਿ ਤਿੰਨ ਸਾਲ ਵਿੱਚ ਕਰ ਦੇਵਾਂਗੇ।

**ਸ਼੍ਰੀ ਪਵਨ ਕੁਮਾਰ ਟੀਨੂ :** ਮੰਤਰੀ ਜੀ, ਤੁਸੀਂ ਐਸ਼ਿਓਰੈਂਸ ਤਾਂ ਦੇ ਦਿਉ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ :** ਸਪੀਕਰ ਸਾਹਿਬ, ਇਸ ਵਿੱਚ ਕਿੰਨਾ ਬਜਟ ਇਨਵਾਲਵ ਹੁੰਦਾ ਹੈ ਅਤੇ ਕਿੰਨੇ ਪੈਸੇ ਇਕ ਪਿੰਡ ਦੇ ਸਰਵੇ ਲਈ ਲੱਗਣੇ ਹਨ। ਇਹ ਇਕਦਮ ਕਰਨ ਵਾਲੀ ਗੱਲ ਨਹੀਂ। ਅਸੀਂ ਆਪਣਾ ਬਜਟ ਵੀ ਦੇਖਣਾ ਹੈ ਪਰ ਇਹ ਕੰਮ ਕਰਨਾ ਹੀ ਹੈ।

**Mr. Speaker :** Just listen.... listen... listen... ਸਵਾਲ ਉਨ੍ਹਾਂ ਦਾ ਨਹੀਂ ਹੈ। ਸਵਾਲ ਸਰਕਾਰੀਆ ਸਾਹਿਬ ਦਾ ਸੀ ਕਿਉਂਕਿ ਇਸ ਮੁੱਦੇ ਦੀ ਅਹਿਮੀਅਤ ਨੂੰ ਦੇਖਦੇ ਹੋਏ ਉਨ੍ਹਾਂ ਨੇ ਇੰਟਰਵੀਨ ਵੀ ਕੀਤਾ ਹੈ ਔਰ ਭਰੋਸਾ ਵੀ ਦਿੱਤਾ ਹੈ। ਹੁਣ ਆਪਾਂ ਨੂੰ ਗੱਲ ਛੱਡ ਦੇਣੀ ਚਾਹੀਦੀ ਹੈ। ਇਹ ਸਵਾਲ ਉਨ੍ਹਾਂ ਦਾ ਨਹੀਂ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਸਾਡੇ ਗੱਲ ਸਮਝ ਨਹੀਂ ਆਈ। ਇੰਨੀ ਗੱਲ ਸਮਝਾ ਦਿਉ ਕਿ ਇਨ੍ਹਾਂ ਨੇ ਐਸ਼ਿਉਰੈਂਸ ਦਿੱਤੀ ਹੈ ਜਾਂ ਨਹੀਂ ਦਿੱਤੀ? ਜੇ ਦਿੱਤੀ ਹੈ ਤਾਂ ਕੀ 6 ਮਹੀਨੇ ਦੀ ਦਿੱਤੀ ਹੈ ਜਾਂ ਸਾਲ ਦੀ ਦਿੱਤੀ ਹੈ? ਇਹ ਐਸ਼ਿਓਰੈਂਸ ਦਾ ਸਮਾਂ ਦੱਸ ਦੇਣ, ਅਸੀਂ ਵਧਾਈ ਦੇ ਦਿੰਦੇ ਹਾਂ। ਇਹ ਤਾਂ ਬਾਦਸ਼ਾਹ ਬਣਦੇ ਹਨ, ਮੋਰਚੇ ਲਵਾ ਦਿੰਦੇ ਹਨ, ਮੋਰਚੇ ਚੁਕਾ ਦਿੰਦੇ ਹਨ। ਇਹ ਤਾਂ ਛੋਟਾ ਜਿਹਾ ਕੰਮ ਹੈ।(ਵਿਘਨ)

**ਮਾਨਯੋਗ ਸਪੀਕਰ:** ਅਜੇ ਵਧਾਈ ਰੱਖ ਲਵੋ। ਅਗਲਾ ਸਵਾਲ, ਸ਼੍ਰੀ ਅਮਨ ਅਰੋੜਾ ਜੀ।(ਵਿਘਨ) (ਸ਼ੋਰ) ਸਪਲੀਮੈਂਟਰੀ ਪੂਰੀ ਹੋ ਗਈ ਜੀ। ਸ਼੍ਰੀ ਅਮਨ ਅਰੋੜਾ ਜੀ, ਅਗਲਾ ਸਵਾਲ ਪੁੱਛੋ।

---

## ਪੰਜਾਬ ਦੇ ਸਰਕਾਰੀ ਸਕੂਲਾਂ ਵੱਲ ਬਕਾਇਆ ਬਿਜਲੀ ਦੇ ਬਿੱਲਾਂ ਦਾ ਵੇਰਵਾ

***1740. ਸ਼੍ਰੀ ਅਮਨ ਅਰੋੜਾ:** ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਪੰਜਾਬ ਦੇ ਕਿੰਨੇ ਸਰਕਾਰੀ (ਪ੍ਰਾਇਮਰੀ, ਮਿਡਲ ਅਤੇ ਸੀਨੀਅਰ ਸੈਕੰਡਰੀ) ਸਕੂਲਾਂ ਵੱਲ ਬਿਜਲੀ ਦਾ ਬਿੱਲ ਬਕਾਇਆ ਹੈ ਅਤੇ ਉਸ ਦੀ ਰਕਮ ਕਿੰਨੀ ਹੈ;

(ਅ) ਕਿੰਨੇ ਸਰਕਾਰੀ ਸਕੂਲਾਂ ਦਾ ਬਿਜਲੀ ਬਿੱਲ ਨਾ ਭਰਨ ਕਾਰਨ ਕੁਨੈਕਸ਼ਨ ਕੱਟ ਦਿੱਤਾ ਗਿਆ ਹੈ;

(ੲ) ਪੰਜਾਬ ਦੇ ਸਾਰੇ ਸਰਕਾਰੀ ਸਕੂਲਾਂ ਵਿਚ ਲੱਗੇ ਬਿਜਲੀ ਦੇ ਮੀਟਰਾਂ ਮੁਤਾਬਿਕ ਸਕੂਲਾਂ ਦਾ ਕੁੱਲ ਸਾਲਾਨਾ ਬਿੱਲ ਕਿੰਨਾ ਬਣਦਾ ਹੈ;

(ਸ) ਕੀ ਸਰਕਾਰ ਦੀ ਪੰਜਾਬ ਦੇ ਸਰਕਾਰੀ ਸਕੂਲਾਂ ਨੂੰ ਮੁਫ਼ਤ ਬਿਜਲੀ ਦੇਣ ਦੀ ਕੋਈ ਤਜਵੀਜ਼ ਹੈ, ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਗੁਰਪ੍ਰੀਤ ਸਿੰਘ ਕਾਂਗੜ :**

(ੳ) ਪੰਜਾਬ ਦੇ ਕੁੱਲ 4130 ਸਰਕਾਰੀ (ਪ੍ਰਾਇਮਰੀ, ਮਿਡਲ ਅਤੇ ਸੀਨੀਅਰ ਸੈਕੰਡਰੀ) ਸਕੂਲਾਂ ਵੱਲ ਬਿਜਲੀ ਦੇ ਬਿੱਲਾਂ ਦੀ ਕੁੱਲ 702.78 ਲੱਖ ਰੁਪਏ ਦੀ ਰਕਮ ਬਕਾਇਆ ਹੈ।

(ਅ) 14 ਸਰਕਾਰੀ ਸਕੂਲਾਂ ਦਾ ਬਿਜਲੀ ਦਾ ਬਿੱਲ ਨਾ ਭਰਨ ਕਾਰਨ ਕੁਨੈਕਸ਼ਨ ਕੱਟ ਦਿੱਤਾ ਗਿਆ ਹੈ।

(ੲ) ਪੰਜਾਬ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਲੱਗੇ ਬਿਜਲੀ ਦੇ ਮੀਟਰਾਂ ਮੁਤਾਬਿਕ ਸਕੂਲਾਂ ਦਾ ਕੁੱਲ ਸਾਲਾਨਾ ਬਿੱਲ 1684.87 ਲੱਖ ਰੁਪਏ ਹੈ।

(ਸ) ਇਸ ਸਬੰਧੀ ਕੋਈ ਵੀ ਤਜਵੀਜ਼ ਪੰਜਾਬ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸ਼੍ਰੀ ਅਮਨ ਅਰੋੜਾ :** ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਮੈਂ ਪਿਛਲੇ ਸੈਸ਼ਨ ਦੌਰਾਨ ਵੀ ਇਹੀ ਸਵਾਲ ਲਗਾਇਆ ਸੀ ਕਿਉਂਕਿ this question involves two departments: Power and School Education. ਸਰ, ਇਹੀ ਸਵਾਲ ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਜੀ ਨੂੰ ਪੁੱਛਿਆ ਸੀ। ਮੇਰੇ ਹੱਥ ਵਿੱਚ ਉਸ ਦਾ ਜਵਾਬ ਹੈ ਅਤੇ ਉਸ ਵਿਚ ਲਿਖਿਆ ਗਿਆ ਸੀ ਕਿ ਜਿਹੜੇ 4 ਕੈਟਾਗਰੀਜ਼ ਦੇ ਸਕੂਲ ਹਨ, ਉਨ੍ਹਾਂ ਦੀ ਗਿਣਤੀ 19,289 ਸਕੂਲ ਹਨ। ਮੰਤਰੀ ਸਾਹਿਬ ਕਹਿ ਰਹੇ ਹਨ ਕਿ 4130 ਸਕੂਲਾਂ ਦੇ ਵਿੱਚ ਪਾਵਰ ਕੁਨੈਕਸ਼ਨ ਲੱਗਾ ਹੋਇਆ ਹੈ। ਮੇਰਾ ਸਵਾਲ ਦੋਨੋਂ ਮਹਿਕਮਿਆਂ ਨੂੰ ਇਹ ਹੈ ਕਿ ਕੀ ਜਿਹੜੇ ਬਾਕੀ ਦੇ ਤਕਰੀਬਨ 15,000 ਸਕੂਲ ਹਨ, ਉਨ੍ਹਾਂ ਵਿੱਚ ਬਿਜਲੀ ਕੁਨੈਕਸ਼ਨ ਨਹੀਂ ਹੈ ਜਾਂ ਉਹ ਕੁੰਡੀ ਤੇ ਚੱਲ ਰਹੇ ਹਨ? ਨੰਬਰ ਦੋ, ਐਜੂਕੇਸ਼ਨ ਡਿਪਾਰਟਮੈਂਟ ਨੇ ਜਵਾਬ ਦਿੱਤਾ ਸੀ ਕਿ ਆਲਮੋਸਟ ਸਾਰੇ ਦੇ ਸਾਰੇ ਜਿਹੜੇ ਬਿੱਲ ਹਨ..

**ਮਾਨਯੋਗ ਸਪੀਕਰ :** ਇਹ ਜਿਹੜਾ ਪਹਿਲਾ ਸਵਾਲ ਸੀ ਕਿ ਉੱਥੇ ਕਿੰਨੇ ਸਕੂਲਾਂ ਵਿੱਚ ਕੁਨੈਕਸ਼ਨ ਨਹੀਂ ਹੈ ਜਾਂ ਕੁੰਡੀ ਤੇ ਚੱਲ ਰਹੇ ਹਨ, ਇਸ ਦਾ ਜਵਾਬ ਐਜੂਕੇਸ਼ਨ ਮਨਿਸਟਰ ਸਾਹਿਬ ਤਾਂ ਦੇ ਨਹੀਂ ਸਕਦੇ।

**ਸ਼੍ਰੀ ਅਮਨ ਅਰੋੜਾ :** ਨਹੀਂ ਜੀ, ਕੀ ਇਹ ਐਜੂਕੇਸ਼ਨ ਮਨਿਸਟਰ ਦਾ ਜਵਾਬ ਨਹੀਂ ਹੈ ਜੀ?

**ਮਾਨਯੋਗ ਸਪੀਕਰ :** ਉਹ ਕਿਵੇਂ ਜਵਾਬ ਦੇ ਦੇਣਗੇ ਜੇ ਤੁਸੀਂ ਉਨ੍ਹਾਂ ਤੋਂ ਪੁੱਛਿਆ ਹੀ ਨਹੀਂ।

**ਸ਼੍ਰੀ ਅਮਨ ਅਰੋੜਾ :** ਸਰ, ਇੱਕ ਮਿੰਟ ਜੀ। ਸਵਾਲ ਬੱਚਿਆਂ ਨਾਲ ਸਬੰਧਿਤ ਹੈ, 15000 ਸਕੂਲ ਜਾਂ ਤਾਂ ਬਿਨਾਂ ਬਿਜਲੀ ਤੋਂ ਹਨ ਜਾਂ ਫਿਰ ਉੱਥੇ ਕੁੰਡੀ ਕੁਨੈਕਸ਼ਨ ਚੱਲ ਰਿਹਾ ਹੈ। ਸਰ, ਇਸ ਦਾ ਜਵਾਬ ਤਾਂ ਸਰਕਾਰ ਨੇ ਦੇਣਾ ਹੈ, ਜਿਹੜਾ ਮਰਜ਼ੀ ਮਹਿਕਮਾ ਜਵਾਬ ਦੇ ਦੇਵੇ।

**ਮਾਨਯੋਗ ਸਪੀਕਰ :** ਨਹੀਂ ਜੀ, ਜਿਹੜਾ ਮਰਜ਼ੀ ਨਹੀਂ। ਜਿਹੜਾ ਮਰਜ਼ੀ ਨਹੀਂ ਜੀ, ਕੋਈ ਦਸਤੂਰ ਨਾਲ ਹੀ ਚੱਲਾਂਗੇ।

**ਸ਼੍ਰੀ ਅਮਨ ਅਰੋੜਾ:** ਸਰ, ਉੱਥੇ ਕੁੰਡੀ ਕੁਨੈਕਸ਼ਨ ਚੱਲ ਰਿਹਾ ਹੈ। ਠੀਕ ਹੈ, ਮੈਂ ਪਾਵਰ ਮਨਿਸਟਰ ਨੂੰ ਪੁੱਛ ਲੈਂਦਾ ਹਾਂ ਕਿ ਕੀ ਬਾਕੀ 15,000 ਸਕੂਲਾਂ ਵਿੱਚ ਕੁੰਡੀ ਕੁਨੈਕਸ਼ਨ ਚੱਲ ਰਹੇ ਹਨ? ਜਿੱਥੇ ਪੰਜਾਬ ਵਿੱਚ 19,289 ਸਕੂਲ ਹਨ। ਤੁਸੀਂ ਕਹਿੰਦੇ ਹੋ ਕਿ 4130 ਸਕੂਲਾਂ ਵਿੱਚ ਕੁਨੈਕਸ਼ਨ ਲੱਗੇ ਹੋਏ ਹਨ। ਮੈਂ ਜਾਣਨਾ ਚਾਹੁੰਦਾ ਹਾਂ ਕਿ ਜਿਹੜੇ ਬਾਕੀ 15,000 ਸਕੂਲ ਹਨ, ਕੀ ਉਹ ਸਕੂਲ ਕੁੰਡੀ ਕੁਨੈਕਸ਼ਨ ਤੇ ਚੱਲ ਰਹੇ ਹਨ? ਇਸ ਗੱਲ ਦਾ ਮੈਨੂੰ ਜਵਾਬ ਦਿਓ।

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੇ ਸਕੂਲਾਂ ਦੀ ਗਿਣਤੀ ਬਾਰੇ ਪੁੱਛਿਆ ਸੀ। ਰਿਕਾਰਡ ਦੇ ਮੁਤਾਬਿਕ ਗਿਣਤੀ 4130 ਹੈ। ਤੁਸੀਂ ਜਿਹੜੇ ਮੈਨੂੰ ਕੁਐਸਚਨ ਕੀਤੇ

[ਊਰਜਾ ਮੰਤਰੀ]

ਹਨ, ਮੈਂ ਉਨ੍ਹਾਂ ਦਾ ਜਵਾਬ ਦੇਣ ਲੱਗਾ ਹਾਂ। ਬਾਕੀ ਗੱਲ ਤੁਸੀਂ ਦੂਜੇ ਮਨਿਸਟਰ ਸਾਹਿਬ ਨਾਲ ਕਰਨਾ। ਜੇਕਰ ਤੁਸੀਂ ਕਿਸੇ ਸਕੂਲ ਦੇ ਬਾਰੇ ਸਪੈਸ਼ਲ ਪਤਾ ਲਗਾਇਆ ਹੈ ਕਿ ਕਿਸ ਸਕੂਲ ਵਿੱਚ ਕੁਨੈਕਸ਼ਨ ਨਹੀਂ ਹੈ, ਤੁਸੀਂ ਸਾਡੇ ਧਿਆਨ ਵਿੱਚ ਲਿਆ ਦੇਵੋ ਤਾਂ ਕੱਲ੍ਹ ਤੱਕ ਅਸੀਂ ਕੁਨੈਕਸ਼ਨ ਜਾਰੀ ਕਰ ਦੇਵਾਂਗੇ।

**ਸ਼੍ਰੀ ਅਮਨ ਅਰੋੜਾ:** ਕਾਂਗੜ ਸਾਹਿਬ, ਤੁਸੀਂ ਗੋਲ-ਗੋਲ ਗੱਲ ਨਾ ਕਰੋ। ਮੈਨੂੰ ਸਪੱਸ਼ਟ ਜਵਾਬ ਚਾਹੀਦਾ ਹੈ। ਮੈਂ 15,000 ਸਕੂਲਾਂ ਦੇ ਬੱਚਿਆਂ ਦੀ ਗੱਲ ਕਰ ਰਿਹਾ ਹਾਂ। ਸਪੀਕਰ ਸਾਹਿਬ, 15,000 ਸਕੂਲਾਂ ਵਿੱਚ ਲੱਖਾਂ ਬੱਚੇ ਪੜ੍ਹਦੇ ਹਨ। ਉਹ ਬਿਨਾਂ ਬਿਜਲੀ ਤੋਂ ਹਨ ਅਤੇ ਕੁੰਡੀ ਤੇ ਚੱਲ ਰਹੇ ਹਨ। ਦੋਨਾਂ ਕੇਸਾਂ ਦੇ ਵਿੱਚ ਕੌਣ ਜ਼ਿੰਮੇਵਾਰ ਹੈ?

**ਮਾਨਯੋਗ ਸਪੀਕਰ :** ਇਹ ਐਜੂਕੇਸ਼ਨ ਮਨਿਸਟਰ ਦੱਸਣਗੇ।

**ਸ਼੍ਰੀ ਅਮਨ ਅਰੋੜਾ:** ਇਹ ਐਜੂਕੇਸ਼ਨ ਮਨਿਸਟਰ ਕਿਵੇਂ ਦੱਸਣ ਜੀ। ਸਪੀਕਰ ਸਾਹਿਬ, ਤੁਸੀਂ ਤਾਂ ਕਮਾਲ ਕਰੀ ਜਾਂਦੇ ਹੋ ਜੀ ।

**ਮਾਨਯੋਗ ਸਪੀਕਰ:** ਕਿਉਂ ? ਕਮਾਲ ਕੀ ਕਰੀ ਜਾਂਦੇ ਹਾਂ ?

**ਸ਼੍ਰੀ ਅਮਨ ਅਰੋੜਾ:** ਹਾਂ ਜੀ, ਕਮਾਲ ਤਾਂ ਹੈ ਜੀ। ਫਿਰ ਹੋਰ ਦੱਸੋ ਕੀ ਹੈ? ਫਿਰ ਉਹ ਕਹਿ ਦੇਣ ਕਿ ਕੁੰਡੀ ਕੁਨੈਕਸ਼ਨ ਨਹੀਂ ਚੱਲ ਰਹੇ ਹਨ।

**ਮਾਨਯੋਗ ਸਪੀਕਰ :** ਉਹ ਕਿਵੇਂ ਕਹਿ ਦੇਣ?

**ਸ਼੍ਰੀ ਅਮਨ ਅਰੋੜਾ :** ਸਰ, ਫਿਰ ਤਾਂ ਚੱਲ ਰਹੇ ਹਨ ਜੀ then what is Power Minister doing ?

**Mr. Speaker:** It is your presumption.

**Shri Aman Arora:** Then what is Power Minister and Power Department doing if fifteen thousand schools are running on kundi connection.

**Mr. Speaker:** It is your presumption.

**Shri Aman Arora:** Speaker Sahib, please be fair to lakhs of students.

**Mr. Speaker:** No, I am fair. You should also be fair.

**ਸ਼੍ਰੀ ਅਮਨ ਅਰੋੜਾ :** ਸਪੀਕਰ ਸਾਹਿਬ, ਮੇਰਾ ਸਵਾਲ ਗਲਤ ਨਹੀਂ ਹੈ ਜੀ। ਮੈਂ ਆਪਣੇ ਤੱਥਾਂ ਦੇ ਆਧਾਰ ਤੇ ਗੱਲ ਨਹੀਂ ਕਰ ਰਿਹਾ ਹਾਂ। ਮੈਨੂੰ ਇਸ ਪਵਿੱਤਰ ਸਦਨ ਵਿੱਚ ਦੋ ਸਤਿਕਾਰਯੋਗ ਮਨਿਸਟਰਜ਼ ਨੇ ਜਵਾਬ ਦਿੱਤੇ ਹੋਏ ਹਨ।

**ਮਾਨਯੋਗ ਸਪੀਕਰ:** ਕਾਂਗੜ ਜੀ, ਕੀ ਤੁਹਾਡੇ ਧਿਆਨ ਵਿੱਚ ਹੈ ਕਿ ਜਿਹੜੇ 15000 ਸਕੂਲ ਹਨ, ਉਹ ਬਿਜਲੀ ਦੇ ਰੈਗੂਲਰ ਕੁਨੈਕਸ਼ਨ ਲਏ ਤੋਂ ਬਿਨਾਂ ਕੁੰਡੀ ਤੇ ਚੱਲ ਰਹੇ ਹਨ?

**ਮੰਤਰੀ:** ਸਪੀਕਰ ਸਾਹਿਬ, ਮੈਂਬਰ ਸਾਹਿਬ ਜੋ ਕੁਝ ਦੱਸ ਰਹੇ ਹਨ, ਇਹੋ ਜਿਹੀ ਕੋਈ ਗੱਲ ਨਹੀਂ ਹੈ। ਸਾਡੇ ਸਰਕਾਰੀ ਰਿਕਾਰਡ ਦੇ ਮੁਤਾਬਿਕ ਜਿਹੜੇ 4130 ਸਕੂਲ ਹਨ, ਇਹ ਬਿਲ ਨਹੀਂ ਦੇ ਰਹੇ ਹਨ।

**ਸ਼੍ਰੀ ਅਮਨ ਅਰੋੜਾ:** ਸਰ, ਜਿਹੜੇ 4130 ਸਕੂਲ ਹਨ, ਉਨ੍ਹਾਂ ਦੇ ਕੁਨੈਕਸ਼ਨ ਹਨ। ਤੁਹਾਡੇ ਜਵਾਬ ਮੁਤਾਬਿਕ 14 ਸਕੂਲਾਂ ਵਿੱਚ ਕੁਨੈਕਸ਼ਨ ਕੱਟ ਦਿੱਤੇ ਹਨ। ਇਹੀ ਸਵਾਲ ਜਦੋਂ ਮੈਂ ਐਜੂਕੇਸ਼ਨ ਮਨਿਸਟਰ ਨੂੰ ਪੁੱਛਿਆ ਸੀ ਤਾਂ ਉਨ੍ਹਾਂ ਨੇ ਕਿਹਾ ਸੀ ਕਿ 36 ਸਕੂਲਾਂ ਦੇ ਅਸੀਂ ਕੁਨੈਕਸ਼ਨ ਕੱਟ ਦਿੱਤੇ ਹਨ। ਜਿਹੜਾ ਹੁਣ 702.78 ਲੱਖ ਰੁਪਏ ਦੀ ਬਕਾਇਆ ਰਕਮ ਵਾਲਾ ਜਵਾਬ ਮਿਲਿਆ ਹੈ, ਉਸ ਵਾਸਤੇ ਐਜੂਕੇਸ਼ਨ ਮਨਿਸਟਰ ਨੇ ਕਿਹਾ ਸੀ ਕਿ bill ਅਸੀਂ almost ਕਲੀਅਰ ਕਰ ਦਿੱਤੇ ਹਨ। ਮੈਂ ਸਮਝ ਸਕਦਾ ਹਾਂ ਕਿ ਸ਼ਾਇਦ ਸਰਕਾਰ ਦਾ ਸਿੱਖਿਆ ਵੱਲ ਕੋਈ ਧਿਆਨ ਨਹੀਂ ਹੈ। ਬੱਚਿਆਂ ਦੀ ਤਰਫ਼ ਧਿਆਨ ਨਹੀਂ ਹੈ। ਇਸ ਕਰਕੇ ਮੈਂ ਇਸ ਗੱਲ ਨੂੰ ਇੱਥੇ ਹੀ ਸਮਾਪਤ ਕਰਦਾ ਹਾਂ।

ਸਰ, ਹੁਣ ਮੇਰਾ ਸਵਾਲ ਇਥੇ ਇਹ ਹੈ ਕਿ ਜਿਹੜੇ 4130 ਸਕੂਲ ਹਨ, ਉਨ੍ਹਾਂ ਸਕੂਲਾਂ ਦਾ 1684.87 ਲੱਖ ਯਾਨਿ ਕਿ 17 ਕਰੋੜ ਦੇ ਕਰੀਬ ਬਿਲ ਬਣਦੇ ਹਨ। ਇਸੇ ਤਰ੍ਹਾਂ ਜਿਹੜੇ 15 ਹਜ਼ਾਰ ਸਕੂਲ ਵਿੱਚ ਨਹੀਂ ਹਨ ਤਾਂ ਉਸ ਨੂੰ ਹੋਰ ਮਲਟੀਪਲਾਈ ਕਰ ਲਓ ਤਾਂ ਜਿਹੜਾ ਇਹ 68-70 ਕਰੋੜ ਰੁਪਿਆ ਹੈ, ਉਸ ਨਾਲ ਪੰਜਾਬ ਦੇ ਲੱਖਾਂ ਸਕੂਲਾਂ ਦੇ ਬੱਚਿਆਂ ਨੂੰ ਬਿਜਲੀ ਦਿੱਤੀ ਜਾ ਸਕਦੀ ਹੈ। ਪੰਜਾਬ ਦੇ ਕਿਸਾਨਾਂ ਨੂੰ ਵੀ ਬਿਜਲੀ ਦੀ ਲੋੜ ਹੈ। ਜਿਹੜੇ ਗਰੀਬ ਦਲਿਤ ਹਨ, ਉਨ੍ਹਾਂ ਨੂੰ ਵੀ ਫਰੀ ਬਿਜਲੀ ਦੀ ਲੋੜ ਹੈ। ਜਿੱਥੇ ਕਿਸਾਨਾਂ ਨੂੰ ਟਿਊਬਵੈੱਲਾਂ ਵਾਸਤੇ 66,200 ਸੌ ਕਰੋੜ ਰੁਪਏ ਦੀ ਬਿਜਲੀ ਦੀ ਸਬਸਿਡੀ ਦਿੱਤੀ ਜਾ ਰਹੀ ਹੈ। ਕੀ ਸਰਕਾਰ ਉਨ੍ਹਾਂ ਬੱਚਿਆਂ ਨੂੰ 70 ਕਰੋੜ ਵਿੱਚ ਬਿਜਲੀ ਮੁਫਤ ਨਹੀਂ ਦੇ ਸਕਦੀ? ਸੀ.ਐਮ. ਸਾਹਿਬ ਮੇਰੀ ਤੁਹਾਨੂੰ ਹੱਥ ਬੰਨ੍ਹ ਕੇ ਬੇਨਤੀ ਹੈ ਕਿ ਮੇਰੇ ਕੋਲ ਮੇਰੇ ਹਲਕੇ ਦੇ ਪਿੰਡ ਸਿਵੀਆਂ ਦੇ ਸਕੂਲ ਦਾ ਬਿਲ 25 ਹਜ਼ਾਰ 105 ਰੁਪਏ ਜੋ ਕਿ ਬਕਾਇਆ ਪੈਂਡਿੰਗ ਹੋਇਆ ਪਿਆ ਹੈ। ਬਿਜਲੀ ਵਾਲੇ ਸਕੂਲ ਵਿੱਚ ਜਾਂਦੇ ਹਨ, ਧਮਕਾਉਂਦੇ ਹਨ ਕਿ ਬਿਜਲੀ ਦਾ ਬਿਲ ਭਰੋ। ਜਿਹੜੇ ਇਹ ਸਕੂਲ ਹਨ, ਜੇਕਰ ਸਰਕਾਰ 17 ਕਰੋੜ ਰੁਪਿਆ ਇਨ੍ਹਾਂ ਵਾਸਤੇ ਰਿਲੀਜ਼ ਨਹੀਂ ਕਰਦੀ ਤਾਂ please have some mercy on the kids.

**ਮਾਨਯੋਗ ਸਪੀਕਰ:** ਵਜ਼ੀਰ ਸਾਹਿਬ, ਸਵਾਲ ਬੜਾ ਮੁਖ਼ਤਸਰ ਹੈ। ਇਨ੍ਹਾਂ ਵੱਲੋਂ ਬੜਾ ਲੰਮਾ ਕਰਕੇ ਕਿਹਾ ਗਿਆ ਹੈ। ਇਸ ਵਿੱਚ ਇਹ ਇਸ਼ੂ ਹੈ ਕਿ ਕੀ ਜਿਹੜੇ ਸਕੂਲ ਹਨ, ਉਨ੍ਹਾਂ ਦੀ ਬਿਜਲੀ ਨੂੰ ਮੁਆਫ ਕਰਨ ਦੀ ਕੋਈ ਤਜਵੀਜ਼ ਹੈ। ਇਸ ਉੱਤੇ ਗੌਰ ਕਰੋਗੇ।

**ਮੰਤਰੀ:** ਸਪੀਕਰ ਸਾਹਿਬ, ਇਸ ਸਬੰਧੀ ਕੋਈ ਤਜਵੀਜ਼ ਨਹੀਂ ਹੈ ਪਰ ਫਿਰ ਵੀ ਦੇਖੋ ਪਿਛਲੇ ਦੋ ਸਾਲਾਂ ਵਿੱਚ ਮਹਾਰਾਜਾ ਕੈਪਟਨ ਅਮਰਿੰਦਰ ਸਿੰਘ ਜੀ ਨੇ, ਜੋ ਪੰਜਾਬ ਦੀ ਇੰਡਸਟਰੀ ਲਈ ਕੀਤਾ ਹੈ....

**ਮਾਨਯੋਗ ਸਪੀਕਰ :** ਮਾਮਲਾ ਸੰਜੀਦਾ ਹੈ।

**ਮੰਤਰੀ:** ਹਾਂ ਜੀ, ਇਹ ਮਾਮਲਾ ਸੰਜੀਦਾ ਹੈ ਔਰ ਇਹ ਵਿਚਾਰ ਅਧੀਨ ਰੱਖਿਆ ਜਾਵੇਗਾ ਜੀ।

**ਸ਼੍ਰੀ ਅਮਨ ਅਰੋੜਾ :** ਮੇਰੀ ਬੇਨਤੀ ਹੈ ਕਿ ਉਨ੍ਹਾਂ ਛੋਟੇ-ਛੋਟੇ ਰੱਬ ਰੂਪੀ ਬੱਚਿਆਂ ਦੀਆਂ ਵੋਟਾਂ ਹਾਲੇ ਨਹੀਂ ਬਣੀਆਂ ਤਾਂ ਇਸ ਦਾ ਮਤਲਬ ਇਹ ਨਹੀਂ ਹੈ ਕਿ ਆਪਾਂ ਉਨ੍ਹਾਂ ਵੱਲ ਧਿਆਨ ਨਾ ਦੇਈਏ। ਮੇਰੀ ਹੱਥ ਬੰਨ੍ਹ ਕੇ ਬੇਨਤੀ ਹੈ ਕਿ ਜਾਂ ਤਾਂ ਉਨ੍ਹਾਂ ਦੀ ਬਿਜਲੀ ਮੁਆਫ ਕੀਤੀ ਜਾਵੇ ਜਾਂ ਟਾਈਮਲੀ ਉਨ੍ਹਾਂ ਦੇ ਫੰਡ ਰਿਲੀਜ਼ ਕਰੋ। Thank you.

**ਸ਼੍ਰੀ ਐਨ.ਕੇ. ਸ਼ਰਮਾ :** ਸਰ, ਜਿਵੇਂ ਅਮਨ ਜੀ ਨੇ ਕਿਹਾ ਹੈ ਕਿ ਸਕੂਲਾਂ ਵਿਚ ਬੱਚਿਆਂ ਤੋਂ ਫੀਸ ਤਾਂ ਨਹੀਂ ਲਈ ਜਾਂਦੀ ਪਰ ਸਕੂਲਾਂ ਨੂੰ ਬਿਜਲੀ ਦੇ ਬਿਲ ਭਰਨ ਵਿਚ ਕਾਫੀ ਪ੍ਰਾਬਲਮ ਆ ਰਹੀ ਹੈ। ਮੇਰੀ ਬੇਨਤੀ ਹੈ ਕਿ ਮੇਰੇ ਹਲਕੇ ਜ਼ੀਰਕਪੁਰ ਵਿਚ ਛੇ ਸਕੂਲ ਐਸੇ ਹਨ, ਜਿਨ੍ਹਾਂ ਸਕੂਲਾਂ ਵਿਚ ਗਿਆਰਾਂ ਸੌ ਤੋਂ ਲੈ ਕੇ ਬਾਰਾਂ ਸੌ ਤੱਕ ਬੱਚੇ ਪੜ੍ਹਦੇ ਹਨ, ਇਨ੍ਹਾਂ ਵਿਚ ਭਬਾਤ, ਲੋਹਗੜ੍ਹ, ਢਕੌਲੀ, ਢਕੌਲਾ, ਬਿਸ਼ਨਪੁਰਾ ਦੇ ਸਕੂਲ ਹਨ। ਇਨ੍ਹਾਂ ਸਕੂਲਾਂ ਵਾਸਤੇ ਕਮਰੇ ਬਣਾਉਣ ਲਈ ਬਾਦਲ ਸਾਹਿਬ ਦੀ ਸਰਕਾਰ ਵੇਲੇ ਲੋਕਲ ਬਾਡੀਜ਼ ਮਹਿਕਮੇ ਨੇ 48 ਲੱਖ ਰੁਪਿਆ ਦਿੱਤਾ ਸੀ ਪਰ ਮੈਨੂੰ ਸਮਝ ਨਹੀਂ ਆਉਂਦਾ ਕਿ ਟੈਂਡਰ ਜਾਰੀ ਹੋਏ ਨੂੰ ਦੋ ਸਾਲ ਹੋ ਗਏ ਹਨ, ਵਰਕ ਆਰਡਰ ਜਾਰੀ ਹੋ ਗਏ ਹਨ ਪਰ ਮਿਊਂਸੀਪਲ ਕੌਂਸਲ ਇਸ ਕਰਕੇ ਕੰਮ ਸ਼ੁਰੂ ਨਹੀਂ ਕਰਵਾ ਰਹੀ ਕਿਉਂਕਿ ਡੀ.ਸੀ. ਸਾਹਿਬ ਦੇ ਹੁਕਮ ਹਨ ਕਿ ਉੱਪਰੋਂ ਹੁਕਮ ਆਇਆ ਹੈ ਕਿ ਇਹ ਕੰਮ ਸ਼ੁਰੂ ਨਹੀਂ ਕਰਵਾਉਣਾ। ਬੱਚੇ ਬਾਹਰ ਬੈਠੇ ਹਨ ਜਦਕਿ ਗ੍ਰਾਂਟ ਆਈ ਹੋਈ ਹੈ ਅਤੇ ਟੈਂਡਰ ਵੀ ਹੋ ਗਏ ਹਨ, ਵਰਕ ਆਰਡਰ ਜਾਰੀ ਹੋ ਗਏ ਹਨ। ਇਸ ਬਾਰੇ ਮੈਨੂੰ ਸਮਝ ਨਹੀਂ ਆਉਂਦੀ....

**ਮਾਨਯੋਗ ਸਪੀਕਰ :** ਇਹ ਵੱਖਰਾ ਸਵਾਲ ਦੇ ਦਿਉ ਜੀ, ਵੱਖਰਾ ਸਵਾਲ ਬਣਦਾ ਹੈ। ਹਾਂ ਜੀ, ਕੰਵਰ ਸੰਧੂ ਜੀ।

---

## ਬਰਸਾਤੀ ਨਾਲੇ ਤੇ ਪੁਲ ਦੀ ਉਸਾਰੀ

***1815. ਸ਼੍ਰੀ ਕੰਵਰ ਸੰਧੂ :** ਕੀ ਲੋਕ ਨਿਰਮਾਣ (ਭ ਅਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਐਸ.ਏ.ਐਸ. ਨਗਰ ਦੇ ਮਿਰਜ਼ਾਪੁਰ ਪਿੰਡ ਅਤੇ ਪਿੰਡ ਦੇ ਸਕੂਲ ਵਿਚਾਲੇ ਬਰਸਾਤੀ ਨਾਲੇ ਤੇ ਇਕ ਪੁਲ ਬਣਾਉਣ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ, ਜਿਸਦੀ ਅਣਹੋਂਦ ਕਾਰਨ ਬੱਚਿਆਂ ਨੂੰ ਟਰੈਕਟਰ, ਟਰਾਲੀਆਂ ਤੇ ਸਕੂਲ ਤੋਂ ਲਿਆਂਦਾ/ਛੱਡਿਆ ਜਾਂਦਾ ਹੈ, ਜੇਕਰ ਅਜਿਹਾ ਹੋਵੇ ਤਾਂ ਕੀ ਇਸ ਪੁਲ ਦੀ ਉਸਾਰੀ 2019 ਦੇ ਮੌਨਸੂਨ ਸੀਜ਼ਨ ਤੋਂ ਪਹਿਲਾਂ ਪੂਰੀ ਕਰ ਦਿੱਤੀ ਜਾਵੇਗੀ?

**ਸ਼੍ਰੀ ਵਿਜੈ ਇੰਦਰ ਸਿੰਗਲਾ :** ਸ਼੍ਰੀਮਾਨ ਜੀ, ਇਸ ਨਦੀ ਤੇ ਪੁਲ ਬਣਾਉਣ ਦੀ ਹਾਲ ਦੀ ਘੜੀ ਕੋਈ ਤਜਵੀਜ਼ ਨਹੀਂ ਹੈ।

**ਸ਼੍ਰੀ ਕੰਵਰ ਸੰਧੂ :** ਸਪੀਕਰ ਸਾਹਿਬ, ਤੁਹਾਡੀ ਮਾਰਫਤ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਿੰਡ ਮਿਰਜ਼ਾਪੁਰ ਚੰਡੀਗੜ੍ਹ ਤੋਂ ਸਿਰਫ 15 ਕਿਲੋਮੀਟਰ ਦੂਰ ਹੈ। ਇਹ ਪੰਜਾਬ ਦਾ ਅਖੀਰਲਾ ਪਿੰਡ ਹੈ ਜਿਹੜਾ ਹਿਮਾਚਲ ਨਾਲ ਲੱਗਦਾ ਹੈ। ਉੱਥੇ ਸੜਕ ਨਾਮਾਤਰ ਹੈ ਜਿਸ ਕਾਰਨ ਪਿੰਡ ਦੇ ਲੋਕ ਬਹੁਤ ਔਖੇ ਹਨ ਕਿਉਂਕਿ ਬਰਸਾਤਾਂ ਵਿਚ ਪਿੰਡ ਦੇ ਬੱਚੇ ਸਕੂਲ ਵਿਚ ਪਹੁੰਚ ਹੀ ਨਹੀਂ ਸਕਦੇ। ਪਿੰਡ ਵਾਲੇ ਟਰੈਕਟਰ-ਟਰਾਲੀਆਂ ਤੇ ਬੱਚਿਆਂ ਨੂੰ ਛੱਡ ਕੇ ਅਤੇ ਫਿਰ ਵਾਪਸ ਲੈ ਕੇ ਆਉਂਦੇ ਹਨ। ਹੁਣ ਉਥੋਂ ਦੇ ਲੋਕ ਇਹ ਕਹਿਣ ਲੱਗ ਪਏ ਹਨ ਕਿ ਸਾਨੂੰ ਹਿਮਾਚਲ ਪ੍ਰਦੇਸ਼ ਨਾਲ ਹੀ ਰਲਾ ਦਿਓ ਕਿਉਂਕਿ ਸਾਡੀ ਬਹੁਤ ਮਾੜੀ ਹਾਲਤ ਹੈ ਅਤੇ ਕੋਈ ਵੀ ਸਾਡੀ ਬਾਤ ਨਹੀਂ ਪੁੱਛਦਾ। ਮੈਂ ਗੁਜਾਰਿਸ਼ ਕਰਨਾ ਚਾਹੁੰਦਾ ਹਾਂ ਕਿ ਜਿੰਨਾ ਚਿਰ ਕੋਈ ਤਜਵੀਜ਼ ਨਹੀਂ ਬਣਦੀ ਉਨਾ ਚਿਰ ਇੱਕ foot overbridge ਦਾ ਇੰਤਜ਼ਾਮ ਜ਼ਰੂਰ ਕਰ ਦਿੱਤਾ ਜਾਵੇ। ਬਾਕੀ ਇਹ ਤਜਵੀਜ਼ ਜਲਦੀ ਤੋਂ ਜਲਦੀ ਬਣਾਉਣੀ ਚਾਹੀਦੀ ਹੈ। ਬੇਸੀਕਲੀ ਪਿੰਡ ਅਤੇ ਸਕੂਲ ਦੇ ਵਿਚਕਾਰ ਹੀ ਕੋਈ ਪੁਲ ਨਹੀਂ ਹੈ।

**ਮੰਤਰੀ :** ਸਰ, ਮੈਂਬਰ ਸਾਹਿਬ ਨੇ ਦੱਸਿਆ ਹੈ ਕਿ ਇਹ ਪੰਜਾਬ ਦਾ ਅਖੀਰਲਾ ਪਿੰਡ ਹੈ। ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ up to the village ਸਾਢੇ ਪੰਜ ਕਿਲੋਮੀਟਰ ਸੜਕ ਬਣੀ ਹੋਈ ਹੈ। ਇਹ ਜਿਹੜਾ ਬਰਸਾਤੀ ਨਾਲਾ ਹੈ ਜਦੋਂ ਮੀਂਹ ਪੈ ਜਾਂਦਾ ਹੈ, ਇਸ ਵਿਚ ਸਿਰਫ ਉਦੋਂ ਹੀ ਬਰਸਾਤੀ ਪਾਣੀ ਆਉਂਦਾ ਹੈ। ਮੈਂ ਚੈੱਕ ਕਰ ਰਿਹਾ ਸੀ ਕਿ ਇਸ ਸਕੂਲ ਵਿਚ ਸਿਰਫ 49 ਬੱਚੇ ਪੜ੍ਹਦੇ ਹਨ, ਇਸ ਸਕੂਲ ਤੋਂ ਇਲਾਵਾ ਇਸ ਤੋਂ ਅੱਗੇ ਸਿਰਫ਼ ਇੱਕ ਰੈਸਟ ਹਾਊਸ ਹੈ। ਇਸ ਤੋਂ ਅੱਗੇ ਕੋਈ ਹੋਰ ਚੀਜ਼ ਨਹੀਂ ਹੈ। ਇਨ੍ਹਾਂ ਨੇ foot overbridge ਦੀ ਗੱਲ ਕੀਤੀ ਹੈ, ਅਸੀਂ ਇਸ ਗੱਲ ਨੂੰ ਵਿਚਾਰ ਲਵਾਂਗੇ ਤਾਂ ਕਿ ਬਰਸਾਤਾਂ ਵਿਚ ਬੱਚਿਆਂ ਨੂੰ ਲੰਘਣ ਵਾਸਤੇ ਜਗ੍ਹਾ ਮਿਲ ਸਕੇ।

**ਸ਼੍ਰੀ ਕੰਵਰ ਸੰਧੂ :** ਸਰ, 49 ਬੱਚੇ ਸਿਰਫ ਇਸ ਕਰਕੇ ਹਨ ਕਿਉਂਕਿ ਬੱਚੇ ਉੱਥੇ ਪਹੁੰਚ ਨਹੀਂ ਸਕਦੇ। ਇਸ ਲਈ ਕੁਝ ਬੱਚੇ ਪੜ੍ਹਨ ਲਈ ਹਿਮਾਚਲ ਪ੍ਰਦੇਸ਼ ਅਤੇ ਦੂਸਰੇ ਪਿੰਡਾਂ ਵਿਚ ਜਾਣ ਲੱਗ ਗਏ ਹਨ। ਇਸ ਦੇ ਨਾਲ ਹੀ ਇੱਕ ਹੋਰ ਪਿੰਡ ਮਸੌਲ ਹੈ ਅਤੇ ਉੱਥੇ ਵੀ ਪਿੰਡ ਅਤੇ ਸਕੂਲ ਦੇ ਵਿਚਕਾਰ ਪੁਲ ਨਹੀਂ ਹੈ। ਪਿਛਲੇ ਸੈਸ਼ਨ ਦੇ ਵਿਚ ਜਦੋਂ ਰਜ਼ੀਆ ਸੁਲਤਾਨਾ ਜੀ ਪੀ.ਡਬਲਿਊ.ਡੀ. ਮੰਤਰੀ ਸਨ ਤਾਂ ਉਨ੍ਹਾਂ ਨੇ......

**ਮਾਨਯੋਗ ਸਪੀਕਰ :** ਨਹੀਂ ਜੀ, ਤੁਹਾਡੇ ਸਵਾਲ ਵਿਚ ਪਿੰਡ ਮਸੌਲ ਦਾ ਤਾਂ ਜ਼ਿਕਰ ਹੀ ਨਹੀਂ ਹੈ।

**ਸ਼੍ਰੀ ਕੰਵਰ ਸੰਧੂ :** ਪਿਛਲੇ ਸੈਸ਼ਨ ਦੇ ਵਿਚ ਇਹ ਐਸ਼ੋਰੈਂਸ ਦਿੱਤੀ ਗਈ ਸੀ ਕਿ ਤਿੰਨ ਪੁਲ ਬਗਿੰਡੀ ਦੇ ਵਿਚ ਬਣ ਜਾਣਗੇ ਪਰ ਉਹ ਹਾਲੇ ਤੱਕ ਨਹੀਂ ਬਣੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਬਗਿੰਡੀ ਦੇ ਵਿਚ ਤਿੰਨ ਪੁਲਾਂ ਦੀ ਐਸ਼ੋਰੈਂਸ ਜਿਹੜੀ ਦਿੱਤੀ ਗਈ ਸੀ, ਕੀ ਉਹ ਬਾਰਸ਼ਾਂ ਤੋਂ ਪਹਿਲਾਂ ਬਣ ਜਾਣਗੇ? ਜਿੰਨੇ ਵੀ ਉੱਥੇ ਪਿੰਡ ਹਨ ਜਿਵੇਂ ਕਿ ਕਸੌਲੀ, ਕਰੌਂਦੇ ਵਾਲਾ, ਗੂੜ੍ਹਾ - ਇਹ ਚੰਡੀਗੜ੍ਹ ਤੋਂ ਸਿਰਫ 10-12 ਕਿਲੋਮੀਟਰ ਦੀ ਦੂਰੀ ਤੇ ਹਨ। ਮੇਰੀ ਗੁਜਾਰਿਸ਼ ਹੈ ਕਿ ਪ੍ਰਾਇਰਟੀ ਤੇ ਕੰਸੀਡਰ ਕਰਕੇ ਇਹ ਪੁਲ ਬਣਾਏ ਜਾਣ।

**ਮੰਤਰੀ :** ਸਰ, ਅਗਰ ਮਹਿਕਮੇ ਵੱਲੋਂ ਕਿਸੇ ਵੇਲੇ ਵੀ ਐਸ਼ੋਰੈਂਸ ਦਿੱਤੀ ਗਈ ਹੈ that will be done. As far as ਇਸ ਪੁਲ ਬਾਰੇ ਜਿਹੜਾ ਇਨ੍ਹਾਂ ਨੇ ਕਿਹਾ ਹੈ ਇਸ ਵਾਸਤੇ ਮੈਂ ਪਹਿਲਾਂ ਹੀ ਕਿਹਾ ਹੈ ਕਿ ਅਸੀਂ ਇਸ foot overbridge ਨੂੰ ਕੰਸੀਡਰ ਕਰਾਂਗੇ।

**ਸ਼੍ਰੀ ਕੰਵਰ ਸੰਧੂ :** ਸਰ, ਇਨ੍ਹਾਂ ਬਾਰਸ਼ਾਂ ਤੋਂ ਪਹਿਲਾਂ ਜੇਕਰ ਬਣ ਜਾਵੇ ਕਿਉਂਕਿ ਐਸ਼ੋਰੈਂਸ ਤੋਂ ਬਾਅਦ ਤੀਸਰਾ ਬਾਰਸ਼ਾਂ ਦਾ ਮੌਸਮ ਸ਼ੁਰੂ ਹੋਣ ਵਾਲਾ ਹੈ।

**ਮੰਤਰੀ :** ਅੱਜ ਤੋਂ ਪਹਿਲਾਂ ਕਿਸੇ ਨੇ ਇਸ ਪਾਸੇ ਧਿਆਨ ਨਹੀਂ ਦਿੱਤਾ। ਹੁਣ ਮੈਂ ਆਉਣ ਵਾਲੇ ਦਿਨਾਂ ਵਿੱਚ ਇਸ ਦੀ ਤਜਵੀਜ਼ ਮਨਜ਼ੂਰ ਕਰਨ ਵਾਸਤੇ ਤੁਹਾਨੂੰ ਵਿਸ਼ਵਾਸ ਦਿਵਾਇਆ ਹੈ ਕਿ ਇਸ ਪੁਲ ਨੂੰ ਬਣਾਉਣ ਵਾਸਤੇ ਅਸੀਂ ਕੰਮ ਕਰਾਂਗੇ ਪਰ ਇਨ੍ਹਾਂ ਬਰਸਾਤਾਂ ਤੋਂ ਪਹਿਲਾਂ ਇਹ ਪੂਰਾ ਨਹੀਂ ਹੋਏਗਾ ਕਿਉਂਕਿ there is a process of tendering and there is a process where a person has to execute it.

**ਸ਼੍ਰੀ ਕੰਵਰ ਸੰਧੂ :** ਮੰਤਰੀ ਸਾਹਿਬ, ਜਿਹੜੀ ਪਿਛਲੇ ਸਦਨ ਦੇ ਵਿੱਚ ਤਿੰਨ ਪੁਲਾਂ ਦੀ ਐਸ਼ੋਰੈਂਸ ਦਿੱਤੀ ਗਈ ਸੀ, ਬਗਿੰਡੀ ਦੀ ਸੀ, ਉਹ ਹਾਲੇ ਤੱਕ ਨਹੀਂ ਬਣਿਆ, ਬਾਰਸ਼ਾਂ ਫਿਰ ਆ ਜਾਣੀਆਂ ਹਨ। ਸਾਰਾ ਪਿੰਡ ਬਾਰਸ਼ਾਂ ਦੇ ਵਿੱਚ ਨਾ ਹਸਪਤਾਲ ਪਹੁੰਚ ਸਕਦਾ ਹੈ, ਨਾ ਸਕੂਲ ਪਹੁੰਚ ਸਕਦਾ ਹੈ ਅਤੇ ਨਾ ਸ਼ਹਿਰ ਆ ਸਕਦਾ ਹੈ।

**ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਇਸ ਗੱਲ

ਦਾ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ as far as this government is concerned, if there is any assurance given in this House, that will be honoured.

**Shri Kanwar Sandhu :** Before this coming rains.....?

**Mr. Speaker :** Thank you.

---

**ਉਦਯੋਗ ਸਥਾਪਿਤ ਕਰਨ ਲਈ ਹਸਤਾਖਰ ਕੀਤੇ ਐਮ.ਓ.ਯੂਜ਼**

***1859. ਡਾਕਟਰ ਰਾਜ ਕੁਮਾਰ :** ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਰਾਜ ਵਿੱਚ ਨਵੇਂ ਉਦਯੋਗ ਸਥਾਪਿਤ ਕਰਨ ਲਈ ਕੁੱਲ ਕਿੰਨੇ ਐਮ.ਓ.ਯੂਜ਼ ਸਾਈਨ ਹੋਏ ਅਤੇ ਉਨ੍ਹਾਂ ਵਿੱਚੋਂ ਕਿੰਨੇ ਪ੍ਰਤੀਸ਼ਤ ਐਮ.ਓ.ਯੂਜ਼ ਅਧੀਨ ਉਦਯੋਗ ਸਥਾਪਿਤ ਹੋ ਚੁੱਕੇ ਹਨ;

(ਅ) ਰਾਜ ਵਿੱਚ ਖੇਤੀਬਾੜੀ ਆਧਾਰਿਤ ਉਦਯੋਗਾਂ ਨੂੰ ਹੋਰ ਉਤਸ਼ਾਹਿਤ ਕਰਨ ਲਈ ਉਦਯੋਗਿਕ ਨੀਤੀ ਦੇ ਵੇਰਵੇ ਕੀ ਹਨ?

**ਸ਼੍ਰੀ ਸੁੰਦਰ ਸ਼ਾਮ ਅਰੋੜਾ :** ਸ਼੍ਰੀਮਾਨ ਜੀ,

(ੳ) ਕੁੱਲ 817 ਐਮ.ਓ.ਯੂਜ਼ ਸਾਈਨ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ 18.6% (ਕੁੱਲ 152) ਕਾਮਨ ਐਪਲੀਕੇਸ਼ਨ ਫਾਰਮ (ਕੈਫ)/ਨਿਵੇਸ਼ ਤਜਵੀਜ਼ਾਂ ਪ੍ਰਾਪਤ ਹੋ ਚੁੱਕੀਆਂ ਹਨ। ਐਮ.ਓ.ਯੂਜ਼ ਤੋਂ ਇਲਾਵਾ ਉਦਯੋਗ ਸਥਾਪਿਤ ਕਰਨ ਲਈ ਹੋਰ ਅਰਜੀਆਂ ਵੀ Punjab Bureau of Investment Promotion ਵਿਖੇ ਪ੍ਰਾਪਤ ਹੁੰਦੀਆਂ ਹਨ। ਇਸ ਤਰ੍ਹਾਂ 15 ਜਨਵਰੀ, 2019 ਤੱਕ 802 ਤਜਵੀਜ਼ਾਂ 66,802 ਕਰੋੜ ਰੁਪਏ ਦੀ ਰਾਸ਼ੀ ਨਾਲ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਵਿੱਚੋਂ ਮੌਜੂਦਾ ਸਰਕਾਰ ਦੇ ਸਾਸ਼ਨ ਕਾਲ ਦੌਰਾਨ 348 ਤਜਵੀਜ਼ਾਂ ਰੁਪਏ 35,480 ਕਰੋੜ ਦੀ ਰਾਸ਼ੀ ਨਾਲ ਪ੍ਰਾਜੈਕਟ ਸਥਾਪਿਤ ਕਰਨ ਲਈ ਪ੍ਰਾਪਤ ਹੋ ਚੁੱਕੀਆਂ ਹਨ।

(ਅ) Industrial and Business Development Policy, 2017 ਮਿਤੀ 17.10.2017 ਨੂੰ ਨੋਟੀਫਾਈ ਕੀਤੀ ਗਈ ਹੈ, ਜਿਸ ਵਿੱਚ ਖੇਤੀਬਾੜੀ ਅਧਾਰਿਤ ਉਦਯੋਗਾਂ ਨੂੰ ਬਤੌਰ thrust sector ਰੱਖਿਆ ਗਿਆ ਹੈ, ਜਿਸ ਦੇ ਤਹਿਤ ਵੱਖ ਵੱਖ ਇਨਸੈਂਟਿਵ ਜਿਵੇਂ ਕਿ ਜੀ.ਐਸ.ਟੀ. ਇਨਸੈਂਟਿਵ, ਬਿਜਲੀ ਡਿਊਟੀ ਤੋਂ ਛੋਟ,

ਸਟੈਂਪ ਡਿਊਟੀ ਤੋਂ ਛੋਟ ਅਤੇ ਪ੍ਰਾਪਰਟੀ ਟੈਕਸ ਤੋਂ ਛੋਟ ਆਦਿ ਉਪਲਬਧ ਹਨ। ਐਗਰੋ ਅਤੇ ਫੂਡ ਪ੍ਰੋਸੈਸਿੰਗ ਯੂਨਿਟ ਸਥਾਪਿਤ ਕਰਨ ਲਈ ਕੁੱਲ 200 ਤਜਵੀਜ਼ਾਂ ਰੁਪਏ 9,297 ਕਰੋੜ ਦੀ ਰਾਸ਼ੀ ਨਾਲ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਵਿੱਚੋਂ 69 ਤਜਵੀਜ਼ਾਂ 2,987 ਕਰੋੜ ਰੁਪਏ ਦੀ ਲਾਗਤ ਨਾਲ ਮੌਜੂਦਾ ਸਰਕਾਰ ਦੇ ਸ਼ਾਸਨ ਕਾਲ ਵਿੱਚ ਪ੍ਰਾਪਤ ਹੋਈਆਂ ਹਨ। ਇਸ ਤੋਂ ਇਲਾਵਾ Agro based Bio-mass Processing Units ਸਥਾਪਤ ਕਰਨ ਲਈ 8 ਐਮ.ਓ.ਯੂਜ਼. 17,789 ਕਰੋੜ ਰੁਪਏ ਦੇ ਸਾਈਨ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ 5 ਤਜਵੀਜ਼ਾਂ 1,063 ਕਰੋੜ ਰੁਪਏ ਦੀ ਰਾਸ਼ੀ ਨਾਲ ਪ੍ਰਾਜੈਕਟ ਸਥਾਪਤ ਕਰਨ ਲਈ ਪ੍ਰਾਪਤ ਹੋ ਚੁੱਕੀਆਂ ਹਨ।

**ਡਾਕਟਰ ਰਾਜ ਕੁਮਾਰ :** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਕੈਪਟਨ ਅਮਰਿੰਦਰ ਸਿੰਘ ਨੂੰ ਬਹੁਤ-ਬਹੁਤ ਮੁਬਾਰਕਬਾਦ ਦੇਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਇੰਡਸਟਰੀ ਦਾ ਰਿਵਾਈਵਲ ਹੋਇਆ ਹੈ। ਤੁਹਾਡੇ ਰਾਹੀਂ ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਐਮ.ਓ.ਯੂ. ਦੀ ਇੰਡਸਟਰੀ ਵਿੱਚ ਕਨਵਰਸ਼ਨ ਕਰਨ ਦੇ ਲਈ ਇੰਡਸਟ੍ਰੀਅਲ ਪਾਲਿਸੀ ਦੇ ਵਿੱਚ ਅਜਿਹੇ ਕਿਹੜੇ ਸੇਲੀਐਂਟ ਫੀਚਰਜ਼ ਰੱਖੇ ਗਏ ਹਨ ਤਾਂ ਕਿ ਜ਼ਿਆਦਾ ਤੋਂ ਜ਼ਿਆਦਾ ਇੰਡਸਟਰੀ ਪੰਜਾਬ ਵਿੱਚ ਆਵੇ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਅਤੇ ਸਾਰੇ ਐਮ.ਐਲ.ਏ ਸਾਹਿਬਾਨ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿੰਨੀਆਂ ਵੀ ਤੁਹਾਡੇ ਕੋਲ ਪੰਚਾਇਤੀ ਜ਼ਮੀਨਾਂ ਪਈਆਂ ਹਨ, ਉਨ੍ਹਾਂ ਦੇ ਮਤੇ ਪਾ ਕੇ ਭੇਜਣ। ਜਿੰਨੇ ਵੀ ਸਾਡੇ ਕੋਲ ਨਿਵੇਸ਼ ਵਾਲੇ ਆਉਂਦੇ ਹਨ, ਅਸੀਂ ਉਨ੍ਹਾਂ ਨੂੰ ਉਥੇ ਲੈ ਕੇ ਜਾਂਦੇ ਹਾਂ ਕਿਉਂਕਿ ਪੰਜਾਬ ਅੰਦਰ ਬਹੁਤ ਹੀ ਅੱਛੀ ਇੰਡਸਟਰੀ ਆ ਰਹੀ ਹੈ। ਸਾਡੇ ਇਸ ਰਾਜ ਦੇ ਅੰਦਰ ਇੰਡਸਟਰੀ ਵਿੱਚ ਕ੍ਰਾਂਤੀ ਆਈ ਹੈ। ਇਸ ਵੇਲੇ ਮੈਂ ਕਹਿ ਸਕਦਾ ਹਾਂ ਕਿ ਮੰਡੀ ਗੋਬਿੰਦਗੜ੍ਹ ਵਿੱਚ ਹਰ ਚਿਮਨੀ ਵਿੱਚੋਂ ਧੂੰਆਂ ਨਿਕਲ ਰਿਹਾ ਹੈ। ਮੈਂ ਕੈਪਟਨ ਸਾਹਿਬ ਦੀ ਸਰਕਾਰ ਨੂੰ ਇਸ ਗੱਲ ਦੀ ਵਧਾਈ ਦੇਣਾ ਚਾਹੁੰਦਾ ਹਾਂ ਕਿ ਇੰਡਸਟਰੀ ਲਈ ਬਹੁਤ ਅੱਛੇ ਉਪਰਾਲੇ ਕੀਤੇ ਹਨ, ਜਿਸ ਨਾਲ ਲੱਖਾਂ ਬੱਚਿਆਂ ਨੂੰ ਰੋਜ਼ਗਾਰ ਮਿਲਣ ਦੇ ਸਾਧਨ ਪ੍ਰਾਪਤ ਹੋਏ ਹਨ।

**ਡਾਕਟਰ ਰਾਜ ਕੁਮਾਰ :** ਸਰ, ਪੰਜਾਬ ਦੇ ਵਿੱਚ ਸਰਕਾਰ ਪੈਡੀ, ਪਟੈਟੋਜ਼ ਅਤੇ ਵ੍ਹੀਟ ਬੇਸਡ ਇੰਡਸਟਰੀ ਦੇ ਲਈ ਕੀ ਉਪਰਾਲੇ ਕਰ ਰਹੀ ਹੈ?

**ਮੰਤਰੀ :** ਸਰ, ਮੈਂ ਦੱਸ ਚੁੱਕਿਆ ਹਾਂ ਜੀ। ਫੂਡ ਪ੍ਰੋਸੈਸਿੰਗ ਦੇ ਖੇਤਰ ਵਿੱਚ ਸਾਡੇ ਕਈ

ਹੋਰ ਇੰਡਸਟਰੀਜ਼ ਦੇ ਨਾਲ ਐਮ.ਓ.ਯੂਜ਼ ਸਾਈਨ ਹੋਏ ਹਨ। ਮੈਸ: ਵੈਬਰੋ ਇੰਡੀਆ ਪ੍ਰਾਈਵੇਟ ਲਿਮ. ਨਾਲ 72 ਕਰੋੜ ਰੁਪਏ ਦਾ, ਹਿੰਦੁਸਤਾਨ ਪੈਟਰੋਲੀਅਮ ਕਾਰਪੋਰੇਸ਼ਨ ਲਿਮ. ਨਾਲ 700 ਕਰੋੜ ਰੁਪਏ ਦਾ, ਇੰਡੀਅਨ ਆਇਲ ਕਾਰਪੋਰੇਸ਼ਨ ਨਾਲ 5000 ਕਰੋੜ ਰੁਪਏ ਦਾ, ਮੈਸ: ਨੇਵੇ ਰਿਨੀਊਏਬਲ ਐਨਰਜੀ ਦੇ ਨਾਲ 10,000 ਕਰੋੜ ਰਪਏ ਦਾ, ਮੈਸ: ਮਹਿੰਦਰਾ ਵੇਸਟ-ਟੂ-ਐਨਰਜੀ ਸਲਿਊਸ਼ਨ ਲਿਮ. ਦੇ ਨਾਲ 17 ਕਰੋੜ ਰੁਪਏ ਦਾ, ਮੈਸ: ਰਿਕਾ ਬਾਇਓਫਿਊਲਜ਼ ਡਿਵੈਲਪਮੈਂਟ ਲਿਮ. ਨਾਲ 700 ਕਰੋੜ ਰੁਪਏ ਦਾ, ਮੈਸ: ਸ਼ਿਵ ਓਮ ਦਿਆਲ ਐਨਰਜੀ ਪ੍ਰਾਈਵੇਟ ਲਿਮ. ਦੇ ਨਾਲ 700 ਕਰੋੜ ਰੁਪਏ ਦਾ, ਮੈਸ: ਵਿਰਗੋ ਕਰਪੋਰੇਸ਼ਨ ਦੇ ਨਾਲ 600 ਕਰੋੜ ਰੁਪਏ ਦਾ ਅਤੇ ਮੈਸ: ਸੁਖਬੀਰ ਐਗਰੋ ਐਨਰਜੀ ਲਿਮ. ਦੇ ਨਾਲ ਫਿਰੋਜ਼ਪੁਰ ਅਤੇ ਫਰੀਦਕੋਟ ਦੇ ਵਿੱਚ ਦੋ ਐਮ.ਓ.ਯੂ. ਹੋਏ ਹਨ।

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਸਰਕਾਰ ਅਤੇ ਮੰਤਰੀ ਜੀ ਨੂੰ ਬਹੁਤ ਬਹੁਤ ਵਧਾਈ, ਇਨ੍ਹਾਂ ਨੇ ਕਾਫੀ ਲੰਮੀਆਂ ਚੌੜੀਆਂ ਫਿਗਰਾਂ ਦੇ ਦਿੱਤੀਆਂ ਹਨ। ਮੇਰੇ ਵੀਰ ਚੱਬੇਵਾਲ ਸਾਹਿਬ ਜੀ ਨੇ ਕਾਫੀ ਕੰਫਰਟੇਬਲ ਸਵਾਲ ਪੁੱਛਿਆ ਹੈ। ਠੀਕ ਹੈ ਕਿ ਇਸ ਤਰ੍ਹਾਂ ਦੇ ਐਮ.ਓ.ਯੂ. ਸਾਈਨ ਹੋ ਗਏ ਹਨ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹਾਂਗਾ ਕਿ ਜਦੋਂ ਇੰਡਸਟਰੀ ਸੈਟ ਅੱਪ ਕਰਨੀ ਹੈ ਉਸ ਦੇ ਲਈ ਮੇਰੀ ਸਮਝ ਮੁਤਾਬਿਕ ਤਿੰਨ ਸਟੈਪਸ ਸਨ। ਸਭ ਤੋਂ ਪਹਿਲਾ ਸਟੈਪ, ਸੀ.ਏ.ਐਫ. (ਕਾਮਨ ਐਪਲੀਕੇਸ਼ਨ ਫਾਰਮ) ਜੋ ਕਿ ਇਨ੍ਹਾਂ ਦੀ ਸਾਈਟ ਉਪਰ ਅਪਲੋਡ ਹੁੰਦਾ ਹੈ, ਉਹ ਬੈਂਕ ਲੋਨ ਐਪਲੀਕੇਸ਼ਨ ਦੇ ਨਾਲ ਹੁੰਦਾ ਹੈ। ਮੇਰੀ ਜਾਣਕਾਰੀ ਅਨੁਸਾਰ ਅਜੇ ਤੱਕ ਇੱਕ ਵੀ ਇੰਡਸਟਰੀ ਦਾ ਬੈਂਕ ਲੋਨ ਐਪਲੀਕੇਸ਼ਨ ਫਾਰਮ ਫਿੱਲ ਨਹੀਂ ਹੋਇਆ ਕਿਉਂਕਿ ਉਸ ਨਾਲ ਇਕ ਸੀ.ਐਲ.ਯੂ. ਇਨਵਾਲਵਡ ਹੈ, ਉਹ ਸੀ.ਐਲ.ਯੂ. ਲੈਣਾ ਪੈਂਦਾ ਹੈ। ਉਸ ਤੋਂ ਬਾਅਦ ਗਰਾਊਂਡ ਵਾਟਰ ਅਥਾਰਿਟੀ ਦੀ ਪਰਮਿਸ਼ਨ ਲੈਣੀ ਪੈਂਦੀ ਹੈ ਪਰੰਤੂ ਗਰਾਊਂਡ ਪਾਲਿਸੀ ਨਾ ਹੋਣ ਕਰਕੇ ਅਜੇ ਇਕ ਵੀ ਨਹੀਂ ਹੋਇਆ। ਇਸ ਤੋਂ ਬਾਅਦ ਤੀਜਾ ਸਟੈਪ ਆਈ.ਸੀ.ਏ.ਐਫ. (ਇੰਸੈਂਟਿਵ ਕਾਮਨ ਐਪਲੀਕੇਸ਼ਨ ਫਾਰਮ) ਹੈ, ਇਨ੍ਹਾਂ ਦੀ ਸਾਈਟ ਦੇ ਟੈਕਨੀਕਲੀ ਐਰਰ ਕਰਕੇ ਜਿਹੜੀ ਇਨ੍ਹਾਂ ਨੇ ਪਾਲਿਸੀ ਨੋਟੀਫਾਈ ਕੀਤੀ ਸੀ, ਅਜੇ ਤੱਕ ਇਕ ਵੀ ਇੰਡਸਟਰੀ ਉਸ ਵਿਚ ..

**ਮਾਨਯੋਗ ਸਪੀਕਰ :** ਅਰੋੜਾ ਜੀ, ਤੁਸੀਂ ਸਵਾਲ ਪੁੱਛੋ। ਅਰੋੜਾ ਜੀ, ਆਪਾਂ ਪੁੱਛਣਾ ਤਾਂ ਸਵਾਲ ਹੈ।

**ਸ਼੍ਰੀ ਅਮਨ ਅਰੋੜਾ :** ਸਰ, ਮੇਰਾ ਸਵਾਲ ਇਹ ਹੈ ਕਿ ਜਿਹੜੇ ਤਿੰਨ ਸਟੈਪਸ ਹਨ। ਪਹਿਲਾਂ ਸੀ.ਏ.ਐਫ., ਉਸ ਨਾਲ ਬੈਂਕ ਲੋਨ ਅਪਰੂਵਲ ਅਤੇ ਉਸ ਨਾਲ ਆਈ.ਸੀ.ਏ.ਐਫ., ਮੰਤਰੀ ਜੀ, ਕਿੰਨੀਆਂ ਇੰਡਸਟਰੀਆਂ ਇਹ ਤਿੰਨੋਂ ਸਟੈਪਸ ਕਲੀਅਰ ਕਰ ਚੁੱਕੀਆਂ ਹਨ?

**ਮੰਤਰੀ :** ਸਰ, ਇਹ ਅਲੱਗ ਸਵਾਲ ਹੈ। ਇਹ ਸਵਾਲ ਦੇ ਦੇਣ ਤਾਂ ਜਵਾਬ ਦੇ ਦਿਆਂਗੇ।

**ਸ਼੍ਰੀ ਅਮਨ ਅਰੋੜਾ:** ਇਹ ਅਲੱਗ ਸਵਾਲ ਕਿਉਂ ਹੈ ਜੀ?

**ਮਾਨਯੋਗ ਸਪੀਕਰ:** ਨਹੀਂ, ਜ਼ੁਬਾਨੀ ਨਹੀਂ ਦੱਸ ਸਕਦੇ ।

**ਸ਼੍ਰੀ ਅਮਨ ਅਰੋੜਾ:** ਸਰ, ਤੁਸੀਂ ਕਮਾਲ ਕਰਦੇ ਹੋ। ਉਨ੍ਹਾਂ ਨੇ ਇੰਡਸਟਰੀ ਦੀ ਗੱਲ ਕੀਤੀ ਹੈ, ਇੰਡਸਟਰੀਅਲ ਪਾਲਿਸੀ ਦੀ ਗੱਲ ਕੀਤੀ ਹੈ, ਉਨ੍ਹਾਂ ਨੇ ਐਮ.ਓ.ਯੂ. ਦੀ ਗੱਲ ਕੀਤੀ ਹੈ, ਮੰਤਰੀ ਜੀ ਨੇ ਕਈ ਹਜ਼ਾਰ ਕਰੋੜ ਦੀ ਇਨਵੈਸਟਮੈਂਟ ਗਿਣਵਾ ਦਿੱਤੀ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ ਸਪਲੀਮੈਂਟਰੀ ਪੁੱਛਣ ਲਈ ਆਪਣੀ ਸੀਟ ਤੇ ਖੜ੍ਹੇ ਸਨ।)

**ਸ਼੍ਰੀ ਅਮਨ ਅਰੋੜਾ:** ਮਜੀਠੀਆ ਜੀ, ਪਲੀਜ਼ ਇੱਕ ਮਿੰਟ। ਮੈਨੂੰ ਮੇਰਾ ਜਵਾਬ ਮਿਲ ਜਾਣ ਦਿਉ। ਸਪੀਕਰ ਸਾਹਿਬ, ਮੈਨੂੰ ਜਵਾਬ ਚਾਹੀਦਾ ਹੈ ਕਿ ਇਨ੍ਹਾਂ ਦੀ ਇੰਡਸਟਰੀਅਲ ਪਾਲਿਸੀ ਮੁਤਾਬਿਕ ਤਿੰਨੇ ਸਟੈਪਸ ਜਿਹੜੇ ਹਨ ਉਹ ਕਿੰਨੀਆਂ ਇੰਡਸਟਰੀਜ਼ ਕਲੀਅਰ ਕਰ ਚੁੱਕੀਆਂ ਹਨ। ਅਗਲਾ ਸਵਾਲ ਇਹ ਹੈ ਕਿ ਕੀ ਇੰਡਸਟਰੀਅਲ ਪਾਲਿਸੀ, 2013 ਦੀਆਂ 700 ਫਾਈਲਾਂ ਤੁਹਾਡੇ ਕੋਲ ਸਬਸਿਡੀ ਵਾਸਤੇ ਪੈਂਡਿੰਗ ਪਈਆਂ ਹਨ?

**ਮਾਨਯੋਗ ਸਪੀਕਰ :** ਅਮਨ ਜੀ, ਇਨ੍ਹਾਂ ਨੇ ਲਿਖ ਕੇ ਦਿੱਤਾ ਹੈ ਕਿ 817 MOUs have been signed, out of which 18.6% i.e. (total 152) Common Application Form (CAF)/ investment proposals have been received. ਇਹ ਲਿਖ ਕੇ ਜਵਾਬ ਦਿੱਤਾ ਹੈ।

**ਸ਼੍ਰੀ ਅਮਨ ਅਰੋੜਾ:** ਮੈਂ ਵੀ ਇਹੀ ਕਹਿ ਰਿਹਾ ਹਾਂ ਕਿ ਇਨ੍ਹਾਂ ਨੇ ਪਹਿਲਾ ਸਟੈਪ ਸੀ.ਐਲ.ਯੂ. ਦਾ ਕਲੀਅਰ ਕਰ ਲਿਆ ਪਰ ..

**ਮਾਨਯੋਗ ਸਪੀਕਰ :** ਤੁਸੀਂ ਇਨ੍ਹਾਂ ਦਾ ਜਵਾਬ ਪੜ੍ਹੋ।

**ਸ਼੍ਰੀ ਅਮਨ ਅਰੋੜਾ :** ਸਰ, ਮੈਂ ਪੜ੍ਹ ਲਿਆ ਹੈ ਜੀ। ਇਨ੍ਹਾਂ ਨੇ ਸੀ.ਐਲ.ਯੂ. ਬਾਰੇ ਕਹਿ ਦਿੱਤਾ ਕਿ ਕਲੀਅਰ ਹੋ ਗਿਆ। ਦੂਜਾ ਸਟੈਪ, ਬੈਂਕ ਲੋਨ ਐਪਲੀਕੇਸ਼ਨ ਫਾਰਮ, ਕੀ ਉਨ੍ਹਾਂ ਕੁੱਲ 152 ਇੰਡਸਟਰੀਆਂ ਦਾ ਕਲੀਅਰ ਹੋਇਆ ਹੈ? ਤੀਜਾ ਸਟੈਪ, ਆਈ.ਸੀ.ਏ.ਐਫ. ਹੈ। ਇੰਡਸਟਰੀਅਲ ਪਾਲਿਸੀ ਕਿਸ ਵਾਸਤੇ ਬਣੀ ਹੈ? ਇਹ ਸਬਸਿਡੀ ਇੰਸੈਂਟਿਵ ਦੇਣ ਵਾਸਤੇ ਬਣੀ ਹੈ ਪਰੰਤੂ ਇਨ੍ਹਾਂ ਦੀ ਸਾਈਟ ਉਤੇ ਟੈਕਨੀਕਲ ਐਰਰ ਹੋਣ ਕਰਕੇ ਕੰਮ ਹੀ ਨਹੀਂ ਕਰ ਰਹੀ ਹੈ। ਸਰ, ਸਰਕਾਰ ਪਾਣੀ ਵਿਚ ਡਾਂਗਾਂ ਮਾਰ ਰਹੀ ਹੈ, ਗਰਾਊਂਡ ਲੈਵਲ ਤੋਂ ਪਰ੍ਹੇ ਹੈ...

**ਮਾਨਯੋਗ ਸਪੀਕਰ:** ਤੁਸੀਂ ਸਵਾਲ ਨਹੀਂ ਪੁੱਛ ਰਹੇ। ਹੁਣ ਮਜੀਠੀਆ ਜੀ ਨੂੰ ਗੱਲ ਕਰ ਲੈਣ ਦਿਉ। ਤੁਸੀਂ ਆਪਣੀ ਗੱਲ ਕਹਿ ਲਈ, ਬੈਠੋ ਪਲੀਜ਼। ਹਾਂ ਜੀ, ਮਜੀਠੀਆ ਜੀ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਅਰੋੜਾ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਬੜੇ ਵਿਸਥਾਰ ਪੂਰਵਕ ਤਰੀਕੇ ਨਾਲ ਦੱਸਿਆ ਹੈ ਕਿ ਜਦੋਂ ਦੀ ਤੁਹਾਡੀ ਸਰਕਾਰ ਬਣੀ ਹੈ, ਕਿਵੇਂ ਇੰਡਸਟਰੀਅਲ ਰੈਵੋਲਿਊਸ਼ਨ ਆਉਣਾ ਸ਼ੁਰੂ ਹੋ ਗਿਆ ਹੈ। ਮੈਨੂੰ ਤੁਸੀਂ ਇਕੋ ਸਿੱਧਾ ਸਵਾਲ ਦੱਸ ਦਿਉ ਕਿ ਕਰੋੜਾਂ ਰੁਪਏ ਦਾ ਐਮ.ਓ.ਯੂ. ਸਾਈਨ ਹੋ ਗਿਆ, ਹਜ਼ਾਰਾਂ ਕਰੋੜਾਂ ਦਾ ਸਾਈਨ ਹੋ ਗਿਆ, ਤੁਸੀਂ ਜਾ ਕੇ ਕਿੰਨੇ ਕੁ ਉਦਘਾਟਨ ਕਰ ਦਿੱਤੇ ਹਨ? ਜਿੰਨਾ ਤੁਸੀਂ ਦੱਸ ਦਿੱਤਾ ਹੈ ਕਿ ਇੰਨੇ ਐਮ.ਓ.ਯੂ. ਸਾਈਨ ਹੋ ਗਏ, ਤੁਸੀਂ ਇਹ ਦੱਸ ਦਿਉ ਕਿ ਕਿੰਨੇ ਉਦਘਾਟਨ ਕਰ ਦਿੱਤੇ ਹੋਣੇ ਹਨ? ਦਸ ਹਜ਼ਾਰ ਕਰੋੜ ਦੀ ਰਾਸ਼ੀ, 845 ਐਮ.ਓ.ਯੂਜ਼ ਸਾਈਨ ਹੋ ਗਏ, ਉਨ੍ਹਾਂ ਵਿਚੋਂ ਆਨ ਗਰਾਊਂਡ ਕਿੰਨੇ ਉਦਘਾਟਨ ਕਰ ਦਿੱਤੇ ਹਨ, ਕਿੰਨੇ ਸਰਟੀਫਾਈ ਹੋ ਗਏ ਹਨ?

**ਮੰਤਰੀ:** ਸਰ, ਮਾਨਯੋਗ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਨੇ ਸਾਨੂੰ ਇੱਕ ਗੱਲ ਸਿਖਾਈ ਹੈ ਕਿ ਅਸੀਂ ਝੂਠੇ ਉਦਘਾਟਨ ਨਹੀਂ ਕਰਨੇ। ਜਦੋਂ ਤਿਆਰ ਹੋ ਜਾਵੇਗੀ ਉਦੋਂ ਉਦਘਾਟਨ ਕਰਾਂਗੇ। (ਥੰਪਿੰਗ) (ਹਾਸਾ)

**ਸਰਦਾਰ ਬਿਕਰਮ ਸਿੰਘ ਮਜੀਠੀਆ:** ਮੈਂ ਅਰੋੜਾ ਸਾਹਿਬ ਦਾ ਧੰਨਵਾਦੀ ਹਾਂ ਕਿ ਹੁਸ਼ਿਆਰਪੁਰੀਏ ਸੱਚ ਬੋਲਦੇ ਹਨ, ਇਹ ਨਾਲ ਹੀ ਸੱਚ ਬੋਲ ਗਏ, ਐਮ.ਓ.ਯੂ. ਤਾਂ ਬੜੇ ਸਾਈਨ ਕਰ ਦਿੱਤੇ ਪਰ ਉਦਘਾਟਨ ਜ਼ੀਰੋ।

**ਮਾਨਯੋਗ ਸਪੀਕਰ:** ਅਗਲਾ ਸਵਾਲ, ਡਾਕਟਰ ਸੁਖਵਿੰਦਰ ਕੁਮਾਰ । ਬੈਠੋ, ਬੈਠੋ.... ਨਹੀਂ ਬੈਠੋ, ਬੈਠੋ.... ਹੋ ਗਿਆ। ਡਾਕਟਰ ਸੁਖਵਿੰਦਰ ਕੁਮਾਰ.... (ਵਿਘਨ) ਡਾਕਟਰ ਸੁਖਵਿੰਦਰ ਕੁਮਾਰ ਖੜ੍ਹੇ ਹੋ ਗਏ ਹਨ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਅਮਨ ਅਰੋੜਾ ਤੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ ਸਪਲੀਮੈਂਟਰੀ ਦੀ ਮੰਗ ਕਰ ਰਹੇ ਸੀ।)

**ਮਾਨਯੋਗ ਸਪੀਕਰ:** ਤੁਸੀਂ ਤਿੰਨ ਤੋਂ ਜ਼ਿਆਦਾ ਸਪਲੀਮੈਂਟਰੀ ਨਹੀਂ ਪੁੱਛ ਸਕਦੇ। ਬੈਠੋ, ਤੁਸੀਂ ਤਿੰਨ ਤੋਂ ਜ਼ਿਆਦਾ ਸਪਲੀਮੈਂਟਰੀ ਨਹੀਂ ਪੁੱਛ ਸਕਦੇ, otherwise there will be no end to it.

---

### ਫਗਵਾੜਾ ਤੋਂ ਪਿੰਡ ਬਾਧਾਂ ਤੱਕ ਲਿੰਕ ਰੋਡ ਦਾ ਕੰਮ ਮੁਕੰਮਲ ਕਰਨਾ

*1884. **ਡਾਕਟਰ ਸੁਖਵਿੰਦਰ ਕੁਮਾਰ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ

ਕਿ ਫਗਵਾੜਾ ਤੋਂ ਪਿੰਡ ਬਾਧਾਂ ਤੱਕ ਲਿੰਕ ਰੋਡ ਦਾ ਕੰਮ ਕਦੋਂ ਸ਼ੁਰੂ ਕੀਤਾ ਗਿਆ ਸੀ; ਇਸ ਸੜਕ ਦੇ ਕੰਮ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਇਸ ਨੂੰ ਕਦੋਂ ਤੱਕ ਮੁਕੰਮਲ ਕਰ ਦਿੱਤਾ ਜਾਵੇਗਾ?

**ਕੈਪਟਨ ਅਮਰਿੰਦਰ ਸਿੰਘ :** ਇਸ ਸੜਕ ਦੀ ਮੁਰੰਮਤ ਦਾ ਕੰਮ 31.12.2016 ਨੂੰ ਸ਼ੁਰੂ ਕੀਤਾ ਗਿਆ ਸੀ ਅਤੇ ਹੁਣ ਤੱਕ 9.00 ਕਿਲੋਮੀਟਰ ਸੜਕ ਤੇ ਮੁਰੰਮਤ ਦਾ ਕੰਮ ਪੂਰੀ ਤਰ੍ਹਾਂ ਮੁਕੰਮਲ ਹੋ ਚੁੱਕਾ ਹੈ। ਬਾਕੀ ਰਹਿੰਦੀ 3.80 ਕਿਲੋਮੀਟਰ ਲੰਬਾਈ ਵਿੱਚ ਪੱਥਰ ਦੀ ਕੁਟਾਈ ਕੀਤੀ ਜਾ ਚੁੱਕੀ ਹੈ। ਇਹ ਕੰਮ ਵਿੱਤੀ ਸਾਲ 2019-20 ਵਿੱਚ ਮੁਕੰਮਲ ਕਰ ਦਿੱਤਾ ਜਾਵੇਗਾ।

**ਸ਼੍ਰੀ ਅਮਨ ਅਰੋੜਾ :** ਸਪੀਕਰ ਸਾਹਿਬ.....

**ਮਾਨਯੋਗ ਸਪੀਕਰ :** ਸਵਾਲ ਡਾਕਟਰ ਸੁਖਵਿੰਦਰ ਜੀ ਦਾ ਹੈ। ਤੁਸੀਂ ਕੀ ਕਰਦੇ ਹੋ? ਸਪਲੀਮੈਂਟਰੀ ਉਹ ਪੁੱਛਣਗੇ ਜਿਨ੍ਹਾਂ ਦਾ ਸਵਾਲ ਹੈ।

**ਡਾਕਟਰ ਸੁਖਵਿੰਦਰ ਕੁਮਾਰ :** ਸਪੀਕਰ ਸਾਹਿਬ, ਸੜਕ ਦੀ 4 ਕਿਲੋਮੀਟਰ ਦੀ ਲੰਬਾਈ ਵਿੱਚ ਹਾਲੇ ਸਿਰਫ ਪੱਥਰ ਦੀ ਕੁਟਾਈ ਹੋਈ ਹੈ। ਦੋ-ਢਾਈ ਸਾਲ ਹੋ ਗਏ। ਜਿਸ ਵੇਲੇ ਪਿਛਲੀ ਸਰਕਾਰ ਸੀ, ਉਸ ਵੇਲੇ ਪੱਥਰ ਦੀ ਕੁਟਾਈ ਹੋਈ ਸੀ। ਹੁਣ ਸੜਕ ਦੀ ਹਾਲਤ ਇਹ ਹੈ ਕਿ ਕਿਤੇ ਪੱਥਰ ਹੈ ਤੇ ਕਿਤੇ ਉਹ ਵੀ ਨਹੀਂ ਹੈ। ਕੀ ਕਾਰਨ ਹੈ ਕਿ 4 ਕਿਲੋਮੀਟਰ ਸੜਕ ਨਹੀਂ ਬਣ ਸਕੀ ਅਤੇ ਇਸ ਲਈ ਕੌਣ ਜ਼ਿੰਮੇਵਾਰ ਹੈ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਕਹਿ ਚੁੱਕਿਆ ਹਾਂ ਕਿ ਇਹ ਜਿਹੜੀ ਸੜਕ ਹੈ ਇਸ ਦੀ 12.08 ਵਿੱਚੋਂ 9 ਕਿਲੋਮੀਟਰ ਮੁਕੰਮਲ ਹੋ ਗਈ ਹੈ, 3.08 ਕਿਲੋਮੀਟਰ ਵਿੱਚ ਰੋੜੀ ਪੈ ਗਈ ਹੈ। It is a NABARD road. ਇਹ ਨਾਬਾਰਡ ਵਿੱਚ ਪ੍ਰਾਇਰਟੀ ਤੇ ਲਈ ਗਈ ਸੀ and that will finish now in coming year.

**ਡਾਕਟਰ ਸੁਖਵਿੰਦਰ ਕੁਮਾਰ :** ਸਰ, ਇਕ ਵੱਡੀ ਪ੍ਰਾਬਲਮ ਆਉਂਦੀ ਹੈ, ਜਦੋਂ ਕੋਈ ਸੜਕ ਨਵੀਂ ਬਣਦੀ ਹੈ, ਜੇ ਸੀਵਰੇਜ ਡਿਪਾਰਟਮੈਂਟ ਦੇਖਦਾ ਹੈ ਤਾਂ ਸੜਕ ਪੁੱਟ ਕੇ ਪਾਈਪ ਪਾ ਕੇ ਦੂਸਰੇ ਪਾਸੇ ਲੈ ਜਾਂਦਾ ਹੈ। ਕਿਸੇ ਨੇ ਪਾਣੀ ਦੀ ਪਾਈਪ ਲੰਘਾਉਣੀ ਹੈ ਤਾਂ ਉਹ ਪੁੱਟ ਦਿੰਦਾ ਹੈ। ਕੀ ਇਵੇਂ ਦਾ ਕੋਈ ਡਿਪਾਰਟਮੈਂਟ ਹੈ ਜਾਂ ਇਵੇਂ ਦਾ ਕੋਈ ਸਿਸਟਮ ਹੈ ਕਿ ਜਿਹੜੇ ਲੋਕ ਸੜਕ ਪੁੱਟ ਦਿੰਦੇ ਹਨ, ਪਹਿਲੇ ਦਿਨ ਸੜਕ ਬਣਦੀ ਹੈ ਅਤੇ ਦੂਜੇ ਦਿਨ ਪੁੱਟ ਦਿੰਦੇ ਹਨ। ਉਹ ਸੜਕ ਮੁੜ ਕੇ ਕਦੀ ਸਾਫ ਨਹੀਂ ਹੁੰਦੀ। ਕੋਈ ਇਵੇਂ ਦਾ ਕਾਨੂੰਨ ਹੈ ਤਾਂ ਕਿ ਇਨ੍ਹਾਂ ਨੂੰ ਰੋਕਿਆ ਜਾ ਸਕੇ ਅਤੇ ਕੋਈ ਸੜਕ ਨੂੰ ਨਾ ਪੁੱਟੇ?

**ਮਾਨਯੋਗ ਸਪੀਕਰ :** ਵਿਜੈ ਇੰਦਰ ਸਿੰਗਲਾ ਜੀ ਬੈਠੇ ਹਨ। ਥੋੜ੍ਹਾ ਜਿਹਾ ਤੁਹਾਡੇ ਨਾਲ

ਰਿਲੇਟਿਡ ਇਸ਼ੂ ਹੈ ਕਿਉਂਕਿ ਕਾਮਨ ਇੰਟ੍ਰਸਟ ਦਾ ਹੈ। ਜਿਹੜੀਆਂ ਸੜਕਾਂ ਲੋਕ ਪੁੱਟ ਦਿੰਦੇ ਹਨ ਜਾਂ unattended ਛੱਡ ਦਿੰਦੇ ਹਨ, ਬਿਨਾਂ ਮਨਜ਼ੂਰੀ ਤੋਂ ਪੁੱਟ ਲੈਂਦੇ ਹਨ ਕੀ ਉਨ੍ਹਾਂ ਬਾਰੇ ਵਿਚਾਰ ਕਰੋਗੇ ਜਾਂ ਕੋਈ ਅਜਿਹੀ ਡਿਪਾਰਟਮੈਂਟ ਕੋਲ ਪ੍ਰੋਵੀਜ਼ਨ ਹੈ?

**ਲੋਕ ਨਿਰਮਾਣ ਮੰਤਰੀ (ਸ਼੍ਰੀ ਵਿਜੈ ਇੰਦਰ ਸਿੰਗਲਾ) :** ਸਪੀਕਰ ਸਾਹਿਬ, ਜਿਹੜੀ ਮੈਂਬਰ ਸਾਹਿਬ ਨੇ ਗੱਲ ਰੱਖੀ ਹੈ, ਇਹ ਬੜੀ ਅਹਿਮ ਗੱਲ ਹੈ। ਇਸ ਵਾਰ ਅਸੀਂ ਮਹਿਕਮੇ ਨੂੰ ਹਦਾਇਤ ਕੀਤੀ ਹੈ ਕਿ ਜਿਹੜੇ ਜਿਹੜੇ ਡਿਪਾਰਟਮੈਂਟ ਨਵੀਂ ਬਣੀ ਸੜਕ ਦੀ ਪੁਟਾਈ ਕਰਨਗੇ, ਉਹ proper permission ਲੈਣ ਤੋਂ ਬਾਅਦ ਹੀ ਸੜਕ ਤੇ ਕੱਟ ਲਗਾਉਣ। ਜਦ ਤੱਕ ਅਸੀਂ ਇਸ ਦੀ proper enforcement ਨਹੀਂ ਕਰਾਂਗੇ ਉਦੋਂ ਤੱਕ ਇਹ ਕੰਮ ਰੈਗੂਲਰਲੀ ਚਲਦਾ ਰਹੇਗਾ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਸਪੀਕਰ ਸਾਹਿਬ, ਸਪਲੀਮੈਂਟਰੀ। ਧੰਨਵਾਦ ਜੀ, ਜਿਵੇਂ ਮੰਤਰੀ ਸਾਹਿਬ ਨੇ ਦੱਸਿਆ ਹੈ ਕਿ ਜੇਕਰ ਸੜਕ ਵਿਚੋਂ ਕੋਈ ਸੀਵਰੇਜ ਦੀ ਪਾਈਪ ਲੰਘਾਉਣੀ ਹੈ ਜਾਂ ਪਾਣੀ ਦੀ ਪਾਈਪ ਪਾਉਣੀ ਹੈ ਤਾਂ ਉਸ ਦੀ ਮਨਜ਼ੂਰੀ ਲੈਣੀ ਪੈਂਦੀ ਹੈ ਪਰ ਅੱਜ ਤ੍ਰਾਸਦੀ ਇਹ ਹੈ ਕਿ ਪੰਜਾਬ ਦੀਆਂ ਸੜਕਾਂ ਉਪਰੋਂ overloaded tipper ਲੰਘਦੇ ਹਨ ਅਤੇ ਸੜਕਾਂ ਇੰਨਾ ਭਾਰ ਨਹੀਂ ਝੱਲ ਸਕਦੀਆਂ। ਉਨ੍ਹਾਂ ਨੂੰ ਤੋੜਨ ਵਿੱਚ ਇਹ ਵੱਡੀ ਭੂਮਿਕਾ ਨਿਭਾ ਰਹੇ ਹਨ। ਕੀ ਸਰਕਾਰ ਦੀ ਮਨਜ਼ੂਰੀ ਨਾਲ ਹੀ overloaded tipper ਚਲਦੇ ਹਨ?

**ਮਾਨਯੋਗ ਸਪੀਕਰ :** ਇਹ ਪੀ.ਡਬਲਿਊ.ਡੀ. ਮਨਿਸਟਰ ਦਾ ਕੰਮ ਨਹੀਂ ਹੈ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਜਿਨ੍ਹਾਂ ਦਾ ਹੈ, ਉਨ੍ਹਾਂ ਨੂੰ ਹੀ ਪੁੱਛ ਲਓ।

**ਮਾਨਯੋਗ ਸਪੀਕਰ :** ਸਵਾਲ ਦੇ ਦਿਓ, ਪੁੱਛ ਲਵਾਂਗੇ। ਨੈਕਸਟ ਸਵਾਲ।

---

## ਫਗਵਾੜਾ ਸ਼ਹਿਰ ਵਿੱਚ ਨਜਾਇਜ਼ ਕਬਜ਼ਿਆਂ ਵਾਲਿਆਂ ਖਿਲਾਫ ਕਾਰਵਾਈ

***2006. ਸ਼੍ਰੀ ਸੋਮ ਪ੍ਰਕਾਸ਼ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਫਗਵਾੜਾ ਸ਼ਹਿਰ ਦੀਆਂ ਮੁੱਖ ਸੜਕਾਂ ਤੇ ਬਜ਼ਾਰਾਂ ਵਿੱਚ ਖੋਖੇ ਅਤੇ ਫੜ੍ਹੀਆਂ ਲਗਾ ਕੇ ਆਵਾਜਾਈ ਵਿੱਚ ਵਿਘਨ ਪਾਉਣ ਵਾਲਿਆਂ ਅਤੇ ਹੋਰ ਨਜਾਇਜ਼ ਕਾਬਜ਼ਕਾਰਾਂ ਨੂੰ ਹਟਾਉਣ ਸਬੰਧੀ ਕਾਰਵਾਈ ਕਰੇਗੀ ਅਤੇ ਕੀ ਖੋਖੇ ਵਾਲਿਆਂ ਨੂੰ ਉਠਾ ਕੇ ਕਿਸੇ ਬਦਲਵੀਂ ਥਾਂ ਤੇ ਵਸਾਉਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕਾਰਵਾਈ ਕਿੰਨੇ ਸਮੇਂ ਵਿੱਚ ਮੁਕੰਮਲ ਕਰ ਦਿੱਤੀ ਜਾਵੇਗੀ?

**ਸਰਦਾਰ ਨਵਜੋਤ ਸਿੰਘ ਸਿੱਧੂ :** ਜੀ ਹਾਂ, ਸਰਕਾਰ ਵੱਲੋਂ ਫਗਵਾੜਾ ਸ਼ਹਿਰ ਵਿੱਚ ਖੋਖੇ ਫੜ੍ਹੀਆਂ ਲਗਾ ਕੇ ਆਵਾਜਾਈ ਵਿੱਚ ਵਿਘਨ ਪਾਉਣ ਵਾਲੇ ਅਤੇ ਨਜਾਇਜ਼ ਕਾਬਜ਼ਕਾਰਾਂ ਨੂੰ ਹਟਾਉਣ ਲਈ Street Vendor's (Protection of Livelihood and Regulation of Street Vending) Rules, 2015 ਨੋਟੀਫਾਈ ਕੀਤੇ ਜਾ ਚੁੱਕੇ ਹਨ, ਜਿਸ ਦੇ ਤਹਿਤ ਫਗਵਾੜਾ ਸ਼ਹਿਰ ਵਿੱਚ Town Vending Committee ਦਾ ਗਠਨ ਕੀਤਾ ਹੋਇਆ ਹੈ। ਇਸ ਕਮੇਟੀ ਵੱਲੋਂ ਹੀ ਫਗਵਾੜਾ ਸ਼ਹਿਰ ਵਿੱਚ ਰੇਹੜੀ-ਖੋਖੇ ਵਾਲਿਆਂ ਨੂੰ ਬਦਲਵੀ ਥਾਂ ਤੇ ਵਸਾਉਣ ਲਈ ਸਟਰੀਟ ਵੈਂਡਰ ਪਲਾਨ ਤਿਆਰ ਕੀਤਾ ਜਾਣਾ ਹੈ ਅਤੇ ਸਰਕਾਰ ਵੱਲੋਂ ਇਸ ਨੂੰ ਬਣਾਉਣ ਲਈ ਕਈ ਵਾਰ ਲਿਖਿਆ ਜਾ ਚੁੱਕਾ ਹੈ ਪਰੰਤੂ ਅਜੇ ਤੱਕ ਨਗਰ ਨਿਗਮ, ਫਗਵਾੜਾ ਵੱਲੋਂ ਸਰਕਾਰ ਨੂੰ ਕੋਈ ਵੀ ਸਟਰੀਟ ਵੈਂਡਰ ਪਲਾਨ ਤਿਆਰ ਕਰਾਕੇ ਨਹੀਂ ਭੇਜਿਆ ਗਿਆ ਹੈ, ਜਿਸ ਦੇ ਕਾਰਨ ਫਗਵਾੜਾ ਸ਼ਹਿਰ ਵਿਖੇ ਖੋਖੇ ਫੜ੍ਹੀਆਂ ਲਗਾ ਕੇ ਆਵਾਜਾਈ ਵਿੱਚ ਵਿਘਨ ਪਾਉਣ ਵਾਲੇ ਨੂੰ ਵਸਾਇਆ ਨਹੀਂ ਜਾ ਸਕਿਆ।

ਫਗਵਾੜਾ ਸ਼ਹਿਰ ਵਿੱਚ ਖੋਖੇ ਅਤੇ ਫੜ੍ਹੀਆਂ ਤੋਂ ਇਲਾਵਾ ਨਜਾਇਜ਼ ਕਾਬਜ਼ਕਾਰਾਂ ਨੂੰ ਹਟਾਉਣ ਲਈ ਨਗਰ ਨਿਗਮ, ਫਗਵਾੜਾ ਵੱਲੋਂ ਮਾਨਯੋਗ ਕੋਰਟ ਦੇ ਆਦੇਸ਼ ਤੇ "Encroachment and Monitoring Committee" ਬਣਾਈ ਹੋਈ ਹੈ, ਜਿਸ ਵੱਲੋਂ ਨਜਾਇਜ ਕਾਬਜ਼ਕਾਰਾਂ ਬਾਰੇ ਨਗਰ ਨਿਗਮ ਨੂੰ ਦੱਸਣਾ ਹੁੰਦਾ ਹੈ ਅਤੇ ਨਗਰ ਨਿਗਮ ਵੱਲੋਂ ਉਸ encroachment ਨੂੰ ਦੂਰ ਕਰਵਾਉਣਾ ਹੁੰਦਾ ਹੈ।

ਨਗਰ ਨਿਗਮ, ਫਗਵਾੜਾ ਵੱਲੋਂ ਸਟਰੀਟ ਵੈਂਡਿੰਗ ਪਲਾਨ ਸਰਕਾਰ ਕੋਲ ਦਾਖਲ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਇਸ ਨੂੰ ਨੋਟੀਫਾਈ ਕਰਵਾ ਦਿੱਤਾ ਜਾਵੇਗਾ ਅਤੇ ਸਟਰੀਟ ਵੈਂਡਰਾਂ ਨੂੰ ਮੁੜ ਵਸਾਉਣ ਹਿੱਤ ਕਾਰਵਾਈ ਆਰੰਭ ਦਿੱਤੀ ਜਾਵੇਗੀ।

**ਸ੍ਰੀ ਸੋਮ ਪ੍ਰਕਾਸ਼ :** ਸਪੀਕਰ ਸਾਹਿਬ, ਸਪਲੀਮੈਂਟਰੀ। ਇਨ੍ਹਾਂ ਨੇ Town Vending Committee ਦੀ ਗੱਲ ਕੀਤੀ ਹੈ। ਹਾਈਕੋਰਟ ਦੇ ਹੁਕਮਾਂ ਮੁਤਾਬਿਕ ਇਹ ਕਮੇਟੀ ਬਣਾਈ ਹੋਈ ਹੈ ਜੋ ਕਿ ਐਨਕ੍ਰੋਚਮੈਂਟਾਂ ਦੂਰ ਕਰਦੀ ਹੈ। ਜਦੋਂ ਇਨ੍ਹਾਂ ਨੇ ਸਰਵੇ ਕੀਤਾ ਸੀ ਤਾਂ ਉਸ ਸਮੇਂ ਜੋ ਪਰਟੀਕੁਲਰ ਰੇੜ੍ਹੀਆਂ ਅਤੇ ਖੋਖੇ ਗਿਣੇ ਸਨ, ਉਸ ਤੋਂ ਬਾਅਦ ਉਸ ਤੋਂ ਵੀ ਦੁੱਗਣੇ ਖੋਖੇ ਹੋਰ ਲੱਗ ਗਏ। ਜਿਹੜੀ ਹਾਈਕੋਰਟ ਦੇ ਹੁਕਮਾਂ ਮੁਤਾਬਿਕ ਕਮੇਟੀ ਬਣਾਈ ਹੈ, ਕੀ ਇਸ ਨੇ ਕਦੇ ਕੋਈ ਖੋਖਾ ਹਟਾਇਆ ਹੈ? ਸਪੀਕਰ ਸਾਹਿਬ, ਬਜ਼ਾਰਾਂ ਵਿਚੋਂ ਲੰਘਣਾ ਔਖਾ ਹੋਇਆ ਪਿਆ ਹੈ। ਮੇਰੀ ਤੁਹਾਨੂੰ ਬੇਨਤੀ ਹੈ ਕਿ ਜਿਹੜੀਆਂ ਆਪਾਂ ਜ਼ਬਾਨੀ ਗੱਲਾਂ ਕਰਦੇ ਹਾਂ, ਕੀ ਐਕਚੂਅਲ ਵਿੱਚ ਅਸੀਂ ਕੋਈ ਐਨਕ੍ਰੋਚਮੈਂਟ ਦੂਰ ਕਰ ਰਹੇ ਹਾਂ? ਜਿਹੜਾ ਤੁਸੀਂ ਸਰਵੇ ਕਰਦੇ ਹੋ, that is good, ਉਨ੍ਹਾਂ ਨੂੰ ਕਿਤੇ ਨਾ ਕਿਤੇ ਵਸਾਉਣਾ ਹੁੰਦਾ ਹੈ ਪਰ ਜਿਹੜੀਆਂ ਉਸ ਤੋਂ ਬਾਅਦ ਹਰ ਰੋਜ਼ ਲੱਗ ਰਹੀਆਂ ਹਨ, ਉਸ ਬਾਰੇ ਕੀ ਕਰ ਰਹੇ ਹੋ ਅਤੇ ਉਨ੍ਹਾਂ ਨੂੰ ਕਦੋਂ ਤੱਕ ਹਟਾ ਦਿਓਗੇ? ਕੀ ਤੁਸੀਂ ਇਨ੍ਹਾਂ ਨੂੰ ਹਟਾਉਣ ਦੀ ਐਸ਼ੋਰੈਂਸ ਦਿਓਗੇ?

**ਮੰਤਰੀ:** ਸਪੀਕਰ ਸਾਹਿਬ, ਇਸ ਵਿਚ ਦੋ ਚੀਜ਼ਾਂ ਹਨ। ਇਸ ਵਿੱਚ ਟਾਊਨ ਵੈਂਡਿੰਗ ਕਮੇਟੀ ਵੀ ਇੰਪੌਰਟੈਂਟ ਹੈ ਔਰ ਜਿਹੜੀ ਇਨ੍ਹਾਂ ਦੀ ਚੁਣੀ ਹੋਈ ਕਮੇਟੀ ਹੈ, ਉਸ ਦੀ ਮੀਟਿੰਗ ਕਰਕੇ, ਮਤਾ ਪਾ ਕੇ ਸਾਨੂੰ ਇਹ ਚੁਣੇ ਹੋਏ ਨੁਮਾਇੰਦੇ ਜੋ ਗੁਜ਼ਾਰਿਸ਼ ਕਰਨਗੇ, ਅਸੀਂ ਉਹ ਪੂਰੇ ਕਰਾਂਗੇ ਪਰ ਮੈਨੂੰ ਬੜੇ ਅਫਸੋਸ ਨਾਲ ਇਹ ਕਹਿਣਾ ਪੈਂਦਾ ਹੈ ਕਿ ਚੁਣੇ ਹੋਏ ਨੁਮਾਇੰਦਿਆਂ ਦੀ ਕਮੇਟੀ ਦੀ ਮੀਟਿੰਗ ਮਹੀਨੇ ਨੂੰ ਹੋ ਜਾਂਦੀ ਹੈ, ਕਿਤੇ-ਕਿਤੇ ਦੋ ਮਹੀਨਿਆਂ ਨੂੰ ਹੋ ਜਾਂਦੀ ਹੈ, ਕਾਰਪੋਰੇਸ਼ਨਾਂ ਵਿੱਚ ਦੋ ਮਹੀਨੇ ਦੇ ਅੰਦਰ-ਅੰਦਰ ਮੀਟਿੰਗ ਪੱਕਾ ਹੋ ਜਾਂਦੀ ਹੈ, ਸ੍ਰੀ ਅੰਮ੍ਰਿਤਸਰ ਵਿੱਚ ਦੋ-ਦੋ, ਤਿੰਨ-ਤਿੰਨ ਵਾਰ ਮੀਟਿੰਗ ਹੁੰਦੀ ਹੈ ਪ੍ਰੰਤੂ ਇਨ੍ਹਾਂ ਨੇ 7 ਮਹੀਨਿਆਂ ਤੋਂ ਮੀਟਿੰਗ ਤੱਕ ਨਹੀਂ ਕੀਤੀ। ਇਹ ਰੈਜ਼ੋਲਿਊਸ਼ਨ ਤਾਂ ਕੀ ਪਾਉਣਗੇ? ਕੁੰਭਕਰਨ ਵੀ ਛੇ ਮਹੀਨੇ ਬਾਅਦ ਉੱਠ ਜਾਂਦਾ ਸੀ ਪ੍ਰੰਤੂ ਇਹ ਅਜੇ ਤੱਕ ਸੁੱਤੇ ਪਏ ਹਨ। ਇਹ ਆਪ ਤਾਂ ਸੁੱਤੇ ਪਏ ਹਨ ਪ੍ਰੰਤੂ ਦੂਜੇ ਨੂੰ ਜਗਾਉਣ ਦੀ ਕੋਸ਼ਿਸ਼ ਕਰਦੇ ਹਨ।

**ਸ਼੍ਰੀ ਸੋਮ ਪ੍ਰਕਾਸ਼:** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਹ ਲੈਂਗੁਏਜ ਬਹੁਤ ਥੱਲੇ ਲੈ ਆਉਂਦੇ ਹਨ। ਮੇਰੀ ਇਨ੍ਹਾਂ ਨੂੰ ਰਿਕੁਐਸਟ ਹੈ ਕਿ ਮਾਨਯੋਗ ਮੰਤਰੀ ਜੀ ਆਪਣੀ ਲੈਂਗੁਏਜ ਠੀਕ ਰੱਖਿਆ ਕਰੋ।

**Mr. Speaker:** Address the Chair, please.

**ਮੰਤਰੀ:** ਮੈਂ ਲੈਂਗੁਏਜ ਬਿਲਕੁਲ ਠੀਕ ਰੱਖੀ ਹੈ। ਸਪੀਕਰ ਸਾਹਿਬ, ਮੈਂ ਸੁੱਤਿਆਂ ਨੂੰ ਜਗਾਉਣ ਦੀ ਗੱਲ ਕਰ ਸਕਦਾ ਹਾਂ।

**ਸ਼੍ਰੀ ਸੋਮ ਪ੍ਰਕਾਸ਼:** ਸਪੀਕਰ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰਦਾ ਹਾਂ। ਮੈਂ ਕੰਮ ਪੁੱਛਦਾ ਹਾਂ, ਤੁਸੀਂ ਜਵਾਬ ਤਾਂ ਦੇ ਦਿਉ।

**ਮੰਤਰੀ:** ਮੈਂ ਕਿਹਾ ਕਿ ਜਵਾਬ ਹੋਰ ਕਿਵੇਂ ਦੇਵਾਂ? ਬਾਂਸ ਤੇ ਚੜ੍ਹ ਜਾਵਾਂ?

**ਸ਼੍ਰੀ ਸੋਮ ਪ੍ਰਕਾਸ਼:** ਮੰਤਰੀ ਸਾਹਿਬ, ਬਾਂਸ ਤੇ ਨਾ ਚੜ੍ਹੋ। (ਹਾਸਾ) ਮੇਰੀ ਬੇਨਤੀ ਹੈ ਕਿ ਜਿਹੜੇ ਖੋਖੇ ਦੁਬਾਰਾ ਲੱਗੇ ਹਨ, ਹਾਈ ਕੋਰਟ ਦੇ ਹੁਕਮਾਂ ਮੁਤਾਬਕ ਤੁਸੀਂ ਇਨਕਰੋਚਮੈਂਟ ਸਬੰਧੀ ਕਮੇਟੀ ਬਣਾਈ ਹੈ, ਕੀ ਉਹ ਕਮੇਟੀ ਕੋਈ ਕੰਮ ਕਰੇਗੀ? ਕੀ ਉਹ ਇਨ੍ਹਾਂ ਖੋਖਿਆਂ ਨੂੰ ਦੂਰ ਕਰੇਗੀ? ਉਨ੍ਹਾਂ ਨੇ ਹੋਰ ਕੀ ਕਰਨਾ ਹੈ? ਕੀ ਤੁਸੀਂ ਇਸ ਬਾਰੇ ਐਸ਼ੋਰੈਂਸ ਦਿਉਗੇ? ਮੈਂ ਇਹ ਪੁੱਛਿਆ ਹੈ ਕਿ ਕਦੋਂ ਤੱਕ ਇਹ ਇਨਕਰੋਚਮੈਂਟ ਰਿਮੂਵ ਕਰ ਦਿਉਗੇ?

**ਮੰਤਰੀ:** ਸਾਡੇ ਵਲੋਂ ਐਸ਼ੋਰੈਂਸ ਹੈ। ਸਪੀਕਰ ਸਾਹਿਬ, ਤੁਹਾਡੀ ਮਾਰਫ਼ਤ ਮੈਂ ਇੰਨਾ ਹੀ ਕਹਿਣਾ ਚਾਹੁੰਦਾ ਹਾਂ ਕਿ ....

**ਸ਼੍ਰੀ ਸੋਮ ਪ੍ਰਕਾਸ਼:** ਜਿਹੜੇ ਖੋਖੇ ਲੱਗੇ ਹਨ, ਇਹ ਕਦੋਂ ਤੱਕ ਚੁੱਕ ਦਿਉਗੇ?

**Mr. Speaker:** Just listen, Som Parkash ji.

**ਸ਼੍ਰੀ ਸੋਮ ਪ੍ਰਕਾਸ਼ :** ਸਪੀਕਰ ਸਾਹਿਬ, ......

**ਮੰਤਰੀ :** ਹਰ ਗੱਲ ਦੇ ਵਿੱਚ ਤੁਸੀਂ ਹਾਈਡ੍ਰੋਲਿਕ ਬਰੇਕ ਲਗਾਈ ਜਾਂਦੇ ਹੋ ਜਾਂ ਤੁਸੀਂ ਬੋਲ ਲਉ ਜਾਂ ਮੈਂ ਬੋਲ ਲੈਂਦਾ ਹਾਂ।

**ਸ਼੍ਰੀ ਸੋਮ ਪ੍ਰਕਾਸ਼ :** ਬੋਲੋ ਜੀ, ਬੋਲੋ।

**ਮਾਨਯੋਗ ਸਪੀਕਰ:** ਸੋਮ ਪ੍ਰਕਾਸ਼ ਜੀ, ਉਨ੍ਹਾਂ ਦਾ ਜਵਾਬ ਸੁਣ ਲਵੋ। ਸੋਮ ਪ੍ਰਕਾਸ਼ ਜੀ, ਤੁਸੀਂ ਬੈਠ ਤਾਂ ਜਾਇਆ ਕਰੋ।

**ਸ਼੍ਰੀ ਸੋਮ ਪ੍ਰਕਾਸ਼:** ਸਪੀਕਰ ਸਾਹਿਬ, ਠੀਕ ਹੈ ਜੀ।

**ਮੰਤਰੀ:** ਸਪੀਕਰ ਸਾਹਿਬ, ਅਸੀਂ ਅਜਿਹੇ 38 ਕੰਮ ਨੋਟੀਫਾਈ ਕੀਤੇ ਹਨ। ਮੈਂ ਇਨ੍ਹਾਂ ਨੂੰ ਫਾਈਲ ਭੇਜ ਦਿੰਦਾ ਹਾਂ ਲੇਕਿਨ ਉਸ ਦੇ ਲਈ ਸਾਨੂੰ ਲਿਖ ਕੇ ਭੇਜਣਾ ਪੈਂਦਾ ਹੈ, ਜੋ ਇਹ ਕਹਿਣਗੇ, ਅਸੀਂ ਉਹ ਕਰਨ ਨੂੰ ਤਿਆਰ ਹਾਂ। ਸਾਨੂੰ ਇਨ੍ਹਾਂ ਦੇ ਸਹਿਯੋਗ ਦੀ ਲੋੜ ਹੈ, ਇਹ ਚੁਣੇ ਹੋਏ ਨੁਮਾਇੰਦੇ ਹਨ। ਜਦੋਂ ਤੱਕ ਇਹ ਨਹੀਂ ਕਹਿਣਗੇ, ਅਸੀਂ ਉਹ ਕੁਝ ਨਹੀਂ ਕਰ ਸਕਦੇ। ਇਨ੍ਹਾਂ ਨੇ ਪਹਿਲਾ ਕੰਮ ਪੂਰਾ ਨਹੀਂ ਕੀਤਾ, ਸੱਤ ਮਹੀਨਿਆਂ ਵਿੱਚ ਕੋਈ ਰੈਜ਼ੋਲਿਊਸ਼ਨ ਸਾਨੂੰ ਪਾ ਕੇ ਨਹੀਂ ਭੇਜਿਆ, ਅਸੀਂ ਇਨ੍ਹਾਂ ਨੂੰ ਵਾਰ-ਵਾਰ ਲਿਖਿਆ ਹੈ।

**ਮਾਨਯੋਗ ਸਪੀਕਰ :** ਸੋਮ ਪ੍ਰਕਾਸ਼ ਜੀ, ਤੁਸੀਂ ਰੈਜ਼ੋਲਿਊਸ਼ਨ ਪਾ ਕੇ ਦਿਉ ਤਾਂ ਹੀ ਕੰਮ ਹੋਵੇਗਾ।

**ਸ਼੍ਰੀ ਸੋਮ ਪ੍ਰਕਾਸ਼ :** ਸਪੀਕਰ ਸਾਹਿਬ, ਮੈਂ ਗੱਲ ਕੋਈ ਹੋਰ ਪੁੱਛ ਰਿਹਾ ਹਾਂ, ਇਹ ਜਵਾਬ ਕੋਈ ਹੋਰ ਦੇ ਰਹੇ ਹਨ। ਹਾਈ ਕੋਰਟ ਨੇ ਇਨਕਰੋਚਮੈਂਟਸ ਸਬੰਧੀ ਕਮੇਟੀ ਬਣਾਈ ਹੈ ਕਿ ਇਨਕਰੋਚਮੈਂਟਸ ਨਹੀਂ ਹੋਣ ਦੇਣੀਆਂ ਪ੍ਰੰਤੂ ਜਿਹੜੀਆਂ ਹੋ ਰਹੀਆਂ ਹਨ, ਕੀ ਉਨ੍ਹਾਂ ਨੂੰ ਹਟਾ ਦੇਣਗੇ ਜਾਂ ਨਹੀਂ? ਜੇ ਹਟਾ ਦੇਣਗੇ ਤਾਂ ਕਦੋਂ ਤੱਕ ਹਟਾ ਦੇਣਗੇ, ਗੱਲ ਤਾਂ ਸਿਰਫ ਇੰਨੀ ਹੈ।

**ਮੰਤਰੀ :** ਸਰ, ਜਿਹੜਾ ਹਾਈ ਕੋਰਟ ਨੇ ਸਾਨੂੰ ਨਿਰਦੇਸ਼ ਦਿੱਤਾ ਹੈ, ਅਸੀਂ ਇਨਕਰੋਚਮੈਂਟ ਐਂਡ ਮੌਨੀਟਰਿੰਗ ਕਮੇਟੀ ਬਣਾ ਦਿੱਤੀ ਸੀ, ਉਸੇ ਵਕਤ ਬਣਾ ਦਿੱਤੀ ਸੀ।

**ਸ਼੍ਰੀ ਸੋਮ ਪ੍ਰਕਾਸ਼ :** ਉਹ ਕੋਈ ਕੰਮ ਵੀ ਕਰਦੀ ਹੈ ਜਾਂ ਨਹੀਂ?

**ਮੰਤਰੀ :** ਸਾਨੂੰ ਇਹ ਜੋ ਕੁਝ ਵੀ ਲਿਖ ਕੇ ਦੇਣਗੇ, ਜੋ ਇਹ ਕਹਿਣਗੇ, ਇਹ ਚੁਣੇ ਹੋਏ ਨੁਮਾਇੰਦੇ ਹਨ, ਅਸੀਂ ਚੁਣੇ ਹੋਏ ਨੁਮਾਇੰਦਿਆਂ ਦੀ ਗੱਲ ਫੱਟ ਸੁਣਦੇ ਹਾਂ, ਨਾਲ ਦੀ ਨਾਲ ਕੰਮ ਕਰ ਦਿੰਦੇ ਹਾਂ।

**ਮਾਨਯੋਗ ਸਪੀਕਰ :** ਸੋਮ ਪ੍ਰਕਾਸ਼ ਜੀ, ਕਮੇਟੀ ਬਣਾ ਦਿੱਤੀ ਹੈ, ਉਹ ਅੱਗੇ ਕੰਮ ਕਰੇਗੀ।

**ਸ਼੍ਰੀ ਸੋਮ ਪ੍ਰਕਾਸ਼ :** ਸਪੀਕਰ ਸਾਹਿਬ, ਇੱਕ ਤਾਂ ਟਾਊਨ ਵੈਂਡਿੰਗ ਕਮੇਟੀ ਹੈ, ਉਸ ਦਾ ਸਰਵੇ ਹੋ ਗਿਆ ਹੈ, ਉਥੇ 100 ਖੋਖੇ ਹਨ, ਜਿਨ੍ਹਾਂ ਨੂੰ ਹਟਾਉਣਾ ਹੈ, that is different thing. ਉਸ ਤੋਂ ਬਾਅਦ ਜਿਹੜੇ ਲੱਗ ਰਹੇ ਹਨ, ਹਾਈ ਕੋਰਟ ਮੁਤਾਬਕ ਜਿਹੜੀ ਕਮੇਟੀ ਬਣੀ ਸੀ, ਉਹ ਕੀ ਕਰ ਰਹੀ ਹੈ? ਉਥੇ ਰੋਜ਼ ਦੀਆਂ ਮੁਸੀਬਤਾਂ ਬਣ ਰਹੀਆਂ ਹਨ।

**ਮਾਨਯੋਗ ਸਪੀਕਰ :** ਸਿੱਧੂ ਸਾਹਿਬ, ਇਸ ਦਾ ਧਿਆਨ ਕਰ ਲੈਣਾ ਜੀ।

**ਮੰਤਰੀ :** ਸਰ, ਕਮੇਟੀ ਨੂੰ ਬੁਲਾ ਕੇ ਪੂਰੇ ਨਿਰਦੇਸ਼ ਦੇ ਦਿਆਂਗੇ। ਐਮ.ਐਲ.ਏ. ਸਾਹਿਬ ਲਿਖ ਕੇ ਦੇ ਦੇਣ। ਜੋ ਇਹ ਕਹਿਣਗੇ, ਅਸੀਂ ਕਰ ਦਿਆਂਗੇ। ਪਹੀਆ ਜਦੋਂ ਤੱਕ ਚੂੰ-ਚੂੰ ਨਾ ਕਰੇ ਤਾਂ ਗਰੀਸ ਕੋਈ ਨਹੀਂ ਲਾਉਂਦਾ।

---

## ਬੱਸ ਡਰਾਈਵਰਾਂ ਵੱਲੋਂ ਮਰਜ਼ੀ ਨਾਲ ਬੱਸ ਰੋਕਣਾ

***2003. ਸ਼੍ਰੀ ਜੋਗਿੰਦਰ ਪਾਲ :** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਇਹ ਠੀਕ ਹੈ ਕਿ ਪਠਾਨਕੋਟ ਤੋਂ ਗੁਰਦਾਸਪੁਰ ਤੱਕ ਦੇ ਨਿਰਧਾਰਤ ਬੱਸ ਸਟਾਪਾਂ ਤੇ ਸਵਾਰੀ ਦੁਆਰਾ ਹੱਥ ਦੇਣ ਦੇ ਬਾਵਜੂਦ ਬੱਸ ਡਰਾਈਵਰ ਆਪਣੀ ਮਰਜ਼ੀ ਤੋਂ ਬਿਨਾਂ ਬੱਸ ਨਹੀਂ ਰੋਕਦੇ; ਜੇਕਰ ਅਜਿਹਾ ਹੋਵੇ ਤਾਂ ਨਿਰਧਾਰਤ ਬੱਸ ਸਟਾਪ ਤੇ ਸਵਾਰੀ ਦੁਆਰਾ ਹੱਥ ਦੇਣ ਤੇ ਬੱਸ ਰੋਕਣਾ ਯਕੀਨੀ ਬਣਾਉਣ ਲਈ ਸਰਕਾਰ ਕੀ ਕਾਰਵਾਈ ਕਰ ਰਹੀ ਹੈ;

(ਅ) ਲੋਕਾਂ ਦੀਆਂ ਕੀਮਤੀ ਜਾਨਾਂ ਦੀ ਸੁਰੱਖਿਆ ਅਤੇ ਕੀਮਤੀ ਸਮੇਂ ਨੂੰ ਧਿਆਨ ਵਿਚ ਰੱਖਦੇ ਹੋਏ ਕੀ ਪੰਜਾਬ ਸਰਕਾਰ ਬੱਸਾਂ ਦੀ ਸਪੀਡ ਅਤੇ ਖਾਸ ਦੂਰੀ ਨੂੰ ਤਹਿ ਕਰਨ ਦਾ ਸਮਾਂ ਨਿਰਧਾਰਤ ਕਰਨ ਦਾ ਵਿਚਾਰ ਰੱਖਦੀ ਹੈ, ਜੇਕਰ ਹਾਂ ਤਾਂ ਕਦੋਂ ਤੱਕ?

**ਸ਼੍ਰੀਮਤੀ ਅਰੁਨਾ ਚੌਧਰੀ :**

(ੳ) ਨਿਰਧਾਰਤ ਬੱਸ ਸਟਾਪਾਂ ਤੇ ਬੱਸਾਂ ਰੋਕੀਆਂ ਜਾਂਦੀਆਂ ਹਨ ਪਰ ਇਸ ਨੂੰ ਹੋਰ ਯਕੀਨੀ ਬਣਾਉਣ ਲਈ ਇਨਫੋਰਸਮੈਂਟ ਸਟਾਫ ਨੂੰ ਸਖਤ ਹਦਾਇਤਾਂ ਕਰ ਦਿੱਤੀਆਂ ਗਈਆਂ ਹਨ।

(ਅ) ਭਾਰਤ ਸਰਕਾਰ ਦੀ ਨੋਟੀਫਿਕੇਸ਼ਨ ਮਿਤੀ 6.4.2018 ਰਾਹੀਂ ਬੱਸਾਂ ਲਈ ਅਧਿਕਤਮ ਗਤੀ ਸੀਮਾ ਪਹਿਲਾਂ ਹੀ ਨਿਰਧਾਰਤ ਕੀਤੀ ਹੋਈ ਹੈ।

**ਸ਼੍ਰੀ ਜੋਗਿੰਦਰ ਪਾਲ :** ਧੰਨਵਾਦ ਜੀ।

**ਸ਼੍ਰੀ ਬੁੱਧ ਰਾਮ :** ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਹੈ ਜੀ। ਬੇਨਤੀ ਹੈ ਕਿ ਸ਼੍ਰੀ ਜੋਗਿੰਦਰ ਪਾਲ ਜੀ ਨੇ ਬੜਾ ਵਧੀਆ ਪ੍ਰਸ਼ਨ ਕੀਤਾ ਸੀ ਕਿ ਜਿਥੇ ਬੱਸ ਸਟਾਪ ਹੁੰਦਾ ਹੈ, ਉਥੇ ਪ੍ਰਾਈਵੇਟ ਬੱਸਾਂ ਨਹੀਂ ਰੁਕਦੀਆਂ। ਉਥੇ ਸਵਾਰੀਆਂ ਦੇ ਹੱਥ ਦੇਣ ਤੇ ਵੀ ਪ੍ਰਾਈਵੇਟ ਬੱਸਾਂ ਨਹੀਂ ਰੁਕਦੀਆਂ। ਖਾਸ ਤੌਰ ਤੇ ਵੱਡਾ ਮਸਲਾ ਇਹ ਹੈ ਕਿ ਜੋ ਸਕੂਲਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀ ਹਨ, ਉਨ੍ਹਾਂ ਵਿੱਚ ਲੜਕੀਆਂ ਵੀ ਹੁੰਦੀਆਂ ਹਨ ਪ੍ਰੰਤੂ ਜਦੋਂ ਬੱਸ ਆਉਂਦੀ ਹੈ ਤਾਂ ਉਹ ਬੱਸ ਨਹੀਂ ਰੋਕਦੇ। ਉਹ ਪਿੰਡਾਂ ਦੀਆਂ ਲੜਕੀਆਂ ਭੱਜ ਕੇ ਬੱਸਾਂ ਵਿੱਚ ਚੜ੍ਹਦੀਆਂ ਹਨ, ਫਿਰ ਈਵ ਟੀਜ਼ਿੰਗ ਦੀ ਸਮੱਸਿਆ ਪੈਦਾ ਹੁੰਦੀ ਹੈ। ਸੋ, ਇਹ ਹਰੇਕ ਜੀ.ਐਮ. ਨੂੰ ਹਦਾਇਤ ਕਰਨ ਕਿ ਹਰ ਕੋਈ ਆਪਣੇ ਆਪਣੇ ਇਲਾਕੇ ਵਿੱਚ ਚੈੱਕ ਰੱਖੇ ਅਤੇ ਹਰੇਕ ਬੱਸ ਜੋ ਸਵੇਰੇ 9.00 ਵਜੇ ਤੋਂ ਪਹਿਲਾਂ ਅਤੇ ਸਕੂਲ ਜਾਂ ਕਾਲਜ ਲੱਗਣ ਤੋਂ ਪਹਿਲਾਂ ਆਉਂਦੀ ਹੈ, ਉਨ੍ਹਾਂ ਬੱਸਾਂ ਦਾ ਹਰੇਕ ਬੱਸ ਸਟਾਪ ਤੇ ਖੜ੍ਹਨਾ ਯਕੀਨੀ ਬਣਾਉਣ।

**ਮੰਤਰੀ :** ਸਪੀਕਰ ਸਾਹਿਬ, ਕੱਲ੍ਹ ਅਸੀਂ ਫਰੈੱਸ਼ ਆਰਡਰ ਸਾਰੇ ਪੰਜਾਬ ਵਿੱਚ ਕਰ ਦਿੱਤੇ ਹਨ ਕਿ ਹਰ ਸਟਾਪ ਤੇ ਰੁਕਣਾ ਜ਼ਰੂਰੀ ਹੈ ਅਤੇ ਜੇਕਰ ਕੋਈ ਵੀ ਡਰਾਈਵਰ ਜਾਂ ਕੰਡਕਟਰ ਚੈਕਿੰਗ ਦੌਰਾਨ ਅਣਗਹਿਲੀ ਕਰਦਾ ਹੋਇਆ ਪਾਇਆ ਗਿਆ ਤਾਂ ਉਸ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।

**ਮਾਨਯੋਗ ਸਪੀਕਰ :** ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਸਵਾਲ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਨਹਿਰੂ ਮੈਮੋਰੀਅਲ ਸਰਕਾਰੀ ਕਾਲਜ, ਮਾਨਸਾ ਵਿੱਚ ਨਵੇਂ ਵਿਸ਼ੇ ਸ਼ੁਰੂ ਕਰਨਾ

***1790. ਸਰਦਾਰ ਨਾਜਰ ਸਿੰਘ ਮਾਨਸ਼ਾਹੀਆ :** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਕੀ ਇਹ ਠੀਕ ਹੈ ਕਿ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ, ਮਾਨਸਾ ਵਿਖੇ ਸੰਨ 1965 (ਕਾਲਜ ਸ਼ੁਰੂ ਹੋਣ) ਤੋਂ ਲੈ ਕੇ ਜੋ ਵਿਸ਼ੇ ਵਿਦਿਆਰਥੀਆਂ ਨੂੰ ਪੜ੍ਹਾਏ ਜਾਂਦੇ ਸਨ, ਅੱਜ ਵੀ ਉਹੀ ਵਿਸ਼ੇ ਚੱਲ ਰਹੇ ਹਨ ਅਤੇ ਕੋਈ ਇੱਕ ਵੀ ਨਵਾਂ ਵਿਸ਼ਾ ਨਹੀਂ ਪੜ੍ਹਾਇਆ ਜਾਂਦਾ;

(ਅ) ਜੇਕਰ ਉਪਰੋਕਤ ਭਾਗ ਦਾ ਉੱਤਰ 'ਹਾਂ' ਵਿੱਚ ਹੈ ਤਾਂ ਕੀ ਹੁਣ ਸੰਗੀਤ, B.Sc

(Medical), B.Sc (Non-Medical), ਨਾਟਕ, ਸਮਾਜ ਸ਼ਾਸਤਰ, ਫੈਸ਼ਨ ਡਿਜ਼ਾਇਨਿੰਗ ਆਦਿ ਤਰ੍ਹਾਂ ਦੇ ਵਿਸ਼ੇ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ, ਮਾਨਸਾ ਵਿੱਚ ਪੜ੍ਹਾਉਣ ਬਾਰੇ ਸਰਕਾਰ ਦੀ ਕੋਈ ਤਜਵੀਜ਼ ਹੈ;

(ੲ) ਕੀ ਇਹ ਠੀਕ ਹੈ ਕਿ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ, ਮਾਨਸਾ ਵਿੱਚ ਰੈਗੂਲਰ ਪ੍ਰੋਫੈਸਰਾਂ ਦੀਆਂ ਅਸਾਮੀਆਂ ਵਿੱਚੋਂ ਸਿਰਫ ਇੱਕ ਅਸਾਮੀ ਭਰੀ ਹੋਈ ਹੈ ਅਤੇ ਬਾਕੀ ਸਾਰੀਆਂ ਅਸਾਮੀਆਂ ਖਾਲੀ ਹਨ; ਇਸ ਦੇ ਨਾਲ ਹੀ ਗੈਸਟ ਫੈਕਲਟੀ ਪ੍ਰੋਫੈਸਰਾਂ ਵਿੱਚੋਂ ਪੰਜਾਬੀ ਪ੍ਰੋਫੈਸਰਾਂ ਦੀਆਂ 2 ਅਸਾਮੀਆਂ, ਪੋਲੀਟੀਕਲ ਸਾਇੰਸ ਦੀ 1 ਅਸਾਮੀ ਅਤੇ ਅੰਗਰੇਜ਼ੀ ਦੀ 1 ਅਸਾਮੀ ਖਾਲੀ ਪਈਆਂ ਹਨ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਵੱਲੋਂ ਖਾਲੀ ਪਈਆਂ ਅਸਾਮੀਆਂ ਨੂੰ ਭਰਨ ਦੀ ਕੀ ਤਜਵੀਜ਼ ਹੈ?

**ਸ਼੍ਰੀਮਤੀ ਰਜ਼ੀਆ ਸੁਲਤਾਨਾ:** (ੳ) ਨਹੀਂ ਜੀ।

(ਅ) ਨਹੀਂ ਜੀ।

(ੲ) ਹਾਂ ਜੀ। ਕਾਲਜਾਂ ਵਿੱਚ ਅਸਿਸਟੈਂਟ ਪ੍ਰੋਫੈਸਰਾਂ ਦੀ ਭਰਤੀ ਤੇ ਮਾਨਯੋਗ ਹਾਈ ਕੋਰਟ ਵੱਲੋਂ ਸਾਲ 2003 ਤੋਂ ਰੋਕ ਲਗਾਈ ਹੋਈ ਹੈ, ਜਿਸ ਦੀ ਰੋਸ਼ਨੀ ਵਿੱਚ ਹਾਲ ਦੀ ਘੜੀ ਕਾਲਜ ਵਿੱਚ ਵਿਦਿਆਰਥੀਆਂ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਖਾਲੀ ਅਸਾਮੀਆਂ ਵਿਰੁੱਧ ਸੈਸ਼ਨ 2019-2020 ਦੇ ਦਾਖਲਿਆਂ ਤੋਂ ਪਹਿਲਾਂ ਪੀ.ਟੀ.ਏ. ਫੰਡਾਂ ਵਿੱਚੋਂ ਗੈਸਟ ਫੈਕਲਟੀ ਸਟਾਫ਼ ਦੀ ਭਰਤੀ ਕਰ ਲਈ ਜਾਵੇਗੀ।

---

## ਹਲਕਾ ਬੁਢਲਾਡਾ ਦੇ ਮਾਈਨਰਾਂ ਨੂੰ ਚੌੜਾ ਕਰਕੇ ਵੱਧ ਪਾਣੀ ਲੈਣ ਵਾਲੇ ਅਨਸਰਾਂ ਖਿਲਾਫ਼ ਕਾਰਵਾਈ ਕਰਨਾ

***1949. ਸ਼੍ਰੀ ਬੁੱਧ ਰਾਮ :** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਬੁਢਲਾਡਾ ਦੇ "ਬੋਹਾ ਰਜਬਾਹਾ" ਦੇ ਮਾਈਨਰਾਂ (6,7,8) ਵਿੱਚ ਲਗਾਤਾਰ ਭੰਨ-ਤੋੜ ਅਤੇ ਚੌੜਾ ਕਰਕੇ ਵੱਧ ਪਾਣੀ ਲੈਣ ਵਾਲੇ ਕਿਸਾਨ ਵਿਰੋਧੀ ਅਨਸਰਾਂ ਦੇ ਖਿਲਾਫ ਕੋਈ ਕਾਰਵਾਈ ਅਰੰਭ ਕੀਤੀ ਹੈ; ਜੇਕਰ ਅਜਿਹਾ ਹੈ ਤਾਂ ਕੀਤੀ ਗਈ ਕਾਰਵਾਈ ਬਾਰੇ ਦੱਸਿਆ ਜਾਵੇ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** ਹਾਂ ਜੀ, ਬੋਹਾ ਰਜਬਾਹੇ ਦੀਆਂ ਮਾਈਨਰਜ਼ 6 ਅਤੇ 8 ਦੇ ਹੈੱਡ ਰੈਗੂਲੇਟਰ ਨਾਲ ਭੰਨ-ਤੋੜ ਕਰਨ ਵਾਲੇ ਦੋਸ਼ੀਆਂ ਵਿਰੁੱਧ ਉਪ ਮੰਡਲ ਅਫ਼ਸਰ, ਬੁਢਲਾਡਾ ਵੱਲੋਂ ਮੁੱਖ ਥਾਣਾ ਅਫ਼ਸਰ, ਬੋਹਾ ਨੂੰ ਪਰਚਾ ਕਰਨ ਲਈ ਲਿਖਿਆ ਗਿਆ ਹੈ।

---

## ਲੋਕਾਂ ਦੇ ਘਰਾਂ ਵਿੱਚੋਂ ਬਿਜਲੀ ਦੇ ਮੀਟਰ ਉਤਾਰਨਾ

*1845. **ਸ਼੍ਰੀ ਰਾਜਿੰਦਰ ਬੇਰੀ :** ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬਿਜਲੀ ਮਹਿਕਮੇ ਦੇ ਕਰਮਚਾਰੀ ਲੋਕਾਂ ਦੇ ਘਰਾਂ ਵਿੱਚੋਂ ਮੀਟਰ ਉਤਾਰ ਕੇ ਲੈ ਜਾਂਦੇ ਹਨ ਤੇ ਫਾਰਮ ਉੱਪਰ ਵਿਅਕਤੀ ਕੋਲੋਂ ਹਸਤਾਖਰ ਕਰਵਾ ਕੇ ਲੈ ਜਾਂਦੇ ਹਨ ਤੇ ਉਸ ਤੋਂ ਬਾਅਦ ਹਜ਼ਾਰਾਂ ਰੁਪਏ ਜੁਰਮਾਨਾ ਪਾ ਕੇ ਵਿਅਕਤੀ ਨੂੰ ਨੋਟਿਸ ਭੇਜ ਦਿੰਦੇ ਹਨ ਤੇ ਬਿਜਲੀ ਬੋਰਡ ਵੱਲੋਂ ਬਣਾਏ ਗਏ ਪੁਲਿਸ ਥਾਣਿਆਂ ਦਾ ਜੁਰਮਾਨਾ ਅਲੱਗ ਲੱਗ ਕੇ ਆਉਂਦਾ ਹੈ ਜਿਸ ਨਾਲ ਆਮ ਜਨਤਾ ਨੂੰ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਸਿਸਟਮ ਨੂੰ ਠੀਕ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਉਸ ਦੇ ਕੀ ਵੇਰਵੇ ਹਨ?

**ਸਰਦਾਰ ਗੁਰਪ੍ਰੀਤ ਸਿੰਘ ਕਾਂਗੜ :** ਨਹੀਂ ਸ਼੍ਰੀਮਾਨ ਜੀ, ਜਦੋਂ ਵੀ ਖਪਤਕਾਰ ਦੇ ਅਹਾਤੇ ਵਿੱਚੋਂ ਪੀ.ਐਸ.ਪੀ.ਸੀ.ਐਲ. ਦੇ ਕਰਮਚਾਰੀਆਂ ਦੁਆਰਾ ਮੀਟਰ ਉਤਾਰਿਆ ਜਾਂਦਾ ਹੈ ਤਾਂ ਰੈਗੂਲੇਸ਼ਨਾਂ ਅਨੁਸਾਰ ਮੀਟਰ ਖਪਤਕਾਰ ਦੇ ਸਾਹਮਣੇ ਪੈਕਟ ਵਿੱਚ ਸੀਲ ਕੀਤਾ ਜਾਂਦਾ ਹੈ ਅਤੇ ਇਸ ਉੱਪਰ ਉਸਦੇ ਹਸਤਾਖਰ ਕਰਵਾਏ ਜਾਂਦੇ ਹਨ। ਖਪਤਕਾਰ ਨੂੰ ਆਪਣੀ ਮੌਜੂਦਗੀ ਵਿੱਚ ਮੀਟਰ ਟੈਸਟ ਕਰਵਾਉਣ ਲਈ ਲੈਬੋਰੇਟਰੀ ਵਿੱਚ ਹਾਜ਼ਰ ਹੋਣ ਲਈ ਨੋਟਿਸ ਜਾਰੀ ਕੀਤਾ ਜਾਂਦਾ ਹੈ। ਜੇਕਰ ਖਪਤਕਾਰ ਲੈਬੋਰੇਟਰੀ ਵਿੱਚ ਹਾਜ਼ਰ ਨਹੀਂ ਹੋਣਾ ਚਾਹੁੰਦਾ ਤਾਂ ਉਹ ਮੀਟਰ ਨੂੰ ਆਪਣੀ ਗੈਰ ਹਾਜ਼ਰੀ ਵਿੱਚ ਟੈਸਟ ਕਰਨ ਦੀ ਸਹਿਮਤੀ ਦਿੰਦਾ ਹੈ। ਇਸ ਤੋਂ ਬਾਅਦ ਮੀਟਰ ਖਪਤਕਾਰ ਦੀ ਸਹਿਮਤੀ/ਮੌਜੂਦਗੀ ਵਿੱਚ ਮੀਟਰ ਲੈਬੋਰੇਟਰੀ ਵਿੱਚ ਟੈਸਟ ਕੀਤਾ ਜਾਂਦਾ ਹੈ। ਟੈਸਟ ਨਤੀਜੇ ਦੇ ਅਧਾਰ ਤੇ ਖਪਤਕਾਰ ਦਾ ਖਾਤਾ ਵੱਧ ਤੋਂ ਵੱਧ ਛੇ ਮਹੀਨੇ ਲਈ ਦਰੁਸਤ ਕੀਤਾ ਜਾਂਦਾ ਹੈ। ਜੇਕਰ ਖਪਤਕਾਰ ਪਾਸੋਂ ਕੋਈ ਰਕਮ ਉਗਰਾਹੁਣੀ ਬਣਦੀ ਹੈ ਤਾਂ ਰਜਿਸਟਰਡ ਨੋਟਿਸ ਭੇਜਿਆ ਜਾਂਦਾ ਹੈ। ਜੇਕਰ ਖਪਤਕਾਰ ਇਸ ਦੀ ਅਦਾਇਗੀ ਨਹੀਂ ਕਰਦਾ ਤਾਂ ਫਿਰ ਖਪਤਕਾਰ ਦੇ ਅਗਲੇ ਬਿਲ ਵਿੱਚ ਰਕਮ ਚਾਰਜ ਕੀਤੀ ਜਾਂਦੀ ਹੈ।

ਇਸ ਤੋਂ ਇਲਾਵਾ ਕੇਵਲ ਬਿਜਲੀ ਚੋਰੀ (ਸਮੇਤ ਚੋਰੀ ਦੇ ਮੰਤਵ ਲਈ ਕੀਤੀ ਮੀਟਰ ਟੈਂਪਰਿੰਗ) ਦੇ ਕੇਸਾਂ ਵਿੱਚ ਹੀ ਖਪਤਕਾਰ ਨੂੰ ਜੁਰਮਾਨੇ ਦੀ ਰਕਮ ਜਮ੍ਹਾਂ ਕਰਵਾਉਣ ਲਈ ਇਲੈਕਟ੍ਰੀਸਿਟੀ ਐਕਟ-2003 ਦੀ ਧਾਰਾ 135 ਤਹਿਤ 15 ਦਿਨਾਂ ਦਾ ਨੋਟਿਸ ਜਾਰੀ ਕੀਤਾ ਜਾਂਦਾ ਹੈ। ਐਕਟ ਦੀ ਇਸ ਧਾਰਾ ਅਧੀਨ ਖਪਤਕਾਰ ਵਿਰੁੱਧ ਐਫ.ਆਈ.ਆਰ. ਦਰਜ ਕਰਕੇ ਬਣਦੀ ਕਾਰਵਾਈ ਕੀਤੀ ਜਾਂਦੀ ਹੈ। ਪਹਿਲੀ ਵਾਰ ਚੋਰੀ ਦੇ ਕੇਸ ਵਿੱਚ ਗ੍ਰਿਫਤਾਰੀ ਅਤੇ ਅਦਾਲਤ ਦੀ ਕਾਰਵਾਈ ਤੋਂ ਬਚਣ ਲਈ ਖਪਤਕਾਰ ਕੰਪਾਉਂਡਿੰਗ ਫੀਸ ਜਮ੍ਹਾਂ ਕਰਵਾ ਸਕਦਾ ਹੈ।

## ਬਾਘਾ ਪੁਰਾਣਾ ਤੋਂ ਭਗਤਾ ਰੋਡ ਦੀ ਵਿਸ਼ੇਸ਼ ਮੁਰੰਮਤ ਸਬੰਧੀ

***1835. ਸਰਦਾਰ ਦਰਸ਼ਨ ਸਿੰਘ ਬਰਾੜ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਜ਼ਿਲ੍ਹਾ ਮੋਗਾ ਦੀ ਬਾਘਾ ਪੁਰਾਣਾ ਤੋਂ ਭਗਤਾ ਸੜਕ ਦੀ ਵਿਸ਼ੇਸ਼ ਮੁਰੰਮਤ ਪਿਛਲੀ ਵਾਰ ਕਿਸ ਤਰੀਕ ਨੂੰ ਕਰਵਾਈ ਗਈ ਸੀ ਅਤੇ ਇਸ ਦੀ ਵਿਸ਼ੇਸ਼ ਮੁਰੰਮਤ ਭਵਿੱਖ ਵਿੱਚ ਕਿਸ ਤਰੀਕ ਨੂੰ ਕੀਤੀ ਜਾਣੀ ਬਣਦੀ ਹੈ;

(ਅ) ਸਰਕਾਰ ਦੁਆਰਾ ਨੇੜਲੇ ਭਵਿੱਖ ਵਿੱਚ ਇਸ ਦੀ ਵਿਸ਼ੇਸ਼ ਮੁਰੰਮਤ ਦਾ ਕੀ ਪ੍ਰਸਤਾਵ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ:** (ੳ) ਇਸ ਸੜਕ ਦੀ ਲਾਸਟ ਡੇਟ ਆਫ ਸਰਫੇਸਿੰਗ 10/2014 ਹੈ ਅਤੇ ਇਸ ਦੀ ਮੁਰੰਮਤ 10/2019 ਵਿੱਚ ਕਰਨੀ ਬਣਦੀ ਹੈ।

(ਅ) ਇਸ ਸੜਕ ਦੀ ਰਿਪੇਅਰ ਪੈਚ ਵਰਕ ਦੇ ਪ੍ਰੋਗਰਾਮ ਬਾਬਤ ਸਾਲ 2018-19 ਅਧੀਨ ਪਰਪੋਜ਼ ਕੀਤੀ ਗਈ ਹੈ। ਪ੍ਰਸ਼ਾਸਕੀ ਪ੍ਰਵਾਨਗੀ ਅਤੇ ਫੰਡਾਂ ਦਾ ਪ੍ਰਬੰਧ ਹੋਣ ਉਪਰੰਤ ਕੰਮ ਕਰਵਾ ਦਿੱਤਾ ਜਾਵੇਗਾ।

---

## ਹਲਕਾ ਬਸੀ ਪਠਾਣਾਂ ਵਿੱਚ ਨਵੇਂ ਯੂਨਿਟ ਸਥਾਪਤ ਕਰਨਾ

***1978. ਸਰਦਾਰ ਗੁਰਪ੍ਰੀਤ ਸਿੰਘ :** ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਵਿਧਾਨ ਸਭਾ ਹਲਕਾ ਬਸੀ ਪਠਾਣਾ ਵਿੱਚ ਨਵੇਂ ਉਦਯੋਗਿਕ ਯੂਨਿਟ ਸਥਾਪਤ ਕਰਨ ਲਈ ਕੋਈ ਕਦਮ ਚੁੱਕੇਗੀ ਜਿਥੇ ਇਸ ਮੰਤਵ ਵਾਸਤੇ ਇਸ ਖੇਤਰ ਵਿੱਚ ਖੇਤਰ ਦੇ ਪਿੰਡ ਘੜੋਲੀਆਂ ਵਿਖੇ 60 ਏਕੜ ਜ਼ਮੀਨ ਉਪਲਬਧ ਹੈ।

**ਸ਼੍ਰੀ ਸੁੰਦਰ ਸ਼ਾਮ ਅਰੋੜਾ :** ਸ਼੍ਰੀਮਾਨ ਜੀ, ਪਿੰਡ ਘੜੋਲੀਆਂ, ਜ਼ਿਲ੍ਹਾ ਫਤਹਿਗੜ੍ਹ ਸਾਹਿਬ, ਪੰਜਾਬ ਨਿਊ ਕੈਪੀਟਲ (ਪੈਰੀਫੇਰੀ) ਕੰਟਰੋਲ ਐਕਟ, 1952 ਤਹਿਤ ਘੋਸ਼ਿਤ ਕੀਤੇ ਗਏ ਪੈਰੀਫੇਰੀ ਕੰਟਰੋਲ ਖੇਤਰ ਵਿੱਚ ਪੈਂਦਾ ਹੈ। ਇਸ ਖੇਤਰ ਦੇ ਯੋਜਨਾਬੱਧ ਵਿਕਾਸ ਲਈ ਸਰਕਾਰ ਵੱਲੋਂ ਪਹਿਲਾਂ ਤੋਂ ਹੀ ਰਿਜ਼ਨਲ ਪਲੈਨ, ਗਮਾਡਾ ਨੋਟੀਫਾਈ ਕੀਤਾ ਹੋਇਆ ਹੈ ਜਿਸ ਅਨੁਸਾਰ ਇਸ ਪਿੰਡ ਨੂੰ ਰੂਰਲ ਅਤੇ ਐਗਰੀਕਲਚਰਲ ਜ਼ੋਨ ਵਜੋਂ ਰੱਖਿਆ ਗਿਆ ਹੈ ਜਿਸ ਵਿੱਚ ਇਸ ਪਿੰਡ ਦੇ ਵਿਕਾਸ ਲਈ ਰੂਰਲ ਇੰਡਸਟਰੀ ਤੋਂ ਇਲਾਵਾ ਕੁਝ ਹੋਰ ਗਤੀਵਿਧੀਆਂ ਜਿਵੇਂ ਕਿ ਗੋਡਾਊਨ, ਪੋਲਟਰੀ ਫਾਰਮ, ਡੇਅਰੀ ਫਾਰਮ ਆਦਿ, ਜੇਕਰ ਸਾਈਟਿੰਗ ਗਾਈਡਲਾਈਨ ਦੀ ਪੂਰਤੀ ਕਰਦੇ ਹੋਣ ਤਾਂ ਆਗਿਆਯੋਗ ਹਨ। ਪਿੰਡ ਵਿੱਚ ਉਪਲਬਧ 60 ਏਕੜ ਜ਼ਮੀਨ ਨੂੰ ਇਸ ਅਨੁਸਾਰ ਵਿਚਾਰ ਲਿਆ ਜਾਵੇਗਾ।

---

## UNSTARRED QUESTIONS AND ANSWERS

### ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਦੇਣਾ

**237. 1. ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ**
**2. ਸ਼੍ਰੀ ਕੰਵਰ ਸੰਧੂ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਇਹ ਠੀਕ ਹੈ ਕਿ ਸਾਲ 1986 ਵਿੱਚ ਨਕੋਦਰ (ਜ਼ਿਲ੍ਹਾ ਜਲੰਧਰ) ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 5 ਸਰੂਪਾਂ ਦੇ ਅਗਨ ਭੇਂਟ ਹੋਣ ਅਤੇ ਬੇਅਦਬੀਆਂ ਦੇ ਵਿਰੁੱਧ ਰੋਸ ਪ੍ਰਗਟਾ ਰਹੇ ਚਾਰ ਸਿੱਖ ਨੌਜਵਾਨ ਪੁਲਿਸ ਦੀਆਂ ਗੋਲੀਆਂ ਨਾਲ ਮਾਰੇ ਗਏ ਸਨ ਅਤੇ ਉਨ੍ਹਾਂ ਨੌਜਵਾਨਾਂ ਦੀਆਂ ਮ੍ਰਿਤਕ ਦੇਹਾਂ ਦਾ ਸਸਕਾਰ, ਸਰਕਾਰ ਦੇ ਹੁਕਮਾਂ ਦੇ ਵਿਰੁੱਧ, ਪੁਲਿਸ ਵੱਲੋਂ ਕਰ ਦਿੱਤਾ ਗਿਆ ਸੀ;

(ਅ) ਕੀ ਇਹ ਵੀ ਠੀਕ ਹੈ ਕਿ ਇਸ ਮਾਮਲੇ ਦੀ ਇਨਕੁਆਰੀ ਕਰਨ ਲਈ ਪੰਜਾਬ ਸਰਕਾਰ ਦੁਆਰਾ 5 ਫਰਵਰੀ, 1986 ਨੂੰ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਬਿਠਾਇਆ ਗਿਆ ਸੀ ਜਿਸ ਨੇ ਆਪਣੀ ਰਿਪੋਰਟ 29 ਮਾਰਚ, 1987 ਨੂੰ ਸਰਕਾਰ ਨੂੰ ਸੌਂਪ ਦਿੱਤੀ ਸੀ।

(ੲ) ਜੇਕਰ ਉਪਰੋਕਤ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ?

**ਕੈਪਟਨ ਅਮਰਿੰਦਰ ਸਿੰਘ :** ਮੁਕੱਦਮਾ ਨੰ. 54 ਮਿਤੀ 4.2.1986 ਜੁਰਮ 307/352/427/353/332/188/148/149/436/511-ਭ.ਦ. ਅਤੇ ਜੁਰਮ 25/27/54/59 ਅਸਲਾ ਐਕਟ ਥਾਣਾ ਨਕੋਦਰ ਦੀ ਅਦਮਪਤਾ ਰਿਪੋਰਟ ਦੇ ਮੁਤਾਬਿਕ 4 ਸਿੱਖ ਨੌਜਵਾਨਾਂ ਦੀ ਗੋਲੀਆਂ ਨਾਲ ਜ਼ਖਮੀ ਹੋਣ ਕਰਕੇ ਮੌਤ ਹੋਈ ਸੀ। ਅਜਿਹਾ ਕੋਈ ਰਿਕਾਰਡ ਉਪਲਬਧ ਨਹੀਂ ਹੈ ਜਿਸ ਤੋਂ ਪਤਾ ਲੱਗ ਸਕੇ ਕਿ ਲਾਸ਼ਾਂ ਦਾ ਸਸਕਾਰ ਸਰਕਾਰ ਦੇ ਹੁਕਮਾਂ ਦੇ ਵਿਰੁੱਧ ਕੀਤਾ ਗਿਆ ਸੀ।

(ਅ) ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦਾ ਗਠਨ ਸਰਕਾਰ ਦੇ ਨੋਟੀਫਿਕੇਸ਼ਨ ਨੰ: 32/1/86-4.(II)/3760 ਮਿਤੀ 13.2.1986 ਰਾਹੀਂ ਕੀਤਾ ਗਿਆ ਸੀ ਜਿਸ ਵੱਲੋਂ ਮਿਤੀ 19.04.1986 ਨੂੰ ਆਪਣੀ ਰਿਪੋਰਟ ਸਰਕਾਰ ਨੂੰ ਪੇਸ਼ ਕਰ ਦਿੱਤੀ ਗਈ ਸੀ।

(ੲ) ਪੰਜਾਬ ਵਿਧਾਨ ਸਭਾ ਪਾਸੋਂ ਪੱਤਰ ਨੰ: 3-ਐਲ.ਏ-2019/231 ਮਿਤੀ 04.01.2019 ਰਾਹੀਂ ਮਿਲੀ ਜਾਣਕਾਰੀ ਮੁਤਾਬਿਕ ਇਸ ਕਮਿਸ਼ਨ ਦੀ ਰਿਪੋਰਟ ਪਹਿਲਾਂ ਹੀ ਮਿਤੀ 05.03.2001 ਨੂੰ ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਕੀਤੀ ਜਾ ਚੁੱਕੀ ਹੈ।

## ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਅਧੀਨ ਮੈਂਬਰ ਬਣਨ ਉਪਰੰਤ ਲਾਭਪਾਤਰੀਆਂ ਨੂੰ ਮਿਲਣ ਵਾਲੀਆਂ ਯੋਜਨਾਵਾਂ/ਸਕੀਮਾਂ ਸਬੰਧੀ

**238. ਸ਼੍ਰੀ ਅਮਨ ਅਰੋੜਾ:** ਕੀ ਕਿਰਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਰੈਗੂਲੇਸ਼ਨ ਇੰਪਲਾਇਮੈਂਟ ਐਂਡ ਕੰਡੀਸ਼ਨਜ਼ ਆਫ ਸਰਵਿਸ ਐਕਟ, 1996 ਅਧੀਨ ਬਣਾਏ ਗਏ ਪੰਜਾਬ ਰੂਲਜ਼ 2008 ਦੇ ਰੂਲ ਨੰਬਰ 265 (ਲਾਲ ਕਾਪੀ) ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਅਧੀਨ ਮੈਂਬਰ ਬਣਨ ਉਪਰੰਤ ਕਿੰਨੀਆਂ ਅਤੇ ਕਿਹੜੀਆਂ ਯੋਜਨਾਵਾਂ/ਸਕੀਮਾਂ ਲਾਭਪਾਤਰੀਆਂ ਨੂੰ ਮਿਲਦੀਆਂ ਹਨ;

(ਅ) ਇਨ੍ਹਾਂ ਸਕੀਮਾਂ/ਯੋਜਨਾਵਾਂ ਦਾ ਵੇਰਵਾ ਤੇ ਲਾਭ ਦੀ ਰਕਮ ਕਿੰਨੀ ਹੈ;

(ੲ) ਪਿਛਲੇ 3 ਸਾਲਾਂ ਵਿੱਚ (2016-17, 2017-18 ਅਤੇ 2018-19) ਤੱਕ ਕਿੰਨੇ ਲਾਭਪਾਤਰੀਆਂ ਨੇ ਸਰਕਾਰ ਕੋਲ ਇਨ੍ਹਾਂ ਸਕੀਮਾਂ ਤੇ ਲਾਭ ਲੈਣ ਲਈ ਅਰਜ਼ੀਆਂ ਦਿੱਤੀਆਂ ਹਨ ਅਤੇ ਉਨ੍ਹਾਂ ਨੂੰ ਕਿੰਨੀ ਰਕਮ ਸਲਾਨਾ ਭੇਜੀ ਗਈ ਹੈ ਅਤੇ ਕਿੰਨੀ ਬਕਾਇਆ ਹੈ;

(ਸ) ਇਸ ਸਕੀਮ ਅਧੀਨ ਲਾਭਪਾਤਰੀਆਂ ਨੂੰ ਪੈਸਾ ਜਾਰੀ ਕਰਨ ਦਾ ਕੀ ਪ੍ਰੋਸੈਸ ਹੈ;

(ਹ) ਪਿਛਲੇ 3 ਸਾਲਾਂ (2016-17, 2017-18 ਅਤੇ 2018-19) ਵਿੱਚ ਹੱਕਦਾਰ ਲਾਭਪਾਤਰੀਆਂ ਦੀਆਂ ਅਰਜ਼ੀਆਂ ਪਾਸ ਕਰਕੇ ਪੇਮੈਂਟ ਦੇਣ ਦੀਆਂ ਸਿਫਾਰਸ਼ਾਂ ਕਰਨ ਲਈ ਬਲਾਕ/ਜ਼ਿਲ੍ਹਾ ਪੱਧਰ ਤੇ ਕਿੰਨੀਆਂ ਮੀਟਿੰਗਾਂ ਹੋਈਆਂ ਹਨ;

(ਕ) ਸਰਕਾਰ/ਮਹਿਕਮੇ ਕੋਲ ਇਸ ਸਕੀਮ ਅਧੀਨ 31.12.2018 ਤੱਕ ਕਿੰਨੀ ਰਕਮ ਜਮ੍ਹਾਂ ਪਈ ਹੈ;

(ਖ) ਇਸ ਐਕਟ/ਸਕੀਮ ਦੀਆਂ ਹਦਾਇਤਾਂ ਮੁਤਾਬਿਕ ਇਨ੍ਹਾਂ ਲਾਭਪਾਤਰੀਆਂ ਦੀਆਂ ਅਰਜ਼ੀਆਂ ਨੂੰ ਪਾਸ ਕਰਨ ਲਈ ਬਲਾਕ/ਜ਼ਿਲ੍ਹਾ ਪੱਧਰ ਉੱਤੇ ਮੀਟਿੰਗ ਕਿੰਨੀ ਦੇਰ ਬਾਅਦ ਹੁੰਦੀ ਹੈ?

**ਸਰਦਾਰ ਬਲਬੀਰ ਸਿੰਘ ਸਿੱਧੂ :** (ੳ) ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ (ਰੈਗੂਲੇਸ਼ਨ ਆਫ ਇੰਪਲਾਇਮੈਂਟ ਐਂਡ ਕੰਡੀਸ਼ਨਜ਼ ਆਫ ਸਰਵਿਸ) ਐਕਟ, 1996 ਅਧੀਨ ਗਠਿਤ ਬੋਰਡ ਵੱਲੋਂ ਰਜਿਸਟਰਡ ਲਾਭਪਾਤਰੀਆਂ ਲਈ 17 ਸਕੀਮਾਂ ਚਲਾਈਆਂ ਜਾ ਰਹੀਆਂ ਹਨ ਜੋ ਕਿ **ਅਨੁਲੱਗ-ੳ** ਤੇ ਦਰਸਾਇਆ ਗਿਆ ਹੈ।

(ਅ) ਇਨ੍ਹਾਂ ਸਕੀਮਾਂ ਅਧੀਨ ਲਾਭਪਾਤਰੀਆਂ ਨੂੰ ਜਿਹੜੀ ਰਕਮ ਦਿੱਤੀ ਜਾਂਦੀ ਹੈ, ਉਨ੍ਹਾਂ ਦੇ ਵੇਰਵੇ **ਅਨੁਲੱਗ-ਅ** ਅਨੁਸਾਰ ਹਨ।

(ੲ) ਪਿਛਲੇ ਤਿੰਨ ਸਾਲਾਂ ਵਿੱਚ (2016-17, 2017-18 ਅਤੇ 2018-19) ਤੱਕ ਜਿਹੜੇ ਲਾਭਪਾਤਰੀਆਂ ਨੇ ਸਰਕਾਰ ਕੋਲ ਇਨ੍ਹਾਂ ਸਕੀਮਾਂ ਤੇ ਲਾਭ ਲੈਣ ਲਈ ਅਰਜ਼ੀਆਂ ਦਿੱਤੀਆਂ ਹਨ ਅਤੇ ਉਨ੍ਹਾਂ ਨੂੰ ਕਿੰਨੀ ਰਕਮ ਸਲਾਨਾ ਭੇਜੀ ਗਈ ਹੈ ਅਤੇ ਕਿੰਨੀ ਬਕਾਇਆ ਹੈ, ਦੇ ਵੇਰਵੇ ਹੇਠ ਦਰਸਾਏ ਅਨੁਸਾਰ ਹਨ:

[ਕਿਰਤ ਮੰਤਰੀ]

| ਸਾਲ | ਜਿਨ੍ਹਾਂ ਵਰਕਰਾਂ ਨੂੰ ਲਾਭ ਦਿੱਤਾ ਗਿਆ | ਰਕਮ (ਕਰੋੜਾਂ ਵਿੱਚ) | ਬਕਾਇਆ |
|---|---|---|---|
| 2016-17 | 148626 | 168.93 | 0 |
| 2017-18 | 99099 | 161.56 | 0 |
| 2018-19(ਮਿਤੀ 13.2.2019 ਤੱਕ) | 20365 | 50.51+6.91 (ਮਿਤੀ 13.2.2019 ਨੂੰ ਬੈਂਕ ਵਿੱਚ ਭੇਜੇ ਗਏ) | 32.17 ਕਰੋੜ |

(ਸ) ਲਾਭਪਾਤਰੀਆਂ ਵੱਲੋਂ ਆਨਲਾਈਨ/ਆਫਲਾਈਨ ਮੋਡ ਰਾਹੀਂ ਸਕੀਮਾਂ ਲਈ ਸੇਵਾ ਕੇਂਦਰ/ਕਿਰਤ ਇੰਸਪੈਕਟਰਾਂ ਪਾਸ ਅਪਲਾਈ ਕੀਤਾ ਜਾਂਦਾ ਹੈ। ਸੇਵਾ ਕੇਂਦਰ ਨੂੰ ਪ੍ਰਾਪਤ ਹੋਣ ਵਾਲੀਆਂ ਅਰਜ਼ੀਆਂ ਆਨਲਾਈਨ ਹੀ ਸਬੰਧਿਤ ਕਿਰਤ ਇੰਸਪੈਕਟਰਾਂ ਨੂੰ ਭੇਜ ਦਿੱਤੀਆਂ ਜਾਂਦੀਆਂ ਹਨ। ਕਿਰਤ ਇੰਸਪੈਕਟਰਾਂ ਵੱਲੋਂ ਪ੍ਰਾਪਤ ਅਰਜ਼ੀਆਂ ਦੀ ਵੈਰੀਫਿਕੇਸ਼ਨ/ਚੈਕਿੰਗ ਕਰਨ ਉਪਰੰਤ ਅਰਜ਼ੀਆਂ ਪ੍ਰਵਾਨ ਕੀਤੀਆਂ ਜਾਂਦੀਆਂ ਹਨ ਅਤੇ ਸੂਚੀਆਂ ਤਿਆਰ ਕਰਕੇ ਸਬੰਧਿਤ ਸਹਾਇਕ ਕਿਰਤ ਕਮਿਸ਼ਨਰ/ਕਿਰਤ ਤੇ ਸੁਲਾਹ ਅਫਸਰਾਂ ਨੂੰ ਐਸ.ਡੀ.ਐਮ. ਪੱਧਰ ਤੋਂ ਪ੍ਰਵਾਨ ਕਰਵਾਉਣ ਲਈ ਭੇਜਿਆ ਜਾਂਦਾ ਹੈ। ਸਹਾਇਕ ਕਿਰਤ ਕਮਿਸ਼ਨਰ/ਕਿਰਤ ਤੇ ਸੁਲਾਹ ਅਫਸਰ ਐਸ.ਡੀ.ਐਮ. ਪਾਸੋਂ ਅਰਜ਼ੀਆਂ ਪਾਸ ਕਰਵਾਉਣ ਲਈ ਗਠਿਤ ਕਮੇਟੀ ਜਿਸ ਦੇ ਮੈਂਬਰ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਹੁੰਦੇ ਹਨ, ਲਈ ਭੇਜੀਆਂ ਜਾਂਦੀਆਂ ਹਨ। ਸਹਾਇਕ ਕਿਰਤ ਕਮਿਸ਼ਨਰ/ਕਿਰਤ ਤੇ ਸੁਲਾਹ ਅਫਸਰਾਂ ਵਲੋਂ ਐਸ.ਡੀ.ਐਮ. ਪਾਸੋਂ ਮੀਟਿੰਗ ਦਾ ਸਮਾਂ ਲੈਣ ਉਪਰੰਤ ਕਮੇਟੀ ਮੈਂਬਰਾਂ ਦੀ ਹਾਜ਼ਰੀ ਵਿੱਚ ਅਰਜ਼ੀਆਂ ਪ੍ਰਵਾਨ ਕੀਤੀਆਂ ਜਾਂਦੀਆਂ ਹਨ ਅਤੇ ਇਹ ਅਰਜ਼ੀਆਂ random ਤੌਰ ਤੇ ਵੈਰੀਫਾਈ ਵੀ ਕਰਵਾਈਆਂ ਜਾਂਦੀਆਂ ਹਨ। ਇਹ ਸੂਚੀਆਂ ਕਮੇਟੀ ਤੋਂ ਪ੍ਰਵਾਨ ਹੋਣ ਉਪਰੰਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਪਾਸੋਂ ਪ੍ਰਵਾਨ ਕਰਵਾਉਣ ਉਪਰੰਤ ਸਹਾਇਕ ਕਿਰਤ ਕਮਿਸ਼ਨਰ/ਕਿਰਤ ਤੇ ਸੁਲਾਹ ਅਫਸਰਾਂ ਵਲੋਂ ਬੋਰਡ ਨੂੰ ਭੇਜਦੇ ਹੋਏ ਕਿਰਤੀਆਂ ਨੂੰ ਸਬੰਧਿਤ ਲਾਭਾਂ ਦੀ ਅਦਾਇਗੀ ਕਰਨ ਲਈ ਭੇਜੀਆਂ ਜਾਂਦੀਆਂ ਹਨ। ਅਰਜ਼ੀਆਂ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੇ ਦਫਤਰ ਵਿਖੇ ਪ੍ਰਾਪਤ ਹੋਣ ਤੇ ਇਹ ਤਸਦੀਕ ਕੀਤਾ ਜਾਂਦਾ ਹੈ ਕਿ ਲਾਭਪਾਤਰੀਆਂ ਵਲੋਂ ਇਕ ਸਕੀਮ ਅਧੀਨ ਦੋ ਵਾਰ ਤਾਂ ਨਹੀਂ ਅਪਲਾਈ ਕੀਤਾ ਗਿਆ ਜਾਂ ਸਮੇਂ ਤੋਂ ਪਹਿਲਾਂ ਦੁਬਾਰਾ ਤਾਂ ਨਹੀਂ ਲਾਭ ਦਿੱਤਾ ਜਾ ਰਿਹਾ ਅਤੇ ਇਸ ਦੇ ਨਾਲ ਹੀ ਕਿਰਤੀਆਂ ਦੇ ਬੈਂਕ ਖਾਤੇ ਸਬੰਧੀ ਜਾਣਕਾਰੀ ਜਿਵੇਂ ਕਿ ਉਨ੍ਹਾਂ ਦੇ ਬੈਂਕ ਖਾਤਾ ਨੰਬਰ/ਆਈ.ਐਫ.ਐਸ.ਸੀ.

ਕੋਡ, ਆਧਾਰ ਕਾਰਡ ਨਾਲ ਸਬੰਧਿਤ ਹੈ ਜਾਂ ਨਹੀਂ, ਆਦਿ ਦੀ ਵੈਰੀਫਿਕੇਸ਼ਨ ਕੀਤੀ ਜਾਂਦੀ ਹੈ ਅਤੇ ਲਿਸਟਾਂ ਈ-ਮੇਲ ਰਾਹੀਂ/ਹਾਰਡ ਕਾਪੀ ਬੈਂਕ ਨੂੰ ਭੇਜਦੇ ਹੋਏ ਡੀ.ਬੀ.ਟੀ. ਸਕੀਮ ਅਧੀਨ ਲਾਭਪਾਤਰੀਆਂ ਦੇ ਖਾਤਿਆਂ ਵਿੱਚ ਬਣਦੇ ਲਾਭ ਦੇਣ ਲਈ ਭੇਜੀਆਂ ਜਾਂਦੀਆਂ ਹਨ।

(ਹ) ਸਾਲਵਾਈਜ਼ ਸਬ ਡਵੀਜ਼ਨ ਪੱਧਰ ਤੇ ਹੋਈਆਂ ਮੀਟਿੰਗਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

| ਲੜੀ ਨੰਬਰ | ਸਾਲ | ਮੀਟਿੰਗਾਂ |
|---|---|---|
| 1. | 2016-17 | 120 |
| 2. | 2017-18 | 161 |
| 3. | 2018-19 | 90 |

(ਕ) ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ (Regulation of Employment and Conditions of Service) Act, 1996 ਅਧੀਨ ਗਠਿਤ ਬੋਰਡ ਵਲੋਂ Building and Other Construction Workers Welfare Cess Act, 1996 ਅਧੀਨ ਮਿਤੀ 31.12.2018 ਤੱਕ ਇਕੱਤਰ ਸੈਸ ਦੀ 973.70 ਕਰੋੜ ਰੁਪਏ ਦੀ ਰਕਮ ਜਮ੍ਹਾਂ ਪਈ ਹੈ।

(ਖ) ਇਸ ਐਕਟ/ਸਕੀਮ ਦੀਆਂ ਹਦਾਇਤਾਂ ਮੁਤਾਬਿਕ ਇਨ੍ਹਾਂ ਲਾਭਪਾਤਰੀਆਂ ਦੀਆਂ ਅਰਜ਼ੀਆਂ ਨੂੰ ਪਾਸ ਕਰਨ ਲਈ ਸਬ ਡਵੀਜ਼ਨ ਪੱਧਰ ਉੱਤੇ ਪਹਿਲਾਂ ਤਿੰਨ ਮਹੀਨਿਆਂ ਵਿੱਚ ਇੱਕ ਵਾਰ ਮੀਟਿੰਗ ਕਰਵਾਈ ਜਾਂਦੀ ਸੀ ਪ੍ਰੰਤੂ ਮਿਤੀ 2.11.2018 ਨੂੰ ਹੋਈਆਂ ਹਦਾਇਤਾਂ ਅਨੁਸਾਰ ਮਹੀਨੇ ਵਿੱਚ ਦੋ ਵਾਰ ਮੀਟਿੰਗ ਕਰਨ ਦੀ ਹਦਾਇਤ ਕੀਤੀ ਗਈ ਹੈ।

## ਅਨੁਲੱਗ ੳ

ਭਲਾਈ ਸਕੀਮ ਨੰ: 1 ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਅਧੀਨ ਲਾਭ ਦੇਣ ਬਾਰੇ।

ਭਲਾਈ ਸਕੀਮ ਨੰ: 2 ਐਕਸਗ੍ਰੇਸ਼ੀਆ ਸਕੀਮ

ਭਲਾਈ ਸਕੀਮ ਨੰ: 3 ਬੋਰਡ ਦੇ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਲਈ ਵਜ਼ੀਫਾ ਦੇਣ ਬਾਰੇ ਸਕੀਮ।

ਭਲਾਈ ਸਕੀਮ ਨੰ: 4 ਪੰਜੀਕ੍ਰਿਤ ਉਸਾਰੀ ਕਿਰਤੀਆਂ ਦੀ ਲੜਕੀਆਂ ਦੀ ਸ਼ਾਦੀ ਲਈ ਸ਼ਗਨ ਸਕੀਮ।

[ਕਿਰਤ ਮੰਤਰੀ]

ਭਲਾਈ ਸਕੀਮ ਨੰ: 5 ਪੰਜੀਕ੍ਰਿਤ ਉਸਾਰੀ ਕਿਰਤੀਆਂ ਨੂੰ ਛੁੱਟੀ ਦੌਰਾਨ ਯਾਤਰਾ ਲਈ ਐਲ.ਟੀ.ਸੀ. ਦੀ ਸਕੀਮ।

ਭਲਾਈ ਸਕੀਮ ਨੰ: 6 ਉਸਾਰੀ ਕੰਮਾਂ ਵਿੱਚ ਲੱਗੇ ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਵਾਸਤੇ ਖਤਰਨਾਕ ਬਿਮਾਰੀਆਂ ਦੇ ਇਲਾਜ ਲਈ ਖਰਚੇ ਦੀ ਪ੍ਰਤੀ-ਪੂਰਤੀ ਬਾਰੇ ਸਕੀਮ।

ਭਲਾਈ ਸਕੀਮ ਨੰ: 7 ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਨੂੰ ਐਨਕ (ਨਜ਼ਰ ਦੇ ਚਸ਼ਮੇ), ਦੰਦ ਅਤੇ ਸੁਣਨ-ਯੰਤਰ ਲਗਵਾਉਣ ਲਈ ਵਿੱਤੀ ਸਹਾਇਤਾ ਦੇਣ ਬਾਰੇ ਸਕੀਮ।

ਭਲਾਈ ਸਕੀਮ ਨੰ: 8 ਮੌਤ ਹੋਣ ਉਪਰੰਤ ਪੰਜਾਬ ਰਾਜ ਵਿੱਚ ਦਾਹ-ਸੰਸਕਾਰ ਅਤੇ ਅੰਤਿਮ ਕ੍ਰਿਆਕ੍ਰਮ ਦੇ ਖਰਚੇ ਲਈ ਵਿੱਤੀ ਸਹਾਇਤਾ ਦੇਣ ਬਾਰੇ।

ਭਲਾਈ ਸਕੀਮ ਨੰ: 9 ਪੰਜੀਕ੍ਰਿਤ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਸਕਿਲ ਅਪਗ੍ਰੇਡੇਸ਼ਨ ਅਤੇ ਵੋਕੇਸ਼ਨਲ ਐਜੂਕੇਸ਼ਨ ਸਕੀਮ।

ਭਲਾਈ ਸਕੀਮ ਨੰ:10 ਪੰਜੀਕ੍ਰਿਤ ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਲਈ 'ਜਨਰਲ ਸਰਜਰੀ' ਵਾਸਤੇ ਵਿੱਤੀ ਸਹਾਇਤਾ ਸਕੀਮ।

ਭਲਾਈ ਸਕੀਮ ਨੰ:11 ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੇ ਲਾਭਪਾਤਰੀਆਂ ਲਈ ਪੈਨਸ਼ਨ ਸਕੀਮ।

ਭਲਾਈ ਸਕੀਮ ਨੰ:12 ਉਸਾਰੀ ਕੰਮਾਂ ਵਿੱਚ ਲੱਗੇ ਪੰਜੀਕ੍ਰਿਤ ਲਾਭਪਾਤਰੀਆਂ ਲਈ ਪ੍ਰਸੂਤਾ ਲਾਭ ਸਕੀਮ।

ਭਲਾਈ ਸਕੀਮ ਨੰ:13 ਮੋਬਾਇਲ ਲੈਬ ਸਕੀਮ।

ਭਲਾਈ ਸਕੀਮ ਨੰ:14 ਪੰਜੀਕ੍ਰਿਤ ਉਸਾਰੀ ਕਿਰਤੀਆਂ ਨੂੰ ਟੂਲਜ਼ (ਔਜ਼ਾਰ) ਖਰੀਦਣ ਲਈ ਵਿੱਤੀ ਸਹਾਇਤਾ ਦੇਣ ਬਾਰੇ ਭਲਾਈ ਸਕੀਮ।

ਭਲਾਈ ਸਕੀਮ ਨੰ:15 ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਮਾਨਸਿਕ ਰੋਗਾਂ ਜਾਂ ਅਪੰਗਤਾ ਨਾਲ ਗ੍ਰਸਤ ਬੱਚਿਆਂ ਦੀ ਸਾਂਭ ਸੰਭਾਲ ਵਾਸਤੇ

ਵਿੱਤੀ ਸਹਾਇਤਾ ਸਕੀਮ।

ਭਲਾਈ ਸਕੀਮ ਨੰ:16 ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਬੋਰਡ ਵਲੋਂ ਬੋਰਡ ਦੇ ਲਾਭਪਾਤਰੀਆਂ ਦੀ ਲੜਕੀ ਦੇ ਜਨਮ ਸਮੇਂ 51,000/- ਰੁਪਏ ਦੀ ਫਿਕਸ ਰਾਸ਼ੀ ਜਮ੍ਹਾਂ ਕਰਵਾਉਣ ਬਾਰੇ

ਭਲਾਈ ਸਕੀਮ ਨੰ:17 ਹਾਊਸਿੰਗ ਸਕੀਮ।

## ਅਨੁਲੱਗ ਅ

| ਲੜੀ ਨੰ: | ਸਕੀਮ ਦਾ ਨਾਂ | | ਵੇਰਵਾ | | | |
|---|---|---|---|---|---|---|
| 1. | ਵਜ਼ੀਫਾ ਸਕੀਮ | ਲੜੀ ਨੰ: | ਕਲਾਸ | ਵਜੀਫੇ ਦੀ ਦਰ | | |
| | | | | ਵਜ਼ੀਫੇ ਦੀ ਕੁੱਲ ਰਕਮ ਪ੍ਰਤੀ ਸਾਲ (ਮਿਤੀ 1.4.2016 ਤੋਂ ਪਹਿਲਾਂ ਦੇ ਰੇਟ) | ਤਜਵੀਜ਼ਤ ਰਕਮ ਲੜਕੀਆਂ ਲਈ | ਪ੍ਰਤੀ ਸਾਲ ਲੜਕੀਆਂ ਲਈ |
| | | 1. | ਪਹਿਲੀ ਕਲਾਸ ਤੋਂ ਪੰਜਵੀਂ ਕਲਾਸ ਤੱਕ | 2800/- | 3,000/- | 4,000/- |
| | | 2. | ਛੇਵੀਂ ਕਲਾਸ ਤੋਂ ਅੱਠਵੀਂ ਕਲਾਸ ਲਈ | 4,000/- | 5,000/- | 7,000/- |
| | | 3. | 9ਵੀਂ, 10ਵੀਂ | 6,000/- | 10,000/- | 13000/- |
| | | 4. | +1 ਅਤੇ +2 | 6,000/- | 20,000/- | 25,000/- |
| | | 5. | (ੳ) ਕਾਲਜ ਵਿਦਿਆਰਥੀ (ਹਰ ਤਰ੍ਹਾਂ ਦੀ ਗਰੈਜੂਏਸ਼ਨ/ ਪੋਸਟ ਗਰੈਜੂਏਸ਼ਨ) | 19,000/- (ਜੇਕਰ ਵਿਦਿਆਰਥੀ ਹੋਸਟਲ | 25,000/- (ਜੇਕਰ ਵਿਦਿਆਰਥੀ ਹੋਸਟਲ | 30,000/- (ਜੇਕਰ ਵਿਦਿਆਰਥੀ ਹੋਸਟਲ |

| | | | | | | |
|---|---|---|---|---|---|---|
| | | | (ਅ) ਆਈ.ਟੀ. ਆਈ./ਪਾਲੀਟੈਕਨਿਕ ਵਿੱਚ ਤਕਨੀਕੀ ਅਤੇ ਹੋਰ ਪੇਸ਼ੇਵਰ ਪੜ੍ਹਾਈ, ਏ.ਐਨ.ਐਮ /ਜੀ.ਐਨ. ਐਮ. ਕੋਰਸ | ਵਿੱਚ ਰਹਿੰਦਾ ਹੈ ਤਾਂ ਕੁੱਲ 34,000/-) | ਵਿੱਚ ਰਹਿੰਦਾ ਹੈ ਤਾਂ ਕੁੱਲ 40,000/-) | ਵਿੱਚ ਰਹਿੰਦਾ ਹੈ ਤਾਂ ਕੁੱਲ 45,000/-) |
| | | 6. | ਮੈਡੀਕਲ/ਇੰਜੀਨੀਅਰਿੰਗ ਹਰ ਤਰ੍ਹਾਂ ਦੀ ਮੈਡੀਕਲ/ ਇੰਜੀਨੀਅਰਿੰਗ ਡਿਗਰੀ | 38,000/- (ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦਾ ਹੈ ਤਾਂ ਕੁੱਲ 58,000/-) | 40,000/- (ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦਾ ਹੈ ਤਾਂ ਕੁੱਲ 60,000/-) | 50,000/- (ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦਾ ਹੈ ਤਾਂ ਕੁੱਲ 70,000/-) |
| 2. | ਸ਼ਗਨ ਸਕੀਮ | ਰਜਿਸਟਰਡ ਉਸਾਰੀ ਕਿਰਤੀਆਂ ਦੀਆਂ 2 ਲੜਕੀਆਂ ਤੱਕ ਦੀ ਸ਼ਾਦੀ ਲਈ ਹਰੇਕ ਲੜਕੀ ਦੀ ਸ਼ਾਦੀ ਦੇ ਮੌਕੇ ਤੇ 31,000/- ਰੁਪਏ ਸ਼ਗਨ ਦੀ ਰਾਸ਼ੀ ਦਿੱਤੀ ਜਾਵੇਗੀ। | | | | |
| 3. | ਐਕਸਗ੍ਰੇਸ਼ੀਆ ਸਕੀਮ | ਲੜੀ ਨੰ: | ਹਾਦਸੇ ਦੀ ਕਿਸਮ | ਐਕਸਗ੍ਰੇਸ਼ੀਆ ਦੀ ਰਕਮ | | |
| | | 1. | ਦੁਰਘਟਨਾ ਵਿੱਚ ਮੌਤ ਵਜੋਂ | ਰੁ.4.00 ਲੱਖ | | |
| | | 2. | ਕੁਦਰਤੀ ਮੌਤ ਵਜੋਂ (natural death) | ਰੁ. 3.00 ਲੱਖ | | |
| | | 3. | ਲਾਭਪਾਤਰੀ ਦੀ ਅਪੰਗਤਾ ਦੀ ਸੂਰਤ ਵਿੱਚ<br>i. ਪੂਰਨ (100%) ਅਪੰਗਤਾ ਵਜੋਂ<br>ii. ਅੰਸ਼ਕ ਅਪੰਗਤਾ ਦੀ ਸੂਰਤ ਵਿੱਚ | i. ਐਕਸਗ੍ਰੇਸ਼ੀਆ ਰਾਸ਼ੀ = 4.00 ਲੱਖ ਰੁਪਏ<br>ii. ਹਰੇਕ 1% ਅਪੰਗਤਾ ਲਈ 4000/- ਰੁਪਏ ਜੋ ਕਿ 4.00 ਲੱਖ ਰੁਪਏ ਤੱਕ ਜਾ ਸਕਦੀ ਹੈ। | | |

| | | |
|---|---|---|
| 4. | ਐਲ.ਟੀ. ਸੀ.ਸਕੀਮ | ਪੰਜੀਕ੍ਰਿਤ ਉਸਾਰੀ ਕਿਰਤੀਆਂ ਨੂੰ ਧਾਰਮਿਕ/ਇਤਿਹਾਸਕ/ ਹੋਮਟਾਊਨ ਜਾਣ ਲਈ 2,000/- ਰੁਪਏ ਦੀ ਐਲ.ਟੀ.ਸੀ. ਦੀ ਰਾਸ਼ੀ ਹਰ ਦੋ ਸਾਲ ਬਾਅਦ ਦਿੱਤੀ ਜਾਂਦੀ ਹੈ। |
| 5. | ਦਾਹ ਸਸਕਾਰ ਸਕੀਮ | ਉਸਾਰੀ ਕਿਰਤੀਆਂ ਅਤੇ ਪਰਿਵਾਰਕ ਮੈਂਬਰਾਂ ਲਈ ਪੰਜਾਬ ਰਾਜ ਵਿੱਚ ਦਾਹ ਸੰਸਕਾਰ ਅਤੇ ਕ੍ਰਿਆਕ੍ਰਮ ਕਰਨ ਲਈ 20,000 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। |
| 6. | ਜਨਰਲ ਸਰਜਰੀ ਸਕੀਮ | ਬੋਰਡ ਦੇ ਲਾਭਪਾਤਰੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਲਈ ਜਨਰਲ ਸਰਜਰੀ ਸਕੀਮ ਅਧੀਨ 50,000/- ਰੁਪਏ ਤੱਕ ਵਿੱਤੀ ਸਹਾਇਤਾ। |
| 7. | ਖਤਰਨਾਕ ਬਿਮਾਰੀਆਂ | ਸਬੰਧੀ ਸਕੀਮ ਉਸਾਰੀ ਕੰਮਾਂ ਵਿੱਚ ਲੱਗੇ ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਵਾਸਤੇ ਨਿਰਧਾਰਤ 16 ਖਤਰਨਾਕ ਬਿਮਾਰੀਆਂ ਦੇ ਇਲਾਜ ਦੇ ਖਰਚੇ ਸਬੰਧੀ 1,00,000/- ਤੱਕ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। |
| 8. | ਪ੍ਰਸੂਤਾ ਸਕੀਮ | ਉਸਾਰੀ ਕੰਮਾਂ ਵਿੱਚ ਲੱਗੇ ਪ੍ਰੰਜਕ੍ਰਿਤ ਲਾਭਪਾਤਰੀ "ਇਸਤਰੀ ਕਿਰਤੀ" ਨੂੰ ਹਰੇਕ ਜਣੇਪੇ ਦੇ ਸਮੇਂ 21,000/- ਰੁਪਏ ਅਤੇ ਪੁਰਸ਼ ਲਾਭਪਾਤਰੀ ਨੂੰ ਉਸਦੀ ਇਸਤਰੀ ਦੇ ਜਣੇਪੇ ਸਮੇਂ 5000/- ਰੁਪਏ ਪ੍ਰਤੀ ਜਣੇਪਾ (ਵੱਧ ਤੋਂ ਵੱਧ ਦੋ ਜਣੇਪਿਆਂ ਲਈ) ਦੇ ਹਿਸਾਬ ਨਾਲ ਪ੍ਰਸੂਤਾ ਲਾਭ ਦਿੱਤਾ ਜਾਂਦਾ ਹੈ। |
| 9. | ਐਨਕ/ਦੰਦ/ ਸੁਣਨ ਯੰਤਰ ਸਕੀਮ | ਲੜੀ ਨੰ: ਵਸਤੂ ਦਾ ਨਾਂਅ — ਰਕਮ<br>1. ਐਨਕ (ਨਜ਼ਰ ਦੇ ਚਸ਼ਮੇ) — ਰੁ: 800/-<br>2. ਦੰਦਾਂ ਵਾਸਤੇ — ਰੁ: 5,000/-<br>3. ਸੁਣਨ ਯੰਤਰ ਵਾਸਤੇ — ਰੁ: 6,000/- |
| 10. | ਮਾਨਸਿਕ ਅਪੰਗਤਾ ਸਕੀਮ | ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਮਾਨਸਿਕ ਰੋਗਾਂ ਜਾਂ ਅਪੰਗਤਾ ਨਾਲ ਗ੍ਰਸਤ ਬੱਚਿਆਂ (ਪੁੱਤਰ/ਪੁੱਤਰੀ) ਦੀ ਸਾਂਭ ਸੰਭਾਲ ਵਾਸਤੇ 20,000/- ਰੁਪਏ ਸਾਲਾਨਾ ਵਿੱਤੀ ਸਹਾਇਤਾ ਸਕੀਮ। |
| 11. | ਔਜ਼ਾਰ ਖਰੀਦਣ ਸਬੰਧੀ ਸਕੀਮ | ਪੰਜੀਕ੍ਰਿਤ ਉਸਾਰੀ ਕਿਰਤੀਆਂ ਨੂੰ ਟੂਲਜ਼ (ਔਜ਼ਾਰ) ਖਰੀਦਣ ਲਈ 5000/- ਰੁਪਏ ਦੀ ਵਿੱਤੀ ਸਹਾਇਤਾ ਸਕੀਮ ਬਸ਼ਰਤੇ ਕਿ ਉਸ ਨੇ ਸਕਿਲ ਅਪਗ੍ਰੇਡੇਸ਼ਨ ਜਾਂ ਆਰ.ਪੀ.ਐਲ. ਅਧੀਨ ਟ੍ਰੇਨਿੰਗ ਲਈ ਹੋਵੇ। ਉਸਾਰੀ ਕਿਰਤੀ ਹਰ ਤਿੰਨ ਸਾਲ ਦੀ ਮੈਂਬਰਸ਼ਿਪ ਬਾਅਦ ਮੁੜ ਟੂਲ ਕਿਟ ਸਕੀਮ ਦਾ ਲਾਭ ਪ੍ਰਾਪਤ ਕਰ ਸਕਦਾ ਹੈ। |

[ਕਿਰਤ ਮੰਤਰੀ]

| | | |
|---|---|---|
| 12. | ਬਾਲੜੀ ਜਨਮ ਤੋਹਫਾ ਸਕੀਮ | ਇਸ ਸਕੀਮ ਅਧੀਨ ਉਸਾਰੀ ਕਿਰਤੀ ਦੀ ਲੜਕੀ ਦੇ ਜਨਮ ਤੇ 51,000/- ਰੁਪਏ ਦੀ ਰਾਸ਼ੀ ਲੜਕੀ ਦੇ ਨਾਮ ਤੇ ਬੈਂਕ ਵਿੱਚ ਬਤੌਰ ਐਫ.ਡੀ.ਆਰ. ਦੀ ਸ਼ਕਲ ਵਿੱਚ ਉਸ ਦੇ ਵਿਆਹ ਦੀ ਉਮਰ ਤੱਕ ਜਮ੍ਹਾਂ ਰਹੇਗੀ। ਇਹ ਸਹੂਲਤ ਕੇਵਲ ਦੋ ਲੜਕੀਆਂ ਦੇ ਜਨਮ ਤੱਕ ਸੀਮਤ ਹੈ। |
| 13. | ਪੈਨਸ਼ਨ ਸਕੀਮ | ਬੋਰਡ ਦੇ ਲਾਭਪਾਤਰੀਆਂ ਲਈ 60 ਸਾਲ ਦੀ ਉਮਰ ਅਤੇ 3 ਸਾਲ ਦੀ ਮੈਂਬਰਸ਼ਿਪ ਪੂਰੀ ਕਰਨ ਉਪਰੰਤ 2000/- ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੇਣ ਦਾ ਪ੍ਰਾਵਧਾਨ ਹੈ। ਬੋਰਡ ਵਲੋਂ ਲਾਭਪਾਤਰੀ ਨੂੰ, ਘੱਟੋ-ਘੱਟ ਇਕ ਸਾਲ ਦੀ ਮੈਂਬਰਸ਼ਿਪ ਪੂਰੀ ਹੋਣ ਤੇ, ਮੌਤ ਹੋਣ ਦੀ ਸੂਰਤ ਵਿੱਚ 1000/- ਰੁਪਏ ਪ੍ਰਤੀ ਮਹੀਨਾ ਫੈਮਲੀ ਪੈਨਸ਼ਨ ਦਿੱਤੀ ਜਾਂਦੀ ਹੈ। ਬੋਰਡ ਵਲੋਂ, ਲਾਭਪਾਤਰੀ ਦੀ ਘੱਟੋ-ਘੱਟ ਇੱਕ ਸਾਲ ਦੀ ਮੈਂਬਰਸ਼ਿਪ ਪੂਰੀ ਹੋਣ ਤੇ, ਜੇਕਰ ਲਾਭਪਾਤਰੀ 100% ਅਪੰਗ ਹੋ ਜਾਂਦਾ ਹੈ ਤਾਂ ਉਸ ਨੂੰ 2000/- ਰੁਪਏ ਹਰ ਮਹੀਨੇ ਅਪੰਗਤਾ ਪੈਨਸ਼ਨ ਮਿਲੇਗੀ। |
| 14. | ਰਜਿਸਟਰਡ ਲਾਭਪਾਤਰੀ ਅਤੇ ਉਨ੍ਹਾਂ ਦੇ ਬੱਚਿਆਂ ਲਈ ਸਕਿਲ ਅਪਗ੍ਰੇਡੇਸ਼ਨ ਐਂਡ ਵੋਕੇਸ਼ਨਲ ਐਜੂਕੇਸ਼ਨ ਸਕੀਮ | ਬੋਰਡ ਵਲੋਂ ਰਜਿਸਟਰਡ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਸਕਿੱਲ ਅਪਗ੍ਰੇਡੇਸ਼ਨ ਅਤੇ ਵੋਕੇਸ਼ਨਲ ਐਜੂਕੇਸ਼ਨ ਸਕੀਮ ਤਹਿਤ ਹੇਠ ਲਿਖੇ ਕਦਮ ਚੁੱਕੇ ਗਏ ਹਨ:<br>(ੳ) ਉਸਾਰੀ ਕਿਰਤੀਆਂ ਦੇ ਜਿਹੜੇ ਬੱਚੇ ਆਈ.ਟੀ.ਆਈ/ ਪਾਲੀਟੈਕਨਿਕ ਸੰਸਥਾਵਾਂ ਵਿੱਚ ਸਕਿੱਲ ਹੁਨਰ ਪ੍ਰਾਪਤ ਕਰਦੇ ਹਨ, ਉਨ੍ਹਾਂ ਦੇ ਪੂਰੇ ਕੋਰਸ ਦੀ ਫੀਸ ਅਤੇ ਉਨ੍ਹਾਂ ਦੀ ਖੁਰਾਕ ਅਤੇ ਰਿਹਾਇਸ਼ (Boarding/Lodging) ਦਾ ਖਰਚਾ ਬੋਰਡ ਵਲੋਂ ਦਿੱਤਾ ਜਾਂਦਾ ਹੈ।<br>(ਅ) ਬੋਰਡ ਵਲੋਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਮੁਹਾਲੀ ਵਿਖੇ 4 ਸਕਿੱਲ ਡਿਵੈਲਪਮੈਂਟ ਸੈਂਟਰ ਉਸਾਰੇ ਜਾ ਰਹੇ ਹਨ। ਇਨ੍ਹਾਂ ਸਕਿੱਲ ਸੈਂਟਰਾਂ ਦੀ ਉਸਾਰੀ ਸਾਲ 2016 ਦੇ ਅੰਤ ਤੱਕ ਹੋਣ ਦੀ ਆਸ ਹੈ। ਇਨ੍ਹਾਂ ਸਕਿੱਲ ਸੈਂਟਰਾਂ ਤੇ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਸਕਿੱਲ ਟ੍ਰੇਨਿੰਗ ਦਿੱਤੀ ਜਾਵੇਗੀ। |

| | | |
|---|---|---|
| | ਅਗੇਤੀ ਸਿਖਲਾਈ ਦੀ ਪਛਾਣ | ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ ਦੀ ਨਿਗਰਾਨੀ ਅਧੀਨ ਬੋਰਡ ਵਲੋਂ ਉਸਾਰੀ ਕਿਰਤੀਆਂ ਦੀ ਉਸਾਰੀ ਦੀ ਜਗ੍ਹਾ ਤੇ ਹੀ ਉਨ੍ਹਾਂ ਦੀ ਕਾਰਜ ਕੁਸ਼ਲਤਾ ਵਧਾਉਣ ਲਈ ਸਕਿਲ ਟ੍ਰੇਨਿੰਗ ਦੇਣ ਦੀ ਸਕੀਮ ਬਣਾਈ ਗਈ ਹੈ। ਇਸ ਤਰੀਕੇ ਨਾਲ ਟ੍ਰੇਨਿੰਗ ਲੈਣ ਵਾਲੇ ਉਸਾਰੀ ਕਿਰਤੀਆਂ ਨੂੰ ਬੋਰਡ ਵਲੋਂ ਇਸ ਸਕੀਮ ਤਹਿਤ ਪ੍ਰਤੀ ਕਿਰਤੀ 35/- ਰੁਪਏ ਪ੍ਰਤੀ ਘੰਟਾ ਉਤਸ਼ਾਹ ਭੱਤਾ ਦਿੱਤਾ ਜਾਂਦਾ ਹੈ। |
| 15. | ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਸਕੀਮ | ਇਸ ਸਕੀਮ ਅਧੀਨ ਲਾਭਪਾਤਰੀ ਅਤੇ ਉਸ ਦੇ ਪਰਿਵਾਰ ਦੇ ਮੈਂਬਰਾਂ (ਪਰਿਵਾਰ ਦੇ ਮੈਂਬਰਾਂ ਦੀ ਗਿਣਤੀ ਨਿਸ਼ਚਿਤ ਨਹੀਂ) ਲਈ ਹਰ ਸਾਲ 50,000/-ਰੁ. ਤੱਕ ਦੇ ਮੁਫਤ ਇਲਾਜ ਦੀ ਸੁਵਿਧਾ ਹੈ ਅਤੇ ਲਾਭਪਾਤਰੀ ਦੀ ਦੁਰਘਟਨਾ ਕਾਰਨ ਮੌਤ ਹੋ ਜਾਣ ਜਾਂ ਪੂਰਨ ਤੌਰ (100%) ਤੇ ਅਪੰਗ ਹੋ ਜਾਣ ਦੀ ਸੂਰਤ ਵਿੱਚ 5.00 ਲੱਖ ਰੁਪਏ ਦੀ ਬੀਮੇ ਦੀ ਸਹੂਲਤ ਵੀ ਦਿੱਤੀ ਜਾਵੇਗੀ। |
| 16. | ਮੋਬਾਇਲ ਲੈਬ ਸਕੀਮ | ਨਿਰਮਾਣ ਕਾਰਜਾਂ ਵਿੱਚ ਕੰਮ ਕਰਦੇ ਬੋਰਡ ਦੇ ਰਜਿਸਟਰਡ ਲਾਭਪਾਤਰੀਆਂ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਦੀ ਸਿਲੀਕਾਸਿਜ਼ ਅਤੇ ਹੋਰ ਬਿਮਾਰੀਆਂ ਦਾ ਪਤਾ ਲਗਾਉਣ ਲਈ ਮੋਬਾਇਲ ਲੈਬ ਸਕੀਮ ਅਤੇ ਜੇਕਰ ਇਹ ਪਤਾ ਲੱਗ ਜਾਂਦਾ ਹੈ ਕਿ ਲਾਭਪਾਤਰੀ ਜਾਂ ਉਸ ਦਾ ਪਰਿਵਾਰਕ ਮੈਂਬਰ ਸਿਲੀਕਾਸਿਜ਼ ਬਿਮਾਰੀ ਦਾ ਸ਼ਿਕਾਰ ਹੈ ਤਾਂ ਉਸ ਦੇ ਇਲਾਜ ਲਈ ਕਿਰਤੀ ਵਲੋਂ ਖਰਚ ਕੀਤੀ 1.50 ਲੱਖ ਰੁਪਏ ਦੀ ਰਾਸ਼ੀ ਦੀ ਬੋਰਡ ਵਲੋਂ ਪ੍ਰਤੀ ਪੂਰਤੀ ਕੀਤੀ ਜਾਵੇਗੀ। |
| 17. | ਹਾਊਸਿੰਗ ਸਕੀਮ | ਬੋਰਡ ਦੇ ਜਿਨ੍ਹਾਂ ਲਾਭਪਾਤਰੀਆਂ ਨੂੰ ਸ਼ਹਿਰੀ ਖੇਤਰ ਵਿਚ ਸ਼ਹਿਰੀ ਵਿਕਾਸ ਅਥਾਰਟੀਜ਼ (ਗਮਾਡਾ, ਗਲਾਡਾ, ਪੁੱਡਾ, ਜੇ.ਡੀ.ਏ., ਪੀ.ਡੀ.ਏ., ਬੀ.ਡੀ.ਏ, ਏ.ਡੀ.ਏ. ਆਦਿ) ਵੱਲੋਂ ਪੰਜਾਬ ਸਰਕਾਰ ਦੀ "Shahri Awas Yojna, 2017" ਸਕੀਮ ਤਹਿਤ ਮਕਾਨ ਅਲਾਟ ਕੀਤੇ ਜਾਣਗੇ ਉਨ੍ਹਾਂ ਨੂੰ ਹੇਠ ਲਿਖੇ ਅਨੁਸਾਰ ਬੋਰਡ ਵਲੋਂ ਸਹੂਲਤਾਂ ਦਿੱਤੀਆਂ ਜਾਣਗੀਆਂ।<br>(ੳ) ਬੇਘਰੇ ਐਸ.ਸੀ., ਬੀ.ਸੀ. ਸ਼ਹਿਰੀ ਪਰਿਵਾਰਾਂ, ਜਿਨ੍ਹਾਂ ਦੀ ਆਮਦਨ 3.00 ਲੱਖ ਤੋਂ ਘੱਟ ਹੋਵੇ, ਲਈ ਪ੍ਰਧਾਨ ਮੰਤਰੀ |

[ਕਿਰਤ ਮੰਤਰੀ]

| | |
|---|---|
| | ਅਵਾਸ ਯੋਜਨਾ ਤਹਿਤ 1.50 ਲੱਖ ਦੀ ਰਾਸ਼ੀ ਬੋਰਡ ਵਲੋਂ ਮਕਾਨ ਉਸਾਰੀ ਸ਼ਹਿਰੀ ਵਿਕਾਸ ਵਿਭਾਗ ਜਾਂ ਉਹ ਏਜੰਸੀ ਜਿਸ ਵਲੋਂ ਮਕਾਨ ਅਲਾਟ ਕੀਤਾ ਜਾਵੇਗਾ, ਨੂੰ ਦਿੱਤੇ ਜਾਣਗੇ।<br>(ਅ) 3.00 ਲੱਖ ਸਾਲਾਨਾ ਆਮਦਨ ਤੋਂ ਘੱਟ ਵਾਲੇ ਸ਼ਹਿਰੀ ਗਰੀਬ ਲੋਕਾਂ ਲਈ 6.00 ਲੱਖ ਦੇ 20 ਸਾਲਾ ਕਰਜ਼ੇ ਲਈ 6.50% ਵਿਆਜ ਸਬਸਿਡੀ ਦਿੱਤੀ ਜਾਵੇਗੀ।<br>(ੲ) ਪ੍ਰਾਈਵੇਟ ਡਿਵੈਲਪਰ ਵਲੋਂ ਤਿਆਰ ਕੀਤੇ "ਈ.ਡਬਲਿਯੂ.ਐਸ." ਮਕਾਨ ਅਲਾਟਮੈਂਟ ਹੋਣ ਤੇ 1.50 ਲੱਖ ਰੁਪਏ ਦੀ ਸਹਾਇਤਾ ਸਰਕਾਰ ਦੀ ਥਾਂ ਬੋਰਡ ਵਲੋਂ ਦਿੱਤੀ ਜਾਵੇਗੀ।<br>(ਸ) 6.00 ਲੱਖ ਤੋਂ ਘੱਟ ਆਮਦਨ ਵਾਲੇ ਸ਼ਹਿਰੀ ਗਰੀਬ ਲੋਕਾਂ ਲਈ 6.00 ਲੱਖ ਦੇ 20 ਸਾਲਾ ਕਰਜੇ ਤੱਕ 6.50% ਵਿਆਜ ਸਬਸਿਡੀ ਸਰਕਾਰ ਦੀ ਥਾਂ ਬੋਰਡ ਵਲੋਂ ਦਿੱਤੀ ਜਾਵੇਗੀ। |

**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਕਲਰਕਾਂ ਦੀ ਭਰਤੀ ਸਬੰਧੀ**

**248. ਸ਼੍ਰੀ ਅਮਨ ਅਰੋੜਾ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਇਹ ਠੀਕ ਹੈ ਕਿ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਇਸ਼ਤਿਹਾਰ ਨੰਬਰ 4/2016 ਰਾਹੀਂ ਕਲਰਕਾਂ ਦੀਆਂ 1883 ਅਸਾਮੀਆਂ ਕੱਢੀਆਂ ਗਈਆਂ ਸਨ;

(ਅ) ਕੀ ਇਹ ਵੀ ਠੀਕ ਹੈ ਕਿ ਉਪਰੋਕਤ ਅਸਾਮੀਆਂ ਲਈ ਲਿਖਤੀ ਟੈਸਟ ਅਤੇ ਟਾਈਪਿੰਗ ਟੈਸਟ ਲਿਆ ਗਿਆ ਸੀ ਜਿਸ ਵਿੱਚ 4279 ਉਮੀਦਵਾਰ ਕਾਮਯਾਬ ਹੋਏ ਸਨ;

(ੲ) ਕੀ ਕਲਰਕਾਂ ਦੀਆਂ ਇਸ਼ਤਿਹਾਰ ਵਿੱਚ ਦਿੱਤੀਆਂ ਗਈਆਂ ਅਸਾਮੀਆਂ ਨੂੰ ਵਧਾਉਣ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ;

(ਸ) ਉਪਰੋਕਤ ਵਰਣਿਤ ਪਾਸ ਹੋਏ ਉਮੀਦਵਾਰਾਂ ਨੂੰ ਕਦੋਂ ਤੱਕ ਨਿਯੁਕਤੀ ਪੱਤਰ ਦਿੱਤੇ ਜਾਣ ਦੀ ਸੰਭਾਵਨਾ ਹੈ?

**ਕੈਪਟਨ ਅਮਰਿੰਦਰ ਸਿੰਘ:** (ੳ) ਜੀ ਹਾਂ।

(ਅ) ਜੀ ਹਾਂ।

(ੲ) ਨਹੀਂ ਜੀ।

(ਸ) ਯੋਗ ਉਮੀਦਵਾਰਾਂ ਦੀ ਸੂਚੀ ਮਹੀਨਾ ਅਪ੍ਰੈਲ, 2019 ਵਿੱਚ ਬੋਰਡ ਦੀ ਵੈੱਬਸਾਈਟ ਤੇ ਅਪਲੋਡ ਹੋਣ ਦੀ ਆਸ ਹੈ ਜਿਸ ਤੋਂ ਬਾਅਦ ਸਬੰਧਿਤ ਵਿਭਾਗਾਂ ਵੱਲੋਂ ਕਾਰਜਵਿਧੀ/ਨਿਯਮਾਂ ਮੁਤਾਬਿਕ ਲੋੜੀਂਦੀ ਕਾਰਵਾਈ ਕਰਦੇ ਹੋਏ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਜਾਣ ਦੀ ਸੰਭਾਵਨਾ ਹੈ।

---

## ਸਰਵ ਸਿੱਖਿਆ ਅਭਿਆਨ ਸੁਸਾਇਟੀ ਅਧੀਨ ਠੇਕਾ ਕਰਮਚਾਰੀਆਂ ਨੂੰ ਪੱਕਾ ਕਰਨਾ

**249. ਸ਼੍ਰੀ ਅਮਨ ਅਰੋੜਾ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਇਹ ਠੀਕ ਹੈ ਕਿ ਸਿੱਖਿਆ ਵਿਭਾਗ ਵਿੱਚ ਸਰਵ ਸਿੱਖਿਆ ਅਭਿਆਨ ਸੁਸਾਇਟੀ ਅਧੀਨ ਪਿਛਲੇ 10 ਸਾਲਾਂ ਤੋਂ ਪੰਜਾਬ ਦੇ ਜ਼ਿਲ੍ਹਾ ਸਿੱਖਿਆ ਦਫਤਰਾਂ ਅਤੇ ਬਲਾਕ ਸਿੱਖਿਆ ਦਫਤਰਾਂ ਵਿੱਚ ਕਰਮਚਾਰੀ ਠੇਕਾ ਆਧਾਰ ਤੇ ਸੇਵਾ ਨਿਭਾ ਰਹੇ ਹਨ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਕੀ ਇਹ ਵੀ ਠੀਕ ਹੈ ਕਿ ਸਾਲ 2016 ਵਿੱਚ ਪਹਿਲੀ ਸਰਕਾਰ ਨੇ 27,000 ਠੇਕਾ ਮੁਲਾਜ਼ਮਾਂ ਨੂੰ ਪੱਕੇ ਕਰਨ ਦਾ ਐਕਟ ਬਣਾਇਆ ਸੀ ਪਰ ਚੋਣ ਜ਼ਾਬਤਾ ਲਾਗੂ ਹੋਣ ਕਰਕੇ ਨੋਟੀਫਿਕੇਸ਼ਨ ਨਹੀਂ ਸੀ ਹੋ ਸਕਿਆ; ਜੇਕਰ ਅਜਿਹਾ ਹੋਵੇ ਤਾਂ ਕੀ ਮੌਜੂਦਾ ਸਰਕਾਰ ਉਪਰੋਕਤ ਐਕਟ ਨੂੰ ਲਾਗੂ ਕਰਨ ਲਈ ਕੋਈ ਵਿਚਾਰ ਰੱਖਦੀ ਹੈ?

**ਸ਼੍ਰੀ ਓਮ ਪ੍ਰਕਾਸ਼ ਸੋਨੀ:** (ੳ) ਹਾਂ ਜੀ।

(ਅ) ਨਹੀਂ ਜੀ, ਪੂਰਬਲੀ ਸਰਕਾਰ ਦੇ ਸਮੇਂ ਦੌਰਾਨ ਕੱਚੇ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਸਬੰਧੀ ਅਤੇ ਆਊਟਸੋਰਸਿੰਗ ਤੇ ਕੰਮ ਕਰਦੇ ਮੁਲਾਜ਼ਮਾਂ ਨੂੰ ਸਿੱਧੇ ਤੌਰ ਤੇ ਕੰਟਰੈਕਟ ਤੇ ਲੈਣ ਸਬੰਧੀ ਪੰਜਾਬ ਸਰਕਾਰ ਵੱਲੋਂ ਨੋਟੀਫਿਕੇਸ਼ਨ No. 62-Leg/2016, Dated 24.12.2016 ਰਾਹੀਂ "The Punjab Adhoc, Contractual, Daily Wages, Temporary, Work Charged and Outsourced Employees' Welfare Act, 2016" ਜਾਰੀ ਕੀਤਾ ਗਿਆ ਸੀ। ਇਸ ਲਈ ਇਹ ਠੀਕ ਨਹੀਂ ਕਿ ਸਾਲ 2016 ਵਿੱਚ ਸਰਕਾਰ ਨੇ ਠੇਕਾ ਮੁਲਾਜ਼ਮਾਂ ਨੂੰ ਪੱਕੇ ਕਰਨ ਦਾ ਜੋ ਐਕਟ

ਬਣਾਇਆ ਸੀ ਪਰ ਚੋਣ ਜ਼ਾਬਤਾ ਲਾਗੂ ਹੋਣ ਕਰਕੇ ਨੋਟੀਫਿਕੇਸ਼ਨ ਨਹੀਂ ਹੋ ਸਕਿਆ ਬਲਕਿ ਕੱਚੇ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਸਬੰਧੀ ਅਤੇ ਆਊਟ ਸੋਰਸਿੰਗ ਤੇ ਕੰਮ ਕਰਦੇ ਮੁਲਾਜ਼ਮਾਂ ਨੂੰ ਸਿੱਧੇ ਤੌਰ ਤੇ ਕੰਟਰੈਕਟ ਤੇ ਲੈਣ ਸਬੰਧੀ ਪੰਜਾਬ ਸਰਕਾਰ ਵੱਲੋਂ ਨੋਟੀਫਿਕੇਸ਼ਨ No. 62-Leg/2016, Dated 24.12.2016 ਰਾਹੀਂ "The Punjab Adhoc, Contractual, Daily Wages, Temporary, Work Charged and Outsourced Employees' Welfare Act, 2016" ਜਾਰੀ ਕਰ ਦਿੱਤਾ ਗਿਆ ਸੀ। ਇਸ ਐਕਟ ਸਬੰਧੀ ਮਾਮਲਾ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ Sub-judice ਹੈ। ਸਰਕਾਰ ਵੱਲੋਂ ਉਕਤ ਐਕਟ ਨੂੰ ਰੀਪੀਲ ਕਰਕੇ ਨਵਾਂ ਕਾਨੂੰਨ ਬਣਾਉਣ ਬਾਰੇ ਆਪਣੀਆਂ ਸਿਫਾਰਸ਼ਾਂ ਦੇਣ ਲਈ ਮੰਤਰੀਆਂ ਦੀ ਕਮੇਟੀ (ਕਮੇਟੀ ਆਫ ਮਨਿਸਟਰਜ਼) ਦਾ ਗਠਨ ਕੀਤਾ ਜਾ ਚੁੱਕਾ ਹੈ ਅਤੇ ਮਾਮਲਾ ਇਸ ਕਮੇਟੀ ਦੇ ਵਿਚਾਰ ਅਧੀਨ ਹੈ।

---

## ਪੁਰਾਣੀ ਪੈਨਸ਼ਨ ਸਕੀਮ ਦੁਬਾਰਾ ਲਾਗੂ ਕਰਨਾ

**250. ਸ਼੍ਰੀ ਅਮਨ ਅਰੋੜਾ:** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਪੰਜਾਬ ਦੇ ਆਪਣੇ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਸਕੀਮ ਨੂੰ ਦੁਬਾਰਾ ਲਾਗੂ ਕਰਨ ਬਾਰੇ ਕੋਈ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੈ ਤਾਂ ਕਦੋਂ ਤੱਕ?

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਜੀ ਨਹੀਂ। ਪੁਰਾਣੀ ਪੈਨਸ਼ਨ ਸਕੀਮ ਮੁੜ ਲਾਗੂ ਕਰਨ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

---

## 11ਵੀਂ-12ਵੀਂ ਜਮਾਤ ਦੇ ਇਤਿਹਾਸ ਵਿਸ਼ੇ ਦੀਆਂ ਕਿਤਾਬਾਂ ਦੇ ਸਿਰਲੇਖ ਅਤੇ ਵਿਦਿਆਰਥੀਆਂ ਦੀ ਗਿਣਤੀ

**253. ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਵਿੱਦਿਅਕ ਸਾਲ 2017-18 ਅਤੇ 2018-19 ਲਈ 11ਵੀਂ ਅਤੇ 12ਵੀਂ ਜਮਾਤ ਵਿੱਚ ਇਤਿਹਾਸ ਵਿਸ਼ਾ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਕਿੰਨੀ ਹੈ;

(ਅ) ਵਿੱਦਿਅਕ ਸਾਲ 2017-18 ਅਤੇ 2018-19 ਲਈ ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਵਿੱਚ ''ਇਤਿਹਾਸ'' ਵਿਸ਼ਾ ਪੜ੍ਹਾਉਣ ਲਈ ਸਿਫਾਰਸ਼ ਕੀਤੀਆਂ ਕਿਤਾਬਾਂ

ਦੇ ਸਿਰਲੇਖ ਕੀ-ਕੀ ਹਨ;

(ੲ) ਵਿੱਦਿਅਕ ਸਾਲ 2017-18 ਅਤੇ 2018-19 ਲਈ 11ਵੀਂ ਅਤੇ 12ਵੀਂ ਜਮਾਤ ਲਈ "ਇਤਿਹਾਸ" ਵਿਸ਼ਾ ਪੜ੍ਹਾਉਣ ਲਈ ਨਿਰਧਾਰਤ ਕੀਤੇ ਸਿਲੇਬਸ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ?

**ਸ਼੍ਰੀ ਓਮ ਪ੍ਰਕਾਸ਼ ਸੋਨੀ:** (ੳ) ਬੋਰਡ ਦੇ ਰਿਕਾਰਡ ਅਨੁਸਾਰ ਵਿੱਦਿਅਕ ਸਾਲ 2017-18 ਅਤੇ 2018-19 ਲਈ 12ਵੀਂ ਜਮਾਤ ਵਿੱਚ ਇਤਿਹਾਸ ਵਿਸ਼ਾ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਉਪਲਬਧ ਹੈ ਜੋ ਕਿ ਕ੍ਰਮਵਾਰ ਲਗਭਗ 1,42,489 ਅਤੇ 1,26,998 ਹੈ। ਕਿਉਂਜੋ ਬੋਰਡ ਵੱਲੋਂ 11ਵੀਂ ਜਮਾਤ ਲਈ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਸਟ੍ਰੀਮ ਅਨੁਸਾਰ ਕੀਤੀ ਜਾਂਦੀ ਹੈ, ਇਸ ਲਈ 11ਵੀਂ ਜਮਾਤ ਵਿੱਚ ਵਿਸ਼ੇਸ਼ ਤੌਰ ਤੇ ਕੇਵਲ ਇਤਿਹਾਸ ਵਿਸ਼ਾ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਉਪਲਬਧ ਨਹੀਂ ਹੈ।

(ਅ) ਵਿੱਦਿਅਕ ਸਾਲ 2017-18 ਅਤੇ 2018-19 ਲਈ ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਵਿੱਚ "ਇਤਿਹਾਸ" ਵਿਸ਼ਾ ਪੜ੍ਹਾਉਣ ਲਈ ਬੋਰਡ ਵੱਲੋਂ ਕਿਤਾਬਾਂ ਦੀ ਸਿਫ਼ਾਰਸ਼ ਨਹੀਂ ਕੀਤੀ ਗਈ।

(ੲ) 11ਵੀਂ ਅਤੇ 12ਵੀਂ ਜਮਾਤ ਦੇ ਵਿੱਦਿਅਕ ਸਾਲ 2017-18 ਲਈ ਨਿਰਧਾਰਤ ਅਤੇ ਲਾਗੂ ਸਿਲੇਬਸ ਨੂੰ ਹੀ ਵਿੱਦਿਅਕ ਸਾਲ 2018-19 ਲਈ ਲਾਗੂ ਕੀਤਾ ਗਿਆ ਹੈ। ਸਦਨ ਦੀ ਮੇਜ਼ ਤੇ ਰੱਖਣ ਹਿੱਤ ਸਿਲੇਬਸ ਦੀਆਂ ਕਾਪੀਆਂ ਕ੍ਰਮਵਾਰ ਅਨੁਲੱਗ 'ੳ' ਅਤੇ 'ਅ' ਤੇ ਪੇਸ਼ ਹਨ।

ਅਨੁਲੱਗ 'ੳ'

ਗਿਆਰਵੀਂ ਸ਼੍ਰੇਣੀ

(2018-19) ਅਤੇ (2017-2018)

ਸਮਾਂ: 3 ਘੰਟੇ ਲਿਖਤੀ : 90 ਅੰਕ

ਸੀ.ਸੀ.ਈ. : 10 ਅੰਕ

ਕੁੱਲ : 100 ਅੰਕ

1. ਸਾਰੇ ਪ੍ਰਸ਼ਨ ਲਾਜ਼ਮੀ ਹਨ।

2. ਪ੍ਰਸ਼ਨ ਪੱਤਰ ਚਾਰ ਭਾਗਾਂ (ਭਾਗ ੳ, ਅ, ੲ ਅਤੇ ਸ) ਵਿੱਚ ਵੰਡਿਆ ਗਿਆ ਹੈ। ਜਿਸ ਵਿੱਚ ਮੁੱਖ ਰੂਪ ਵਿੱਚ ਚਾਰ ਪ੍ਰਸ਼ਨ ਹਨ ਜਿਨ੍ਹਾਂ ਦੇ ਅੱਗੇ ਉਪ ਭਾਗ ਹੇਠ ਅਨੁਸਾਰ ਹਨ।

**ਭਾਗ-ੳ**

ਵਸਤੂਨਿਸ਼ਠ ਪ੍ਰਸ਼ਨ: ਇਸ ਪ੍ਰਸ਼ਨ ਵਿੱਚ ਇੱਕ ਅੰਕ ਵਾਲੇ 10 ਉਪਭਾਗ ਹਨ। ਇਸ ਭਾਗ ਦੇ ਸਾਰੇ ਪ੍ਰਸ਼ਨ ਹੱਲ ਕਰਨੇ ਹਨ। ਇਹ ਪ੍ਰਸ਼ਨ ਇਕ ਸ਼ਬਦ ਤੋਂ ਇਕ ਵਾਕ ਦੇ ਉੱਤਰ ਵਾਲੇ/ਖਾਲੀ ਸਥਾਨ/ਸਹੀ ਜਾਂ ਗਲਤ ਅਤੇ ਬਹੁਵਿਕਲਪੀ ਕਿਸਮ ਦੇ ਹੋਣਗੇ।

10×1=10

**ਭਾਗ-ਅ**

ਛੋਟੇ ਉਤਰਾਂ ਵਾਲੇ ਪ੍ਰਸ਼ਨ ਨੰ: 2 ਵਿੱਚ ਤਿੰਨ ਅੰਕਾਂ ਵਾਲੇ 10 ਉਪਭਾਗ ਹਨ । ਜਿਨ੍ਹਾਂ ਵਿਚ ਕੋਈ 10 ਪ੍ਰਸ਼ਨ ਹੱਲ ਕਰਨੇ ਹਨ। ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿਚ ਦਿਓ।

10×3=30

**ਭਾਗ-ੲ**

ਵੱਡੇ ਉਤਰਾਂ ਵਾਲੇ ਪ੍ਰਸ਼ਨ ਨੰ: 3 ਵਿੱਚ ਪੰਜ ਅੰਕਾਂ ਵਾਲੇ 10 ਉਪਭਾਗ ਹਨ। ਜਿਨ੍ਹਾਂ ਵਿਚ ਕੋਈ 07 ਪ੍ਰਸ਼ਨ ਹੱਲ ਕਰਨੇ ਹਨ। ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 100-150 ਸ਼ਬਦਾਂ ਵਿੱਚ ਦਿਓ।

7×5=35

**ਭਾਗ-ਸ**

ਮਾਨਚਿੱਤਰ (ਨਕਸ਼ੇ ਦਾ ਪ੍ਰਸ਼ਨ) ਜੋ 15 ਅੰਕਾਂ ਦਾ ਹੈ। ਜਿਸ ਵਿੱਚ ਪੰਜ ਸਥਾਨ ਦਰਸਾਉਣ ਦੇ 10 ਅੰਕ ਹਨ ਅਤੇ 5 ਸਥਾਨਾਂ ਸਬੰਧੀ ਵਿਆਖਿਆ ਕਰਨ ਦੇ 5 ਅੰਕ ਰੱਖੇ ਗਏ ਹਨ। ਹਰੇਕ ਸਥਾਨ ਦੀ ਵਿਆਖਿਆ 20-25 ਸ਼ਬਦਾਂ ਵਿੱਚ ਕਰਨੀ ਹੈ। ਨਕਸ਼ੇ ਵਾਲੇ ਪ੍ਰਸ਼ਨ ਵਿੱਚ ਅੰਦਰੂਨੀ ਛੋਟ ਦਿੱਤੀ ਗਈ ਹੈ।

1×15=15

**ਭਾਰਤ ਦਾ ਇਤਿਹਾਸ**

**ਭਾਗ-ੳ**

1. ਸਿੰਧੂ ਘਾਟੀ ਦੀ ਸਭਿਅਤਾ, ਖੋਜ ਦਾ ਆਮ ਵੇਰਵਾ, ਸਮਾਜਿਕ ਤੇ ਸੰਸਕ੍ਰਿਤਕ ਜੀਵਨ, ਪਤਨ ਅਤੇ ਸਭਿਅਤਾ ਦਾ ਅਲੋਪ ਹੋਣਾ।
2. ਭਾਰਤੀ ਆਰੀਆ ਲੋਕ, ਮੁੱਢਲੀਆਂ ਬਸਤੀਆਂ, ਰਾਜਨੀਤਿਕ ਸੰਸਥਾਵਾਂ, ਆਰਥਿਕ ਜੀਵਨ, ਸਮਾਜਿਕ ਸੰਸਥਾਵਾਂ, ਧਾਰਮਿਕ ਵਿਸ਼ਵਾਸ ਅਤੇ ਰੀਤੀਆਂ।
3. ਬੁੱਧ ਮੱਤ ਅਤੇ ਜੈਨ ਮੱਤ-ਸਮਾਜਿਕ ਰਾਜਨੀਤਿਕ ਦਸ਼ਾ, ਮੁੱਖ ਸਿਧਾਂਤ,

ਸਮਾਜਿਕ ਰਾਜਨੀਤਿਕ ਪ੍ਰਭਾਵ, ਦੇਣ।

4. ਮੌਰੀਆ ਕਾਲ– ਮੌਰੀਆ ਦੇ ਉਦੈ ਦਾ ਪਿਛੋਕੜ, ਸਾਮਰਾਜ ਦੀ ਸਥਾਪਨਾ ਅਤੇ ਸੰਗਠਨ, ਅਸ਼ੋਕ ਦਾ ਧਰਮ, ਸਮਾਜਿਕ ਅਤੇ ਸੰਸਕ੍ਰਿਤਕ ਜੀਵਨ।
5. ਗੁਪਤ ਕਾਲ– ਸਥਾਪਨਾ ਅਤੇ ਸੰਗਠਨ, ਮੁੱਖ ਸਮਾਜਿਕ ਅਤੇ ਸੰਸਕ੍ਰਿਤਕ ਪ੍ਰਾਪਤੀਆਂ, ਦੇਣ।
6. ਵਰਧਨ ਸ਼ਾਸਕ ਅਤੇ ਉਨ੍ਹਾਂ ਦਾ ਸਮਾਂ– ਉੱਤਰ ਭਾਰਤ ਵਿੱਚ ਰਾਜਨੀਤਿਕ ਪ੍ਰਭੂਤਵ; ਦੱਖਣ ਦੇ ਰਾਜ, ਸਮਾਜਿਕ–ਸੰਸਕ੍ਰਿਤਕ ਪ੍ਰਾਪਤੀਆਂ ਅਤੇ ਦੇਣ।
7. ਰਾਜਪੂਤ ਕਾਲ: ਰਾਜਾਂ ਦੀ ਸਥਾਪਨਾ, ਰਾਜਨੀਤਿਕ ਸੰਘਰਸ਼ ਅਤੇ ਪਰਿਵਰਤਨ, ਸਮਾਜਿਕ ਰਾਜਨੀਤਿਕ ਸੰਗਠਨ।
8. ਦਿੱਲੀ ਸਲਤਨਤ: ਤੁਰਕ ਰਾਜ ਦੀ ਸਥਾਪਨਾ, ਸਲਤਨਤ ਦਾ ਵਿਸਥਾਰ ਅਤੇ ਖੁਸ਼ਹਾਲੀ, ਰਾਜ ਪ੍ਰਬੰਧ, ਸ਼ਾਸਕ ਵਰਗ, ਕਲਾ ਤੇ ਭਵਨ ਨਿਰਮਾਣ ਕਲਾ, ਸਮਾਜਿਕ ਤੇ ਧਾਰਮਿਕ ਜੀਵਨ।
9. ਦੱਖਣ ਦੇ ਰਾਜ: ਬਾਹਮਣੀ ਸਾਮਰਾਜ ਅਤੇ ਉਸ ਦੇ ਉਤਰਾਧਿਕਾਰੀ ਰਾਜ, ਵਿਜੈਨਗਰ ਸਾਮਰਾਜ, ਸਾਸ਼ਨ ਪ੍ਰਬੰਧ, ਸਾਸ਼ਕ ਵਰਗ, ਕਲਾ ਤੇ ਸਾਹਿਤ, ਸਮਾਜਿਕ–ਧਾਰਮਿਕ ਜੀਵਨ।
10. ਸਮਾਜਿਕ– ਧਾਰਮਿਕ ਲਹਿਰਾਂ, ਵੈਸ਼ਨਵ ਭਗਤੀ ਅਤੇ ਸੰਤ ਲਹਿਰ।
11. ਗੁਰੂ ਨਾਨਕ ਦੇਵ ਜੀ ਅਤੇ ਸਿੱਖ ਧਰਮ ਦੀ ਸਥਾਪਨਾ, ਸਮਾਜਿਕ ਧਾਰਮਿਕ ਦਸ਼ਾ, ਸਿੱਖ ਧਰਮ ਦਾ ਵਿਕਾਸ, (1539–1605) ਸਿੱਖ ਧਰਮ ਦਾ ਰੂਪਾਂਤਰਨ (1605–1699)।

**ਭਾਗ–ਅ**

12. ਮੁਗਲ ਰਾਜ ਦੀ ਸਥਾਪਨਾ: ਮੁਗਲ ਅਫਗਾਨ ਸੰਘਰਸ਼: ਮੁਗਲ ਸਾਮਰਾਜ ਦਾ ਸੰਗਠਨ;
13. ਮੁਗਲ ਰਾਜ ਪ੍ਰਣਾਲੀ ਤੇ ਸ਼ਾਸਨ ਪ੍ਰਬੰਧ: ਰਾਜ ਪ੍ਰਣਾਲੀ ਦੀ ਵਿਚਾਰਧਾਰਾ–ਪਰਜਾ ਪ੍ਰਤੀ ਰਵੱਈਆ, ਕੇਂਦਰੀ ਅਤੇ ਪ੍ਰਾਂਤਿਕ ਪ੍ਰਬੰਧ, ਨਿਆਂ ਤੇ ਸਥਾਨਿਕ ਪ੍ਰਬੰਧ, ਮਨਸਬਦਾਰੀ ਵਿਵਸਥਾ।
14. ਦੱਖਣ ਵਿੱਚ ਨਵੀਆਂ ਸ਼ਕਤੀਆਂ ਦਾ ਉਥਾਨ (ਮਰਾਠਾ ਰਾਜ ਦੇ ਵਿਸ਼ੇਸ਼ ਹਵਾਲੇ ਨਾਲ)।
15. ਉੱਤਰ ਵਿੱਚ ਨਵੀਆਂ ਸ਼ਕਤੀਆਂ ਦਾ ਉਥਾਨ (ਸਿੱਖ ਕੌਮ ਦੇ ਵਿਸ਼ੇਸ਼ ਹਵਾਲੇ ਨਾਲ)।

[ਸਿੱਖਿਆ ਮੰਤਰੀ]

16. ਮਹਾਰਾਜਾ ਰਣਜੀਤ ਸਿੰਘ, ਜਿੱਤਾਂ ਤੇ ਰਾਜ ਦਾ ਸੰਗਠਨ, ਨਵਾਂ ਸ਼ਾਸਕ ਵਰਗ ਪ੍ਰਬੰਧ, ਪਰਜਾ ਪ੍ਰਤੀ ਰਵੱਈਆ, ਖੁਦ ਮੁਖਤਿਆਰ ਸ਼ਕਤੀਆਂ ਨਾਲ ਸਬੰਧ ਦੇਣ।
17. ਯੂਰਪੀਨਾਂ ਦਾ ਆਗਮਨ ਤੇ ਸਰਵਉੱਚਤਾ ਲਈ ਸੰਘਰਸ਼; ਪੁਰਤਗਾਲੀ, ਡੱਚ, ਫਰਾਂਸੀਸੀ, ਅੰਗਰੇਜ਼ਾਂ ਤੇ ਫਰਾਂਸੀਸੀਆਂ ਦੀ ਦੁਸ਼ਮਣੀ; ਈਸਟ ਇੰਡੀਆ ਕੰਪਨੀ ਦਾ ਰਾਜਨੀਤਿਕ ਸ਼ਕਤੀ ਵਜੋਂ ਉਥਾਨ;
18. ਬ੍ਰਿਟਿਸ਼ ਸਾਮਰਾਜ ਦਾ ਵਿਸਥਾਰ ਤੇ ਸੰਗਠਨ, ਯੁੱਧ ਤੇ ਕੂਟਨੀਤੀ ਰਾਹੀਂ ਵਿਸਥਾਰ, ਸਾਮਰਾਜ ਦਾ ਪ੍ਰਸ਼ਾਸਨਿਕ ਸੰਗਠਨ, ਸ਼ਾਸਨ ਪ੍ਰਬੰਧ ਅਧਿਕਾਰੀ ਵਰਗ।
19. ਅੰਗਰੇਜ਼ੀ ਸਾਮਰਾਜ ਅਧੀਨ ਆਰਥਿਕ ਅਤੇ ਸਮਾਜਿਕ ਪਰਿਵਰਤਨ, ਆਵਾਜਾਈ ਅਤੇ ਸੰਚਾਰ; ਨਿਰਯਾਤ ਲਈ ਕੱਚਾ ਮਾਲ, ਉਦਯੋਗਿਕ ਵਿਕਾਸ; ਮੱਧ ਵਰਗ: ਕੰਮਕਾਜੀ ਵਰਗ
20. ਸਮਾਜਿਕ-ਧਾਰਮਿਕ ਲਹਿਰਾਂ-ਬ੍ਰਹਮੋ ਸਮਾਜ, ਅਲੀਗੜ ਲਹਿਰ, ਨਿਰੰਕਾਰੀ ਲਹਿਰ, ਕੂਕਾ ਲਹਿਰ ਅਤੇ ਸਿੰਘ ਸਭਾ ਲਹਿਰ।
21. ਭਾਰਤ ਵਿੱਚ ਰਾਜਨੀਤਿਕ ਚੇਤਨਾ ਅਤੇ ਪ੍ਰਤੀਨਿਧੀ ਸਰਕਾਰ ਲਈ ਸੰਘਰਸ਼, 1857 ਦਾ ਵਿਦਰੋਹ ਅਤੇ ਇਸ ਦੀ ਦੇਣ, ਭਾਰਤੀ ਰਾਸ਼ਟਰੀ ਕਾਂਗਰਸ; ਹੋਮ ਰੂਲ ਲਹਿਰ, ਸੰਵਿਧਾਨਕ ਸੁਧਾਰ, ਜਲ੍ਹਿਆਂਵਾਲਾ ਬਾਗ ਹੱਤਿਆਕਾਂਡ ਅਤੇ ਪ੍ਰਭਾਵ; ਸੁਤੰਤਰਤਾ ਦੀ ਮੰਗ।
22. ਸੁਤੰਤਰਤਾ ਵੱਲ: ਭਾਰਤ ਛੱਡੋ ਅੰਦੋਲਨ ਅਤੇ ਇਸ ਦੇ ਨਤੀਜੇ: ਸੱਤਾ ਪਰਿਵਰਤਨ।

**ਭਾਗ -ੲ**

1. ਸਿੰਧੂ ਘਾਟੀ ਦੀ ਸਭਿਅਤਾ ਦੇ ਮੁੱਖ ਕੇਂਦਰ
2. ਅਸ਼ੋਕ ਦਾ ਸਾਮਰਾਜ ਵਿਸਥਾਰ
3. ਸਮੁੰਦਰ ਗੁਪਤ ਦਾ ਸਾਮਰਾਜ ਵਿਸਥਾਰ
4. ਮਹੱਤਵਪੂਰਨ ਇਤਿਹਾਸਕ ਸਥਾਨ
5. 1526 ਈ: ਵਿੱਚ ਭਾਰਤ
6. ਅਕਬਰ ਦਾ ਸਾਮਰਾਜ ਵਿਸਥਾਰ
7. ਮਹਾਰਾਜਾ ਰਣਜੀਤ ਸਿੰਘ ਦੇ ਸਾਮਰਾਜ ਦਾ ਵਿਸਥਾਰ
8. ਮਹੱਤਵਪੂਰਨ ਇਤਿਹਾਸਕ ਸਥਾਨ

ਅਨੁਲੱਗ 'ਅ'

ਬਾਰ੍ਹਵੀਂ ਜਮਾਤ

ਇਤਿਹਾਸ

(2018-19) ਅਤੇ (2017-2018)

ਸਮਾਂ: 3 ਘੰਟੇ

ਲਿਖਤੀ : 90 ਅੰਕ

ਸੀ.ਸੀ.ਈ. : 10 ਅੰਕ

ਕੁੱਲ : 100 ਅੰਕ

1. ਸਾਰੇ ਪ੍ਰਸ਼ਨ ਲਾਜ਼ਮੀ ਹਨ।
2. ਪ੍ਰਸ਼ਨ ਪੱਤਰ ਚਾਰ ਭਾਗਾਂ (ਭਾਗ ੳ, ਅ, ੲ ਅਤੇ ਸ) ਵਿੱਚ ਵੰਡਿਆ ਗਿਆ ਹੈ। ਜਿਸ ਵਿੱਚ ਮੁੱਖ ਰੂਪ ਵਿੱਚ ਚਾਰ ਪ੍ਰਸ਼ਨ ਹਨ। ਜਿਨ੍ਹਾਂ ਦੇ ਅੱਗੇ ਉਪ ਭਾਗ ਹੇਠ ਅਨੁਸਾਰ ਹਨ।

**ਭਾਗ-ੳ**

**ਵਸਤੂਨਿਸ਼ਠ ਪ੍ਰਸ਼ਨ:** ਇਸ ਪ੍ਰਸ਼ਨ ਵਿੱਚ ਇੱਕ ਅੰਕ ਵਾਲੇ 10 ਉਪਭਾਗ ਹਨ। ਇਸ ਭਾਗ ਦੇ ਸਾਰੇ ਪ੍ਰਸ਼ਨ ਹੱਲ ਕਰਨੇ ਹਨ। ਇਹ ਪ੍ਰਸ਼ਨ ਇਕ ਸ਼ਬਦ ਤੋਂ ਇਕ ਵਾਕ ਦੇ ਉੱਤਰ ਵਾਲੇ/ਖਾਲੀ ਸਥਾਨ/ਸਹੀ ਜਾਂ ਗਲਤ ਅਤੇ ਬਹੁਵਿਕਲਪੀ ਕਿਸਮ ਦੇ ਹੋਣਗੇ।

10×1=10

**ਭਾਗ-ਅ**

ਛੋਟੇ ਉਤਰਾਂ ਵਾਲੇ ਪ੍ਰਸ਼ਨ ਨੰ: 2 ਵਿੱਚ ਤਿੰਨ ਅੰਕਾਂ ਵਾਲੇ 10 ਉਪਭਾਗ ਹਨ । ਜਿਨ੍ਹਾਂ ਵਿਚ ਕੋਈ 10 ਪ੍ਰਸ਼ਨ ਹੱਲ ਕਰਨੇ ਹਨ। ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 35-40 ਸ਼ਬਦਾਂ ਵਿਚ ਦਿਓ।

10×3=30

**ਭਾਗ-ੲ**

ਵੱਡੇ ਉਤਰਾਂ ਵਾਲੇ ਪ੍ਰਸ਼ਨ ਨੰ: 3 ਵਿੱਚ ਪੰਜ ਅੰਕਾਂ ਵਾਲੇ 10 ਉਪਭਾਗ ਹਨ। ਜਿਨ੍ਹਾਂ ਵਿਚ ਕੋਈ 07 ਪ੍ਰਸ਼ਨ ਹੱਲ ਕਰਨੇ ਹਨ। ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 100-150 ਸ਼ਬਦਾਂ ਵਿੱਚ ਦਿਓ।

7×5=35

**ਭਾਗ-ਸ**

ਮਾਨਚਿੱਤਰ (ਨਕਸ਼ੇ ਦਾ ਪ੍ਰਸ਼ਨ) ਜੋ 15 ਅੰਕਾਂ ਦਾ ਹੈ। ਜਿਸ ਵਿੱਚ ਪੰਜ ਸਥਾਨ

[ਸਿੱਖਿਆ ਮੰਤਰੀ]

ਦਰਸਾਉਣ ਦੇ 10 ਅੰਕ ਹਨ ਅਤੇ 5 ਸਥਾਨਾਂ ਸਬੰਧੀ ਵਿਆਖਿਆ ਕਰਨ ਦੇ 5 ਅੰਕ ਰੱਖੇ ਗਏ ਹਨ। ਹਰੇਕ ਸਥਾਨ ਦੀ ਵਿਆਖਿਆ 20-25 ਸ਼ਬਦਾਂ ਵਿੱਚ ਕਰਨੀ ਹੈ। ਨਕਸ਼ੇ ਵਾਲੇ ਪ੍ਰਸ਼ਨ ਵਿੱਚ ਅੰਦਰੂਨੀ ਛੋਟ ਦਿੱਤੀ ਗਈ ਹੈ।

1×15=15

**ਭਾਗ-ੳ**

1. ਪੰਜਾਬ ਦੀਆਂ ਭੌਤਿਕ ਵਿਸ਼ੇਸ਼ਤਾਵਾਂ ਅਤੇ ਉਨ੍ਹਾਂ ਦਾ ਇਸ ਦੇ ਇਤਿਹਾਸ ਤੇ ਪ੍ਰਭਾਵ।
2. ਪੰਜਾਬ ਦੇ ਇਤਿਹਾਸਿਕ ਸੋਮੇ।
3. 16ਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਦੀ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਦਸ਼ਾ।
4. ਗੁਰੂ ਨਾਨਕ ਦੇਵ ਜੀ ਦਾ ਜੀਵਨ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ।
5. ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਦੇ ਸਮੇਂ ਦੌਰਾਨ ਸਿੱਖ ਧਰਮ ਦਾ ਵਿਕਾਸ
6. ਗੁਰੂ ਅਰਜਨ ਦੇਵ ਜੀ ਅਤੇ ਉਨ੍ਹਾਂ ਦੀ ਸ਼ਹੀਦੀ।
7. ਗੁਰੂ ਹਰਿ ਗੋਬਿੰਦ ਜੀ ਅਤੇ ਸਿੱਖ ਪੰਥ ਦਾ ਰੂਪਾਂਤਰਣ।
8. ਗੁਰੂ ਤੇਗ ਬਹਾਦਰ ਜੀ ਅਤੇ ਉਨ੍ਹਾਂ ਦੀ ਸ਼ਹੀਦੀ।
9. ਗੁਰੂ ਗੋਬਿੰਦ ਸਿੰਘ ਜੀ, ਖਾਲਸਾ ਪੰਥ ਦੀ ਸਥਾਪਨਾ, ਲੜਾਈਆਂ ਅਤੇ ਉਨ੍ਹਾਂ ਦੀ ਸ਼ਖਸੀਅਤ।
10. ਬਾਬਾ ਬੰਦਾ ਸਿੰਘ ਬਹਾਦਰ।

**ਭਾਗ - ਅ**

11. ਅਬਦੁਸ ਸਮਦ ਖਾਂ, ਜ਼ਕਰੀਆ ਖਾਂ ਅਤੇ ਮੀਰ ਮੰਨੂ ਦੇ ਸਿੱਖਾਂ ਨਾਲ ਸਬੰਧ।
12. ਦਲ ਖਾਲਸਾ ਦਾ ਉੱਥਾਨ ਅਤੇ ਯੁੱਧ ਪ੍ਰਣਾਲੀ।
13. ਮੁਗਲਾਂ ਅਧੀਨ ਪੰਜਾਬ ਦੀ ਸਮਾਜਿਕ ਅਤੇ ਆਰਥਿਕ ਅਵਸਥਾ
14. ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਅਤੇ ਪੰਜਾਬ ਵਿੱਚ ਮੁਗਲ ਰਾਜ ਦਾ ਵਿਘਟਨ।
15. ਸਿੱਖ ਮਿਸਲਾਂ ਦੀ ਉੱਤਪਤੀ ਅਤੇ ਵਿਕਾਸ ਅਤੇ ਸਰੂਪ।
16. ਮਹਾਰਾਜਾ ਰਣਜੀਤ ਸਿੰਘ ਦਾ ਜੀਵਨ ਅਤੇ ਜਿੱਤਾਂ।
17. ਐਂਗਲੋ - ਸਿੱਖ ਸਬੰਧ: (1800 ਤੋਂ 1839)।
18. ਮਹਾਰਾਜਾ ਰਣਜੀਤ ਸਿੰਘ ਦੇ ਅਫਗਾਨਿਸਤਾਨ ਨਾਲ ਸਬੰਧ ਅਤੇ ਉਸ ਦੀ ਉੱਤਰ-ਪੱਛਮੀ ਸੀਮਾ ਨੀਤੀ।

19. ਮਹਾਰਾਜਾ ਰਣਜੀਤ ਸਿੰਘ ਦਾ ਨਾਗਰਿਕ ਅਤੇ ਸੈਨਿਕ ਪ੍ਰਬੰਧ।
20. ਮਹਾਰਾਜਾ ਰਣਜੀਤ ਸਿੰਘ : ਆਚਰਨ ਅਤੇ ਸਖਸ਼ੀਅਤ।
21. ਪਹਿਲਾ ਐਂਗਲੋ- ਸਿੱਖ ਯੁੱਧ, ਕਾਰਨ ਅਤੇ ਨਤੀਜੇ।
22. ਦੂਸਰਾ ਐਂਗਲੋ-ਸਿੱਖ ਯੁੱਧ, ਕਾਰਨ ਅਤੇ ਨਤੀਜੇ ਅਤੇ ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਮਿਲਾਉਣਾ।

**ਭਾਗ-ੲ**

**ਮਾਨ ਚਿੱਤਰ/ਨਕਸ਼ੇ ਦਾ ਪ੍ਰਸ਼ਨ**

1. ਗੁਰੂ ਗੋਬਿੰਦ ਸਿੰਘ ਜੀ ਦੀਆਂ ਲੜਾਈਆਂ।
2. ਬਾਬਾ ਬੰਦਾ ਸਿੰਘ ਬਹਾਦਰ ਦੀਆਂ ਮਹੱਤਵਪੂਰਨ ਲੜਾਈਆਂ।
3. ਮਹਾਰਾਜਾ ਰਣਜੀਤ ਸਿੰਘ ਦਾ ਸਾਮਰਾਜ।
4. ਪਹਿਲਾ ਐਂਗਲੋ ਸਿੱਖ ਯੁੱਧ 1845-46
5. ਦੂਜਾ ਐਂਗਲੋ ਸਿੱਖ ਯੁੱਧ 1848-49

---

**ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨਾ**

**267. ਸਰਦਾਰ ਅਮਰਜੀਤ ਸਿੰਘ ਸੰਦੋਆ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਰਾਜ ਵਿੱਚ ਜਿਹੜੇ ਕਰਮਚਾਰੀ ਸਾਲ 1993-94 ਤੋਂ ਨਗਰ ਪੰਚਾਇਤਾਂ ਵਿੱਚ ਕੰਟਰੈਕਟ ਬੇਸ ਤੇ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਸਰਕਾਰ ਵੱਲੋਂ 2010-11 ਵਿੱਚ ਪੱਕੇ ਕੀਤਾ ਗਿਆ ਸੀ;

(ਅ) ਕੀ ਕੁਝ ਨਗਰ ਪੰਚਾਇਤਾਂ ਨੇ ਉਨ੍ਹਾਂ ਕਰਮਚਾਰੀਆਂ ਲਈ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰ ਦਿੱਤੀ ਹੈ;

(ੲ) ਜੇਕਰ ਉਪਰੋਕਤ ਭਾਗ (ਅ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਸਰਕਾਰ ਬਾਕੀ ਰਹਿੰਦੀਆਂ ਨਗਰ ਪੰਚਾਇਤਾਂ ਦੇ ਕਰਮਚਾਰੀਆਂ ਲਈ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਲਈ ਵਿਚਾਰ ਕਰੇਗੀ?

**ਸਰਦਾਰ ਨਵਜੋਤ ਸਿੰਘ ਸਿੱਧੂ :** (ੳ) ਹਾਂ ਜੀ, ਸਥਾਨਕ ਸਰਕਾਰ ਵਿਭਾਗ ਵੱਲੋਂ ਪੱਤਰ ਨੰਬਰ: ਸ1-ਜਬ-ਡਸਸ-11/34583-607 ਮਿਤੀ: 14.11.2011 ਰਾਹੀਂ

ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਕੰਟਰੈਕਟ ਤੇ ਕੰਮ ਕਰ ਰਹੇ ਕਰਮਚਾਰੀਆਂ ਨੂੰ ਪੱਕਾ ਕਰਨ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਅਤੇ ਉਸੇ ਅਨੁਸਾਰ ਹੀ ਯੋਗ ਕਰਮਚਾਰੀਆਂ ਨੂੰ ਸ਼ਹਿਰੀ ਸਥਾਨਕ ਸੰਸਥਾਵਾਂ ਵੱਲੋਂ ਪੱਕਾ ਕੀਤਾ ਗਿਆ।

(ਅ) ਜੀ ਨਹੀਂ, ਕਿਸੇ ਵੀ ਸ਼ਹਿਰੀ ਸਥਾਨਕ ਸੰਸਥਾ ਵੱਲੋਂ ਆਪਣੇ ਪੱਧਰ ਤੇ ਪੁਰਾਣੀ ਪੈਨਸ਼ਨ ਸਕੀਮ ਨੂੰ ਲਾਗੂ ਨਹੀਂ ਕੀਤਾ ਗਿਆ। ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਸਬੰਧੀ ਕੋਈ ਵੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

(ੲ) ਉਪਰੋਕਤ ਭਾਗ-ਅ ਅਨੁਸਾਰ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਸਬੰਧੀ ਕੋਈ ਵੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

---

## ਸਰਹਿੰਦ ਫੀਡਰ ਦੀਆਂ ਮਾਈਨਰਾਂ ਦੇ ਰਕਬੇ, ਮੋਘਿਆਂ ਅਤੇ ਪਾਣੀ ਦੀ ਮਨਜ਼ੂਰ ਮਾਤਰਾ

**268. ਸ਼੍ਰੀ ਨੱਥੂ ਰਾਮ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਸਰਹਿੰਦ ਫੀਡਰ ਵਿਚੋਂ ਨਿਕਲਦੀ ਮਲੂਕਪੁਰ ਮਾਈਨਰ, ਅਬੋਹਰ ਬ੍ਰਾਂਚ, ਲੰਬੀ ਮਾਈਨਰ ਤੇ ਸੁਖਚੈਨ ਮਾਈਨਰ ਹੈਡ ਤੋਂ ਲੈ ਕੇ ਟੇਲ ਤੱਕ ਮਾਈਨਰ ਦੀ ਕਮਾਂਡ ਹੇਠ ਕਿੰਨਾ ਰਕਬਾ ਕਮਾਂਡ ਹੈ, ਕਿੰਨੇ ਮੋਘੇ ਮਨਜ਼ੂਰ ਹਨ ਅਤੇ ਕਿੰਨਾ ਕਿਉਸਿਕ ਪਾਣੀ ਮਨਜ਼ੂਰ ਹੈ?

(ਅ) ਪਿਛਲੇ 10 ਸਾਲਾਂ ਵਿੱਚ ਕਿੰਨੇ ਨਵੇਂ ਮੋਘੇ ਪਾਸ ਹੋਏ ਹਨ ਤੇ ਕਿੰਨੇ ਏਕੜ ਹੋਰ ਰਕਬਾ ਕਮਾਂਡ ਹੇਠ ਹੋਇਆ ਹੈ;

(ੲ) ਪਿਛਲੇ 10 ਸਾਲਾਂ ਵਿੱਚ ਕਿੰਨੇ ਏਕੜ ਰਕਬਾ ਅਨ-ਕਮਾਂਡ ਹੋਇਆ ਹੈ;

(ਸ) ਪਿਛਲੇ 10 ਸਾਲਾਂ ਵਿੱਚ ਮੋਘੇ ਤੇ ਰਕਬਾ ਤਾਂ ਹੋਰ ਵਧਾਇਆ ਗਿਆ ਹੈ ਪਰ ਕੀ ਮੋਘੇ ਦਾ ਸਾਈਜ਼ ਤੇ ਪਾਣੀ ਵੀ ਵਧਾਇਆ ਗਿਆ ਹੈ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** (ੳ) ਸਰਹਿੰਦ ਫੀਡਰ ਵਿੱਚੋਂ ਨਿਕਲਦੀ ਮਲੂਕਪੁਰ ਮਾਈਨਰ, ਅਬੋਹਰ ਬਰਾਂਚ, ਲੰਬੀ ਮਾਈਨਰ ਤੇ ਸੁਖਚੈਨ ਮਾਈਨਰ ਦੇ ਹੈੱਡ ਤੋਂ ਲੈ ਕੇ ਟੇਲ ਤੱਕ 736621 ਏਕੜ ਰਕਬਾ ਕਮਾਂਡ ਹੈ, 298 ਮੋਘੇ ਮਨਜ਼ੂਰ ਹਨ ਅਤੇ 3009.20 ਕਿਉਸਿਕ ਪਾਣੀ ਮਨਜ਼ੂਰ ਹੈ।

(ਅ) ਪਿਛਲੇ 10 ਸਾਲਾਂ ਵਿੱਚ 66 ਨੰਬਰ ਨਵੇਂ ਮੋਘੇ ਮਨਜ਼ੂਰ ਕੀਤੇ ਗਏ ਹਨ ਅਤੇ 865 ਏਕੜ ਰਕਬਾ ਕਮਾਂਡ ਕੀਤਾ ਗਿਆ ਹੈ।

(ੲ) ਪਿਛਲੇ 10 ਸਾਲਾਂ ਵਿੱਚ 356 ਏਕੜ ਰਕਬਾ ਅਨਕਮਾਂਡ ਕੀਤਾ ਗਿਆ ਹੈ।

(ਸ) ਪਿਛਲੇ 10 ਸਾਲਾਂ ਵਿੱਚ ਜਿਸ ਮੋਘੇ ਤੇ ਵੀ ਹੋਰ ਰਕਬਾ ਸ਼ਾਮਲ ਕੀਤਾ ਗਿਆ, ਸਬੰਧਤ ਮੋਘੇ ਦਾ ਸਾਈਜ਼ ਨਿਯਮਾਂ ਅਨੁਸਾਰ ਤਬਦੀਲ ਕੀਤਾ ਗਿਆ ਹੈ।

---

**ਅਨੁਸੂਚਿਤ ਜਾਤੀ/ਪੱਛੜੀਆਂ ਸ਼੍ਰੇਣੀਆਂ ਦੇ ਗਰੀਬ ਲੋਕਾਂ ਨੂੰ ਘਰ ਬਣਾ ਕੇ ਦੇਣਾ**

**269. ਸ਼੍ਰੀ ਪਵਨ ਕੁਮਾਰ ਟੀਨੂ:** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਸਰਕਾਰ ਵੱਲੋਂ ਮਾਰਚ, 2017 ਤੋਂ ਮਿਤੀਬੱਧ ਤੱਕ ਰਾਜ ਦੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਕਿੰਨੇ ਗਰੀਬ ਲੋਕਾਂ ਨੂੰ ਘਰ ਬਣਾ ਕੇ ਦਿੱਤੇ ਹਨ ਅਤੇ ਕਿੰਨੇ ਘਰਾਂ ਦਾ ਕੰਮ ਅਜੇ ਅਧੂਰਾ ਪਿਆ ਹੈ, ਲਾਭਪਾਤਰੀਆਂ ਦਾ ਜ਼ਿਲ੍ਹਾਵਾਰ ਵੇਰਵਾ ਦਿੱਤਾ ਜਾਵੇ?

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ):** ਸ਼੍ਰੀਮਾਨ ਜੀ, ਮਾਰਚ 2017 ਤੋਂ ਮਿਤੀਬੱਧ ਤੱਕ ਰਾਜ ਦੇ ਕੁੱਲ 14,000 ਘਰਾਂ ਦੇ ਟੀਚੇ ਵਿੱਚੋਂ ਕੁੱਲ 10,833 (77.37%) ਲਾਭਪਾਤਰ ਅਨੁਸੂਚਿਤ ਜਾਤੀ ਦੇ ਹਨ, ਜਿਨ੍ਹਾਂ ਵਿਚੋਂ 6,479 ਅਨੁਸੂਚਿਤ ਜਾਤੀ ਦੇ ਗਰੀਬ ਲੋਕਾਂ ਦੇ ਘਰ ਬਣਾ ਦਿੱਤੇ ਗਏ ਅਤੇ 4,354 ਘਰ ਅਜੇ ਉਸਾਰੀ ਅਧੀਨ ਹਨ ਜਿਨ੍ਹਾਂ ਨੂੰ ਮਿਤੀ 31 ਮਾਰਚ, 2019 ਤੱਕ ਮੁਕੰਮਲ ਕਰਨ ਦੇ ਯੋਗ ਉਪਰਾਲੇ ਕੀਤੇ ਜਾ ਰਹੇ ਹਨ।

ਜ਼ਿਲ੍ਹਾਵਾਰ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਜ਼ਿਲ੍ਹਾਵਾਰ | ਕੁੱਲ ਟੀਚਾ | ਕੁੱਲ ਅਨੁਸੂਚਿਤ ਜਾਤੀ ਦਾ ਟੀਚਾ | ਅਨੁਸੂਚਿਤ ਜਾਤੀਆਂ ਦੇ ਮੁਕੰਮਲ ਘਰ | ਅਨੁਸੂਚਿਤ ਜਾਤੀਆਂ ਦੇ ਉਸਾਰੀ ਅਧੀਨ ਘਰ |
|---|---|---|---|---|---|
| | | ੳ | ਅ | ੲ | ਸ =ਅ-ੲ |
| 1 | ਅੰਮ੍ਰਿਤਸਰ | 205 | 145 | 79 | 66 |
| 2 | ਬਰਨਾਲਾ | 163 | 121 | 101 | 20 |
| 3 | ਬਠਿੰਡਾ | 204 | 164 | 134 | 30 |
| 4 | ਫਰੀਦਕੋਟ | 209 | 185 | 165 | 20 |
| 5 | ਫਤਿਹਗੜ੍ਹ ਸਾਹਿਬ | 263 | 178 | 117 | 61 |
| 6 | ਫਾਜ਼ਿਲਕਾ | 1905 | 1624 | 1068 | 556 |

[ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ]

| | | | | | |
|---|---|---|---|---|---|
| 7 | ਫਿਰੋਜ਼ਪੁਰ | 1538 | 1427 | 663 | 764 |
| 8 | ਗੁਰਦਾਸਪੁਰ | 451 | 217 | 27 | 190 |
| 9 | ਹੁਸ਼ਿਆਰਪੁਰ | 630 | 321 | 162 | 159 |
| 10 | ਜਲੰਧਰ | 337 | 290 | 220 | 70 |
| 11 | ਕਪੂਰਥਲਾ | 237 | 190 | 128 | 62 |
| 12 | ਲੁਧਿਆਣਾ | 458 | 367 | 297 | 70 |
| 13 | ਮਾਨਸਾ | 1649 | 1414 | 994 | 420 |
| 14 | ਮੋਗਾ | 162 | 127 | 79 | 48 |
| 15 | ਮੁਕਤਸਰ | 1568 | 1370 | 648 | 722 |
| 16 | ਨਵਾਂਸ਼ਹਿਰ | 123 | 100 | 67 | 33 |
| 17 | ਪਠਾਨਕੋਟ | 335 | 217 | 122 | 95 |
| 18 | ਪਟਿਆਲਾ | 1290 | 811 | 723 | 88 |
| 19 | ਰੂਪਨਗਰ | 411 | 214 | 140 | 74 |
| 20 | ਸੰਗਰੂਰ | 178 | 151 | 68 | 83 |
| 21 | ਐਸ.ਏ.ਐਸ ਨਗਰ | 679 | 447 | 233 | 214 |
| 22 | ਤਰਨਤਾਰਨ | 1005 | 753 | 244 | 509 |
| | Total | 14,000 | 10,833 | 6,479 | 4,354 |

ਇਸ ਤੋਂ ਇਲਾਵਾ ਸਕੀਮ ਦੀਆਂ ਹਦਾਇਤਾਂ ਮੁਤਾਬਿਕ ਪੱਛੜੀਆਂ ਸ਼੍ਰੇਣੀਆਂ ਦੇ ਲਾਭਪਾਤਰਾਂ ਨੂੰ ਵੱਖਰੇ ਤੌਰ ਤੇ ਦਰਸਾਉਣ ਦਾ ਕੋਈ ਪ੍ਰਬੰਧ ਨਹੀਂ ਹੈ।

---

**ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ: 270****

(ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ।)

**Reply to this Unstarred Question No. 270 has not been received till 17.12.2021 i.e. the date on which this Debate was sent to the prees for final printing.

## ਹਲਕਾ ਮਹਿਲ ਕਲਾਂ ਵਿੱਚ ਆਈਆਂ ਗ੍ਰਾਂਟਾਂ ਦੇ ਵੇਰਵੇ

**271. ਸਰਦਾਰ ਕੁਲਵੰਤ ਸਿੰਘ ਪੰਡੋਰੀ:** ਕੀ ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿੰਡ ਗਾਗੇਵਾਲ, ਸਹਿਜੜਾ ਅਤੇ ਧਨੇਰ ਹਲਕਾ ਮਹਿਲ ਕਲਾਂ ਵਿੱਚ ਪਿਛਲੇ 10 ਸਾਲਾਂ ਵਿੱਚ ਕਿੰਨੀ-ਕਿੰਨੀ ਗ੍ਰਾਂਟ ਆਈ ਅਤੇ ਉਹ ਕਿੱਥੇ -ਕਿੱਥੇ ਵਰਤੀ ਗਈ ਅਤੇ ਕੀ ਉਸ ਦੇ ਵਰਤੋਂ ਸਰਟੀਫਿਕੇਟ ਦਿੱਤੇ ਗਏ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਸ਼੍ਰੀਮਾਨ ਜੀ, ਇਸ ਸਬੰਧੀ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਬਰਨਾਲਾ ਤੋਂ ਗ੍ਰਾਂਟਾਂ ਅਤੇ ਵਰਤੋਂ ਸਰਟੀਫਿਕੇਟ ਸਬੰਧੀ ਵੇਰਵੇ ਸਹਿਤ ਰਿਪੋਰਟ ਪ੍ਰਾਪਤ ਕੀਤੀ ਗਈ ਹੈ ਜੋ ਕਿ ਅਨੁਲੱਗ-ੳ ਤੇ ਹੈ ਜੀ।

### ਅਨੁਲੱਗ-ੳ

ਪਿੰਡ ਗਾਗੇਵਾਲ, ਸਹਿਜੜਾ ਅਤੇ ਧਨੇਰ, ਨੂੰ ਪਿਛਲੇ 10 ਸਾਲਾਂ ਵਿੱਚ ਪ੍ਰਾਪਤ ਹੋਈਆਂ ਗ੍ਰਾਂਟਾਂ ਅਤੇ ਉਨ੍ਹਾਂ ਦੇ ਵਰਤੋਂ ਸਰਟੀਫਿਕੇਟਾਂ ਬਾਰੇ ਵੇਰਵੇ ਹੇਠ ਲਿਖੇ ਅਨੁਸਾਰ ਹਨ:

| ਲੜੀ ਨੰਬਰ | ਜ਼ਿਲ੍ਹੇ ਦਾ ਨਾਮ | ਬਲਾਕ ਦਾ ਨਾਮ | ਗ੍ਰਾਮ ਪੰਚਾਇਤਾਂ ਦਾ ਨਾਮ | ਪਿਛਲੇ ਦਸ ਸਾਲਾਂ ਵਿੱਚ ਪ੍ਰਾਪਤ ਗ੍ਰਾਂਟ | ਗ੍ਰਾਂਟ ਜਿੱਥੇ ਖਰਚ ਕੀਤੀ ਗਈ ਦਾ ਮੰਤਵ | ਕੀ ਵਰਤੋਂ ਸਰਟੀਫਿਕੇਟ ਭੇਜ ਦਿੱਤੇ ਹਨ ਜਾਂ ਨਹੀਂ |
|---|---|---|---|---|---|---|
| | | | **ਸਾਲ 2008 ਤੋਂ 2013 ਤੱਕ** | | | |
| 1. | ਬਰਨਾਲਾ | ਮਹਿਲਕਲਾਂ | ਗਾਗੇਵਾਲ | 3.60 | ਬੋਰੀਆ ਦੀ ਧਰਮਸ਼ਾਲਾ, ਵਿਕਾਸ ਦੇ ਕੰਮ, ਸਟੇਡੀਅਮ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 2. | ਬਰਨਾਲਾ | ਮਹਿਲਕਲਾਂ | ਗਾਗੇਵਾਲ | 6.00 | ਪਸ਼ੂ ਡਿਸਪੈਂਸਰੀ, ਮਜ਼ਬੀ ਸਿੱਖਾਂ ਦੀ ਧਰਮਸ਼ਾਲਾ, ਗਲੀਆਂ ਨਾਲੀਆਂ, ਸਟੇਡੀਅਮ ਦੇ ਵਿਸਥਾਰ, ਦਲਿਤਾਂ ਦਾ ਸ਼ਮਸ਼ਾਨਘਾਟ | ਯੂ.ਸੀ. ਪ੍ਰਾਪਤ ਹੋ ਗਿਆ ਹੈ। |

[ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ]

| | | | | | |
|---|---|---|---|---|---|
| 3. | ਬਰਨਾਲਾ | ਮਹਿਲਕਲਾਂ | ਗਾਗੇਵਾਲ | 6.50 | ਮਜ਼੍ਹਬੀ ਸਿੱਖ ਧਰਮਸ਼ਾਲਾ/ ਸਬਮਰਸੀਬਲ ਪੰਪ, ਬੋਰੀਆ ਦੀਆਂ ਗਲੀਆਂ-ਨਾਲੀਆਂ/ਗੰਦੇ ਪਾਣੀ ਦਾ ਨਿਕਾਸ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 4. | ਬਰਨਾਲਾ | ਮਹਿਲਕਲਾਂ | ਗਾਗੇਵਾਲ | 3.00 | ਢਾਣੀਆਂ ਦਾ ਰਸਤਾ ਪੱਕਾ ਕਰਨ ਲਈ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 5. | ਬਰਨਾਲਾ | ਮਹਿਲਕਲਾਂ | ਗਾਗੇਵਾਲ | 1.00 | ਲੈਟਰੀਨਾਂ ਲਈ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 6. | ਬਰਨਾਲਾ | ਮਹਿਲਕਲਾਂ | ਗਾਗੇਵਾਲ | 0.93 | ਪਾਣੀ ਦਾ ਪ੍ਰਬੰਧ ਅਤੇ ਗੰਦੇ ਪਾਣੀ ਦਾ ਨਿਕਾਸ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 7. | ਬਰਨਾਲਾ | ਮਹਿਲਕਲਾਂ | ਗਾਗੇਵਾਲ | 0.66 | ਪਾਣੀ ਦਾ ਪ੍ਰਬੰਧ ਅਤੇ ਗੰਦੇ ਪਾਣੀ ਦਾ ਨਿਕਾਸ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 8. | ਬਰਨਾਲਾ | ਮਹਿਲਕਲਾਂ | ਗਾਗੇਵਾਲ | 1.00 | ਕਬਰਿਸਤਾਨ ਦਾ ਵਰਾਂਡਾ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 9. | ਬਰਨਾਲਾ | ਮਹਿਲਕਲਾਂ | ਗਾਗੇਵਾਲ | 3.00 | ਪਾਣੀ ਦੇ ਨਿਕਾਸ ਲਈ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 10. | ਬਰਨਾਲਾ | ਮਹਿਲਕਲਾਂ | ਗਾਗੇਵਾਲ | 1.00 | ਕਬਰਿਸਤਾਨ ਦਾ ਵਰਾਂਡਾ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 11. | ਬਰਨਾਲਾ | ਮਹਿਲਕਲਾਂ | ਗਾਗੇਵਾਲ | 2.00 | ਗਲੀਆਂ-ਨਾਲੀਆਂ ਲਈ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| | | | | 28.69 | | |

| | | | | | |
|---|---|---|---|---|---|
| | | ਸਾਲ 2014-18 | | | |
| 1. | ਬਰਨਾਲਾ | ਮਹਿਲਕਲਾਂ ਗਾਗੇਵਾਲ | 4.00 | ਗਲੀਆਂ-ਨਾਲੀਆਂ ਦੀ ਉਸਾਰੀ ਲਈ | ਯੂ.ਸੀ. ਪ੍ਰਾਪਤ ਕੀਤਾ ਜਾ ਰਿਹਾ ਹੈ। |
| 2. | ਬਰਨਾਲਾ | ਮਹਿਲਕਲਾਂ ਗਾਗੇਵਾਲ | 5.00 | ਗੰਦੇ ਪਾਣੀ ਦੇ ਨਿਕਾਸ ਲਈ | ਯੂ.ਸੀ. ਪ੍ਰਾਪਤ ਕੀਤਾ ਜਾ ਰਿਹਾ ਹੈ। |
| 3. | ਬਰਨਾਲਾ | ਮਹਿਲਕਲਾਂ ਗਾਗੇਵਾਲ | 2.00 | ਗਲੀਆਂ-ਨਾਲੀਆਂ ਲਈ | ਯੂ.ਸੀ. ਪ੍ਰਾਪਤ ਕੀਤਾ ਜਾ ਰਿਹਾ ਹੈ। |
| 4. | ਬਰਨਾਲਾ | ਮਹਿਲਕਲਾਂ ਗਾਗੇਵਾਲ | 3.00 | ਐਸ.ਸੀ. ਸ਼ਮਸ਼ਾਨਘਾਟ ਵਿੱਚ ਵਰਾਂਡਾ ਅਤੇ ਫ਼ਰਸ਼ ਲਈ | ਯੂ.ਸੀ. ਪ੍ਰਾਪਤ ਕੀਤਾ ਜਾ ਰਿਹਾ ਹੈ। |
| 5. | ਬਰਨਾਲਾ | ਮਹਿਲਕਲਾਂ ਗਾਗੇਵਾਲ | 5.00 | ਬਸ ਸਟੈਂਡ ਦੀ ਉਸਾਰੀ ਲਈ | ਯੂ.ਸੀ. ਪ੍ਰਾਪਤ ਕੀਤਾ ਜਾ ਰਿਹਾ ਹੈ। |
| 6. | ਬਰਨਾਲਾ | ਮਹਿਲਕਲਾਂ ਗਾਗੇਵਾਲ | 2.00 | ਵੈਟਰਨਰੀ ਹਸਪਤਾਲ ਦੀ ਚਾਰਦੀਵਾਰੀ ਅਤੇ ਫ਼ਰਸ਼ ਲਈ | ਯੂ.ਸੀ. ਪ੍ਰਾਪਤ ਕੀਤਾ ਜਾ ਰਿਹਾ ਹੈ। |
| 7. | ਬਰਨਾਲਾ | ਮਹਿਲਕਲਾਂ ਗਾਗੇਵਾਲ | 5.00 | ਪੰਚਾਇਤ ਘਰ ਦੀ ਉਸਾਰੀ ਲਈ | ਯੂ.ਸੀ. ਪ੍ਰਾਪਤ ਕੀਤਾ ਜਾ ਰਿਹਾ ਹੈ। |
| 8. | ਬਰਨਾਲਾ | ਮਹਿਲਕਲਾਂ ਗਾਗੇਵਾਲ | 2.00 | ਐਸ.ਸੀ. ਸ਼ਮਸ਼ਾਨਘਾਟ ਵਿੱਚ ਫ਼ਰਸ਼ ਲਈ ਅਤੇ ਬੋਰ ਕਰਨ ਲਈ | ਯੂ.ਸੀ. ਪ੍ਰਾਪਤ ਕੀਤਾ ਜਾ ਰਿਹਾ ਹੈ। |

[ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ]

| | | | | | | |
|---|---|---|---|---|---|---|
| 9. | ਬਰਨਾਲਾ | ਮਹਿਲਕਲਾਂ | ਗਾਗੇਵਾਲ | 10.00 | ਸਟੇਡੀਅਮ ਲਈ | ਯੂ.ਸੀ. ਪ੍ਰਾਪਤ ਕੀਤਾ ਜਾ ਰਿਹਾ ਹੈ। |
| 10. | ਬਰਨਾਲਾ | ਮਹਿਲਕਲਾਂ | ਗਾਗੇਵਾਲ | 2.00 | ਐਸ.ਸੀ. ਬਸਤੀ ਦੀਆਂ ਗਲੀਆਂ-ਨਾਲੀਆਂ ਲਈ | ਯੂ.ਸੀ. ਪ੍ਰਾਪਤ ਕੀਤਾ ਜਾ ਰਿਹਾ ਹੈ। |
| 11. | ਬਰਨਾਲਾ | ਮਹਿਲਕਲਾਂ | ਗਾਗੇਵਾਲ | 5.00 | ਸ਼ਮਸ਼ਾਨਘਾਟ ਦਾ ਰਸਤਾ ਪੱਕਾ ਕਰਨ ਲਈ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 12. | ਬਰਨਾਲਾ | ਮਹਿਲਕਲਾਂ | ਗਾਗੇਵਾਲ | 1.00 | ਬੋਰੀਆ ਸਿੱਖਾਂ ਨੂੰ ਟੈਂਟ ਦਾ ਸਮਾਨ ਖਰੀਦਣ ਲਈ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 13. | ਬਰਨਾਲਾ | ਮਹਿਲਕਲਾਂ | ਗਾਗੇਵਾਲ | 2.00 | ਸ਼ਮਸ਼ਾਨਘਾਟ ਲਈ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| | | | | 48.00 | | |
| | | | **ਸਾਲ 2008 ਤੋਂ 2013 ਤੱਕ** | | | |
| 1. | ਬਰਨਾਲਾ | ਮਹਿਲਕਲਾਂ | ਸਹਿਜੜਾ | 7.00 | ਗਲੀਆਂ-ਨਾਲੀਆਂ, ਗੰਦੇ ਪਾਣੀ ਦਾ ਨਿਕਾਸ, ਹਾਈ ਸਕੂਲ ਦੀ ਇਮਾਰਤ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 2. | ਬਰਨਾਲਾ | ਮਹਿਲਕਲਾਂ | ਸਹਿਜੜਾ | 5.00 | ਗਲੀਆਂ-ਨਾਲੀਆਂ, ਪਾਣੀ ਦਾ ਨਿਕਾਸ, ਦਲਿਤ ਘਰਾਂ ਲਈ ਮੋਟਰ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 3. | ਬਰਨਾਲਾ | ਮਹਿਲਕਲਾਂ | ਸਹਿਜੜਾ | 7.00 | ਰਾਮਦਾਸੀਆਂ/ਮਜ਼੍ਹਬੀ ਸਿੱਖ ਧਰਮਸ਼ਾਲਾ, ਅ.ਜ/ ਪਿੰਡ ਦੀਆਂ ਗਲੀਆਂ-ਨਾਲੀਆਂ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 4. | ਬਰਨਾਲਾ | ਮਹਿਲਕਲਾਂ | ਸਹਿਜੜਾ | 1.10 | ਢਾਣੀਆਂ ਦਾ ਰਸਤਾ ਪੱਕਾ ਕਰਨ ਲਈ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 5. | ਬਰਨਾਲਾ | ਮਹਿਲਕਲਾਂ | ਸਹਿਜੜਾ | 2.00 | ਲੈਟਰੀਨਾਂ ਲਈ | ਯੂ.ਸੀ. ਪ੍ਰਾਪਤ ਹੋ ਗਿਆ ਹੈ। |

| | | | | |
|---|---|---|---|---|
| 6. | ਬਰਨਾਲਾ ਮਹਿਲਕਲਾਂ ਸਹਿਜੜਾ | 2.88 | ਪਾਣੀ ਦਾ ਪ੍ਰਬੰਧ ਅਤੇ ਗੰਦੇ ਪਾਣੀ ਦਾ ਨਿਕਾਸ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 7. | ਬਰਨਾਲਾ ਮਹਿਲਕਲਾਂ ਸਹਿਜੜਾ | 3.12 | ਲੈਟਰੀਨਾਂ ਲਈ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 8. | ਬਰਨਾਲਾ ਮਹਿਲਕਲਾਂ ਸਹਿਜੜਾ | 3.00 | ਸਟੇਡੀਅਮ ਉਸਾਰੀ, ਐਸ.ਸੀ. ਸ਼ਮਸ਼ਾਨਘਾਟ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 9. | ਬਰਨਾਲਾ ਮਹਿਲਕਲਾਂ ਸਹਿਜੜਾ | 2.00 | ਮਜ਼੍ਹਬੀ, ਰਮਦਾਸੀਆ ਧਰਮਸ਼ਾਲਾ ਲਈ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 10. | ਬਰਨਾਲਾ ਮਹਿਲਕਲਾਂ ਸਹਿਜੜਾ | 2.60 | ਵਾਟਰ ਟੈਂਕ, ਜਨਰਲ ਧਰਮਸ਼ਾਲਾ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 11. | ਬਰਨਾਲਾ ਮਹਿਲਕਲਾਂ ਸਹਿਜੜਾ | 6.00 | ਖੜਵੰਜਿਆਂ ਲਈ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| | | 41.70 | | |

**ਸਾਲ 2014-2018**

| | | | | |
|---|---|---|---|---|
| 1. | ਬਰਨਾਲਾ ਮਹਿਲਕਲਾਂ ਸਹਿਜੜਾ | 8.00 | ਗੰਦੇ ਪਾਣੀ ਦੇ ਨਿਕਾਸ ਲਈ ਅੰਡਰ ਗਰਾਉਂਡ ਪਾਈਪ ਲਾਈਨ | ਯੂ.ਸੀ. ਪ੍ਰਾਪਤ ਕੀਤਾ ਜਾ ਰਿਹਾ ਹੈ। |
| 2. | ਬਰਨਾਲਾ ਮਹਿਲਕਲਾਂ ਸਹਿਜੜਾ | 8.00 | ਗਲੀਆਂ-ਨਾਲੀਆਂ ਦੀ ਉਸਾਰੀ ਲਈ | ਯੂ.ਸੀ. ਪ੍ਰਾਪਤ ਕੀਤਾ ਜਾ ਰਿਹਾ ਹੈ। |
| 3. | ਬਰਨਾਲਾ ਮਹਿਲਕਲਾਂ ਸਹਿਜੜਾ | 5.00 | ਗੰਦੇ ਪਾਣੀ ਦੇ ਨਿਕਾਸ ਲਈ ਓਪਨ ਨਾਲੇ ਦੀ ਉਸਾਰੀ ਲਈ | ਯੂ.ਸੀ. ਪ੍ਰਾਪਤ ਕੀਤਾ ਜਾ ਰਿਹਾ ਹੈ। |
| 4. | ਬਰਨਾਲਾ ਮਹਿਲਕਲਾਂ ਸਹਿਜੜਾ | 2.00 | ਰਾਮਦਾਸੀਆ ਸਿੱਖਾਂ ਦੀ ਧਰਮਸ਼ਾਲਾ ਲਈ | ਯੂ.ਸੀ. ਪ੍ਰਾਪਤ ਕੀਤਾ ਜਾ ਰਿਹਾ ਹੈ। |
| 5. | ਬਰਨਾਲਾ ਮਹਿਲਕਲਾਂ ਸਹਿਜੜਾ | 4.00 | ਸਟੇਡੀਅਮ ਵਿੱਚ ਸਟੈਪ ਅਤੇ ਚਾਰਦੀਵਾਰੀ ਲਈ | ਯੂ.ਸੀ. ਪ੍ਰਾਪਤ ਕੀਤਾ ਜਾ ਰਿਹਾ ਹੈ। |

[ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ]

| | | | | | |
|---|---|---|---|---|---|
| 6. | ਬਰਨਾਲਾ | ਮਹਿਲਕਲਾਂ | ਸਹਿਜੜਾ | 2.00 | ਜਨਰਲ ਧਰਮਸ਼ਾਲਾ ਦੇ ਕਮਰੇ ਦੀ ਉਸਾਰੀ | ਯੂ.ਸੀ. ਪ੍ਰਾਪਤ ਕੀਤਾ ਜਾ ਰਿਹਾ ਹੈ। |
| 7 | ਬਰਨਾਲਾ | ਮਹਿਲਕਲਾਂ | ਸਹਿਜੜਾ | 1.00 | ਗੰਦੇ ਪਾਣੀ ਦੇ ਨਿਕਾਸ ਲਈ ਅੰਡਰ ਗਰਾਊਂਡ ਪਾਈਪ ਲਾਈਨ | ਯੂ.ਸੀ. ਪ੍ਰਾਪਤ ਕੀਤਾ ਜਾ ਰਿਹਾ ਹੈ। |
| 8 | ਬਰਨਾਲਾ | ਮਹਿਲਕਲਾਂ | ਸਹਿਜੜਾ | 1.00 | ਗਲੀਆਂ-ਨਾਲੀਆਂ ਲਈ | ਯੂ.ਸੀ. ਪ੍ਰਾਪਤ ਕੀਤਾ ਜਾ ਰਿਹਾ ਹੈ। |
| 9. | ਬਰਨਾਲਾ | ਮਹਿਲਕਲਾਂ | ਸਹਿਜੜਾ | 2.00 | ਹੱਡਾਰੋੜੀ ਦੀ ਚਾਰਦੀਵਾਰੀ ਲਈ | ਯੂ.ਸੀ. ਪ੍ਰਾਪਤ ਕੀਤਾ ਜਾ ਰਿਹਾ ਹੈ। |
| 10. | ਬਰਨਾਲਾ | ਮਹਿਲਕਲਾਂ | ਸਹਿਜੜਾ | 2.00 | ਸਮਸ਼ਾਨਘਾਟ ਦੇ ਵਰਾਂਡੇ ਲਈ | ਯੂ.ਸੀ. ਪ੍ਰਾਪਤ ਕੀਤਾ ਜਾ ਰਿਹਾ ਹੈ। |
| 11. | ਬਰਨਾਲਾ | ਮਹਿਲਕਲਾਂ | ਸਹਿਜੜਾ | 5.00 | ਪੰਚਾਇਤ ਘਰ ਦੀ ਉਸਾਰੀ ਲਈ | ਯੂ.ਸੀ. ਪ੍ਰਾਪਤ ਕੀਤਾ ਜਾ ਰਿਹਾ ਹੈ। |
| 12. | ਬਰਨਾਲਾ | ਮਹਿਲਕਲਾਂ | ਸਹਿਜੜਾ | 3.00 | ਮਜ਼੍ਹਬੀ ਸਿੱਖ ਧਰਮਸ਼ਾਲਾ ਲਈ | ਯੂ.ਸੀ. ਪ੍ਰਾਪਤ ਕੀਤਾ ਜਾ ਰਿਹਾ ਹੈ। |
| 13. | ਬਰਨਾਲਾ | ਮਹਿਲਕਲਾਂ | ਸਹਿਜੜਾ | 2.00 | ਮਹਿਰਾ ਸਿੱਖ ਧਰਮਸ਼ਾਲਾ ਲਈ | ਯੂ.ਸੀ. ਪ੍ਰਾਪਤ ਕੀਤਾ ਜਾ ਰਿਹਾ ਹੈ। |
| 14. | ਬਰਨਾਲਾ | ਮਹਿਲਕਲਾਂ | ਸਹਿਜੜਾ | 4.00 | ਵਜੀਦਕੇ ਵਾਲੇ ਰਸਤੇ ਨੂੰ ਪੱਕਾ ਕਰਨ ਲਈ | ਯੂ.ਸੀ. ਪ੍ਰਾਪਤ ਕੀਤਾ ਜਾ ਰਿਹਾ ਹੈ। |
| 15. | ਬਰਨਾਲਾ | ਮਹਿਲਕਲਾਂ | ਸਹਿਜੜਾ | 0.48 | ਗ੍ਰਾਮ ਪੰਚਾਇਤ ਸਹਿਜੜਾ (ਬਲਾਕ ਮਹਿਲ ਕਲਾਂ) ਵਿਖੇ ਲੰਘ ਰਹੀ ਡਰੇਨ ਵਾਲੇ ਰਸਤੇ ਉੱਪਰ ਪਾਣੀ ਦੀ ਨਿਕਾਸੀ ਲਈ ਅੰਡਰ ਗਰਾਊਂਡ ਪਾਈਪਾਂ ਪਾਉਣ ਲਈ | ਯੂ.ਸੀ. ਪ੍ਰਾਪਤ ਕੀਤਾ ਜਾ ਰਿਹਾ ਹੈ। |
| | | | | 49.48 | | |

| | | | | |
|---|---|---|---|---|
| | | **ਸਾਲ 2008 ਤੋਂ 2013 ਤੱਕ** | | |
| 1. | ਬਰਨਾਲਾ ਮਹਿਲਕਲਾਂ ਧਨੇਰ | 3.00 | ਗਲੀਆਂ-ਨਾਲੀਆਂ | ਯੂ.ਸੀ.ਪ੍ਰਾਪਤ ਹੋ ਗਿਆ ਹੈ। |
| 2. | ਬਰਨਾਲਾ ਮਹਿਲਕਲਾਂ ਧਨੇਰ | 4.00 | ਰਾਮਦਾਸੀਆ/ਮਜ਼ਬੀ ਸਿੱਖਾਂ ਦੀਆਂ ਧਰਮਸ਼ਾਲਾ, ਆਂਗਣਵਾੜੀ ਸਕੂਲ ਦੇ ਕਮਰੇ ਦੀ ਛੱਤ ਬਦਲਣ ਲਈ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 3. | ਬਰਨਾਲਾ ਮਹਿਲਕਲਾਂ ਧਨੇਰ | 8.50 | ਕਬਰਿਸਤਾਨ, ਰਾਮਦਾਸੀਆ ਧਰਮਸ਼ਾਲਾ/ਸ਼ਮਸ਼ਾਨਘਾਟ, ਸਬਰਸੀਬਲ ਪੰਪ ਆਂਗਣਵਾੜੀ ਸੈਂਟਰ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 4. | ਬਰਨਾਲਾ ਮਹਿਲਕਲਾਂ ਧਨੇਰ | 1.00 | ਲੈਟਰੀਨਾਂ ਲਈ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 5. | ਬਰਨਾਲਾ ਮਹਿਲਕਲਾਂ ਧਨੇਰ | 1.50 | ਪਾਣੀ ਦਾ ਪ੍ਰਬੰਧ ਅਤੇ ਗੰਦੇ ਪਾਣੀ ਦਾ ਨਿਕਾਸ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 6. | ਬਰਨਾਲਾ ਮਹਿਲਕਲਾਂ ਧਨੇਰ | 0.93 | ਪਾਣੀ ਦਾ ਪ੍ਰਬੰਧ ਅਤੇ ਗੰਦੇ ਪਾਣੀ ਦਾ ਨਿਕਾਸ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 7. | ਬਰਨਾਲਾ ਮਹਿਲਕਲਾਂ ਧਨੇਰ | 1.80 | ਸਟੇਡੀਅਮ ਦੀ ਉਸਾਰੀ ਵਿੱਚ ਸਬਮਰਸੀਬਲ ਪੰਪ, ਮਜ਼ਬੀ ਸਿੱਖ ਸ਼ਮਸ਼ਾਨਘਾਟ ਅਤੇ ਸਬਮਰਸੀਬਲ ਪੰਪ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 8. | ਬਰਨਾਲਾ ਮਹਿਲਕਲਾਂ ਧਨੇਰ | 3.00 | ਐਸ.ਸੀ. ਧਰਮਸ਼ਾਲਾ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 9. | ਬਰਨਾਲਾ ਮਹਿਲਕਲਾਂ ਧਨੇਰ | 1.00 | ਕਬਰਿਸਤਾਨ ਦੀ ਚਾਰਦੀਵਾਰੀ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 10. | ਬਰਨਾਲਾ ਮਹਿਲਕਲਾਂ ਧਨੇਰ | 3.00 | ਖੜਵੰਜਿਆਂ ਲਈ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| | | 27.73 | | |

| | | | | |
|---|---|---|---|---|
| | | **ਸਾਲ 2014-2018** | | |
| 1. | ਬਰਨਾਲਾ ਮਹਿਲਕਲਾਂ ਧਨੇਰ | 8.00 | ਗੰਦੇ ਪਾਣੀ ਦੇ ਨਿਕਾਸ ਲਈ ਓਪਨ ਨਾਲੇ ਦੀ ਉਸਾਰੀ ਲਈ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 2. | ਬਰਨਾਲਾ ਮਹਿਲਕਲਾਂ ਧਨੇਰ | 9.00 | ਕਮਿਊਨਿਟੀ ਸੈਂਟਰ ਦੀ ਉਸਾਰੀ ਲਈ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 3. | ਬਰਨਾਲਾ ਮਹਿਲਕਲਾਂ ਧਨੇਰ | 5.00 | ਸਟੇਡੀਅਮ ਦੀ ਚਾਰਦੀਵਾਰੀ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 4. | ਬਰਨਾਲਾ ਮਹਿਲਕਲਾਂ ਧਨੇਰ | 3.00 | ਸ਼ਮਸ਼ਾਨਘਾਟ ਦੀ ਅਤੇ ਵਰਾਂਡੇ ਦੀ ਉਸਾਰੀ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 5. | ਬਰਨਾਲਾ ਮਹਿਲਕਲਾਂ ਧਨੇਰ | 3.00 | ਕਮਿਊਨਿਟੀ ਸੈਂਟਰ ਲਈ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 6. | ਬਰਨਾਲਾ ਮਹਿਲਕਲਾਂ ਧਨੇਰ | 7.00 | ਕਮਿਊਨਿਟੀ ਸੈਂਟਰ ਲਈ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| 7. | ਬਰਨਾਲਾ ਮਹਿਲਕਲਾਂ ਧਨੇਰ | 2.00 | ਮਜ਼੍ਹਬੀ ਸਿੱਖ ਧਰਮਸ਼ਾਲਾ ਲਈ | ਯੂ.ਸੀ. ਪ੍ਰਾਪਤ ਹੋ ਗਿਆ ਹੈ। |
| | | 37.00 | | |

ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ,
ਬਰਨਾਲਾ

---

## ਐਫ.ਆਈ.ਆਰ. ਤੇ ਕੀਤੀ ਕਾਰਵਾਈ ਸਬੰਧੀ

**272. ਸਰਦਾਰ ਸੁਖਪਾਲ ਸਿੰਘ ਭੁੱਲਰ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਹ ਠੀਕ ਹੈ ਕਿ ਪੁਲਿਸ ਥਾਣਾ ਪੱਟੀ, ਜ਼ਿਲ੍ਹਾ ਤਰਨਤਾਰਨ ਵਿਖੇ ਸਾਲ 1983 ਵਿੱਚ ਧਾਰਾ 302/34 ਅਧੀਨ ਦਰਜ ਐਫ.ਆਈ.ਆਰ. ਨੰ:346 ਅਜੇ ਤੱਕ ਕਾਰਵਾਈ ਲਈ ਪੈਂਡਿੰਗ ਪਈ ਹੈ; ਜੇਕਰ ਅਜਿਹਾ ਹੋਵੇ ਤਾਂ ਪੁਲਿਸ ਦੁਆਰਾ ਉਕਤ ਕੇਸ ਵਿੱਚ ਕਾਨੂੰਨ ਮੁਤਾਬਿਕ ਕੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਚੱਲ ਰਹੀ ਪੜਤਾਲ ਦੇ ਵੇਰਵੇ ਕੀ ਹਨ?

**ਕੈਪਟਨ ਅਮਰਿੰਦਰ ਸਿੰਘ :** ਨਹੀਂ ਜੀ, ਐਫ.ਆਈ.ਆਰ. ਨੰ: 346 ਅਧੀਨ

ਧਾਰਾ 302/34 ਆਈ.ਪੀ.ਸੀ. ਥਾਣਾ ਪੱਟੀ, ਜੋ ਕਿ ਸਾਲ 1983 ਵਿੱਚ ਦਰਜ ਕੀਤੀ ਗਈ ਸੀ, ਕਾਰਵਾਈ ਲਈ ਪੈਂਡਿੰਗ ਨਹੀਂ ਹੈ ਅਤੇ ਲੋੜੀਂਦਾ ਚਲਾਨ ਕੋਰਟ ਵਿੱਚ ਪੇਸ਼ ਕਰ ਦਿੱਤਾ ਗਿਆ ਹੈ।

---

## ਲਾਲ ਲਕੀਰ ਨੂੰ ਖ਼ਤਮ ਕਰਨਾ

**277. ਸਰਦਾਰ ਸਿਮਰਜੀਤ ਸਿੰਘ ਬੈਂਸ:** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਸਰਕਾਰ ਦੇ ਅਵਾਮ ਨੂੰ ਪੇਸ਼ ਆ ਰਹੀਆਂ ਔਕੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅੰਗਰੇਜ਼ ਸਰਕਾਰ ਦੁਆਰਾ ਸਥਾਪਿਤ ਕੀਤੀ ਗਈ ਲਾਲ ਲਕੀਰ ਨੂੰ ਖਤਮ ਕਰਨ ਤੇ ਵਿਚਾਰ ਕਰੇਗੀ ਤਾਂ ਜੋ ਇਸ ਤੋਂ ਪ੍ਰਭਾਵਿਤ ਲੋਕਾਂ ਨੂੰ ਰਿਹਾਇਸ਼ੀ ਮਾਲਿਕਾਨਾ ਹੱਕ ਦਿੱਤੇ ਜਾ ਸਕਣ; ਜੇਕਰ ਅਜਿਹਾ ਹੋਵੇ ਤਾਂ ਇਸ ਸਬੰਧੀ ਕਾਰਵਾਈ ਕਦੋਂ ਤੱਕ ਆਰੰਭ ਕਰ ਦਿੱਤੀ ਜਾਵੇਗੀ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ਨਹੀਂ ਜੀ। ਲਾਲ ਲਕੀਰ ਦੇ ਅੰਦਰ ਦੀਆਂ ਜ਼ਮੀਨਾਂ ਦੇ ਮਾਲਕੀ ਹੱਕ ਰਿਕਾਰਡ ਵਿੱਚ ਸ਼ਾਮਲ ਕਰਨ ਸਬੰਧੀ ਕਾਰਵਾਈ ਜ਼ੇਰੇ ਅਧੀਨ ਹੈ ਅਤੇ ਇਹ ਕਾਰਵਾਈ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵੱਲੋਂ ਕੀਤੀ ਜਾ ਰਹੀ ਹੈ। ਇਸ ਸਬੰਧੀ ਇੱਕ ਉੱਚ ਪੱਧਰੀ ਮੀਟਿੰਗ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਫੈਸਲਾ ਕੀਤਾ ਗਿਆ ਸੀ ਕਿ ਇਹ ਅੰਦਰੂਨ ਲਾਲ ਲਕੀਰ (ਅਬਾਦੀ ਦੇਹ) ਜ਼ਮੀਨ ਮਾਲ ਵਿਭਾਗ ਦੇ ਅਧਿਕਾਰ ਖੇਤਰ ਤੋਂ ਬਾਹਰ ਹੋਣ ਕਰਕੇ, ਇਸ ਸਬੰਧੀ ਮਾਲਕੀ ਦਾ ਰਿਕਾਰਡ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵੱਲੋਂ ਤਿਆਰ ਕੀਤਾ ਜਾਵੇਗਾ।

---

## ਪ੍ਰਾਈਵੇਟ ਕੰਪਨੀਆਂ ਦੀਆਂ ਏ.ਸੀ. ਬੱਸਾਂ ਲਈ ਜਾਰੀ ਕੀਤੇ ਰੂਟ ਪਰਮਿਟਾਂ ਦਾ ਵੇਰਵਾ

**278. ਸਰਦਾਰ ਕੁਲਬੀਰ ਸਿੰਘ :** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਮਾਰਚ 2013 ਤੋਂ ਹੁਣ ਤੱਕ ਸਰਕਾਰ ਵੱਲੋਂ ਪ੍ਰਾਈਵੇਟ ਕੰਪਨੀਆਂ ਦੀਆਂ ਏ.ਸੀ. ਬੱਸਾਂ ਲਈ ਕੰਪਨੀ ਵਾਈਜ਼ ਕਿੰਨੇ ਰੂਟ ਪਰਮਿਟ ਜਾਰੀ ਕੀਤੇ ਗਏ ਹਨ ਅਤੇ ਇਹ ਰੂਟ ਪਰਮਿਟ ਜਾਰੀ ਕਰਨ ਲਈ ਕੀ-ਕੀ ਮਾਪਦੰਡ ਅਪਣਾਏ ਗਏ ਹਨ;

[ਸਰਦਾਰ ਕੁਲਬੀਰ ਸਿੰਘ]

(ਅ) ਕੀ ਜ਼ੀਰਾ ਤੋਂ ਚੰਡੀਗੜ੍ਹ ਤੱਕ ਏ.ਸੀ. ਬੱਸ ਚਲਾਉਣ ਦਾ ਸਰਕਾਰ ਵਿਚਾਰ ਰੱਖਦੀ ਹੈ?

**ਸ਼੍ਰੀਮਤੀ ਅਰੁਨਾ ਚੌਧਰੀ:** (ੳ) ਮਾਰਚ 2013 ਤੋਂ ਹੁਣ ਤੱਕ ਪ੍ਰਾਈਵੇਟ ਕੰਪਨੀਆਂ ਨੂੰ ਕੋਈ ਵੀ ਏ.ਸੀ. ਬੱਸ ਦੇ ਰੂਟ ਪਰਮਿਟ ਜਾਰੀ ਨਹੀਂ ਕੀਤੇ ਗਏ ਹਨ।

(ਅ) ਜ਼ੀਰਾ ਤੋਂ ਚੰਡੀਗੜ੍ਹ ਤੱਕ ਏ.ਸੀ. ਬੱਸ ਚਲਾਉਣਾ ਇਸ ਸਮੇਂ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ਜੀ।

---

## ਪੁਲਿਸ ਕਾਂਸਟੇਬਲ ਤੋਂ ਲੈ ਕੇ ਇੰਸਪੈਕਟਰ ਰੈਂਕ ਤੱਕ ਮਿਲਣ ਵਾਲੇ ਰਾਸ਼ਨ ਭੱਤੇ ਦਾ ਵੇਰਵਾ

**279: ਸਰਦਾਰ ਕੁਲਬੀਰ ਸਿੰਘ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਸਾਲ 1990 ਤੋਂ ਹੁਣ ਤੱਕ ਪੁਲਿਸ ਕਾਂਸਟੇਬਲ ਤੋਂ ਲੈ ਕੇ ਇੰਸਪੈਕਟਰ ਰੈਂਕ ਤੱਕ ਪ੍ਰਤੀ ਮਹੀਨਾ ਕਿੰਨਾ ਰਾਸ਼ਨ ਭੱਤਾ ਮਿਲਦਾ ਹੈ ਅਤੇ ਕੀ ਸਰਕਾਰ ਦੀ ਇਹ ਭੱਤਾ ਵਧਾਉਣ ਦੀ ਕੋਈ ਤਜਵੀਜ਼ ਹੈ:

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੈ ਤਾਂ ਇਹ ਭੱਤਾ ਕਿੰਨੇ ਰੁਪਏ ਪ੍ਰਤੀ ਮਹੀਨਾ ਵਧਾਉਣ ਦਾ ਵਿਚਾਰ ਹੈ?

**ਕੈਪਟਨ ਅਮਰਿੰਦਰ ਸਿੰਘ:**

(ੳ) ਅਤੇ (ਅ) ਪੰਜਾਬ ਸਰਕਾਰ ਵੱਲੋਂ ਮਿਤੀ 01.09.1989 ਰਾਹੀਂ ਪੰਜਾਬ ਆਰਮਡ ਪੁਲਿਸ ਫੋਰਸਿਜ਼ ਨੂੰ ਹੇਠ ਦਰਸਾਏ ਰੇਟਾਂ ਤੇ ਰਾਸ਼ਨ ਭੱਤਾ ਮਨਜ਼ੂਰ ਕੀਤਾ ਸੀ:

| ਲੜੀ ਨੰਬਰ | ਪੰਜਾਬ ਪੁਲਿਸ ਦੇ ਵਿੰਗ ਦਾ ਨਾਮ | ਰਾਸ਼ੀ ਰੁਪਏ ਵਿੱਚ |
|---|---|---|
| 1 | ਪੰਜਾਬ ਆਰਮਡ ਪੁਲਿਸ<br>ਸਿਪਾਹੀ<br>ਹੌਲਦਾਰ<br>ਏ.ਐਸ.ਆਈ<br>ਸਬ. ਇੰਸਪੈਕਟਰ<br>ਇੰਸਪੈਕਟਰ | 100/-ਰੁਪਏ ਪ੍ਰਤੀ ਮਹੀਨਾ |

ਪੰਜਾਬ ਆਰਮਡ ਪੁਲਿਸ ਅਤੇ ਜ਼ਿਲ੍ਹਾ ਪੁਲਿਸ ਫੋਰਸ ਨੂੰ ਰਾਸ਼ਨ ਭੱਤਾ ਮਿਤੀ 01.11.1991 ਤੋਂ ਹੇਠ ਲਿਖੇ ਰੇਟਾਂ ਅਨੁਸਾਰ ਰਿਵਾਈਜ਼ ਕੀਤਾ ਗਿਆ ਸੀ :-

| **ਲੜੀ ਨੰਬਰ** | **ਪੰਜਾਬ ਪੁਲਿਸ ਦੇ ਵਿੰਗ ਦਾ ਨਾਮ** | **ਰਾਸ਼ੀ ਰੁਪਏ ਵਿੱਚ** |
|---|---|---|
| 1 | ਪੰਜਾਬ ਆਰਮਡ ਪੁਲਿਸ<br>ਸਿਪਾਹੀ<br>ਹੌਲਦਾਰ<br>ਏ.ਐਸ.ਆਈ<br>ਸਬ-ਇੰਸਪੈਕਟਰ<br>ਇੰਸਪੈਕਟਰ | 150/-ਰੁਪਏ ਪ੍ਰਤੀ ਮਹੀਨਾ |
| 2 | ਜ਼ਿਲ੍ਹਾ ਪੁਲਿਸ<br>ਸਿਪਾਹੀ<br>ਹੌਲਦਾਰ<br>ਏ.ਐਸ.ਆਈ<br>ਸਬ-ਇੰਸਪੈਕਟਰ<br>ਇੰਸਪੈਕਟਰ | 100/- ਰੁਪਏ ਪ੍ਰਤੀ ਮਹੀਨਾ |

ਪੰਜਾਬ ਸਰਕਾਰ ਵੱਲੋਂ ਪੱਤਰ ਨੰਬਰ 2/6/92-1ਗ5/18377-79, ਮਿਤੀ 15.09.1992 ਰਾਹੀਂ ਕਮਾਂਡੋ ਪੁਲਿਸ ਫੋਰਸ ਨੂੰ ਰਾਸ਼ਟਰੀ ਸੁਰੱਖਿਆ ਗਾਰਡ ਦੇ ਪੈਟਰਨ ਤੇ ਰਾਸ਼ਨ ਭੱਤਾ ਹੇਠ ਦਰਸਾਏ ਰੇਟ ਤੇ ਮਨਜ਼ੂਰ ਕੀਤਾ ਸੀ:

| **ਲੜੀ ਨੰਬਰ** | **ਪੰਜਾਬ ਪੁਲਿਸ ਦੇ ਵਿੰਗ ਦਾ ਨਾਮ** | **ਰਾਸ਼ੀ ਰੁਪਏ ਵਿੱਚ** |
|---|---|---|
| 1 | ਕਮਾਂਡੋ ਪੁਲਿਸ ਫੋਰਸ<br>ਸਿਪਾਹੀ<br>ਹੌਲਦਾਰ<br>ਏ.ਐਸ.ਆਈ<br>ਸਬ-ਇੰਸਪੈਕਟਰ<br>ਇੰਸਪੈਕਟਰ | 11.85/-ਰੁਪਏ ਪ੍ਰਤੀ ਦਿਨ (356/-ਰੁਪਏ ਪ੍ਰਤੀ ਮਹੀਨਾ ਲਗਭਗ) |

ਪੰਜਾਬ ਸਰਕਾਰ ਵੱਲੋਂ ਪੱਤਰ ਨੰ: 2/23/97-1ਗ5/1789, ਮਿਤੀ 23.04.2002 ਰਾਹੀਂ ਕਮਾਂਡੋ ਪੁਲਿਸ ਫੋਰਸ ਨੂੰ ਰਾਸ਼ਟਰੀ ਸੁਰੱਖਿਆ ਗਾਰਡ ਦੇ ਪੈਟਰਨ ਤੇ ਰਾਸ਼ਨ ਭੱਤੇ ਦੇ ਰੇਟ ਮਿਤੀ 01.04.2001 ਤੋਂ ਰਿਵਾਇਜ਼ ਕੀਤੇ ਗਏ। ਹੁਣ ਹੇਠ ਦਰਸਾਏ ਰੇਟਾਂ ਅਨੁਸਾਰ ਰਾਸ਼ਨ ਭੱਤਾ ਦਿੱਤਾ ਜਾ ਰਿਹਾ ਹੈ:

| ਲੜੀ ਨੰਬਰ | ਪੰਜਾਬ ਪੁਲਿਸ ਦੇ ਵਿੰਗ ਦਾ ਨਾਮ | ਰਾਸ਼ੀ ਰੁਪਏ ਵਿੱਚ |
|---|---|---|
| 1. | ਕਮਾਂਡੋ ਪੁਲਿਸ ਫੋਰਸ | |
| | ਸਿਪਾਹੀ | 25.75/- ਰੁਪਏ ਪ੍ਰਤੀ ਦਿਨ |
| | ਹੌਲਦਾਰ | (773/- ਰੁਪਏ ਪ੍ਰਤੀ |
| | ਏ.ਐਸ.ਆਈ | ਮਹੀਨਾ ਲਗਭਗ |
| | ਸਬ-ਇੰਸਪੈਕਟਰ | |
| | ਇੰਸਪੈਕਟਰ | |

ਜੇਕਰ ਰਾਸ਼ਨ ਭੱਤੇ ਵਿੱਚ ਵਾਧਾ ਕੋਈ ਹੋਵੇਗਾ, ਛੇਵੇਂ ਤਨਖਾਹ ਕਮਿਸ਼ਨ ਦੇ ਰਿਪੋਰਟ ਪੇਸ਼ ਕਰਨ ਤੋਂ ਬਾਅਦ ਵਿਚਾਰ ਲਿਆ ਜਾਵੇਗਾ।

---

**ਪੁਲਿਸ ਕਾਂਸਟੇਬਲ ਤੋਂ ਲੈ ਕੇ ਇੰਸਪੈਕਟਰ ਰੈਂਕ ਤੱਕ ਦੀ ਵਰਦੀ ਸਬੰਧੀ**

**280. ਸਰਦਾਰ ਕੁਲਬੀਰ ਸਿੰਘ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਸਾਲ 1990 ਤੋਂ ਹੁਣ ਤੱਕ ਪੁਲਿਸ ਕਾਂਸਟੇਬਲ ਤੋਂ ਲੈ ਕੇ ਇੰਸਪੈਕਟਰ ਰੈਂਕ ਤੱਕ ਵਰਦੀ (ਠੰਡੀ/ਗਰਮ) ਮੁਹੱਈਆ ਕਰਵਾਈ ਜਾ ਰਹੀ ਹੈ ਅਤੇ ਜੇਕਰ ਵਰਦੀ ਮੁਹੱਈਆ ਨਹੀਂ ਕਰਵਾਈ ਜਾ ਰਹੀ ਤਾਂ ਵਰਦੀ ਭੱਤਾ ਕਿੰਨੇ ਰੁਪਏ ਦਿੱਤਾ ਜਾ ਰਿਹਾ ਹੈ;

(ਅ) ਕੀ ਸਰਕਾਰ ਵਰਦੀ ਭੱਤਾ ਵਧਾਉਣ ਦੀ ਕੋਈ ਤਜਵੀਜ਼ ਰੱਖਦੀ ਹੈ; ਜੇਕਰ ਹੈ ਤਾਂ ਕਿੰਨੇ ਰੁਪਏ ਕੀਤੇ ਜਾ ਰਹੇ ਹਨ?

**ਕੈਪਟਨ ਅਮਰਿੰਦਰ ਸਿੰਘ:** (ੳ) ਪੰਜਾਬ ਸਰਕਾਰ ਵਲੋਂ ਸਾਲ 2008 ਤੱਕ ਕਾਂਸਟੇਬਲ ਤੋਂ ਇੰਸਪੈਕਟਰ ਰੈਂਕ ਤੱਕ ਦੇ ਮੁਲਾਜ਼ਮਾਂ ਨੂੰ ਸਰਦੀਆਂ/ਗਰਮੀਆਂ ਦੀਆਂ ਵਰਦੀਆਂ ਮੁਹੱਈਆ ਕਰਵਾਈਆਂ ਜਾਂਦੀਆਂ ਸਨ। ਸਾਲ 2008 ਤੋਂ ਇਨ੍ਹਾਂ ਪੁਲਿਸ ਮੁਲਾਜ਼ਮਾਂ ਨੂੰ ਵਰਦੀ ਭੱਤਾ ਦਿੱਤਾ ਜਾ ਰਿਹਾ ਹੈ। ਵਰਦੀ ਭੱਤੇ ਦੇ ਰੇਟ ਹੇਠ ਲਿਖੇ ਅਨੁਸਾਰ ਹਨ:

| | | | |
|---|---|---|---|
| i. | ਐਨ.ਜੀ.ਓਜ਼- | ਸ਼ੁਰੂਆਤੀ ਭੱਤਾ 3014/-ਰੁਪਏ | ਸਾਲਾਨਾ ਭੱਤਾ 1027/-ਰੁਪਏ |
| ii. | ਅਦਰਜ਼- | ਸ਼ੁਰੂਆਤੀ ਭੱਤਾ 3865/-ਰੁਪਏ | ਸਾਲਾਨਾ ਭੱਤਾ 1103/-ਰੁਪਏ |

(ਅ) ਹਾਲ ਦੀ ਘੜੀ ਅਜਿਹੀ ਕੋਈ ਤਜਵੀਜ਼ ਨਹੀਂ ਹੈ।

---

## MATTERS RAISED DURING ZERO HOUR

**ਮਾਨਯੋਗ ਸਪੀਕਰ:** ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ। ਹਾਂ ਜੀ, ਢੀਂਡਸਾ ਸਾਹਿਬ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਅਸੀਂ ਕੰਮ ਰੋਕੂ ਪ੍ਰਸਤਾਵ ਪੇਸ਼ ਕੀਤਾ ਸੀ। ਖੁਦਕੁਸ਼ੀਆਂ ਕਰ ਚੁੱਕੇ ਕਿਸਾਨਾਂ ਦੇ ਪਰਿਵਾਰਾਂ ਨਾਲ ਵਿਸ਼ਵਾਸਘਾਤ ਹੋਇਆ ਹੈ। ਸਰਕਾਰ ਨੇ ਦਸ ਲੱਖ ਰੁਪਿਆ ਅਤੇ ਸਰਕਾਰੀ ਨੌਕਰੀ ਦਾ ਵਾਅਦਾ ਕੀਤਾ ਸੀ, ਉਹ ਨਾ ਮਿਲਣ ਕਰਕੇ ਕਿਸਾਨਾਂ ਨੇ ਸੈਸ਼ਨ ਦੇ ਪਹਿਲੇ ਦਿਨ ਧਰਨਾ ਲਾਇਆ। ਤੁਸੀਂ ਜੇ ਉਨ੍ਹਾਂ ਦੇ ਹਾਲਾਤ ਦੇਖਦੇ ਤਾਂ ਸਾਰਿਆਂ ਨੂੰ ਰੋਣਾ ਆ ਜਾਂਦਾ।

**ਮਾਨਯੋਗ ਸਪੀਕਰ :** ਤੁਹਾਨੂੰ ਉਸ ਦਾ ਜਵਾਬ ਚਲਾ ਗਿਆ ਹੈ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਤੁਸੀਂ ਸਾਡਾ ਪ੍ਰਸਤਾਵ ਰਿਜੈਕਟ ਕਰਨ ਦੇ ਦੋ ਕਾਰਨ ਦਿੱਤੇ ਹਨ। ਇਕ ਤਾਂ ਤੁਸੀਂ ਕਿਹਾ ਹੈ ਕਿ ਪ੍ਰਸਤਾਵ ਦੋ ਘੰਟੇ ਪਹਿਲਾਂ ਦੇਣਾ ਹੁੰਦਾ ਹੈ। ** ** ਸਪੀਕਰ ਸਾਹਿਬ, ਸਾਡਾ ਪ੍ਰਸਤਾਵ ਰਿਜੈਕਟ ਕਰਨ ਦਾ ਦੂਸਰਾ ਕਾਰਨ ਤੁਸੀਂ ਦੱਸਿਆ ਹੈ ਕਿ ਇਹ ਕੋਈ ਤਾਜ਼ਾ ਇਸ਼ੂ ਨਹੀਂ ਹੈ। ਸਪੀਕਰ ਸਾਹਿਬ, ਹਰ ਰੋਜ਼ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ ਤੇ ਤੁਸੀਂ ਕਹਿੰਦੇ ਹੋ ਕਿ ਤਾਜ਼ਾ ਇਸ਼ੂ ਨਹੀਂ ਹੈ। (ਹੱਥ ਵਿਚ ਅਖਬਾਰ ਲਹਿਰਾਉਂਦੇ ਹੋਏ) ਆਹ ਦੇਖੋ, ਕੱਲ੍ਹ ਦੋ ਕਿਸਾਨਾਂ ਨੇ ਖੁਦਕੁਸ਼ੀ ਕੀਤੀ ਹੈ। ਇਹ ਬੜਾ ਗੰਭੀਰ ਮੁੱਦਾ ਹੈ।

**ਮਾਨਯੋਗ ਸਪੀਕਰ:** ਧੰਨਵਾਦ ਜੀ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ** **

---

** **Expunged as ordered by the Hon'ble Speaker.

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਸਪੀਕਰ ਸਾਹਿਬ, ਇਹ ਵੀ ਬੜਾ ਮਹੱਤਵਪੂਰਨ ਮਾਮਲਾ ਹੈ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਅਸੀਂ ਪ੍ਰਸਤਾਵ ਦੁਬਾਰਾ ਪੇਸ਼ ਕਰ ਦਿੰਦੇ ਹਾਂ।

**ਮਾਨਯੋਗ ਸਪੀਕਰ:** ਤੁਹਾਡਾ ਪ੍ਰਸਤਾਵ ਰਿਜੈਕਟ ਹੋ ਚੁੱਕਿਆ ਹੈ। ਜੇਕਰ ਤੁਸੀਂ ਦੁਬਾਰਾ ਮਤਾ ਪੇਸ਼ ਕਰੋਗੇ ਤਾਂ ਅਸੀਂ ਦੁਬਾਰਾ ਐਗਜ਼ਾਮਿਨ ਕਰਾਂਗੇ।

**ਸਰਦਾਰ ਬਿਕਰਮ ਸਿੰਘ ਮਜੀਠੀਆ (ਬਿਨਾਂ ਮਾਈਕ ਤੋਂ) :**** **

**ਮਾਨਯੋਗ ਸਪੀਕਰ :** ਮਜੀਠੀਆ ਸਾਹਿਬ, ਤੁਸੀਂ ਰੂਲ ਜਾਣਦੇ ਹੋ। You are aware of it.

**Sardar Bikram Singh Majithia :** ** ** I would be forced to say ਕਿ ਕੋਈ ਮੌਕਾ ਜੋ ਸਰਕਾਰ ਨੂੰ ਨਹੀਂ ਸੂਟ ਕਰਦਾ ਹੈ, ਭਾਵੇਂ ਉਹ ਘਰ-ਘਰ ਨੌਕਰੀ ਦਾ ਕਹਿ ਲਓ, ਭਾਵੇਂ ਉਹ ਕਿਸਾਨ ਖੁਦਕੁਸ਼ੀ ਦਾ ਕਹਿ ਲਓ ਜਾਂ ਜੋ ਵਾਅਦੇ ਸਰਕਾਰ ਕਰਕੇ ਆਈ ਹੈ, ਕੋਈ ਵੀ ਮੁੱਦਾ ਅਸੀਂ ਲੈ ਕੇ ਆਈਏ ਭਾਵੇ ਂ ਟੀਚਰਾਂ ਨੂੰ ਕੁੱਟ ਪੈਣ ਦਾ ਮਾਮਲਾ ਲੈ ਕੇ ਆਈਏ ਤਾਂ ਉਸ ਨੂੰ ਤੁਸੀਂ ਕਹਿ ਦਿੰਦੇ ਹੋ ਕਿ ਮਾਮੂਲੀ ਮਾਮਲਾ ਹੈ। ਹਰ ਚੀਜ਼ ਹੀ ਮਾਮੂਲੀ ਹੋ ਗਈ ਹੈ। ਸਪੀਕਰ ਸਾਹਿਬ, ਅਸੀਂ ਕਿੱਥੇ ਜਾ ਕੇ ਇਹ ਗੱਲ ਕਰੀਏ ** **।

ਦੂਜੀ ਗੱਲ ਸਪੀਕਰ ਸਾਹਿਬ, ਤੁਸੀਂ ਕਿਹਾ ਹੈ ਕਿ ਤਾਜ਼ਾ ਮਾਮਲਾ ਨਹੀਂ ਹੈ। ਅੱਜ ਦੀ ਅਖਬਾਰ ਦੀ reporting ਹੈ ਜੀ। ਖੁਦਕੁਸ਼ੀ ਕਰਨ ਦਾ ਕਾਰਨ ਸਿਰਫ ਇੱਕ ਲੱਖ ਰੁਪਏ ਦਾ ਕਰਜ਼ਾ ਸੀ, ਵਿਚਾਰਾ ਖੁਦਕੁਸ਼ੀ ਕਰ ਗਿਆ। ਇਹ ਹਾਲੇ ਵੀ ਤਾਜ਼ਾ ਨਹੀਂ ਹੈ ਜੀ। ਸਰ, ਤੁਹਾਨੂੰ ਇੰਨੀ ਬੇਰਹਿਮੀ ਨਹੀਂ ਵਰਤਣੀ ਚਾਹੀਦੀ। ਤੁਸੀਂ ਇੰਨੇ ਅਜ਼ੀਮ ਸਦਨ ਦੇ ਸਪੀਕਰ ਹੋ, ਇੰਨੇ ਸਤਿਕਾਰਯੋਗ ਹੋ, ਇੰਨੇ ਦਰਿਆ ਦਿਲ ਇਨਸਾਨ ਹੋ। ਮੈਨੂੰ ਪਤਾ ਹੈ ਕਿ ਤੁਹਾਨੂੰ ਵੀ ਦਰਦ ਹੋ ਰਿਹਾ ਹੈ। ਉਸ ਦਰਦ ਨੂੰ ਉਜਾਗਰ ਕਰ ਲੈਣ ਦਿਓ। ਸਪੀਕਰ ਸਾਹਿਬ, ਤੁਸੀਂ ਡਾਇਰੈਕਸ਼ਨ ਦਿਓ ਕਿ ਖੁਦਕੁਸ਼ੀ ਕਰਨ ਵਾਲਿਆਂ ਦੇ ਪਰਿਵਾਰਾਂ ਨੂੰ 10-10 ਲੱਖ ਰੁਪਿਆ, ਜੋ ਕਾਂਗਰਸ ਨੇ ਮੁਆਵਜ਼ਾ ਲਾਇਆ ਸੀ ਉਹ ਦੇ ਦੇ ਣ। ਇਹ ਪੈਸਾ (ਰਕਮ) ਇੱਕ-ਇੱਕ ਸਰਕਾਰੀ ਮੰਤਰੀ ਦੇਵੇ। ਕੁੱਲ 919 ਪਰਿਵਾਰ ਇਸ ਵਿੱਚ ਆਉਂਦੇ ਹਨ। ਸਪੀਕਰ ਸਾਹਿਬ, ਤੁਸੀਂ ਲਾਗੂ ਕਰਵਾ ਦਿਓ। ** **

**ਮਾਨਯੋਗ ਸਪੀਕਰ:** ਲਓ ਫਿਰ ਤੁਸੀਂ ਸੁਣ ਲਓ, Rule 60(1) of the Rules of

**Expunged as ordered by the Hon'ble Speaker.

Procedure and Conduct of Business in the Vidhan Sabha says: "Notice of an Adjournment Motion shall be given in writing not less than two hours before the commencement of the sitting on the day on which the Motion is proposed to be made to the Secretary".

Why did you not give it to the Secretary?

**Sardar Bikram Singh Majithia :** ** **

**ਮਾਨਯੋਗ ਸਪੀਕਰ:** ਵਿਧਾਨ ਸਭਾ ਦਾ ਮੈਟਰ ਡਿਸਕਸ ਨਹੀਂ ਹੋ ਸਕਦਾ। You have raised the issue, I shall take care.

**ਸਰਦਾਰ ਬਿਕਰਮ ਸਿੰਘ ਮਜੀਠੀਆ:** ** **

**ਮਾਨਯੋਗ ਸਪੀਕਰ:** ਇਸ ਤਰ੍ਹਾਂ ਨਾ ਕਰੋ। ਹੁਣ ਕਾਫੀ ਹੋ ਗਿਆ ਹੈ। ਅਗਲੇ ਨੂੰ ਬੋਲਣ ਦਿਓ।

---

## RESOLUTION REGARDING RECOMMENDATION TO THE STATE GOVERNMENT TO APPROACH THE CENTRAL GOVT. FOR CONDUCTING ELECTIONS TO THE SHIROMANI GURUDWARA PARBANDAK COMMITTEE AS ITS TERM HAS EXPIRED IN DECEMBER, 2016.

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਸਪੀਕਰ ਸਾਹਿਬ, ਮੁੱਦਾ ਇਹ ਵੀ ਬੜਾ ਇੰਪਾਰਟੈਂਟ ਹੈ, ਇਸ ਤੇ ਵੀ ਟਾਈਮ ਦੇਣਾ ਚਾਹੀਦਾ ਹੈ ਪਰ ਸਪੀਕਰ ਸਾਹਿਬ, ਕੱਲ੍ਹ ਮੈਂ ਸਦਨ ਦੇ ਟੇਬਲ ਤੇ ਪ੍ਰਧਾਨ ਮੰਤਰੀ ਜੀ ਵੱਲੋਂ ਆਈ ਚਿੱਠੀ ਦਾ ਜਵਾਬ ਰੱਖਿਆ ਸੀ ਜਿਸ ਵਿੱਚ ਪ੍ਰਧਾਨ ਮੰਤਰੀ ਜੀ ਵੱਲੋਂ, ਸੈਂਟਰ ਸਰਕਾਰ ਵੱਲੋਂ ਇਹ ਕਿਹਾ ਗਿਆ ਹੈ ਕਿ ਐਸ.ਜੀ.ਪੀ.ਸੀ ਦਾ tenure, ਕਾਰਜਕਾਲ ਦਸੰਬਰ 2016 ਵਿੱਚ ਖ਼ਤਮ ਹੋ ਗਿਆ ਹੈ ਅਤੇ ਚੀਫ ਇਲੈਕਸ਼ਨ ਕਮਿਸ਼ਨਰ, ਗੁਰਦੁਆਰਾ ਇਲੈਕਸ਼ਨਜ਼ appoint ਕਰਨ ਵਾਸਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੋਂ ਪੈਨਲ ਮੰਗਵਾ ਲਿਆ ਹੈ। ਸਦਨ ਦਾ ਇਹ ਫਰਜ਼ ਬਣ ਜਾਂਦਾ ਹੈ ਕਿ ਇਹ ਚੋਣਾਂ ਟਾਈਮ ਸਿਰ ਹੋਣ। ਮੈਂ ਇਸ ਕਰਕੇ ਕੱਲ੍ਹ ਵੀ ਇੱਕ ਬੇਨਤੀ ਕੀਤੀ ਸੀ ਕਿ ਸਦਨ ਇੱਕ ਮਤਾ ਪਾਸ ਕਰੇ। ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਸਾਹਿਬ, ਮੈਂ ਤੁਹਾਨੂੰ ਅਤੇ ਇਸ ਸਦਨ ਨੂੰ, ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਹ ਸਦਨ ਦਾ ਫਰਜ਼ ਬਣ ਜਾਂਦਾ ਹੈ, ਚਾਹੇ ਇਹ ਸੈਂਟਰ ਸਰਕਾਰ ਨੇ ਕਰਨਾ ਹੈ ਪਰ ਇਹ ਸਦਨ ਸੈਂਟਰ ਸਰਕਾਰ ਨੂੰ ਕਹੇ ਕਿ ਦੋ ਸਾਲ ਹੋ ਗਏ ਹਨ, ਇਹ ਚੋਣਾਂ ਨਹੀਂ ਹੋਈਆਂ। ਇਨ੍ਹਾਂ ਚੋਣਾਂ ਨੂੰ ਜਲਦੀ ਕਰਵਾਉਣ ਵਾਸਤੇ

---

**Expunged as ordered by the Hon'ble Speaker.

[ਸਰਦਾਰ ਹਰਵਿੰਦਰ ਸਿੰਘ ਫੂਲਕਾ]

ਪੈਨਲ ਉਨ੍ਹਾਂ ਕੋਲ ਪਹੁੰਚ ਗਿਆ ਹੈ। ਚੀਫ ਇਲੈਕਸ਼ਨ ਕਮਿਸ਼ਨਰ, ਗੁਰਦੁਆਰਾ ਇਲੈਕਸ਼ਨਜ਼ ਦੀ ਐਪੁਆਇੰਟਮੈਂਟ ਜਲਦੀ ਤੋਂ ਜਲਦੀ ਹੋਣੀ ਚਾਹੀਦੀ ਹੈ। ਮੇਰੀ ਪੰਜਾਬ ਸਰਕਾਰ ਨੂੰ ਵੀ ਬੇਨਤੀ ਹੈ ਅਤੇ ਪੰਜਾਬ ਸਰਕਾਰ ਦਾ ਵੀ ਇਹ ਫਰਜ਼ ਬਣ ਜਾਂਦਾ ਹੈ ਕਿ ਐਸ.ਜੀ.ਪੀ.ਸੀ. ਸਿਰਫ ਸਿੱਖ ਕੌਮ ਲਈ ਹੀ ਨਹੀਂ ਸਗੋਂ ਸਾਰੇ ਪੰਜਾਬ ਵਾਸਤੇ ਇੱਕ ਬਹੁਤ ਵੱਡਾ ਰੋਲ ਪਲੇਅ ਕਰਦੀ ਹੈ। (ਵਿਘਨ, ਸ਼ੋਰ) ਇਹ ਮੈਟਰ ਸੈਂਟਰ ਸਰਕਾਰ ਨਾਲ ਟੇਕ-ਅੱਪ ਕੀਤਾ ਜਾਵੇ। ਮੇਰੀ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਉਹ ਜਾ ਕੇ ਗ੍ਰਹਿ ਮੰਤਰੀ ਜੀ ਨੂੰ ਮਿਲਣ ਅਤੇ ਗ੍ਰਹਿ ਮੰਤਰੀ ਜੀ ਨੂੰ ਕਹਿਣ ਕਿ ਜਲਦੀ ਤੋਂ ਜਲਦੀ ਇਸ ਦੀ ਐਪੁਆਇੰਟਮੈਂਟ ਹੋਣੀ ਚਾਹੀਦੀ ਹੈ। ਜੇ ਮੈਨੂੰ ਇਜਾਜ਼ਤ ਹੋਵੇ ਤਾਂ ਮੈਂ ਇਹ ਪਰਪੋਜ਼ ਕਰਦਾ ਹਾਂ ਕਿ ਇਹ ਮਤਾ ਪਾਸ ਕੀਤਾ ਜਾਵੇ। (ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਸੀ.ਐਮ. ਸਾਹਿਬ ਬੋਲਣਾ ਚਾਹੁੰਦੇ ਹਨ।

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ) :** ਮੈਂ ਮੈਂਬਰ ਸਾਹਿਬ ਨਾਲ ਬਿਲਕੁਲ ਸਹਿਮਤ ਹਾਂ। (ਟਰੇਜ਼ਰੀ ਬੈਂਚਿਜ਼ ਅਤੇ ਆਮ ਆਦਮੀ ਪਾਰਟੀ ਦੇ ਬੈਂਚਿਜ਼ ਵੱਲੋਂ ਥੰਪਿੰਗ) ਜਿਹੜਾ ਗੁਰਦੁਆਰਾ ਐਕਟ ਹੈ, ਇਹ ਨੈਸ਼ਨਲ ਐਕਟ ਹੈ, ਪਾਰਲੀਮੈਂਟਰੀ ਐਕਟ ਹੈ ਲੇਕਿਨ ਇਹ 3 ਸਾਲ ਤੋਂ ਇਲੈਕਸ਼ਨਾਂ ਨਹੀਂ ਕਰਵਾ ਰਹੇ। ਇਨ੍ਹਾਂ ਨੇ ਜੋ ਸੁਜੈਸ਼ਨਾਂ ਦਿੱਤੀਆਂ ਹਨ, I will certainly meet the Home Minister ਅਤੇ ਮੈਂ ਉਨ੍ਹਾਂ ਨੂੰ ਕਹਾਂਗਾ ਕਿ you cannot have in a democracy ਕਿ ਤਿੰਨ-ਤਿੰਨ ਸਾਲ ਇਲੈਕਸ਼ਨਾਂ ਨਾ ਕਰਵਾਉ। ਇਲੈਕਸ਼ਨਾਂ ਹੋਣੀਆਂ ਚਾਹੀਦੀਆਂ ਹਨ। (ਥੰਪਿੰਗ) It is the right of everybody ਤਾਂ ਕਿ ਪੰਜਾਬ ਵਿੱਚ ਲੋਕ ਗੁਰਦੁਆਰਿਆਂ ਵਾਸਤੇ ਆਪਣੀ ਵੋਟ ਪਾ ਸਕਣ। (ਵਿਘਨ, ਸ਼ੋਰ)ਸਪੀਕਰ ਸਾਹਿਬ, ਮੈਂ ਰੈਜ਼ੋਲਿਊਸ਼ਨ ਮੂਵ ਕਰਨਾ ਚਾਹੁੰਦਾ ਹਾਂ ਕਿ this House authorize me to take this issue with the Government of India. (ਟਰੇਜ਼ਰੀ ਬੈਂਚਿਜ਼ ਅਤੇ ਆਮ ਆਦਮੀ ਪਾਰਟੀ ਦੇ ਬੈਂਚਿਜ਼ ਵੱਲੋਂ ਥੰਪਿੰਗ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਦੀ ਆਗਿਆ ਮੰਗ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ :** ਹਾਂ ਜੀ, ਐਨ.ਕੇ. ਸ਼ਰਮਾ ਜੀ। ਅਰੋੜਾ ਜੀ, ਬੈਠ ਜਾਇਆ ਕਰੋ। ਉਹ ਤੁਹਾਡੇ ਤੋਂ ਬਹੁਤ ਦੇਰ ਪਹਿਲਾਂ ਦੇ ਖੜ੍ਹੇ ਹਨ।

**ਸ਼੍ਰੀ ਐਨ.ਕੇ. ਸ਼ਰਮਾ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਪਹਿਲਾਂ ਇਹ ਤਾਂ ਕਲੀਅਰ ਕਰ ਦਿਉ ਕਿ ਫੂਲਕਾ ਸਾਹਿਬ ਹਾਊਸ ਦੇ ਮੈਂਬਰ ਹਨ ਵੀ ਕਿ ਨਹੀਂ। ਫੂਲਕਾ ਸਾਹਿਬ ਬੈਠੇ ਹਨ, ਮੈਂ ਤੁਹਾਡੇ ਰਾਹੀਂ ਪੁੱਛਾਂਗਾ ਕਿ ਇਨ੍ਹਾਂ ਨੇ ਅਸਤੀਫਾ ਵਾਪਸ ਲਿਆ ਹੈ ਜਾਂ ਇੱਧਰ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਗਿੱਟ-ਮਿੱਟ ਹੋਈ ਹੈ, ਇਸ ਕਰਕੇ ਵਿਧਾਨ ਸਭਾ ਵਿੱਚ ਬੈਠੇ ਹਨ।(ਸ਼ੋਰ) ਸਪੀਕਰ ਸਾਹਿਬ, ਇਹ ਡੈਮੋਕਰੇਸੀ ਦਾ ਕਤਲ ਨਹੀਂ ਕਿ ਇੱਕ ਰਿਜ਼ਾਇਨ ਦਿੱਤਾ ਹੋਇਆ ਵਿਅਕਤੀ ਤੁਹਾਡੇ ਸਾਹਮਣੇ ਹਾਊਸ ਵਿੱਚ ਬੈਠਾ ਹੈ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਬੋਲ ਰਹੇ ਸਨ। ਸਦਨ ਵਿੱਚ ਕਾਫੀ ਸ਼ੋਰ ਸੀ ਅਤੇ ਕੁਝ ਵੀ ਸੁਣਾਈ ਨਹੀਂ ਦੇ ਰਿਹਾ ਸੀ।)

**ਸ਼੍ਰੀ ਐਨ.ਕੇ. ਸ਼ਰਮਾ :** ਸਪੀਕਰ ਸਾਹਿਬ, ਸਪੀਕਰ ਸਾਹਿਬ...... (ਵਿਘਨ, ਸ਼ੋਰ) ਸਪੀਕਰ ਸਾਹਿਬ, ਜਵਾਬ ਦਿਉ। ਫੂਲਕਾ ਸਾਹਿਬ ਦੱਸਣ ਕਿ ਉਹ ਮੈਂਬਰ ਹਨ ਕਿ ਨਹੀਂ?

**ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ) :** ਫੂਲਕਾ ਸਾਹਿਬ ਚੁਣੇ ਹੋਏ ਨੁਮਾਇੰਦੇ ਹਨ। ਫੂਲਕਾ ਸਾਹਿਬ ਅਤੇ ਕੈਪਟਨ ਸਾਹਿਬ ਨੇ ਜੋ ਅੱਜ ਕੀਤਾ ਹੈ, ਉਸ ਨਾਲ ਇਤਿਹਾਸ ਵਿੱਚ ਇਹ ਦੋਨੋਂ ਅਮਰ ਹੋ ਗਏ ਹਨ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਜਿਨ੍ਹਾਂ ਨੂੰ ** ** ਲਗਦੀਆਂ ਹਨ, ਲੱਗਣ ਦਿਉ। (ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ** ** ਸ਼ਬਦ ਐਕਸਪੰਜ ਕਰ ਦਿੱਤਾ ਜਾਵੇ।

**ਸ਼੍ਰੀ ਅਮਨ ਅਰੋੜਾ :** ਸਪੀਕਰ ਸਾਹਿਬ, ਮੈਂ ਤਿੰਨ ਕਾਲ ਅਟੈਂਸ਼ਨ ਮੋਸ਼ਨਜ਼ ਮੂਵ ਕੀਤੀਆਂ ਸਨ। (ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਤੁਸੀਂ ਇਸ ਤੇ ਕੁਝ ਕਹਿਣਾ ਹੈ? (ਸ਼ੋਰ)

**ਸ਼੍ਰੀ ਅਮਨ ਅਰੋੜਾ :** ਸਪੀਕਰ ਸਾਹਿਬ......

**ਮਾਨਯੋਗ ਸਪੀਕਰ :** ਪਹਿਲਾਂ ਇਸ ਇਸ਼ੂ ਨੂੰ ਖ਼ਤਮ ਹੋ ਲੈਣ ਦਿਉ। (ਸ਼ੋਰ)

---

** ** Expunged as ordered by the Chair.

**ਸ਼੍ਰੀ ਅਮਨ ਅਰੋੜਾ :** ਮੈਂ ਸਿਰਫ ਸਮਝਾ ਹੀ ਸਕਦਾ ਹਾਂ। (ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਫੂਲਕਾ ਜੀ ਮੁੱਖ ਮੰਤਰੀ ਜੀ ਦੇ ਸੁਝਾਅ ਮੁਤਾਬਿਕ ਮਤਾ ਪੇਸ਼ ਕਰਨ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

"ਕਿ ਇਹ ਸਦਨ ਸਿਫਾਰਸ਼ ਕਰਦਾ ਹੈ ਕਿ ਰਾਜ ਸਰਕਾਰ ਵੱਲੋਂ ਕੇਂਦਰ ਸਰਕਾਰ ਤੱਕ ਪਹੁੰਚ ਕੀਤੀ ਜਾਵੇ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਸੰਬਰ, 2016 ਤੋਂ ਖਤਮ ਹੋ ਚੁੱਕੇ ਕਾਰਜਕਾਲ ਕਾਰਨ ਇਸ ਦੀਆਂ ਚੋਣਾਂ ਕਰਵਾਈਆਂ ਜਾਣ ਅਤੇ ਇਸ ਵਾਸਤੇ ਚੀਫ ਕਮਿਸ਼ਨਰ ਗੁਰਦੁਆਰਾ ਇਲੈਕਸ਼ਨਜ਼ ਦੀ ਜਲਦੀ ਤੋਂ ਜਲਦੀ ਨਿਯੁਕਤੀ ਕੀਤੀ ਜਾਵੇ।

ਇਹ ਸਦਨ ਇਹ ਵੀ ਪ੍ਰਸਤਾਵ ਕਰਦਾ ਹੈ ਕਿ ਕੇਂਦਰ ਸਰਕਾਰ ਤੱਕ ਇਹ ਮਾਮਲਾ ਉਠਾਉਣ ਲਈ ਮੁੱਖ ਮੰਤਰੀ, ਪੰਜਾਬ ਨੂੰ ਅਧਿਕਾਰਤ ਕੀਤਾ ਜਾਵੇ।"

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

"ਕਿ ਇਹ ਸਦਨ ਸਿਫਾਰਸ਼ ਕਰਦਾ ਹੈ ਕਿ ਰਾਜ ਸਰਕਾਰ ਵੱਲੋਂ ਕੇਂਦਰ ਸਰਕਾਰ ਤੱਕ ਪਹੁੰਚ ਕੀਤੀ ਜਾਵੇ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਸੰਬਰ, 2016 ਤੋਂ ਖਤਮ ਹੋ ਚੁੱਕੇ ਕਾਰਜਕਾਲ ਕਾਰਨ ਇਸ ਦੀਆਂ ਚੋਣਾਂ ਕਰਵਾਈਆਂ ਜਾਣ ਅਤੇ ਇਸ ਵਾਸਤੇ ਚੀਫ ਕਮਿਸ਼ਨਰ ਗੁਰਦੁਆਰਾ ਇਲੈਕਸ਼ਨਜ਼ ਦੀ ਜਲਦੀ ਤੋਂ ਜਲਦੀ ਨਿਯੁਕਤੀ ਕੀਤੀ ਜਾਵੇ।

ਇਹ ਸਦਨ ਇਹ ਵੀ ਪ੍ਰਸਤਾਵ ਕਰਦਾ ਹੈ ਕਿ ਕੇਂਦਰ ਸਰਕਾਰ ਤੱਕ ਇਹ ਮਾਮਲਾ ਉਠਾਉਣ ਲਈ ਮੁੱਖ ਮੰਤਰੀ, ਪੰਜਾਬ ਨੂੰ ਅਧਿਕਾਰਤ ਕੀਤਾ ਜਾਵੇ।"

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

"ਕਿ ਇਹ ਸਦਨ ਸਿਫਾਰਸ਼ ਕਰਦਾ ਹੈ ਕਿ ਰਾਜ ਸਰਕਾਰ ਵੱਲੋਂ ਕੇਂਦਰ ਸਰਕਾਰ ਤੱਕ ਪਹੁੰਚ ਕੀਤੀ ਜਾਵੇ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਸੰਬਰ, 2016 ਤੋਂ ਖਤਮ ਹੋ ਚੁੱਕੇ ਕਾਰਜਕਾਲ ਕਾਰਨ ਇਸ ਦੀਆਂ ਚੋਣਾਂ ਕਰਵਾਈਆਂ ਜਾਣ ਅਤੇ ਇਸ ਵਾਸਤੇ ਚੀਫ ਕਮਿਸ਼ਨਰ ਗੁਰਦੁਆਰਾ ਇਲੈਕਸ਼ਨਜ਼ ਦੀ ਜਲਦੀ ਤੋਂ ਜਲਦੀ ਨਿਯੁਕਤੀ ਕੀਤੀ ਜਾਵੇ।

ਇਹ ਸਦਨ ਇਹ ਵੀ ਪ੍ਰਸਤਾਵ ਕਰਦਾ ਹੈ ਕਿ ਕੇਂਦਰ ਸਰਕਾਰ ਤੱਕ ਇਹ ਮਾਮਲਾ ਉਠਾਉਣ ਲਈ ਮੁੱਖ ਮੰਤਰੀ, ਪੰਜਾਬ ਨੂੰ ਅਧਿਕਾਰਤ ਕੀਤਾ ਜਾਵੇ।"

***ਪ੍ਰਸਤਾਵ ਪ੍ਰਵਾਨ ਹੋਇਆ।*** (ਥੰਪਿੰਗ)

---

## MATTERS RAISED DURING ZERO HOUR *(Resumption)*

**ਮਾਨਯੋਗ ਸਪੀਕਰ :** ਕਿਸੇ ਨੇ ਜ਼ੀਰੋ ਆਵਰ ਤੇ ਬੋਲਣਾ ਹੈ?

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੈਂਬਰ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ):** ਅੱਜ ਲੋਕਤੰਤਰ ਨੂੰ ਡੰਡਾਤੰਤਰ ਬਣਾਉਣ ਵਾਲਿਆਂ ਦਾ ਅਸੀਂ ਡੰਡਾ ਖੋਹ ਲਿਆ ਹੈ..... ਅਸੀਂ ਇਨ੍ਹਾਂ ਦਾ ਡੰਡਾ ਖੋਹ ਲਿਆ ਹੈ।

**ਮਾਨਯੋਗ ਸਪੀਕਰ :** ਲੀਡਰ ਆਫ ਦਿ ਆਪੋਜ਼ੀਸ਼ਨ, ਚੀਮਾ ਸਾਹਿਬ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਮੈਂ ਮੇਰੇ ਭਰਾਵਾਂ ਨੂੰ ਪੁੱਛਣਾ ਚਾਹੁੰਦਾ ਹਾਂ, ਮੈਂ ਮਜੀਠੀਆ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਇਲੈਕਸ਼ਨ ਕਰਵਾਉਣ ਦੇ ਹੱਕ ਵਿੱਚ ਹਨ ਜਾਂ ਨਹੀਂ? ਸਪੀਕਰ ਸਾਹਿਬ, ਮੈਂਬਰ ਸਾਹਿਬ ਦੱਸ ਦੇਣ। ਸ਼ਰਮਾ ਜੀ, ਢੀਂਡਸਾ ਸਾਹਿਬ, ਮਜੀਠੀਆ ਜੀ ਇਲੈਕਸ਼ਨ ਕਰਵਾਉਣ ਦੇ ਹੱਕ ਵਿੱਚ ਹਨ ਜਾਂ ਵਿਰੋਧ ਵਿੱਚ ਹਨ?(ਵਿਘਨ, ਸ਼ੋਰ) ਸਰ, ਪੁੱਛ ਤਾਂ ਲਓ ਪਲੀਜ਼ ਕਿ ਇਹ ਹੱਕ ਵਿੱਚ ਹਨ ਜਾਂ ਵਿਰੋਧ ਵਿੱਚ ਹਨ? (ਵਿਘਨ, ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ਕਿਸ ਨੇ ਬੋਲਣਾ ਹੈ, ਇੱਕ ਮੈਂਬਰ ਬੋਲੋ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਵਾਉਣੀਆਂ ਚਾਹੁੰਦੇ ਹਨ ਜਾਂ ਨਹੀਂ?

**ਮਾਨਯੋਗ ਸਪੀਕਰ:** ਮਜੀਠੀਆ ਸਾਹਿਬ ਨੇ ਬੋਲਣਾ ਹੈ ਤਾਂ ਇਕੱਲੇ ਬੋਲ ਲੈਣ, ਬਾਕੀਆਂ ਨੂੰ ਬਿਠਾ ਦਿਓ। (ਵਿਘਨ)

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, I want to understand one thing ਕਿ Constitution ਦੇ ਸ਼ਡਿਊਲ 10 ਵਿੱਚ ਬੜਾ ਕਲੀਅਰ ਹੈ ਕਿ ਜੇ ਕੋਈ ਆਪਣੀ ਪ੍ਰਾਇਮਰੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਜਾਂਦਾ ਹੈ.... ਉਨ੍ਹਾਂ ਨੇ ਤਾਂ ਤੁਹਾਨੂੰ ਲਿਖਤੀ ਅਸਤੀਫ਼ਾ ਦੇ ਦਿੱਤਾ ਹੈ, ਤੁਹਾਨੂੰ ਕਹਿ ਵੀ ਦਿੱਤਾ ਹੈ ਪਰ ਸਪੀਕਰ ਸਾਹਿਬ, ਮੈਨੂੰ ਸਮਝ ਨਹੀਂ ਆਇਆ। ਸੁੱਖੀ ਰੰਧਾਵਾ ਜੀ ਨੇ ਇਨ੍ਹਾਂ ਦੇ ਕੰਨ ਵਿੱਚ ਫੂਕ ਮਾਰ ਦਿੱਤੀ ਤੇ ਇਹ ਨਾਲ ਵਾਲੇ ਕਮਰੇ ਵਿੱਚ ਚਲੇ ਗਏ, ਇਹ ਆਪਸ ਵਿੱਚ ਲੜੀ ਜਾਣ ਪਰ ਸਪੀਕਰ ਸਾਹਿਬ, constitutional crisis ਖੜ੍ਹਾ ਹੋ ਗਿਆ ਹੈ। We don't

know who is Member. We don't know ਕਿ ਕੌਣ ਆਪ ਪਾਰਟੀ ਵਿੱਚ ਹੈ ਅਤੇ ਕੌਣ ਰਿਬੇਲ ਪਾਰਟੀ ਵਿੱਚ ਹੈ। ਇਹ ਤਾਂ ਕਾਂਗਰਸ ਦੀ ਬੀ-ਟੀਮ ਬਣੀ ਹੈ।(ਵਿਘਨ, ਸ਼ੋਰ) ਸਪੀਕਰ ਸਾਹਿਬ, ਮੈਚ ਫਿਕਸਿੰਗ ਸੁਣੀ ਸੀ, ਅੱਜ ਵਿਧਾਨ ਸਭਾ ਵਿੱਚ ਰੂਲਿੰਗ ਅਤੇ ਆਪੋਜ਼ੀਸ਼ਨ ਪਾਰਟੀ ਦੀ ਮੈਚ ਫਿਕਸਿੰਗ ਅੱਖੀਂ ਦੇਖ ਲਈ ਹੈ। ਤੁਸੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਲੈਕਸ਼ਨ ਕਰਵਾਓ, ਜੀ ਸਦਕੇ ਕਰਵਾਓ, ਇਲੈਕਸ਼ਨ ਹੋਣੀ ਚਾਹੀਦੀ ਹੈ, ਉਹ ਕੋਈ ਗੱਲ ਨਹੀਂ ਹੈ ਮਗਰ ਸਪੀਕਰ ਸਾਹਿਬ, ਜਿਸ ਤਰੀਕੇ ਨਾਲ ਲੋਕਤੰਤਰ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ, ਤੁਸੀਂ Constitution ਦੇ ਰਖਵਾਲੇ ਹੋ ਤੁਸੀਂ ਇਸ ਗੱਲ ਦਾ ਫੈਸਲਾ ਦੇਣਾ ਹੈ ਕਿ ਇਹ ਐਮ.ਐਲ.ਏ. ਹਨ ਜਾਂ ਨਹੀਂ? (ਵਿਘਨ)

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਤੋਂ ਕੁਝ ਮੈਂਬਰ ਅਤੇ ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਹਰਵਿੰਦਰ ਸਿੰਘ ਫੂਲਕਾ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।)

**ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ):** ਸਪੀਕਰ ਸਾਹਿਬ, ਕੁਝ ਹੀ ਦਿਨ ਪਹਿਲਾਂ ਇਹ ਫੂਲਕਾ ਸਾਹਿਬ ਨੂੰ ਸਨਮਾਨਿਤ ਕਰਨ ਦੀ ਗੱਲ ਕਰ ਰਹੇ ਸਨ। ਅੱਜ ਇਨ੍ਹਾਂ ਨੂੰ ** ** ਲੱਗ ਗਈਆਂ ਕਿਉਂ? ਕਿਉਂਕਿ ਫੂਲਕਾ ਸਾਹਿਬ ਨੇ ਇਨ੍ਹਾਂ ਦੀ ਸਲਤਨਤ ਹਿਲਾ ਦਿੱਤੀ ਹੈ।

**ਮਾਨਯੋਗ ਸਪੀਕਰ:** ** ** ਸ਼ਬਦ ਕੱਟ ਦਿਓ।

**Minister for Local Bodies :** They have no right to question. They have no democratic right to question the membership of a Member.(interruptions)

**ਸਹਿਕਾਰਤਾ, ਜੇਲ੍ਹਾਂ ਮੰਤਰੀ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ):** ਸਪੀਕਰ ਸਾਹਿਬ, ਐਮ.ਐਲ.ਏ. ਸਾਹਿਬ ਨੇ ਮੇਰਾ ਨਾਂ ਲਿਆ ਹੈ.....(ਵਿਘਨ, ਸ਼ੋਰ).....ਮਾਨਯੋਗ ਐਮ.ਐਲ.ਏ. ਸਾਹਿਬ ਨੇ ਮੇਰਾ ਨਾਂ ਲਿਆ ਹੈ ਪਰ ਮੈਂ ਇੱਕ ਹੀ ਚੀਜ਼ ਕਹਿਣਾ ਚਾਹੁੰਦਾ ਹਾਂ ਕਿ ਇਸ ਗੁਰਦੁਆਰਾ ਲਹਿਰ ਨੂੰ ਸਾਡੇ ਪਿੰਡ ਤੋਂ ਚਾਲੂ ਕੀਤਾ ਗਿਆ ਸੀ ਅਤੇ ਜਿਹੜਾ ਨਰਾਇਣ ਮਹੰਤ .....(ਵਿਘਨ, ਸ਼ੋਰ) ਜਿਹੜਾ ਮਤਾ ਫੂਲਕਾ ਸਾਹਿਬ ਲੈ ਕੇ ਆਏ ਹਨ ਮੈਂ ਉਸ ਨੂੰ ਐਨਡੋਰਸ ਕਰਦਾ ਹਾਂ।

---

** ** Expunged as ordered by the Chair.

**ਮਾਨਯੋਗ ਸਪੀਕਰ:** ਇਹ ਮਤਾ ਪਾਸ ਹੋ ਚੁੱਕਿਆ ਹੈ।

**ਸਹਿਕਾਰਤਾ, ਜੇਲ੍ਹਾਂ ਮੰਤਰੀ :** ਠੀਕ ਹੈ ਪਾਸ ਹੋ ਚੁੱਕਿਆ ਹੈ ਪਰ ਮੈਂ ਦੱਸਣ ਲੱਗਿਆ ਹਾਂ ਕਿ ਇਨ੍ਹਾਂ ਨੇ ਜਿਹੜਾ ਕਿਹਾ ਹੈ ਕਿ ਕਾਂਗਰਸ ਦੀ ਬੀ-ਟੀਮ, ਇਹ ਕਾਂਗਰਸ ਦੀ ਬੀ-ਟੀਮ ਨਹੀਂ ਹੈ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਤਾਂ ਫੂਲਕਾ ਸਾਹਿਬ ਨੂੰ ਸਨਮਾਨਿਤ ਕਰਨ ਲਈ ਬੁਲਾਇਆ ਸੀ ਪਰ ਹੁਣ ਇਹ ਉਨ੍ਹਾਂ ਨੂੰ ਸਨਮਾਨਿਤ ਕਿਉਂ ਨਹੀਂ ਕਰ ਰਹੇ? (ਵਿਘਨ, ਸ਼ੋਰ)

**ਸਥਾਨਕ ਸਰਕਾਰ ਮੰਤਰੀ :** ਇਹ ਫੂਲਕਾ ਸਾਹਿਬ ਨੂੰ ਸਨਮਾਨਿਤ ਕਰਨ। ਇਹ ਹੁਣ ਕਿਉਂ ਮੁੱਕਰ ਰਹੇ ਹਨ?(ਵਿਘਨ, ਸ਼ੋਰ)

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਸਪੀਕਰ ਸਾਹਿਬ, ਹਰ ਇੱਕ ਸਿੱਖ ਚਾਹੁੰਦਾ ਹੈ ਕਿ ਐਸ.ਜੀ.ਪੀ.ਸੀ. ਦਾ ਪ੍ਰਬੰਧ ਠੀਕ ਹੋਵੇ। ਕੋਈ ਸਿੱਖ ਨਹੀਂ ਚਾਹੁੰਦਾ ਹੈ ਕਿ ਚੋਣਾਂ ਤਿੰਨ-ਤਿੰਨ ਸਾਲ ਨਾ ਹੋਣ। ਸਿੱਖਾਂ ਨੂੰ ਦਰਦ ਹੁੰਦਾ ਹੈ। ਅੱਜ ਸਿੱਖ ਵਿਰੋਧੀ ਕੌਣ ਹੈ? ਅੱਜ ਸਿੱਖਾਂ ਦੇ ਮਾਮਲਿਆਂ ਵਾਸਤੇ, ਸਿੱਖਾਂ ਦੇ ਇੰਟਰਸਟ ਵਾਸਤੇ ਮੈਨੂੰ ਜਿਸ ਦੇ ਵੀ ਜਾ ਕੇ ਪੈਰ ਫੜ੍ਹਨੇ ਪੈਣ, ਮੈਂ ਫੜਾਂਗਾ, ਕੌਮ ਦੇ ਵਾਸਤੇ ਜਾਨ ਤੱਕ ਦਿਆਂਗੇ। ਅੱਜ ਸਿੱਖ ਵਿਰੋਧੀ ਕੌਣ ਹੈ? (ਵਿਘਨ, ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਗਿਆ ਹੈ, ਉਹ ਦਰਜ ਨਾ ਕੀਤਾ ਜਾਵੇ।(ਵਿਘਨ) ਹਾਂ ਜੀ, ਕੰਵਰ ਸੰਧੂ ਸਾਹਿਬ। (ਵਿਘਨ)

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, ਮੈਂ ਇੱਕ ਪ੍ਰੋਪਰਾਇਟੀ ਦਾ ਇਸ਼ੂ ਰੇਜ਼ ਕਰਨਾ ਚਾਹੁੰਦਾ ਹਾਂ ਕਿ ਜਿਹੜਾ ਇਹ ਰੈਜ਼ੋਲਿਊਸ਼ਨ ਪਾਸ ਹੋਇਆ ਹੈ, ਬਹੁਤ ਵਧੀਆ ਪਾਸ ਹੋਇਆ ਹੈ ਪਰ ਕੀ ਜ਼ੀਰੋ ਆਵਰ ਵਿੱਚ ਰੈਜ਼ੋਲਿਊਸ਼ਨ ਪਾਸ ਹੋ ਸਕਦਾ ਹੈ?

**ਮਾਨਯੋਗ ਸਪੀਕਰ:** ਹਾਂ ਜੀ, at any time ਹੋ ਸਕਦਾ ਹੈ।

**ਸ਼੍ਰੀ ਕੰਵਰ ਸੰਧੂ:** ਕੀ ਇਸ ਬਾਰੇ ਰੂਲਜ਼ ਵਿੱਚ ਪਰਮਿਸ਼ਨ ਹੈ?

**ਮਾਨਯੋਗ ਸਪੀਕਰ:** ਹਾਂ ਜੀ, ਹੈ ਅਤੇ ਹਾਊਸ ਕਰ ਸਕਦਾ ਹੈ। House is Supreme.

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ....(ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਹੁਣ ਹੋ ਗਿਆ ਜੀ। ਚੀਮਾ ਸਾਹਿਬ, ਚੀਮਾ ਸਾਹਿਬ। (ਵਿਘਨ....ਸ਼ੋਰ)

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜੇ-ਜਿਹੜੇ ਵਿਅਕਤੀਆਂ ਨੂੰ ਤਕਲੀਫ ਹੈ, ਉਹ ਹਾਊਸ ਤੋਂ ਬਾਹਰ ਚਲੇ ਜਾਣ। (ਵਿਘਨ, ਸ਼ੋਰ) ਜਿਹੜੇ-ਜਿਹੜੇ ਵਿਅਕਤੀ ਇਸ ਮਤੇ ਦੇ ਵਿਰੁੱਧ ਹਨ ਅਤੇ ਜਿਹੜੇ-ਜਿਹੜੇ ਵਿਅਕਤੀ ਇਹ ਚਾਹੁੰਦੇ ਹਨ ਕਿ ਇਲੈਕਸ਼ਨ ਨਾ ਹੋਵੇ, ਜਿਹੜੇ-ਜਿਹੜੇ ਵਿਅਕਤੀ ਚਾਹੁੰਦੇ ਹਨ ਕਿ ਸਾਡਾ ਸ਼੍ਰੋਮਣੀ ਕਮੇਟੀ ਤੇ ਕਬਜ਼ਾ ਰਹੇ, ਉਹ ਦੱਸਣ, ਉਹ ਕੌਣ ਹਨ? ਅੱਜ ਹਾਊਸ ਵਿੱਚ ਸਭ ਨੂੰ ਪਤਾ ਲੱਗ ਗਿਆ ਕਿ ਸ਼੍ਰੋਮਣੀ ਅਕਾਲੀ ਦਲ ਇਲੈਕਸ਼ਨ ਨਹੀਂ ਕਰਵਾਉਣਾ ਚਾਹੁੰਦਾ। ਇਸੇ ਕਰਕੇ ਲੋਕ ਵਿਰੋਧ ਕਰ ਰਹੇ ਹਨ। (ਵਿਘਨ....ਸ਼ੋਰ) ਸਪੀਕਰ ਸਾਹਿਬ, ਇਸੇ ਕਰਕੇ ਲੋਕ ਵਿਰੋਧ ਕਰ ਰਹੇ ਹਨ ਕਿਉਂਕਿ ਇਨ੍ਹਾਂ ਨੇ ਸ਼੍ਰੋਮਣੀ ਕਮੇਟੀ ਤੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ। (ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਜ਼ੀਰੋ ਆਵਰ ਖਤਮ ਹੋ ਗਿਆ ਜੀ। ਅਗਲੀ ਆਈਟਮ, ਕਾਲ ਅਟੈਂਸ਼ਨ ਨੋਟਿਸ, ਡਾਕਟਰ ਧਰਮਬੀਰ ਅਗਨੀਹੋਤਰੀ।

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਇੱਕ ਮਿੰਟ ਮੈਨੂੰ ਇਕ ਬੇਨਤੀ ਕਰਨ ਦਿਉ। (ਵਿਘਨ....ਸ਼ੋਰ)

**ਮਾਨਯੋਗ ਸਪੀਕਰ:** ਡਾਕਟਰ ਧਰਮਬੀਰ ਅਗਨੀਹੋਤਰੀ, ਤੁਹਾਡੀ ਕਾਲ ਅਟੈਂਸ਼ਨ ਹੈ। (ਵਿਘਨ, ਸ਼ੋਰ)

---

## CALLING ATTENTION NOTICES UNDER RULE 66

### (ਕ੍ਰਮ ਨੰ: 8)

**ਡਾਕਟਰ ਧਰਮਬੀਰ ਅਗਨੀਹੋਤਰੀ:** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਅਰਥਾਤ ਪੁਲਿਸ ਟਰੇਨਿੰਗ ਸੈਂਟਰ, ਜਹਾਨ ਖੇਲਾਂ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਨਵੀਂ ਭਰਤੀ ਪੁਲਿਸ ਦੇ ਨੌਜਵਾਨਾਂ ਨੂੰ ਗੱਡੀ ਚਲਾਉਣ ਦੀ ਸਿਖਲਾਈ ਦੀ ਅਣਹੋਂਦ ਵੱਲ ਦਿਵਾਉਂਦਾ ਹਾਂ। ਸਿਪਾਹੀਆਂ ਲਈ ਚਾਰ ਅਤੇ ਦੋ ਪਹੀਆ ਵਾਹਨ ਚਲਾਉਣਾ ਬਹੁਤ ਹੀ ਜ਼ਰੂਰੀ ਹੈ। ਡਿਊਟੀ ਦੇ ਦੌਰਾਨ ਸੁਰੱਖਿਆ ਕਰਮੀਆਂ ਨੂੰ ਫੁਰਤੀ ਨਾਲ ਅਪਰਾਧੀਆਂ ਅਤੇ ਸਮਾਜ ਵਿਰੋਧੀ ਤੱਤਾਂ ਦਾ ਪਿੱਛਾ ਕਰਨਾ ਪੈਂਦਾ ਹੈ। ਡਰਾਈਵਿੰਗ ਅਤੇ ਗਿਆਨ ਟ੍ਰੇਨਿੰਗ ਦੀ ਘਾਟ ਕਾਰਨ, ਇਹ ਆਪਣੀ ਡਿਊਟੀ ਨੂੰ ਚੰਗੀ ਤਰ੍ਹਾਂ ਨਹੀਂ ਨਿਭਾਅ ਸਕਦੇ ਅਤੇ ਚੰਗੇ ਨਤੀਜੇ ਪ੍ਰਾਪਤ ਕਰਨ ਵਿੱਚ ਅਸਫਲ ਰਹਿੰਦੇ ਹਨ। ਇਸ ਮਾਮਲੇ ਤੇ ਰਾਜ ਦੇ ਲੋਕਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਸਿਹਤ ਤੇ ਪਰਿਵਾਰ ਭਲਾਈ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸਪੀਕਰ ਸਾਹਿਬ, ਪੁਲਿਸ ਰਿਕਰੂਟ ਟਰੇਨਿੰਗ ਸੈਂਟਰ, ਜਹਾਨ ਖੇਲਾਂ, ਹੁਸ਼ਿਆਰਪੁਰ ਪੰਜਾਬ ਪੁਲਿਸ ਦੇ ਜ਼ਿਲ੍ਹਾ ਕਾਡਰ, ਇੰਟੈਲੀਜੈਂਸ, ਆਈ.ਟੀ.ਏ. ਐਂਡ ਟੀ ਅਤੇ ਸਪੈਸ਼ਲ ਪ੍ਰੋਟੈਕਸ਼ਨ ਯੂਨਿਟ ਦੇ ਨਵੇਂ ਭਰਤੀ ਹੋਏ ਸਿਪਾਹੀਆਂ ਨੂੰ ਮੁੱਢਲੀ ਸਿਖਲਾਈ ਪ੍ਰਦਾਨ ਕਰ ਰਿਹਾ ਹੈ। ਮੁੱਢਲੀ ਸਿਖਲਾਈ ਕੋਰਸ ਦਾ ਸਮਾਂ 9 ਮਹੀਨੇ ਹੈ। (ਵਿਘਨ..ਸ਼ੋਰ) ਇਸ ਸਿਖਲਾਈ ਵਿੱਚ ਨਵੇਂ ਭਰਤੀ ਹੋਏ ਸਿਪਾਹੀਆਂ ਨੂੰ 50% ਇਨਡੋਰ ਅਤੇ 50% ਆਊਟਡੋਰ ਸਿਖਲਾਈ ਨਿਰਧਾਰਿਤ ਅਤੇ ਪਾਠਕ੍ਰਮ ਅਨੁਸਾਰ ਦਿੱਤੀ ਜਾਂਦੀ ਹੈ। ਦੋ ਪਹੀਆ ਵਾਹਨ ਡਰਾਈਵਿੰਗ ਸਿਖਲਾਈ ਦਾ ਉਪਬੰਧ ਪਹਿਲਾਂ ਹੀ ਮੁੱਢਲੇ ਸਿਖਲਾਈ ਪਾਠਕ੍ਰਮ ਵਿੱਚ ਮੌਜੂਦ ਹੈ। ਜਿਹੜੇ ਰਿਕਰੂਟਸ ਦੋ ਪਹੀਆ ਵਾਹਨ ਡਰਾਈਵਿੰਗ ਨਹੀਂ ਜਾਣਦੇ, ਉਨ੍ਹਾਂ ਨੂੰ ਪਾਠਕ੍ਰਮ ਦੌਰਾਨ ਲੋੜੀਂਦੀ ਡਰਾਈਵਿੰਗ ਸਿਖਲਾਈ ਦੇ ਦਿੱਤੀ ਜਾਂਦੀ ਹੈ। ਹਾਲ ਦੀ ਘੜੀ ਚਾਰ ਪਹੀਆ ਵਾਹਨ ਡਰਾਈਵਿੰਗ ਦੀ ਜ਼ਰੂਰਤ ਨਹੀਂ ਹੈ। ਇਸ ਤੋਂ ਇਲਾਵਾ ਚਾਰ ਪਹੀਆ ਵਾਹਨ ਡਰਾਈਵਿੰਗ ਦੀ ਸਿਖਲਾਈ ਲਈ ਪੁਲਿਸ ਰਿਕਰੂਟ ਟਰੇਨਿੰਗ ਸੈਂਟਰ ਵਿਖੇ ਡਰਾਈਵਿੰਗ ਟਰੈਕਸ, ਉਪਕਰਣ ਅਤੇ ਵਾਹਨ ਉਪਲਬਧ ਹਨ। ਜੇਕਰ ਚਾਰ ਪਹੀਆ ਡਰਾਈਵਿੰਗ ਸਿਖਲਾਈ ਪ੍ਰੋਗਰਾਮ ਮੁੱਢਲੇ ਪਾਠਕ੍ਰਮ ਵਿੱਚ ਸ਼ਾਮਲ ਕੀਤਾ ਜਾਂਦਾ ਹੈ ਤਾਂ ਲੋੜੀਂਦਾ ਸਾਜ਼ੋ-ਸਮਾਨ ਸਿਖਲਾਈ ਅਮਲਾ ਅਤੇ ਸਿਖਲਾਈ ਦਾ ਸਮਾਂ ਵੀ ਵਧਾਉਣਾ ਪਵੇਗਾ, ਜਿਸ ਦੀ ਸੰਭਾਵਨਾ ਸਰਕਾਰ ਵੱਲੋਂ ਘੋਖੀ ਜਾ ਰਹੀ ਹੈ।

**ਡਾਕਟਰ ਧਰਮਬੀਰ ਅਗਨੀਹੋਤਰੀ :** ਧੰਨਵਾਦ ਜੀ।

**ਮਾਨਯੋਗ ਸਪੀਕਰ:** ਅਗਲੀ ਕਾਲ ਅਟੈਂਸ਼ਨ। ਸਰਦਾਰ ਕੁਲਤਾਰ ਸਿੰਘ ਸੰਧਵਾਂ।

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਇੱਕ ਮਿੰਟ ਜੀ।

**ਮਾਨਯੋਗ ਸਪੀਕਰ:** ਤੁਸੀਂ ਬੋਲ ਚੁੱਕੇ ਹੋ। ਮੈਂ ਇਸ ਤਰ੍ਹਾਂ ਇਜਾਜ਼ਤ ਨਹੀਂ ਦੇਵਾਂਗਾ, ਇਸ ਤਰ੍ਹਾਂ ਹਰ ਵਾਰ ਨਹੀਂ। ਕਾਲ ਅਟੈਂਸ਼ਨ ਚੱਲ ਰਹੀ ਹੈ, ਚੱਲਣ ਦਿਉ।

**ਸ਼੍ਰੀ ਅਮਨ ਅਰੋੜਾ:** ਸਰ, ਮੈਂ ਤਿੰਨ ਕਾਲ ਅਟੈਂਸ਼ਨਜ਼ ਦਿੱਤੀਆਂ ਸਨ।

**ਮਾਨਯੋਗ ਸਪੀਕਰ:** ਠੀਕ ਹੈ, ਤੁਸੀਂ ਉਹ ਪਤਾ ਕਰ ਲਉ ਕਿ ਉਨ੍ਹਾਂ ਦਾ ਕੀ ਹੋਇਆ ? ਸੰਧਵਾਂ ਸਾਹਿਬ।

**ਸ਼੍ਰੀ ਅਮਨ ਅਰੋੜਾ:** ਇੱਕ ਕਾਲ ਅਟੈਂਸ਼ਨ ਜਿਸ ਵਿੱਚ 31 ਹਜ਼ਾਰ....

**ਮਾਨਯੋਗ ਸਪੀਕਰ:** ਸੰਧਵਾਂ ਸਾਹਿਬ, ਕੀ ਤੁਸੀਂ ਬੋਲਣਾ ਹੈ?

**(ਕ੍ਰਮ ਨੰ: 9)**

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਪੰਜਾਬ ਦੇ ਦਰਿਆਵਾਂ ਦਾ ਪਾਣੀ ਬਹੁਤ ਪ੍ਰਦੂਸ਼ਿਤ ਹੋ ਚੁੱਕਾ ਹੈ। ਦਰਿਆ ਸਤਲੁਜ ਵਿੱਚ ਬੁੱਢੇ ਨਾਲੇ ਰਾਹੀਂ ਪ੍ਰਦੂਸ਼ਿਤ ਪਾਣੀ ਜਾ ਰਿਹਾ ਹੈ। ਦਰਿਆ ਬਿਆਸ ਵਿਚ ਜਲੰਧਰ ਦੀਆਂ ਡਰੇਨਾਂ ਰਾਹੀਂ ਫੈਕਟਰੀਆਂ ਦਾ ਪਾਣੀ ਜਾ ਰਿਹਾ ਹੈ ਅਤੇ ਇਹ ਸਾਰਾ ਪਾਣੀ ਹਰੀਕੇ ਪੱਤਣ ਵਿਖੇ ਇਕੱਠਾ ਹੁੰਦਾ ਹੈ। ਹਰੀਕੇ ਪੱਤਣ ਵਿਖੇ ਬਹੁਤ ਸਾਰੇ ਠੰਢੇ ਦੇਸ਼ਾਂ ਤੋਂ ਪ੍ਰਵਾਸੀ ਪੰਛੀ ਆਉਂਦੇ ਹਨ ਅਤੇ ਉਹ ਇਹ ਪ੍ਰਦੂਸ਼ਿਤ ਪਾਣੀ ਪੀ ਕੇ ਬਿਮਾਰ ਹੋ ਕੇ ਮਰ ਜਾਂਦੇ ਹਨ। ਇਨ੍ਹਾਂ ਦਰਿਆਵਾਂ ਦਾ ਪਾਣੀ ਨਹਿਰਾਂ ਰਾਹੀਂ ਰਾਜਸਥਾਨ ਨੂੰ ਜਾਂਦਾ ਹੈ ਅਤੇ ਰਸਤੇ ਵਿੱਚ ਫਿਰੋਜ਼ਪੁਰ, ਫਰੀਦਕੋਟ, ਫਾਜ਼ਿਲਕਾ ਆਦਿ ਸ਼ਹਿਰਾਂ/ਖੇਤਰਾਂ ਨੂੰ ਇਨ੍ਹਾਂ ਨਹਿਰਾਂ ਤੋਂ ਪ੍ਰਦੂਸ਼ਿਤ ਪਾਣੀ ਦੀ ਸਪਲਾਈ ਹੁੰਦੀ ਹੈ, ਜਿਸ ਨਾਲ ਕੈਂਸਰ ਰੋਗ ਦੇ ਮਰੀਜ਼ ਦਿਨ ਪ੍ਰਤੀ ਦਿਨ ਵੱਧ ਰਹੇ ਹਨ। ਮਾਲਵਾ ਬੈਲਟ ਵਿਚ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਬਹੁਤ ਵਧ ਚੁੱਕੀ ਹੈ। ਪੰਜਾਬ ਤੋਂ ਇਲਾਵਾ ਇਹ ਪ੍ਰਦੂਸ਼ਿਤ ਪਾਣੀ ਰਾਜਸਥਾਨ ਵਿੱਚ ਵੀ ਪੀਣ ਲਈ ਵਰਤਿਆ ਜਾਂਦਾ ਹੈ ਜੋ ਕਿ ਕੈਂਸਰ ਤੋਂ ਇਲਾਵਾ ਹੋਰ ਕਈ ਬਿਮਾਰੀਆਂ ਨੂੰ ਜਨਮ ਦਿੰਦਾ ਹੈ। ਮਾਲਵਾ ਖੇਤਰ ਵਿੱਚ ਇਸ ਪ੍ਰਦੂਸ਼ਿਤ ਪਾਣੀ ਨੂੰ ਲੈ ਕੇ ਭਾਰੀ ਪ੍ਰੇਸ਼ਾਨੀ ਅਤੇ ਨਿਰਾਸਤਾ ਪਾਈ ਜਾ ਰਹੀ ਹੈ। ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ) :** ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਬਿਲਕੁਲ ਠੀਕ ਕਿਹਾ ਹੈ। ਪੰਜਾਬ ਦੇ ਗਰਾਊਂਡ ਵਾਟਰ ਦੀ ਸਿਚੂਏਸ਼ਨ ਬੜੀ ਮਾੜੀ ਹੈ। We have Uranium and other types of chemicals ਜਿਹੜੇ ਸਿਹਤ ਵਾਸਤੇ ਖਰਾਬ ਹਨ। Both for Beas and Satluj ਅਸੀਂ ਕਈ ਕਦਮ ਚੁੱਕੇ ਹਨ। ਇਸ ਵਾਸਤੇ ਅਸੀਂ Sewage Treatment Plants ਬਹੁਤ ਲਗਾਏ ਹਨ but that is not sufficient. It has to be taken up at very major level with Government of India because ਥੱਲੇ ਦਾ ਪਾਣੀ ਖਰਾਬ ਹੈ। ਨਦੀਆਂ ਦਾ ਪਾਣੀ ਪ੍ਰਦੂਸ਼ਿਤ ਹੋਣ ਕਾਰਨ ਅਸੀਂ ਅੰਮ੍ਰਿਤਸਰ, ਲੁਧਿਆਣਾ, ਜਲੰਧਰ ਅਤੇ ਪਟਿਆਲਾ ਵਿੱਚ ਪੀਣ ਵਾਸਤੇ ਨਦੀਆਂ ਦਾ ਸਾਫ਼ ਪਾਣੀ ਦੇਣਾ ਚਾਹੁੰਦੇ ਹਾਂ। ਸੋ, ਉਸ ਵਾਸਤੇ ਨਦੀਆਂ ਦੀ cleanliness ਦੀ ਬੜੀ ਇੰਪਾਰਟੈਂਸ ਹੈ। ਤੁਸੀਂ ਹਰੀਕੇ ਜਾਓ, ਜਿੱਥੇ ਬਿਆਸ ਅਤੇ ਸਤਲੁਜ ਦਾ ਮੇਲ ਹੁੰਦਾ ਹੈ ਜੇਕਰ ਤੁਸੀਂ ਦੇਖੋ ਬਿਆਸ ਕੁਝ ਹੱਦ ਤੱਕ ਸਾਫ਼ ਹੈ ਜਦਕਿ ਸਤਲੁਜ ਦਾ ਪਾਣੀ ਬਿਲਕੁਲ ਕਾਲਾ ਹੋਇਆ ਪਿਆ ਹੈ। ਅਸੀਂ ਇਸ ਵੇਲੇ 19 ਸ਼ਹਿਰਾਂ ਵਿੱਚ

11 ਐਸ.ਟੀ.ਪੀਜ਼ (Sewage Treatment Plants) ਲਗਾ ਚੁੱਕੇ ਹਾਂ ਅਤੇ 31.12.2019 ਤੱਕ ਇੱਕ ਐਸ.ਟੀ.ਪੀ. ਅਪਗਰੇਡ ਕਰ ਦਿੱਤਾ ਜਾਵੇਗਾ। ਬਾਕੀ ਰਹਿੰਦੇ 12 ਹੋਰ 31.12.2020 ਤੱਕ ਲਗਾਏ ਜਾਣਗੇ। ਅਸੀਂ 125 ਪਿੰਡਾਂ ਵਿੱਚ ਜਿਹੜੇ ਟਰੀਟਮੈਂਟ ਪਲਾਂਟਸ ਬਣਾਉਣੇ ਸ਼ੁਰੂ ਕਰ ਦਿੱਤੇ ਹਨ, ਉਹ 30.06.2020 ਤੱਕ ਕੰਪਲੀਟ ਹੋ ਜਾਣਗੇ। ਅਸੀਂ ਮੁਕੇਰੀਆਂ ਹਾਈਡਲ ਤੋਂ ਵੇਈਂ ਵਿੱਚ 350 ਕਿਊਸਿਕ ਪਾਣੀ ਪਾਉਣਾ ਹੈ। ਇਹ ਤਾਂ ਬਿਆਸ ਦਾ ਹੋਇਆ।

ਸਪੀਕਰ ਸਾਹਿਬ, ਸਤਲੁਜ ਵਾਸਤੇ ਵੀ 51 ਐਸ.ਟੀ.ਪੀਜ਼. ਅਸੀਂ 27 ਸ਼ਹਿਰਾਂ ਵਿੱਚ ਲਗਾ ਚੁੱਕੇ ਹਾਂ but this is not sufficient. ਆਪਣੇ ਸ਼ਹਿਰ ਬਹੁਤ ਹਨ ਅਤੇ ਜਿਹੜੀਆਂ ਟਰੀਬਿਊਟਰੀਜ਼ ਬਿਆਸ ਅਤੇ ਸਤਲੁਜ ਵਿੱਚ ਆ ਰਹੀਆਂ ਹਨ, ਜਦੋਂ ਤੱਕ ਅਸੀ ਇਨ੍ਹਾਂ ਨੂੰ ਸਾਫ ਨਹੀਂ ਰੱਖਾਂਗੇ ਉਦੋਂ ਤੱਕ ਨਦੀ ਦੀ ਸਫਾਈ ਨਹੀਂ ਹੋ ਸਕਦੀ। Now Ganga Cleaning Mission is going on ਲੇਕਿਨ ਹੁਣ ਉਨ੍ਹਾਂ ਨੇ ਦੇਖਿਆ ਹੈ ਕਿ ਜਦੋਂ ਤੱਕ ਛੋਟੀਆਂ ਨਦੀਆਂ ਜਿਹੜੀਆਂ ਕਿ ਇਸ ਵਿੱਚ ਆਉਂਦੀਆਂ ਹਨ, ਉਨ੍ਹਾਂ ਤੇ ਟਰੀਟਮੈਂਟ ਪਲਾਂਟ ਨਹੀਂ ਲਗਵਾਵਾਂਗੇ till then you cannot clean up a river. ਸਾਡੇ ਇੱਥੇ ਵੀ ਇਹੀ ਹਾਲ ਹੈ। 31 ਸ਼ਹਿਰਾਂ ਦੇ ਵਿੱਚ 31.12.2021 ਤੱਕ 33 ਨਵੇਂ ਐਸ.ਟੀ.ਪੀਜ਼ ਲੱਗ ਜਾਣਗੇ। ਪੰਜ ਐਸ.ਟੀ.ਪੀਜ਼ ਦੀ ਟੈਕਨਾਲੋਜੀ ਅਪਗਰੇਡ ਕਰਨੀ ਹੈ, ਜੋ ਕਿ ਤਿੰਨ ਸ਼ਹਿਰਾਂ ਵਿੱਚ 31.12.2021 ਤੱਕ ਲੱਗ ਜਾਣਗੇ। 2086 ਪਿੰਡਾਂ ਵਿੱਚ 31.01.2022 ਤੱਕ ਟਰੀਟਮੈਂਟ ਪਲਾਂਟ ਲੱਗ ਜਾਣਗੇ। and Urban rural treated sewage is to be used for irrigation, ਪੀਣ ਵਾਲੇ ਪਾਣੀ ਬਾਰੇ ਵੀ ਮੈਂ ਦੱਸ ਦਿੱਤਾ ਹੈ, Dyeing industry ਜਿਹੜੀ ਕਿ ਖਾਸ ਕਰ ਲੁਧਿਆਣਾ ਵਿੱਚ ਹੈ ਅਤੇ ਇਹ ਬਹੁਤ ਜ਼ਿਆਦਾ pollutant ਹੈ, ਉਸ ਵਾਸਤੇ ਤਿੰਨ ਕਾਮਨ effluent treatment plants ਵੀ 31.01.2020 ਤੱਕ ਚਾਲੂ ਹੋ ਜਾਣਗੇ। ਜਲੰਧਰ ਵਿਚ up-gradation of existing CETPs of tanneries ਦਾ ਕੰਮ 31.03.2020 ਤੱਕ ਕੰਪਲੀਟ ਹੋ ਜਾਵੇ ਗਾ। Effluent Treatment Plants for the Dairy Complexes of Ludhiana and Jalandhar and Bio gas plant for Dairy Complex at Jalandhar ਦਾ ਕੰਮ 30.09.2021 and modernization of the existing slaughter houses at Ludhiana by 30.09.2019 ਤੱਕ ਹੋ ਜਾਣਗੇ। ਸੋ, ਬੇਸੀਕਲੀ ਜਿੱਥੇ-ਜਿੱਥੇ ਅਸੀਂ ਕਰ ਸਕਦੇ ਹਾਂ, ਮੈਂ ਤਾਂ ਚਾਹਾਂਗਾ ਕਿ ਸਾਰੇ ਪੰਜਾਬ ਨੂੰ ਇਕੱਠਾ ਲੈ ਕੇ ਚੱਲੀਏ but we do not have the resources ਜਿਵੇਂ ਹੀ ਰੀਸੋਰਸਿਜ਼ ਮਿਲਣਗੇ, ਜਿੱਥੇ ਜ਼ਿਆਦਾ pollutants ਆ ਰਹੀਆਂ ਹਨ we will put in place the sewage treatment plants.

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ ਸਰਦਾਰ ਸਿਮਰਜੀਤ ਸਿੰਘ ਬੈਂਸ, ਸਰਦਾਰ ਬਲਵਿੰਦਰ ਸਿੰਘ ਬੈਂਸ ਅਤੇ ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਕੁਲਤਾਰ ਸਿੰਘ ਸੰਧਵਾਂ ਅਤੇ ਸ਼੍ਰੀ ਅਮਨ ਅਰੋੜਾ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਬੈਂਸ ਸਾਹਿਬ, ਇਸ ਵਿੱਚ ਨਹੀਂ ਹੁੰਦਾ। ਤੁਸੀਂ ਸਵਾਲ ਨਹੀਂ ਪੁੱਛ ਸਕਦੇ। ਇਸ ਵਿੱਚ ਸੰਧਵਾਂ ਸਾਹਿਬ ਇੱਕ ਸਵਾਲ ਪੁੱਛ ਸਕਦੇ ਹਨ। ਸੰਧਵਾਂ ਸਾਹਿਬ, ਤੁਸੀਂ ਬੋਲੋ।

**Chief Minister:** I think, ਇੱਕ ਗੱਲ ਮੇਰੇ ਤੋਂ ਰਹਿ ਗਈ which I should say ਤਾਂ ਕਿ ਪਤਾ ਲੱਗੇ ਕਿ this is not a one time process. ਅਸੀਂ ਚੀਫ ਸੈਕਟਰੀ ਦੇ ਅਧੀਨ ਇੱਕ ਕਮੇਟੀ ਸੈੱਟ-ਅੱਪ ਕੀਤੀ ਹੈ ਅਤੇ concerned Secretaries ਇਨ੍ਹਾਂ ਦੇ ਮੈਂਬਰ ਹਨ। ਉਨ੍ਹਾਂ ਦੀ constant, consistent monitoring ਚੱਲ ਰਹੀ ਹੈ ਤਾਂ ਕਿ ਜਿੱਥੇ ਪ੍ਰਦੂਸ਼ਣ ਜ਼ਿਆਦਾ ਹੋ ਰਿਹਾ ਹੈ, ਉਸ ਦਾ ਪਤਾ ਲੱਗ ਸਕੇ। ਫੇਰ ਅਸੀਂ ਉੱਥੇ ਅਗਲਾ ਪਲਾਂਟ ਲਗਾਉਣ ਦੀ ਤਜਵੀਜ਼ ਕਰਾਂਗੇ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਸਾਹਿਬ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਬੜੀ ਸੰਵੇਦਨਾ ਦਿਖਾਈ ਹੈ ਅਤੇ ਇਹ ਉਨ੍ਹਾਂ ਦਾ ਫਰਜ਼ ਵੀ ਹੈ। ਇਸ ਦੇ ਨਾਲ ਹੀ ਮੈਂ ਉਨ੍ਹਾਂ ਦਾ ਧਿਆਨ ਇਸ ਗੱਲ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਜਿਹੜੀ ਸਟੇਟ ਦੀ ਮਸ਼ੀਨਰੀ ਹੈ, ਉਹ ਆਪਣਾ ਕੰਮ ਨਹੀਂ ਕਰ ਰਹੀ। ਅਸੀਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਸਾਹਿਬ ਨੂੰ ਮਿਲੇ ਸੀ ਕਿ ਸਾਨੂੰ ਪੁਰਾਣੀਆਂ ਰਿਪੋਰਟਾਂ ਦਿਓ ਪਰ ਉਨ੍ਹਾਂ ਨੇ ਸਾਨੂੰ ਕੋਈ ਰਿਪੋਰਟ ਨਹੀਂ ਦਿੱਤੀ। ਫੇਰ ਲੈਟਰ ਲਿਖ ਕੇ ਵੀ ਪੁੱਛਿਆ ਸੀ ਕਿ ਸਾਨੂੰ ਦੱਸੋ ਕਿ ਸਤਲੁਜ ਦਾ ਪਾਣੀ ਪੀਣਯੋਗ ਹੈ ਜਾਂ ਨਹੀਂ? ਉਨ੍ਹਾਂ ਨੇ ਮੈਨੂੰ by letter ਜਵਾਬ ਦਿੱਤਾ ਕਿ ਪਾਣੀ "C" class ਹੈ, This is a potable class. ਸੀ.ਐਮ. ਸਾਹਿਬ, ਜਦੋਂ ਅਸੀਂ ਹਰੀਕੇ ਜਾ ਕੇ ਦੇਖਿਆ ਤਾਂ ਪਾਣੀ ਜ਼ਹਿਰੀਲਾ ਸੀ and it was stinking. ਸੀ.ਐਮ. ਸਾਹਿਬ, ਜੇਕਰ ਉਹ ਚੇਅਰਮੈਨ ਆਪਣੇ ਬੱਚਿਆਂ ਨੂੰ ਇਹ ਜ਼ਹਿਰੀਲਾ ਪਾਣੀ ਪਿਆ ਸਕਦਾ ਹੈ ਤਾਂ ਸਾਨੂੰ ਕੋਈ ਪ੍ਰਾਬਲਮ ਨਹੀਂ ਹੈ। ਹੁਣ ਮੈਂ ਵੱਡੀ ਗੱਲ ਇਹ ਕਰਨਾ ਚਾਹੁੰਦਾ ਹਾਂ ਕਿ ਜਿਹੜੇ polluters ਹਨ, ਮੇਰਾ ਖਿਆਲ ਹੈ they should pay for it. ਜਿਹੜੇ ਬੰਦੇ ਠੀਕ ਤਰ੍ਹਾਂ ਨਾਲ ਕੰਮ ਕਰ ਰਹੇ ਹਨ ਜਿਵੇਂ ਇੱਕ ਅਜੇ ਜੈਲੇਟਿਨ ਨਾਂਅ ਦੀ ਫੈਕਟਰੀ ਹੈ, ਉਨ੍ਹਾਂ ਨੇ ਆਪਣੀ ਫੈਕਟਰੀ ਵਿਚ ਦੋ ਕਰੋੜ ਦਾ ਸੀ.ਟੀ.ਪੀ. ਲਾਇਆ ਹੈ। ਤੁਹਾਡੀ ਕਿਰਪਾ ਦੇ ਨਾਲ ਉਨ੍ਹਾਂ ਨੂੰ ਇਹ ਐਨ.ਓ.ਸੀ. ਮਿਲਿਆ ਹੈ ਵਰਨਾ ਉਦੋਂ ਐਨ.ਓ.ਸੀ. ਦੇਣ ਵਾਸਤੇ 50 ਲੱਖ ਰੁਪਏ ਦੀ ਮੰਗ ਕੀਤੀ ਗਈ ਸੀ।

**ਮਾਨਯੋਗ ਸਪੀਕਰ :** ਸੰਧਵਾਂ ਸਾਹਿਬ, ਸੰਧਵਾਂ ਸਾਹਿਬ, ਪਹਿਲਾਂ ਮੇਰੀ ਇੱਕ ਰਿਕੁਐਸਟ ਸੁਣ ਲਓ।...... ਤੁਸੀਂ ਸਿਰਫ ਇੱਕ ਸਵਾਲ ਪੁੱਛ ਸਕਦੇ ਹੋ। ਉਹ ਪੁੱਛ ਲਓ। No Debate.

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਰ, ਅਜੇ ਜੈਲੇਟਿਨ ਵਰਗੀਆਂ ਕੰਪਨੀਆਂ ਨੂੰ ਆਪਾਂ ਚਲਾਵਾਂਗੇ ਕਿ ਬੰਦ ਕਰਾਂਗੇ? ਜਿਹੜੀਆਂ ਪਾਣੀ ਸਾਫ਼ ਕਰ ਰਹੀਆਂ ਹਨ। ਉਸ ਫੈਕਟਰੀ ਦਾ ਮਾਲਕ ਇਹ ਕਹਿ ਰਿਹਾ ਹੈ ਕਿ ਮੈਂ ਇਹ ਪਾਣੀ ਪੀ ਕੇ ਦਿਖਾ ਸਕਦਾ ਹਾਂ ਪਰ ਉਨ੍ਹਾਂ ਨੂੰ ਪਾਣੀ ਕੱਢਣ ਵਾਸਤੇ ਜਗ੍ਹਾ ਨਹੀਂ ਦਿੱਤੀ ਜਾ ਰਹੀ। ਤੁਸੀਂ ਪੰਜਾਬ ਦੇ ਜਿਹੜੇ ਸੀ.ਟੀ.ਪੀ. ਗਿਣਾਏ ਹਨ, ਉਨ੍ਹਾਂ ਵਿਚੋਂ 90% ਬੰਦ ਹਨ ਅਤੇ ਕੰਮ ਨਹੀਂ ਕਰਦੇ। ਉਹ ਸਿਰਫ ਕਾਗਜ਼ਾਂ ਵਿਚ ਹੀ ਹਨ। ਉਹ ਪੈਸੇ ਲੈ ਕੇ.....(ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਤੁਸੀਂ ਇੱਕ ਸਵਾਲ ਪੁੱਛ ਸਕਦੇ ਹੋ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਠੀਕ ਹੈ ਜੀ, ਤੁਹਾਡਾ ਧੰਨਵਾਦ। ਜਿਸ ਤਰ੍ਹਾਂ ਸਾਡੇ ਸੀ.ਐਮ. ਸਾਹਿਬ ਸੰਜੀਦਾ ਹਨ, ਉਸੇ ਤਰ੍ਹਾਂ ਸਾਡਾ ਪ੍ਰਦੂਸ਼ਣ ਕੰਟਰੋਲ ਬੋਰਡ ਵੀ ਸੰਜੀਦਾ ਹੋਵੇਗਾ। ਜੇਕਰ ਸੰਜੀਦਾ ਨਹੀਂ ਹੋਏ ਤਾਂ Punjab is a dying state. ਅਸੀਂ ਮੁਰਦੇ ਦਾ ਮਾਸ ਚੂੰਡ ਰਹੇ ਹਾਂ ਜੀ।

**ਮੁੱਖ ਮੰਤਰੀ:** ਸਪੀਕਰ ਸਾਹਿਬ, ਮੈਂ ਇਨ੍ਹਾਂ ਨਾਲ ਸਹਿਮਤ ਹਾਂ ਪਰ ਜਿਹੜਾ ਇਸ਼ੂ ਇਨ੍ਹਾਂ ਨੇ ਕਿਹਾ ਹੈ, I do not know. ਇਨ੍ਹਾਂ ਨੇ Polution Board ਬਾਰੇ ਕਿਹਾ ਹੈ, ਮੇਰੇ ਕੋਲ ਉਸ ਦਾ ਜਵਾਬ ਨਹੀਂ ਆਇਆ। ਮੈਨੂੰ ਇਨ੍ਹਾਂ ਨੇ ਨਹੀਂ ਦੱਸਿਆ ਕਿ ਕਿਹੜੀ ਇੰਡਸਟਰੀ ਹੈ ਅਤੇ ਉਸ ਦੀ ਕੀ ਪ੍ਰਾਬਲਮ ਹੈ। ਲੇਕਿਨ I want to tell you ਇਹ ਇਸ਼ੂ ਅੱਜ ਤੋਂ ਨਹੀਂ ਹੈ। ਜਦੋਂ ਮੈਂ 1985 ਵਿਚ ਤਲਵੰਡੀ ਸਾਬੋ ਤੋਂ ਐਮ.ਐਲ.ਏ. ਸੀ, ਜਿਹੜਾ ਪਾਣੀ ਉੱਥੇ ਆਉਂਦਾ ਸੀ, ਲੋਕ ਪਾਣੀ ਪੀ ਨਹੀਂ ਸਕਦੇ ਸੀ। ਇਹ ਇਸ਼ੂ ਉਦੋਂ ਵੀ ਸੀ। ਅਸੀਂ ਉੱਥੇ ਪਹਿਲਾ ਆਰ.ਓ. ਲਗਾਇਆ ਸੀ। ਉਥੋਂ ਦਾ ਪਾਣੀ ਪੀਣ ਲਈ ਤਾਂ ਕੀ, ਇਹ ਖੇਤਾਂ ਵਿਚ ਵੀ ਇਸਤੇਮਾਲ ਨਹੀਂ ਹੁੰਦਾ ਸੀ। ਉੱਥੇ ਪਾਣੀ ਸਤਲੁਜ ਤੋਂ ਜਾਂਦਾ ਸੀ। ਸਤਲੁਜ ਦੇ ਪ੍ਰਦੂਸ਼ਣ ਬਾਰੇ ਮੈਂ ਹੁਣੇ ਕਹਿ ਕੇ ਹਟਿਆ ਹਾਂ ਕਿ Beas is a cleaner river than Satluj. ਜੇ ਤੁਸੀਂ ਫਲਾਈ ਓਵਰ ਤੋਂ ਮੇਲ ਕਰਕੇ ਦੇਖੋ ਤਾਂ ਇੱਧਰ ਕਾਲਾ ਪਾਣੀ ਆਉਂਦਾ ਹੈ ਅਤੇ ਉੱਧਰ ਚਿੱਟਾ... This is certainly a major issue. It is not only a debatable issue, ਪੰਜਾਬ ਵਾਸਤੇ ਇਹ ਬੜਾ ਮੇਜਰ ਇਸ਼ੂ ਹੈ and I can assure you, as long as I am here, ਅਸੀਂ ਪੂਰੀ ਕੋਸ਼ਿਸ਼ ਕਰਾਂਗੇ to clean up this business. ਲੋਕਾਂ ਨੂੰ ਜਿਹੜਾ ਅਸੀਂ ਪੀਣ ਵਾਲਾ ਪਾਣੀ ਦੇਣਾ ਹੈ ਜਾਂ ਦੱਖਣੀ ਪੰਜਾਬ ਦੇ ਖੇਤਾਂ ਵਿਚ ਜਿਹੜਾ ਪਾਣੀ ਜਾਣਾ ਹੈ that should be clean in every respect.

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਸਿਮਰਜੀਤ ਸਿੰਘ ਬੈਂਸ ਅਤੇ ਸਰਦਾਰ ਬਲਵਿੰਦਰ ਸਿੰਘ ਬੈਂਸ ਆਪਣੇ ਹੱਥਾਂ ਵਿਚ ਫੜ੍ਹੇ ਹੋਏ ਕਾਗਜ਼ ਦਿਖਾ ਰਹੇ ਸਨ।)

**Mr. Speaker :** No supplementary on Call Attention. ਬੈਂਸ ਸਾਹਿਬ, ਕਾਲ ਅਟੈਂਸ਼ਨ ਵਿਚ ਸਪਲੀਮੈਂਟਰੀ ਨਹੀਂ ਹੁੰਦੀ। No supplementary. ਬੈਠੋ... ਬੈਠੋ... ਬੈਠੋ। ਅਮਨ ਅਰੋੜਾ ਜੀ, ਅਗਲੀ ਕਾਲ ਅਟੈਂਸ਼ਨ ਤੁਹਾਡੀ ਹੈ।

**ਸ਼੍ਰੀ ਅਮਨ ਅਰੋੜਾ :** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਤਿੰਨ ਕਾਲ ਅਟੈਂਸ਼ਨਾਂ ਲਾਈਆਂ ਸਨ। ਜਿਹੜੇ ਤਿੰਨ ਥਰਮਲ ਪਾਵਰ ਪਲਾਂਟ ਹਨ.....(ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਜਿਹੜੀ ਕਾਲ ਅਟੈਂਸ਼ਨ ਲੱਗੀ ਹੈ, ਤੁਸੀਂ ਇਸ ਬਾਰੇ ਗੱਲ ਕਰ ਲਵੋ।... ਅਮਨ ਜੀ, ਤੁਸੀਂ ਇਸ ਬਾਰੇ ਗੱਲ ਕਰਨੀ ਹੈ.... (ਵਿਘਨ...ਸ਼ੋਰ)ਮੈਂ ਅਗਲੀ ਆਈਟਮ ਲੈ ਲਵਾਂਗਾ।.... ਹਾਂ ਜੀ, ਗੁਰਪ੍ਰਤਾਪ ਵਡਾਲਾ ਜੀ, ਤੁਸੀਂ ਬੋਲੋ। (ਵਿਘਨ...ਸ਼ੋਰ) ਸੰਧਵਾਂ ਜੀ, ਤੁਸੀਂ ਬਾਅਦ ਵਿਚ ਬੋਲਣਾ... ਬਾਅਦ ਵਿਚ ਬੋਲਣਾ।(ਵਿਘਨ...ਸ਼ੋਰ)

---

**(ਕ੍ਰਮ ਨੰ:11 ਅਤੇ 29)**

**1. ਸ਼੍ਰੀ ਅਮਨ ਅਰੋੜਾ :**

**2. ਸਰਦਾਰ ਕੁਲਤਾਰ ਸਿੰਘ ਸੰਧਵਾਂ :**

**3. **ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ ਕਪੂਰਥਲਾ ਜ਼ਿਲ੍ਹੇ ਦੇ ਅੰਮ੍ਰਿਤਪੁਰ, ਦੇਸਲ, ਸਫਦਰਪੁਰ, ਅਰਾਈਆਂ ਝੁੰਗੀਆਂ, ਡੋਗਰਾਂ, ਝੁੱਗੀਆਂ, ਮਿਆਣੀ ਮਲਾਹਾਂ, ਫਤਹਿ ਅਲੀ ਖਾਂ, ਬਾਜਾ, ਮੰਗੂਪੁਰ, ਨੂਰੋਵਾਲ, ਹੁਸੈਨਪੁਰ, ਦੂਲੋਵਾਲ, ਸੂਜੋਕਾਲੀਆ ਪਿੰਡਾਂ ਦੇ ਨਿਵਾਸੀ ਜੋ ਬਿਆਸ ਦਰਿਆ ਦੇ ਕਿਨਾਰੇ ਆਪਣੀਆਂ ਜ਼ਮੀਨਾਂ ਵਿਚ ਖੇਤੀ ਕਰਕੇ ਆਪਣਾ ਗੁਜ਼ਾਰਾ ਕਰਦੇ ਹਨ, ਉਨ੍ਹਾਂ ਦੀਆਂ ਜ਼ਮੀਨਾਂ ਨੂੰ ਬਿਆਸ ਦਰਿਆ ਵੱਲੋਂ ਢਾਹ ਲੱਗ ਰਹੀ ਹੈ। ਪਿਛਲੇ ਕਈ ਦਿਨਾਂ ਤੋਂ ਬਿਆਸ ਦਰਿਆ ਨੇ ਉਨ੍ਹਾਂ ਦੀਆਂ ਉਪਜਾਊ ਜ਼ਮੀਨਾਂ ਨੂੰ ਖੋਰਾ ਲਗਾਇਆ ਹੋਇਆ ਹੈ ਅਤੇ ਕੁਝ ਹੀ ਦਿਨਾਂ ਵਿੱਚ ਸੈਂਕੜੇ ਏਕੜ ਜ਼ਮੀਨ ਢਹਿ ਕੇ ਦਰਿਆ ਬੁਰਦ ਹੋ ਗਈ ਹੈ। ਦਰਿਆ ਬਿਆਸ ਵੱਲੋਂ ਲਗਾਈ ਢਾਹ ਕਾਰਨ ਇਸ ਖੇਤਰ ਵਿੱਚ ਜੀ.ਵੀ.ਕੇ. ਥਰਮਲ ਪਲਾਂਟ, ਗੋਇੰਦਵਾਲ ਸਾਹਿਬ ਤੋਂ ਝੱਲ ਲੱਈ ਵਾਲਾ (ਸੁਲਤਾਨਪੁਰ ਲੋਧੀ) ਨੂੰ ਬਿਜਲੀ ਸਪਲਾਈ ਕਰਦੀ ਟਾਵਰ ਟਰਾਂਸਮਿਸ਼ਨ ਲਾਈਨ ਦਾ ਸਭ ਤੋਂ ਵੱਡਾ ਟਾਵਰ ਵੀ ਖਤਰੇ ਵਿੱਚ ਹੈ ਕਿਉਂਕਿ ਢਾਹ ਕਾਰਨ ਉਕਤ ਟਾਵਰ ਦਰਿਆ ਤੋਂ ਕੁਝ ਹੀ ਗਜ਼ ਦੀ ਦੂਰੀ ਤੇ ਰਹਿ ਗਿਆ ਹੈ। ਇਸ ਤੋਂ ਇਲਾਵਾ ਇਸ ਇਲਾਕੇ ਵਿੱਚ ਡੇਰਿਆਂ ਵਿੱਚ ਰਹਿੰਦੇ ਲੋਕ ਵੀ ਖੋਫਜ਼ਦਾ ਹਨ ਕਿਉਂਕਿ ਹਨੇਰ-ਸਵੇਰ ਦਰਿਆ ਦੀ ਢਾਹ ਕਾਰਨ ਮਾਲੀ ਨੁਕਸਾਨ ਦੇ ਨਾਲ-ਨਾਲ ਜਾਨੀ ਨੁਕਸਾਨ ਦਾ ਵੀ ਡਰ ਹੈ। ਜੇਕਰ ਦਰਿਆ ਵੱਲੋਂ ਲਗਾਈ ਜਾ ਰਹੀ ਢਾਹ ਨੂੰ ਨਾ ਰੋਕਿਆ ਗਿਆ

---

** ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਵੱਲੋਂ ਪੇਸ਼ ਕੀਤੀ ਗਈ।

ਤਾਂ ਇਹ ਇਲਾਕੇ ਲਈ ਮਾਰੂ ਸਿੱਧ ਹੋ ਸਕਦੀ ਹੈ ਅਤੇ ਪਹਿਲਾਂ ਤੋਂ ਸੰਕਟ ਵਿੱਚ ਫਸੀ ਕਿਸਾਨੀ ਨੂੰ ਇਸ ਨਾਲ ਹੋਰ ਮਾਰ ਪਵੇਗੀ। ਇਸ ਲੋਕ ਹਿਤ ਦੇ ਮਸਲੇ ਤੇ ਗੰਭੀਰਤਾ ਨਾਲ ਤੁਰੰਤ ਸੋਚਣ ਦੀ ਤੇ ਫੌਰੀ ਕਾਰਵਾਈ ਕਰਨ ਦੀ ਸਖਤ ਲੋੜ ਹੈ। ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਹਰਪਾਲ ਸਿੰਘ ਚੀਮਾ, ਸ਼੍ਰੀ ਅਮਨ ਅਰੋੜਾ, ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ, ਸਰਦਾਰ ਅਮਰਜੀਤ ਸਿੰਘ ਸੰਦੋਆ, ਸ਼੍ਰੀ ਬੁੱਧ ਰਾਮ, ਸਰਦਾਰ ਕੁਲਤਾਰ ਸਿੰਘ ਸੰਧਵਾਂ, ਸਰਦਾਰ ਕੁਲਵੰਤ ਸਿੰਘ ਪੰਡੋਰੀ, ਸ਼੍ਰੀਮਤੀ ਰੁਪਿੰਦਰ ਕੌਰ ਰੂਬੀ, ਸਰਦਾਰ ਮਨਜੀਤ ਸਿੰਘ ਅਤੇ ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ ਕਾਗਜ਼ ਲਹਿਰਾਉਂਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ ਅਤੇ** ** ਨਾਅਰੇ ਲਗਾਉਣ ਲੱਗ ਗਏ।)

**ਮਾਨਯੋਗ ਸਪੀਕਰ :** ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਜਲ ਸਰੋਤ ਮੰਤਰੀ (ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ) :** ਸਪੀਕਰ ਸਾਹਿਬ, ਹਾਂ ਜੀ, ਦਰਿਆ ਬਿਆਸ ਵਿੱਚ ਵੱਧ-ਘੱਟ ਪਾਣੀ ਚੱਲਣ ਕਰਕੇ ਜਿਲ੍ਹਾ ਕਪੂਰਥਲਾ ਦੇ ਸਿਰਫ ਪਿੰਡ ਸਫਦਰਪੁਰ ਅਤੇ ਬਾਜਾ ਦੇ ਸਾਹਮਣੇ ਹੀ ਢਾਹ ਲੱਗੀ ਸੀ ਪ੍ਰੰਤੂ ਬਾਕੀ ਦਰਸਾਏ ਪਿੰਡਾਂ ਦੀ ਖੇਤੀਯੋਗ ਜ਼ਮੀਨਾਂ ਨੂੰ ਖੋਰਾ ਨਹੀਂ ਲੱਗਿਆ ਸੀ। ਜਲ ਸਰੋਤ ਵਿਭਾਗ ਵੱਲੋਂ ਤੁਰੰਤ ਐਕਸ਼ਨ ਲੈਂਦੇ ਹੋਏ ਮੌਕੇ ਉਪਰ ਤਕਰੀਬਨ ਇੱਕ ਕਿਲੋਮੀਟਰ ਲੰਬਾਈ ਵਿੱਚ ਲੱਗੀ ਢਾਹ ਨੂੰ ਹੋਰ ਵਧਣ ਤੋਂ ਰੋਕਣ ਲਈ ਆਰਜ਼ੀ ਤੌਰ ਤੇ ਦਰੱਖਤਾਂ ਦੀਆਂ ਟਾਹਣੀਆਂ ਨੂੰ ਰੱਸਿਆਂ ਨਾਲ ਬੰਨ੍ਹ ਕੇ ਲਗਾ ਦਿੱਤਾ ਗਿਆ ਸੀ।

ਦਰਿਆ ਵਿੱਚ ਪਾਣੀ ਘਟਣ ਕਰਕੇ ਅੱਜ ਦੀ ਸਥਿਤੀ ਮੁਤਾਬਿਕ ਖੇਤੀਯੋਗ ਜ਼ਮੀਨਾਂ ਨੂੰ ਕੋਈ ਢਾਹ ਨਹੀਂ ਲੱਗ ਰਹੀ ਪ੍ਰੰਤੂ ਭਵਿੱਖ ਵਿੱਚ ਕਿਸੇ ਅਣਸੁਖਾਵੀਂ ਘਟਨਾ ਤੋਂ ਬਚਾਅ ਹਿੱਤ ਮੌਕੇ ਦੇ ਹਾਲਾਤਾਂ ਨੂੰ ਦੇਖਦੇ ਹੋਏ ਜਲ ਨਿਕਾਸ ਪ੍ਰਸ਼ਾਸਨ ਵੱਲੋਂ ਢਾਹ ਦੇ ਇੱਕ ਪੋਰਸ਼ਨ ਵਿੱਚ ਰੱਸੇ ਦੇ ਕਰੇਟਾਂ ਵਿੱਚ ਮਿੱਟੀ/ਰੇਤਾ ਦੀਆਂ ਬੋਰੀਆਂ ਭਰ ਕੇ ਸਟੱਡ ਅਤੇ ਰੀਵੈਟਮੈਂਟ ਲਗਾਉਣ ਦੀ ਤਜਵੀਜ਼ ਹੈ, ਜਿਸ ਦੀ ਅਨੁਮਾਨਤ ਲਾਗਤ 50.00 ਲੱਖ ਰੁਪਏ ਹੈ। ਢਾਹ ਦੇ ਦੂਸਰੇ ਪੋਰਸ਼ਨ ਦੇ ਨੇੜੇ ਪੰਜਾਬ ਸਟੇਟ ਪਾਵਰ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਦਾ ਟਾਵਰ ਲੱਗਿਆ ਹੋਇਆ ਹੈ। ਟਾਵਰ ਦੀ ਪ੍ਰੋਟੈਕਸ਼ਨ ਦੇ ਕੰਮ ਦੀ ਲਾਗਤ ਲਗਭਗ 40.00 ਲੱਖ ਰੁਪਏ ਬਣਦੀ ਹੈ। ਜਿਸ ਸਬੰਧੀ ਮੁੱਖ ਇੰਜੀਨੀਅਰ, ਪੀ.ਐਸ.ਟੀ.ਸੀ.ਐਲ., ਪਟਿਆਲਾ ਨੂੰ ਲੋੜੀਂਦੇ ਫੰਡਜ਼ ਮੁਹੱਈਆ ਕਰਵਾਉਣ ਹਿੱਤ ਲਿਖਿਆ ਗਿਆ ਹੈ। ਪੀ.ਐਸ.ਟੀ.ਸੀ.ਐਲ. ਵੱਲੋਂ ਲੋੜੀਂਦੇ ਫੰਡਜ਼ ਮੁਹੱਈਆ ਕਰਵਾਉਣ ਉਪਰੰਤ ਇਹ ਕੰਮ ਵੀ ਕਰਵਾ ਦਿੱਤਾ ਜਾਵੇਗਾ।

ਜਿਥੋਂ ਤੱਕ ਲੋਕਾਂ ਦੇ ਖੌਫਜ਼ਦਾ ਹੋਣ ਸਬੰਧੀ ਲਿਖਿਆ ਗਿਆ ਹੈ, ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਇਹ ਸਾਈਟ ਦਰਿਆ ਅੰਦਰ ਧੁੱਸੀ ਬੰਨ੍ਹ ਤੋਂ ਲਗਭਗ 2

** Not recorded as ordered by the Chair.

[ਜਲ ਸਰੋਤ ਮੰਤਰੀ]

ਕਿਲੋਮੀਟਰ ਦੀ ਦੂਰੀ ਤੇ ਹੈ ਅਤੇ ਇਸ ਢਾਹ ਨਾਲ ਧੁੱਸੀ ਬੰਨ੍ਹ ਨੂੰ ਕੋਈ ਖਤਰਾ ਨਹੀਂ ਹੈ। ਪੱਥਰ ਦੇ ਸਟੱਡਾਂ ਦੀ ਮੰਗ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਮੌਕੇ ਦੀ ਸਥਿਤੀ ਅਨੁਸਾਰ ਵਾਹੀਯੋਗ ਜ਼ਮੀਨ ਨੂੰ ਬਚਾਉਣ ਲਈ ਰੱਸੇ ਦੇ ਕਰੇਟਾਂ ਵਿੱਚ ਮਿੱਟੀ/ਰੇਤਾ ਦੀਆਂ ਬੋਰੀਆਂ ਭਰ ਕੇ ਸਟੱਡ ਅਤੇ ਰੀਵੈਟਮੈਂਟ ਲਗਾਉਣਾ ਹੀ ਤਕਨੀਕੀ ਤੌਰ ਤੇ ਯੋਗ ਹੈ।

(ਇਸ ਸਮੇਂ ਵੀ ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਹਰਪਾਲ ਸਿੰਘ ਚੀਮਾ, ਸ਼੍ਰੀ ਅਮਨ ਅਰੋੜਾ, ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ, ਸਰਦਾਰ ਅਮਰਜੀਤ ਸਿੰਘ ਸੰਦੋਆ, ਸ਼੍ਰੀ ਬੁੱਧ ਰਾਮ, ਸਰਦਾਰ ਕੁਲਤਾਰ ਸਿੰਘ ਸੰਧਵਾਂ, ਸਰਦਾਰ ਕੁਲਵੰਤ ਸਿੰਘ ਪੰਡੋਰੀ, ਸ਼੍ਰੀਮਤੀ ਰੁਪਿੰਦਰ ਕੌਰਰ ਰੂਬੀ, ਸਰਦਾਰ ਮਨਜੀਤ ਸਿੰਘ ਅਤੇ ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਕਾਗਜ਼ ਲਹਿਰਾਉਂਦੇ ਹੋਏ ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਗੁਰਪ੍ਰਤਾਪ ਸਿੰਘ ਜੀ ....(ਵਿਘਨ, ਸ਼ੋਰ).... ਵਡਾਲਾ ਜੀ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਧੰਨਵਾਦ ਜੀ। ਸਰਕਾਰੀਆ ਸਾਹਿਬ, ਨੇ ਪੂਰਾ ਵਿਸਥਾਰਪੂਰਵਕ ਜਵਾਬ ਦਿੱਤਾ ਹੈ ਪਰ ਮੈਂ ਇਨ੍ਹਾਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਥੇ ਬਿਆਸ ਦਰਿਆ ਦਾ ਇਹ ਹਾਲ ਹੈ, ਉਥੇ ਸਤਲੁਜ ਦਰਿਆ ਦਾ ਵੀ ਇਹੀ ਹਾਲ ਹੈ। ਇਸੇ ਤਰ੍ਹਾਂ ਹੀ ਉਥੇ ਵੀ ਬਹੁਤ ਜਗ੍ਹਾਵਾਂ ਤੇ ਸਪੱਰ ਲੱਗਣ ਵਾਲੇ ਹਨ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਰਫਤ ਸਰਕਾਰੀਆ ਜੀ ਨੂੰ ਬੇਨਤੀ ਕਰਦਾ ਹਾਂ ਕਿ ਸਤਲੁਜ ਦਰਿਆ (ਫਿਲੌਰ ਤੋਂ ਲੈ ਕੇ ਸ਼ਾਹਕੋਟ ਤੱਕ ਦਾ ਇਲਾਕਾ) ਦਾ ਵੀ ਸਰਵੇ ਕਰਵਾ ਕੇ ਜਿਥੇ ਧੁੱਸੀ ਬੰਨ੍ਹ ਨੂੰ ਮਜ਼ਬੂਤ ਕਰਨ ਦੀ ਲੋੜ ਹੈ ਜਾਂ ਜਿੱਥੇ ਸਪੱਰਜ਼ ਲਗਾਉਣ ਦੀ ਲੋੜ ਹੈ, ਉਹ ਵੀ ਮਹਿਕਮੇ ਵੱਲੋਂ ਛੇਤੀ ਤੋਂ ਛੇਤੀ ਲਗਾਏ ਜਾਣ ਤਾਂ ਕਿ ਬਰਸਾਤਾਂ ਤੋਂ ਪਹਿਲਾਂ ਉਥੋਂ ਦੇ ਕਿਸਾਨਾਂ ਦਾ ਨੁਕਸਾਨ ਨਾ ਹੋਵੇ ਅਤੇ ਉਨ੍ਹਾਂ ਦੀ ਜ਼ਮੀਨ ਦੀ ਹਿਫਾਜ਼ਤ ਕਰ ਸਕੀਏ। ਸਰਕਾਰੀਆ ਜੀ, ਤੁਹਾਡਾ ਬਹੁਤ ਧੰਨਵਾਦ ਜੀ।

**ਮਾਨਯੋਗ ਸਪੀਕਰ:** ਸ਼੍ਰੀ ਬ੍ਰਹਮ ਮਹਿੰਦਰਾ ਜੀ... ਸ਼੍ਰੀ ਬ੍ਰਹਮ ਮਹਿੰਦਰਾ ਜੀ, ਤੁਹਾਡੇ ਅਫਸਰ ਕਿੱਥੇ ਹਨ? ਤੁਹਾਡੀ ਗੈਲਰੀ ਖਾਲੀ ਹੈ? ਹਾਂ ਜੀ, ਸਰਕਾਰੀਆ ਜੀ, ਤੁਸੀਂ ਜਵਾਬ ਦਿਉ।

(ਇਸ ਸਮੇਂ ਵੀ ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਹਰਪਾਲ ਸਿੰਘ ਚੀਮਾ, ਸ਼੍ਰੀ ਅਮਨ ਅਰੋੜਾ, ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ, ਸਰਦਾਰ ਅਮਰਜੀਤ ਸਿੰਘ ਸੰਦੋਆ, ਸ਼੍ਰੀ ਬੁੱਧ ਰਾਮ, ਸਰਦਾਰ ਕੁਲਤਾਰ ਸਿੰਘ ਸੰਧਵਾਂ, ਸਰਦਾਰ ਕੁਲਵੰਤ ਸਿੰਘ ਪੰਡੋਰੀ, ਸ਼੍ਰੀਮਤੀ ਰੁਪਿੰਦਰ ਕੌਰ ਰੂਬੀ, ਸਰਦਾਰ ਮਨਜੀਤ ਸਿੰਘ ਅਤੇ ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ

** **Not recorded as ordered by the Chair.

ਕਾਗਜ਼ ਲਹਿਰਾਉਂਦੇ ਹੋਏ ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਸਦਨ ਵਿੱਚ ਬਹੁਤ ਸ਼ੋਰ ਸੀ।)

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੇ ਜਿਹੜੀ ਗੱਲ ਕੀਤੀ ਹੈ, ਇਹ ਠੀਕ ਹੈ। ਕਈ ਥਾਵਾਂ ਤੇ ਦਰਿਆ ਦੇ ਕੰਢਿਆਂ ਤੇ ਲੋੜ ਹੈ। ਫਲੱਡ ਕੰਟਰੋਲ ਦੀ ਮੀਟਿੰਗ ਪਿਛਲੇ ਮਹੀਨੇ ਲਾਸਟ ਵਿਚ ਹੋ ਗਈ ਸੀ। ਉਸ ਵਾਸਤੇ ਜਿੱਥੇ ਜਿੱਥੇ ਵੀ ਲੋੜ ਹੈ, ਮੇਰੇ ਕੋਲ ਕਾਫੀ ਐਸਟੀਮੇਟਸ ਆਏ ਹਨ, ਪਰਟੀਕੁਲਰ ਇਨ੍ਹਾਂ ਨੇ ਨਾਂ ਲਿਆ ਹੈ, ਇਹ ਵੀ ਆਪਣੇ ਵਲੋਂ ਮੇਰੇ ਕੋਲ ਭੇਜ ਦੇਣ ਜੇਕਰ ਕੋਈ ਰਹਿ ਗਿਆ ਤਾਂ ਉਹ ਵੀ ਇਸ ਵਿੱਚ ਪਾ ਲਵਾਂਗੇ ਔਰ ਸਾਰੇ ਥਾਵਾਂ ਤੇ ਜ਼ਰੂਰਤ ਮੁਤਾਬਿਕ ਕਰਵਾ ਕੇ ਦਿਆਂਗੇ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਧੰਨਵਾਦ ਜੀ।

---

## WALK OUT

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਜਗਦੇਵ ਸਿੰਘ, ਸਰਦਾਰ ਪਿਰਮਲ ਸਿੰਘ ਅਤੇ ਸਰਦਾਰ ਨਾਜਰ ਸਿੰਘ ਮਾਨਸ਼ਾਹੀਆ ਨੂੰ ਛੱਡ ਕੇ ਸਦਨ ਵਿੱਚ ਹਾਜ਼ਰ ਆਮ ਆਦਮੀ ਪਾਰਟੀ ਦੇ ਸਮੂਹ ਮੈਂਬਰ ਧਿਆਨ ਦਿਵਾਊ ਨੋਟਿਸ ਤੇ ਬੋਲਣ ਲਈ ਸਮਾਂ ਨਾ ਦਿੱਤੇ ਕਾਰਨ ਅਤੇ ਸ਼੍ਰੀ ਅਮਨ ਅਰੋੜਾ, ਐਮ.ਐਲ.ਏ. ਦੇ ਧਿਆਨ ਦਿਵਾਊ ਨੋਟਿਸਾਂ ਨੂੰ ਨਾ ਮਨਜ਼ੂਰ ਕਰਨ ਕਰਕੇ ** ** ਨਾਅਰੇ ਮਾਰਦੇ ਹੋਏ ਸਦਨ ਵਿਚੋਂ ਵਾਕ ਆਊਟ ਕਰ ਗਏ।)

---

## PRESENTATION OF REPORTS OF THE COMMITTEES

**ਮਾਨਯੋਗ ਸਪੀਕਰ:** ਅਗਲੀ ਆਈਟਮ, ਰਿਪੋਰਟਾਂ ਪੇਸ਼ ਕਰਨਾ । ਡਾਕਟਰ ਹਰਜੋਤ ਕਮਲ ਸਿੰਘ, ਮੈਂਬਰ, ਸਰਕਾਰੀ ਕਾਰੋਬਾਰ ਕਮੇਟੀ ਰਿਪੋਰਟ ਪੇਸ਼ ਕਰਨ ।

**ਮੈਂਬਰ, ਸਰਕਾਰੀ ਕਾਰੋਬਾਰ ਕਮੇਟੀ (ਡਾਕਟਰ ਹਰਜੋਤ ਕਮਲ ਸਿੰਘ):** ਸ਼੍ਰੀਮਾਨ ਜੀ, ਮੈਂ ਸਾਲ 2018-19 ਲਈ ਪੰਜਾਬ ਰਾਜ ਉਦਯੋਗਿਕ ਵਿਕਾਸ ਨਿਗਮ ਦੇ ਆਮ ਕੰਮ ਕਾਰ ਤੇ ਸਰਕਾਰੀ ਕਾਰੋਬਾਰ ਕਮੇਟੀ ਦੀ 117ਵੀਂ ਰਿਪੋਰਟ ਪੇਸ਼ ਕਰਦਾ ਹਾਂ।

**ਮਾਨਯੋਗ ਸਪੀਕਰ:** ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ, ਸਭਾਪਤੀ, ਸਥਾਨਕ ਸਰਕਾਰਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਕਮੇਟੀ ਦੀ ਰਿਪੋਰਟ ਪੇਸ਼ ਕਰਨ।

---

** Not recorded as ordered by the Chair.

**ਸਭਾਪਤੀ, ਸਥਾਨਕ ਸਰਕਾਰਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਕਮੇਟੀ (ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ):** ਸ਼੍ਰੀਮਾਨ ਜੀ, ਮੈਂ :-

i) ਪੰਚਾਇਤੀ ਰਾਜ ਸੰਸਥਾਵਾਂ ਨਾਲ ਸਬੰਧਿਤ ਸਾਲ 2014-15 ਲਈ ਵੱਖ-ਵੱਖ ਆਡਿਟ ਪੈਰਿਆਂ ਤੇ ਸਥਾਨਕ ਸਰਕਾਰਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਕਮੇਟੀ ਦੀ 18ਵੀਂ ਸਾਲਾਨਾ ਤਕਨੀਕੀ ਰਿਪੋਰਟ ਪੇਸ਼ ਕਰਦਾ ਹਾਂ।

ii) ਮਿਊਂਸਿਪਲ ਕੌਂਸਲ, ਸੁਨਾਮ ਊਧਮ ਸਿੰਘ ਵਾਲਾ ਦੇ ਆਮ ਕੰਮ-ਕਾਰ ਤੇ ਸਥਾਨਕ ਸਰਕਾਰਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਕਮੇਟੀ ਦੀ 19ਵੀਂ ਰਿਪੋਰਟ ਪੇਸ਼ ਕਰਦਾ ਹਾਂ।

---

## PRESENTATION OF THE SECOND REPORT OF THE BUSINESS ADVISORY COMMITTEE

**ਮਾਨਯੋਗ ਸਪੀਕਰ :** ਮੈਂ ਕਾਰਜ ਸਲਾਹਕਾਰ ਕਮੇਟੀ ਦੀ ਦੂਸਰੀ ਰਿਪੋਰਟ ਪੇਸ਼ ਕਰਦਾ ਹਾਂ, ਜੋ ਇਸ ਤਰ੍ਹਾਂ ਹੈ :-

| | |
|---|---|
| ਵੀਰਵਾਰ, 14 ਫਰਵਰੀ, 2019<br>(10.00 ਵਜੇ ਸਵੇਰੇ) | ਗੈਰ-ਸਰਕਾਰੀ ਕੰਮ-ਕਾਰ। |
| ਸ਼ੁੱਕਰਵਾਰ, 15 ਫਰਵਰੀ, 2019<br>(10.00 ਵਜੇ ਸਵੇਰੇ) | ਰਾਜਪਾਲ ਦੇ ਭਾਸ਼ਣ ਤੇ ਬਹਿਸ ਮੁੜ ਅਰੰਭ ਕਰਨਾ<br>(ਸਮਾਪਤ ਕੀਤੀ ਜਾਵੇਗੀ।) |
| ਸ਼ਨਿੱਚਰਵਾਰ, 16 ਫਰਵਰੀ, 2019<br>ਐਤਵਾਰ, 17 ਫਰਵਰੀ, 2019 | ਛੁੱਟੀਆਂ |
| ਸੋਮਵਾਰ, 18 ਫਰਵਰੀ, 2019<br>(11.00 ਵਜੇ ਸਵੇਰੇ) | ਸਾਲ 2019-20 ਲਈ ਬਜਟ ਅਨੁਮਾਨ ਪੇਸ਼ ਕਰਨਾ |
| ਮੰਗਲਵਾਰ, 19 ਫਰਵਰੀ, 2019 | ਛੁੱਟੀ |
| ਬੁੱਧਵਾਰ, 20 ਫਰਵਰੀ, 2019<br>(2.00 ਵਜੇ ਬਾਅਦ ਦੁਪਹਿਰ) | i) ਸਾਲ 2017-18 ਲਈ ਪੰਜਾਬ ਸਰਕਾਰ ਦੇ ਵਿੱਤੀ ਲੇਖੇ ਅਤੇ ਸਾਲ 2017-18 ਲਈ ਨਮਿੱਤਣ ਲੇਖੇ ਪੇਸ਼ ਕਰਨਾ।<br>ii) ਸਾਲ 2018-19 ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕਰਨਾ। |

| | |
|---|---|
| | iii) ਸਾਲ 2018-19 ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਤੇ ਨਮਿੱਤਣ ਬਿਲ; ਅਤੇ |
| | iv) ਸਾਲ 2019-20 ਲਈ ਬਜਟ ਅਨੁਮਾਨਾਂ ਤੇ ਆਮ ਬਹਿਸ। |
| ਵੀਰਵਾਰ, 21 ਫਰਵਰੀ, 2019 (10.00 ਵਜੇ ਸਵੇਰੇ) | ਗੈਰ ਸਰਕਾਰੀ ਕੰਮ-ਕਾਰ |
| ਸ਼ੁੱਕਰਵਾਰ, 22 ਫਰਵਰੀ, 2019 (10.00 ਵਜੇ ਸਵੇਰੇ) | I) ਸਾਲ 2019-20 ਲਈ ਬਜਟ ਅਨੁਮਾਨਾਂ ਤੇ ਆਮ ਬਹਿਸ ਮੁੜ ਆਰੰਭ ਕਰਨਾ। (ਸਮਾਪਤ ਕੀਤੀ ਜਾਵੇਗੀ।) |
| | II) ਵਿੱਤੀ ਕੰਮ-ਕਾਰ:- |
| | i) ਸਾਲ 2019-20 ਲਈ ਬਜਟ ਅਨੁਮਾਨਾਂ ਦੇ ਸਬੰਧ ਵਿਚ ਗਰਾਂਟਾਂ ਲਈ ਮੰਗਾਂ ਤੇ ਬਹਿਸ ਅਤੇ ਵੋਟਿੰਗ; ਅਤੇ |
| | ii) ਸਾਲ 2019-20 ਲਈ ਬਜਟ ਅਨੁਮਾਨਾਂ ਦੇ ਸਬੰਧ ਵਿਚ ਨਮਿੱਤਣ ਬਿਲ। |
| | III) ਚੁਣੀਆਂ ਜਾਣ ਵਾਲੀਆਂ ਕਮੇਟੀਆਂ ਸਬੰਧੀ ਪ੍ਰਸਤਾਵ। |
| | IV) ਸਦਨ ਨੂੰ ਅਣਮਿੱਥੇ ਸਮੇਂ ਲਈ ਸਥੱਗਿਤ ਕਰਨ ਸਬੰਧੀ ਨਿਯਮ 16 ਅਧੀਨ ਪ੍ਰਸਤਾਵ। |
| | V) ਵਿਧਾਨਕ ਕੰਮ-ਕਾਰ। |

ਜੇਕਰ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦਾ ਕੋਈ ਨਿਯਮ ਉਕਤ ਸਿਫਾਰਸ਼ਾਂ ਨਾਲ ਅਸੰਗਤ ਹੋਵੇ/ਹੋਣ ਤਾਂ ਉਹ ਨਿਯਮ ਉਸ ਹੱਦ ਤੱਕ ਮੁਅੱਤਲ ਰਹੇਗਾ ਰਹਿਣਗੇ।

ਹੁਣ ਸੰਸਦੀ ਮਾਮਲੇ ਮੰਤਰੀ ਪ੍ਰਸਤਾਵ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਦੂਜੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ –

ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਦੂਜੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ –

ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਦੂਜੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸ਼੍ਰੀ ਸੋਮ ਪ੍ਰਕਾਸ਼ ਜੀ ਮਤਾ ਪੇਸ਼ ਕਰਨ।

**ਸ਼੍ਰੀ ਸੋਮ ਪ੍ਰਕਾਸ਼ (ਫਗਵਾੜਾ, ਐਸ.ਸੀ.):** ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬਹੁਤ ਹੀ ਇੰਪਾਰਟੈਂਟ, ਬਹੁਤ ਹੀ ਜ਼ਰੂਰੀ ਮਤਾ ਜਿਹੜਾ ਮੈਂ ਕਾਫੀ ਦੇਰ ਤੋਂ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਸੀ, ਅੱਜ ਪੇਸ਼ ਕਰਨ ਦਾ ਮੌਕਾ ਦਿੱਤਾ ਹੈ। ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਇਹ ਸਾਰਿਆਂ ਨਾਲ ਕਨਸਰਨਡ ਮਤਾ ਹੈ। ਪੰਜਾਬ ਵਿਚ ਜੋ ਵਹਿਮਾਂ ਭਰਮਾਂ ਕਰਕੇ ਅੰਧ ਵਿਸ਼ਵਾਸ ਫੈਲ ਰਿਹਾ ਹੈ...

**ਮਾਨਯੋਗ ਸਪੀਕਰ :** ਤੁਸੀਂ ਪਹਿਲਾਂ ਰੈਜ਼ੋਲਿਊਸ਼ਨ ਪੇਸ਼ ਕਰ ਲਓ। ਇਸ ਨੂੰ ਪੜ੍ਹਨਾ ਹੁੰਦਾ ਹੈ।

**RESOLUTION REG. RECOMMENDATION TO THE STATE GOVERNMENT TO ENACT A LAW IN PUNJAB ON THE PATTERN OF MAHARASHTRA GOVERNMENT TO PREVENT EXPLOITATION OF A PARTICULAR CLASS OF SOCIETY DUE TO GROWING SUPERSTITIONS AND BELIEFS IN THE STATE SO THAT EFFECTIVE STEPS CAN BE TAKEN AGAINST SUCH INCIDENTS IN THE SOCIETY.**

**ਸ਼੍ਰੀ ਸੋਮ ਪ੍ਰਕਾਸ਼ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

> 'ਕਿ ਇਹ ਸਦਨ ਰਾਜ ਸਰਕਾਰ ਨੂੰ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਪੰਜਾਬ ਵਿੱਚ ਵੱਧ ਰਹੇ ਅੰਧ ਵਿਸ਼ਵਾਸ ਅਤੇ ਵਹਿਮਾਂ ਭਰਮਾਂ ਕਾਰਨ ਸਮਾਜ ਦੇ ਇਕ ਖਾਸ ਵਰਗ ਦੇ ਹੋ ਰਹੇ ਸ਼ੋਸ਼ਣ ਨੂੰ ਰੋਕਣ ਲਈ ਮਹਾਰਾਸ਼ਟਰ ਸਰਕਾਰ ਦੀ ਤਰ੍ਹਾਂ ਪੰਜਾਬ ਵਿਚ ਕਾਨੂੰਨ ਪਾਸ ਕੀਤਾ ਜਾਵੇ ਤਾਂ ਜੋ ਸਮਾਜ ਵਿੱਚ ਅਜਿਹੀਆਂ ਘਟਨਾਵਾਂ ਵਿਰੁੱਧ ਅਸਰਦਾਰ ਕਦਮ ਚੁੱਕੇ ਜਾ ਸਕਣ।'

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

> "ਕਿ ਇਹ ਸਦਨ ਰਾਜ ਸਰਕਾਰ ਨੂੰ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਪੰਜਾਬ ਵਿੱਚ ਵੱਧ ਰਹੇ ਅੰਧ ਵਿਸ਼ਵਾਸ ਅਤੇ ਵਹਿਮਾਂ ਭਰਮਾਂ ਕਾਰਨ ਸਮਾਜ ਦੇ ਇਕ ਖਾਸ ਵਰਗ ਦੇ ਹੋ ਰਹੇ ਸ਼ੋਸ਼ਣ ਨੂੰ ਰੋਕਣ ਲਈ ਮਹਾਰਾਸ਼ਟਰ ਸਰਕਾਰ ਦੀ ਤਰ੍ਹਾਂ ਪੰਜਾਬ ਵਿਚ ਕਾਨੂੰਨ ਪਾਸ ਕੀਤਾ ਜਾਵੇ ਤਾਂ ਜੋ ਸਮਾਜ ਵਿੱਚ ਅਜਿਹੀਆਂ ਘਟਨਾਵਾਂ ਵਿਰੁੱਧ ਅਸਰਦਾਰ ਕਦਮ ਚੁੱਕੇ ਜਾ ਸਕਣ।"

**ਸ਼੍ਰੀ ਸੋਮ ਪ੍ਰਕਾਸ਼ :** ਧੰਨਵਾਦ, ਸਪੀਕਰ ਸਾਹਿਬ, ਤੁਸੀਂ ਮੈਨੂੰ ਬਹੁਤ ਜ਼ਰੂਰੀ ਮਸਲੇ ਬਾਰੇ ਮਤਾ ਪੇਸ਼ ਕਰਨ ਦਾ ਮੌਕਾ ਦਿੱਤਾ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਪੰਜਾਬ ਵਿੱਚ ਅੰਧ ਵਿਸ਼ਵਾਸ ਕਾਰਨ, ਵਹਿਮਾਂ ਭਰਮਾਂ ਕਾਰਨ, ਇਕ ਬਹੁਤ ਵੱਡੀ ਸਮਾਜਿਕ ਬੁਰਾਈ

[ਸ਼੍ਰੀ ਸੋਮ ਪ੍ਰਕਾਸ਼]

ਫੈਲ ਰਹੀ ਹੈ। ਪੰਜਾਬ ਅਗਾਂਹਵਧੂ ਸੋਚ ਵਾਲਾ ਸੂਬਾ ਹੈ, ਇਸ ਪ੍ਰਗਤੀਸ਼ੀਲ ਸਮਾਜ ਵਿੱਚ ਵਹਿਮਾਂ ਭਰਮਾਂ ਲਈ ਕੋਈ ਬਹੁਤ ਸਥਾਨ ਨਹੀਂ ਹੋਣਾ ਚਾਹੀਦਾ। ਇਹ ਗੁਰੂਆਂ-ਪੀਰਾਂ ਦੀ ਧਰਤੀ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਹਿਮਾਂ ਭਰਮਾਂ ਦਾ ਖੰਡਨ ਕੀਤਾ ਗਿਆ ਹੈ ਪਰੰਤੂ ਅਸੀਂ ਦੇਖਦੇ ਹਾਂ ਕਿ ਹਰ ਵਾਰੀ ਅਖਬਾਰਾਂ ਰਾਹੀਂ, ਟੀ.ਵੀ. ਰਾਹੀਂ, ਕੇਬਲ ਰਾਹੀਂ ਅਤੇ ਪੈਂਫਲੈਂਟਾਂ ਰਾਹੀਂ ਬਹੁਤ ਸਾਰੇ ਅਜਿਹੇ ਇਸ਼ਤਿਹਾਰ ਸਾਡੇ ਕੋਲ ਆਉਂਦੇ ਹਨ ਜਿਸ ਰਾਹੀਂ ਸਵਾਰਥੀ ਲੋਕ, ਬਾਬੇ ਪੁੱਛਾਂ ਦਿੰਦੇ ਹਨ, ਚੌਂਕੀਆਂ ਲਾਉਂਦੇ ਹਨ ਅਤੇ ਭੂਤਾਂ-ਪ੍ਰੇਤਾਂ ਦਾ ਡਰ ਪਾ ਕੇ, ਓਪਰੀ ਕਸਰ ਦਾ ਡਰ ਪਾ ਕੇ, ਓਪਰੇ ਸਾਏ ਦਾ ਡਰ ਪਾ ਕੇ, ਜਾਦੂ-ਟੂਣੇ ਦਾ ਡਰ ਪਾ ਕੇ, ਇਹ ਸਵਾਰਥੀ ਲੋਕ ਆਮ ਲੋਕਾਂ ਨੂੰ ਵਰਗਲਾਉਂਦੇ ਹਨ ਅਤੇ ਖਾਸ ਕਰਕੇ ਇਸਤਰੀਆਂ ਅਤੇ ਲੜਕੀਆਂ ਨੂੰ ਵਰਗਲਾ ਕੇ ਉਨ੍ਹਾਂ ਦਾ ਆਰਥਿਕ ਸ਼ੋਸ਼ਣ ਕਰਦੇ ਹਨ, ਸਰੀਰਕ ਸ਼ੋਸ਼ਣ ਕਰਦੇ ਹਨ। ਸਪੀਕਰ ਸਾਹਿਬ, ਬੰਗਾ ਦਾ ਇੱਕ ਕੇਸ ਸੀ, ਇਕ ਬਜ਼ੁਰਗ ਇੰਟਰਵਿਊ ਦੇ ਰਿਹਾ ਸੀ ਕਿ ਉਸ ਦੀ ਨੂੰਹ ਨਾਲ ਬੁਰਾ ਕੰਮ ਕੀਤਾ ਗਿਆ ਸੀ। ਉਸ ਵੇਲੇ ਮੈਂ ਇਹ ਸੋਚਿਆ ਕਿ ਇਸ ਮੁੱਦੇ ਨੂੰ ਵਿਧਾਨ ਸਭਾ ਵਿੱਚ ਲਿਆਵਾਂਗਾ। ਮਹਾਰਾਸ਼ਟਰ ਵਿੱਚ ਇਸ ਤਰ੍ਹਾਂ ਦਾ ਇਕ ਕਾਨੂੰਨ ਬਣਾਇਆ ਗਿਆ ਹੈ, ਜਿਸ ਰਾਹੀਂ ਲੋਕਾਂ ਨੂੰ ਵਰਗਲਾ ਕੇ ਉਨ੍ਹਾਂ ਦਾ ਆਰਥਿਕ ਸ਼ੋਸ਼ਣ ਕਰਨ ਵਾਲਿਆਂ ਵਿਰੁੱਧ ਕਾਨੂੰਨ ਬਣਿਆ ਹੋਇਆ ਹੈ। ਮੇਰੀ ਬੇਨਤੀ ਹੈ ਕਿ ਇਸ ਤਰ੍ਹਾਂ ਦੇ ਬਹੁਤ ਸਾਰੇ ਇਸ਼ਤਿਹਾਰ ਆਉਂਦੇ ਹਨ ਕਿ ਸ਼ਰਤੀਆ ਲੜਕਾ ਹੋਵੇਗਾ, ਸ਼ਰਤੀਆ ਅਸ਼ੀਰਵਾਦ ਦੇ ਕੇ ਲੜਕਾ ਪੈਦਾ ਹੋਵੇਗਾ, ਅਜਿਹੀ ਭਵਿੱਖਬਾਣੀ ਕਰਦੇ ਹਨ। ਕਾਲੇ ਇਲਮ ਬਾਰੇ, ਗੈਬੀ ਸ਼ਕਤੀਆਂ ਬਾਰੇ, ਘਰੇਲੂ ਕਲੇਸ਼ ਮਿਟਾਉਣ ਲਈ, ਪ੍ਰੇਮ ਵਿਆਹ ਬਾਰੇ ਵਸ਼ੀਕਰਣ ਮੰਤਰ ਦੇਣ ਦੇ ਬਹਾਨੇ ਕੁਆਰੀਆਂ ਲੜਕੀਆਂ ਅਤੇ ਇਸਤਰੀਆਂ ਨੂੰ ਵਰਗਲਾਉਂਦੇ ਹਨ ਅਤੇ ਆਰਥਿਕ ਅਤੇ ਸਰੀਰਕ ਸ਼ੋਸ਼ਣ ਕਰਦੇ ਹਨ।

ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਬਹੁਤ ਸਾਰੇ ਅਜਿਹੇ ਇਸ਼ਤਿਹਾਰ ਟੀ.ਵੀ. ਤੇ ਵੀ ਆਉਂਦੇ ਹਨ, ਕੇਬਲ ਤੇ ਆਉਂਦੇ ਹਨ ਜਿਸ ਵਿੱਚ ਲਿਖਿਆ ਹੁੰਦਾ ਹੈ ਕਿ 100% ਸ਼ਰਤੀਆ ਇਲਾਜ ਕੀਤਾ ਜਾਵੇਗਾ। ਵਿਛੜੇ ਦਾ ਮਿਲਾਪ ਕਰਨਾ ਹੋਵੇ, ਪਿਆਰ ਵਿੱਚ ਧੋਖਾ ਖਾਣ ਵਾਲਿਆਂ ਦਾ ਇਲਾਜ ਕਰਨਾ ਹੋਵੇ ਜਾਂ ਇਹ ਵੀ ਲਿਖਿਆ ਹੁੰਦਾ ਹੈ ਕਿ ਵਿਦੇਸ਼ ਤੋਂ ਟੈਲੀਫੋਨ ਤੇ ਗੱਲ ਕਰਕੇ ਵੀ ਅਸੀਂ ਇਲਾਜ ਕਰ ਦਿੰਦੇ ਹਾਂ। ਇਸ ਤਰ੍ਹਾਂ ਦੇ ਇਸ਼ਤਿਹਾਰ ਮੇਰੇ ਕੋਲ ਹਨ ਜਿਸ ਵਿੱਚ ਲਿਖਿਆ ਹੈ ਕਿ ਸੋਤਣ ਜਾਂ ਦੁਸ਼ਮਣ ਤੋਂ ਛੁਟਕਾਰਾ ਪਾਉਣਾ ਹੋਵੇ , ਮਨਚਾਹੀ ਸ਼ਾਦੀ ਕਰਨੀ ਹੋਵੇ, ਦਵਾ ਨਾ ਲਗਦੀ ਹੋਵੇ, ਲਗਾ ਦਿੰਦੇ ਹਨ। ਕੋਈ ਕੇਸ ਚਲਦਾ ਹੋਵੇ ਉਸ ਦਾ ਇਲਾਜ ਕਰ ਦਿੰਦੇ ਹਨ। ਗ੍ਰਹਿ ਕਲੇਸ਼, ਬੱਚਾ ਨਾ ਹੁੰਦਾ ਹੋਵੇ ਉਸ ਦਾ ਇਲਾਜ ਕਰਦੇ ਹਨ। ਵਸ਼ੀਕਰਣ, ਹੱਥ ਹੌਲਾ ਆਦਿ ਕਰਦੇ ਹਨ। IPC ਵਿੱਚ ਬਲੈਕ ਮੈਜਿਕ ਨੂੰ ਕੰਟਰੋਲ ਕਰਨ ਦਾ ਕੋਈ ਬਹੁਤਾ ਪ੍ਰੋਵੀਜ਼ਨ ਨਹੀਂ ਹੈ। ਮਹਾਰਾਸ਼ਟਰ ਸਰਕਾਰ ਨੇ ਬਹੁਤ ਵਧੀਆ ਕਾਨੂੰਨ ਬਣਾਇਆ ਹੈ ਅਤੇ ਕਰਨਾਟਕਾ ਸਰਕਾਰ ਨੇ ਵੀ ਕਾਨੂੰਨ ਬਣਾਇਆ ਹੈ। ਜਿਸ ਵਿੱਚ ਇਨ੍ਹਾਂ ਬਾਬਿਆਂ ਵਾਸਤੇ 1 ਤੋਂ 7 ਸਾਲ ਦੀ ਸਜ਼ਾ ਦਾ ਪ੍ਰਬੰਧ ਕੀਤਾ ਗਿਆ ਹੈ, ਜਿਹੜੇ ਗਰੀਬ ਲੋਕਾਂ, ਲੜਕੀਆਂ ਨੂੰ ਵਰਗਲਾ ਕੇ ਮਾੜਾ ਕਰਮ ਕਰਦੇ ਹਨ।

ਮੈਂ ਇਕ ਇਸ਼ਤਿਹਾਰ ਹੋਰ ਦੱਸਦਾ ਹਾਂ, ਇਸ ਵਿੱਚ ਲਿਖਿਆ ਹੈ ਕਿ ਨੌਕਰੀ, ਕਾਰੋਬਾਰ, ਗ੍ਰਹਿ ਕਲੇਸ਼, ਕੀਤਾ-ਕਰਾਇਆ, ਸੋਤਣ, ਦੁਸ਼ਮਣ ਤੜਫਦਾ ਦੇਖੋ, ਪਿਆਰ ਮੁਹੱਬਤ, ਰੁੱਸੇ ਨੂੰ ਮਨਾਓ, ਖੇਤੀਬਾੜੀ ਦਾ ਨੁਕਸਾਨ ਹੋਵੇ, ਵਿਦੇਸ਼ ਯਾਤਰਾ ਵਿੱਚ ਰੁਕਾਵਟ ਹੋਵੇ, ਘਰ ਵਿੱਚ ਖ਼ੂਨ ਦੇ ਛਿੱਟੇ ਆਉਂਦੇ ਹੋਣ, ਦਵਾ ਨਾ ਲਗਦੀ ਹੋਵੇ, ਪ੍ਰੇਮੀ ਪ੍ਰੇਮਿਕਾ ਇਕ ਵਾਰ ਜ਼ਰੂਰ ਮਿਲਣ, my promise ਮੈਂ ਆਪ ਨੂੰ ਨਿਰਾਸ਼ ਨਹੀਂ ਹੋਣ ਦਿਆਂਗਾ, ਇਹ ਇਸ਼ਤਿਹਾਰ ਹੈ। ਮੁੱਠ ਕਰਨੀ, ਵਸ਼ੀਕਰਣ ਸਪੈਸ਼ਲਿਸਟ ਸਾਰੀ ਜਗ੍ਹਾ ਤੋਂ ਨਿਰਾਸ਼ ਇਕ ਵਾਰ ਜ਼ਰੂਰ ਮਿਲਣ। ਆਲ ਇੰਡੀਆ ਖੁੱਲ੍ਹਾ ਚੈਲੰਜ, हम से पहले काम करने वाले को मुँह मांगा इनाम दिया जायेगा। ਅਸੀਂ ਕਹਿੰਦੇ ਨਹੀਂ ਕਰਦੇ ਹਾਂ । ਕਾਲਾ ਇਲਮ, 41 ਸ਼ਕਤੀਆਂ ਦੇ ਮਾਹਿਰ, ਮੀਆਂ ਜੀ। ਸਪੀਕਰ ਸਾਹਿਬ, ਇਸ ਤਰ੍ਹਾਂ ਦੇ ਲੋਕ ਹਨ। ਮੈਂ ਟ੍ਰਿਬਿਊਨ ਦੀ ਖ਼ਬਰ ਪੜ੍ਹ ਰਿਹਾ ਸੀ ਕਿ ਇਕੱਲੇ ਬਟਾਲਾ ਸ਼ਹਿਰ ਵਿੱਚ 44 ਅਜਿਹੇ ਬਾਬੇ ਬੈਠੇ ਹਨ ਜਿਹੜੇ ਸ਼ਹਿਰ ਵਿੱਚ ਲੋਕਾਂ ਨੂੰ ਲੁੱਟਦੇ ਹਨ।

ਸੋ, ਮੇਰੀ ਬੇਨਤੀ ਹੈ ਕਿ ਇਸ ਸਬੰਧ ਵਿੱਚ ਮੈਂ ਇਕ ਪ੍ਰਾਈਵੇਟ ਬਿਲ ਵੀ ਤੁਹਾਡੇ ਦਫ਼ਤਰ ਵਿੱਚ ਮਿਤੀ 7.5.2017 ਨੂੰ ਦਿੱਤਾ ਹੋਇਆ ਹੈ। ਪੰਜਾਬ ਅਗਾਂਹਵਧੂ ਸੂਬਾ ਹੈ। ਅਸੀਂ ਆਪਣੇ ਆਪ ਨੂੰ ਵਿਗਿਆਨਕ ਸੋਚ ਦੇ ਮਾਲਕ ਵੀ ਕਹਿੰਦੇ ਹਾਂ। ਬਹੁਤ ਸਾਰੇ ਅਜਿਹੇ ਬਾਬੇ ਹਨ ਜਿਹੜੇ ਲੋਕਾਂ ਨੂੰ ਲੁੱਟਦੇ ਹਨ ਪ੍ਰੰਤੂ ਸਾਡੇ ਸਿਆਸੀ ਵਿਅਕਤੀ ਕਈ ਵਾਰ ਉਨ੍ਹਾਂ ਨੂੰ ਜਾ ਕੇ ਮੱਥਾ ਟੇਕਦੇ ਹਨ। ਸਾਨੂੰ ਇਨ੍ਹਾਂ ਨੂੰ ਰੋਕਣ ਲਈ ਸੰਘਰਸ਼ ਕਰਨਾ ਪਵੇਗਾ। ਸਰਕਾਰਾਂ ਆਉਂਦੀਆਂ ਹਨ ਅਤੇ ਸਰਕਾਰਾਂ ਜਾਂਦੀਆਂ ਹਨ ਲੇਕਿਨ ਅਸੀਂ ਜੇ ਕੋਈ ਇਤਿਹਾਸਕ ਗੱਲ ਕਰ ਸਕੀਏ, ਇਸ ਸਮੱਸਿਆ ਦੇ ਸੁਧਾਰ ਲਈ ਜੇ ਕੋਈ ਗੱਲ ਕਰ ਸਕੀਏ, ਜੇਕਰ ਮਹਾਰਾਸ਼ਟਰ ਸਟੇਟ ਇਸ ਗੱਲ ਦੇ ਵਿਰੁੱਧ ਕਾਨੂੰਨ ਬਣਾ ਸਕਦਾ ਹੈ ਤਾਂ ਪੰਜਾਬ ਨੂੰ ਵੀ ਅਜਿਹਾ ਕਾਨੂੰਨ ਬਣਾਉਣਾ ਚਾਹੀਦਾ ਹੈ। ਉਨ੍ਹਾਂ ਨੇ ਹੁਣੇ ਸਾਲ 2017 ਵਿੱਚ ਕਾਨੂੰਨ ਬਣਾਇਆ ਹੈ। ਅਸੀਂ ਗੁਰੂਆਂ-ਪੀਰਾਂ ਦਾ ਨਾਮ ਲੈਂਦੇ ਹਾਂ, ਅਸੀਂ ਵਹਿਮਾਂ-ਭਰਮਾਂ ਤੋਂ ਦੂਰ ਹੋਣ ਦੀਆਂ ਗੱਲਾਂ ਕਰਦੇ ਹਾਂ। ਅਜਿਹੇ ਬਹੁਤ ਸਾਰੇ ਕੇਸ ਹਨ ਜਿਨ੍ਹਾਂ ਵਿੱਚ ਬਾਬੇ ਲੋਕਾਂ ਨੂੰ ਵਰਗਲ਼ਾ ਕੇ ਉਨ੍ਹਾਂ ਦਾ ਆਰਥਿਕ ਸ਼ੋਸ਼ਣ ਵੀ ਕਰਦੇ ਹਨ, ਮਾਨਸਿਕ ਸ਼ੋਸ਼ਣ ਵੀ ਕਰਦੇ ਹਨ ਅਤੇ ਸਰੀਰਿਕ ਸ਼ੋਸ਼ਣ ਵੀ ਕਰਦੇ ਹਨ।

ਮੇਰੀ ਇਸ ਹਾਊਸ ਨੂੰ ਬੇਨਤੀ ਹੈ ਕਿ ਅਸੀਂ ਸਰਕਾਰ ਕੋਲ ਰਿਕੁਮੈਂਡ ਕਰੀਏ ਕਿ ਇਸ ਚੀਜ਼ ਵਿਰੁੱਧ ਕਾਨੂੰਨ ਬਣਾਇਆ ਜਾਵੇ ਤਾਂ ਜੋ ਸਮਾਜ ਵਿਚਲੀ ਇਸ ਬੁਰਾਈ ਤੋਂ ਦੂਰ ਹੋ ਸਕੀਏ। ਅੱਜ ਦਾ ਯੁੱਗ ਵਿਗਿਆਨਕ ਯੁੱਗ ਹੈ। ਅਸੀਂ ਵਿਗਿਆਨਕ ਸੋਚ ਨਾਲ ਜਾਣੇ ਜਾਂਦੇ ਹਾਂ। ਇਸ ਕਰਕੇ ਮੇਰੀ ਬੇਨਤੀ ਹੈ ਕਿ ਦੇਸ਼ ਦੀ ਸੰਵਿਧਾਨ ਦੇ ਆਰਟੀਕਲ 21 ਅਨੁਸਾਰ ਹਰ ਵਿਅਕਤੀ ਨੂੰ ਅਜ਼ਾਦੀ ਦਾ ਜ਼ਰੂਰੀ ਹੱਕ ਹੈ ਪਰ ਵਹਿਮਾਂ-ਭਰਮਾਂ ਵਿੱਚ ਪਾਉਣ ਵਾਲੇ ਲੋਕ ਅਜਿਹੀ ਅਜ਼ਾਦੀ ਵਿੱਚ ਸਿੱਧਾ ਦਖ਼ਲ ਦਿੰਦੇ ਹਨ। ਅਜਿਹੀਆਂ ਵਾਪਰ ਰਹੀਆਂ ਘਟਨਾਵਾਂ ਵਿਰੁੱਧ ਲੋਕਾਂ ਵਿੱਚ ਜਾਗ੍ਰਤੀ ਪੈਦਾ ਕਰਨ

[ਸ਼੍ਰੀ ਸੋਮ ਪ੍ਰਕਾਸ਼]

ਦੀ ਲੋੜ ਹੈ ਅਤੇ ਕਾਨੂੰਨ ਬਣਾਉਣ ਦੀ ਲੋੜ ਹੈ। ਮੇਰੀ ਸਾਰੇ ਸਦਨ ਨੂੰ ਬੇਨਤੀ ਹੈ ਕਿ ਆਉ ਆਪਾਂ ਸਾਰੇ ਰਲ਼ ਕੇ ਇਸ ਸਮਾਜਿਕ ਬੁਰਾਈ ਵਿਰੁੱਧ ਅਵਾਜ਼ ਬੁਲੰਦ ਕਰੀਏ ਅਤੇ ਸਰਬਸੰਮਤੀ ਨਾਲ ਇਸ ਮਤੇ ਨੂੰ ਪਾਸ ਕਰਵਾਈਏ। ਮੈਂ ਸਾਰਿਆਂ ਨੂੰ ਹੱਥ ਜੋੜ ਕੇ ਬੇਨਤੀ ਕਰਾਂਗਾ ਕਿ ਮਹਾਰਾਸ਼ਟਰ ਦੇ ਪੈਟਰਨ ਤੇ ਸਰਕਾਰ ਸਟੱਡੀ ਕਰਕੇ ਇੱਕ ਕਾਨੂੰਨ ਬਣਾ ਦੇਵੇ ਤਾਂ ਸਾਡੇ ਸਮਾਜ ਦਾ ਉਸ ਵਿੱਚ ਬਹੁਤ ਫਾਇਦਾ ਹੋ ਸਕਦਾ ਹੈ। ਬਹੁਤ-ਬਹੁਤ ਧੰਨਵਾਦ।

**ਮਾਨਯੋਗ ਸਪੀਕਰ:** ਹਾਂ ਜੀ, ਕੋਈ ਹੋਰ ਇਸ ਸਬੰਧ ਵਿੱਚ ਬੋਲਣਾ ਚਾਹੁੰਦਾ ਹੈ?

**ਡਾਕਟਰ ਰਾਜ ਕੁਮਾਰ ਵੇਰਕਾ (ਅੰਮ੍ਰਿਤਸਰ ਪੱਛਮੀ, ਐਸ.ਸੀ.) :** ਸਪੀਕਰ ਸਾਹਿਬ, ਸਾਡੇ ਸਤਿਕਾਰਯੋਗ ਮੈਂਬਰ ਜੀ ਨੇ ਅੰਧਵਿਸ਼ਵਾਸ ਦਾ ਜ਼ਿਕਰ ਕਰਦੇ ਹੋਏ ਇੱਕ ਮਤਾ ਲਿਆਂਦਾ ਹੈ। ਇਨ੍ਹਾਂ ਨੇ ਸ਼ੋਸ਼ਣ ਦਾ ਵੀ ਜ਼ਿਕਰ ਕੀਤਾ ਹੈ। ਭਾਰਤ ਦਾ ਸੰਵਿਧਾਨ, ਭਾਰਤ ਦਾ ਕਾਨੂੰਨ ਹਰ ਤਰ੍ਹਾਂ ਦੇ ਸ਼ੋਸ਼ਣ ਦੇ ਖਿਲਾਫ ਹੈ। ਮੈਨੂੰ ਇਸ ਗੱਲ ਦੀ ਹੈਰਾਨਗੀ ਹੈ ਕਿ ਅੱਜ ਵੀ ਦੇਸ਼ ਦੇ ਅੰਦਰ ਸਤੀ ਦੀ ਇੱਕ ਪ੍ਰੰਪਰਾ ਸਦੀਆਂ ਤੋਂ ਚਲਦੀ ਆ ਰਹੀ ਹੈ। ਜਿਸ ਵਿੱਚ ਜਦੋਂ ਪਤੀ ਦੀ ਡੈੱਥ ਹੁੰਦੀ ਹੈ ਤਾਂ ਔਰਤ ਨੂੰ ਵੀ ਉਸ ਦੇ ਨਾਲ ਜਲਾ ਦਿੱਤਾ ਜਾਂਦਾ ਹੈ। ਅੱਜ ਵੀ ਸਦੀਆਂ ਤੋਂ ਇਕ ਹੋਰ ਪ੍ਰੰਪਰਾ ਚਲਦੀ ਆ ਰਹੀ ਹੈ ਕਿ ਖੂਹ ਤੋਂ ਕੋਈ ਗਧਾ, ਘੋੜਾ ਜਾਂ ਗਾਂ-ਵੱਛਾ ਤਾਂ ਪਾਣੀ ਪੀ ਸਕਦਾ ਹੈ ਪ੍ਰੰਤੂ ਦਲਿਤ ਨੂੰ ਅੱਜ ਵੀ ਉਥੇ ਪਾਣੀ ਪੀਣ ਦੀ ਇਜਾਜ਼ਤ ਨਹੀਂ ਹੈ। ਅੱਜ ਦੇਸ਼ ਦੇ ਅੰਦਰ ਇਹ ਪ੍ਰੰਪਰਾ ਵੀ ਕਾਇਮ ਹੈ ਕਿ ਬਹੁਤ ਸਾਰੇ ਮੰਦਰਾਂ ਦੇ ਅੰਦਰ ਦਲਿਤ ਨੂੰ ਜਾਣ ਦੀ ਇਜਾਜ਼ਤ ਨਹੀਂ ਹੈ। ਇਹ ਵੀ ਸ਼ੋਸ਼ਣ ਹੈ ਅਤੇ ਇਹ ਵੀ ਅੰਧਵਿਸ਼ਵਾਸ ਹੈ। ਇਸ ਵਾਸਤੇ ਮੈਂ ਇਹ ਮਹਿਸੂਸ ਕਰਦਾ ਹਾਂ ਕਿ ਜਿਸ ਤਰ੍ਹਾਂ ਮਹਾਰਾਸ਼ਟਰ ਵਿੱਚ ਇੱਕ ਕਾਨੂੰਨ ਬਣਿਆ ਹੈ, ਜਿਸ ਤਹਿਤ ਅਜਿਹੇ ਅੰਧਵਿਸ਼ਵਾਸਾਂ ਖਿਲਾਫ ਕਾਰਵਾਈ ਕੀਤੀ ਜਾਵੇਗੀ, ਮੈਂਬਰ ਸਾਹਿਬ ਨੇ ਸੈਕਸ਼ਨ 302 ਅਤੇ ਸੈਕਸ਼ਨ 304 ਦਾ ਜ਼ਿਕਰ ਕੀਤਾ ਹੈ ਕਿ ਇਹ ਧਾਰਾਵਾਂ ਲੱਗਣੀਆਂ ਚਾਹੀਦੀਆਂ ਹਨ ਲੇਕਿਨ ਮੇਰਾ ਅਜਿਹਾ ਮੰਨਣਾ ਹੈ ਕਿ ਸਾਡੇ ਕੋਲ ਕਾਨੂੰਨ ਅਵੇਲੇਬਲ ਹੈ ਅਤੇ ਸਾਨੂੰ ਇੱਛਾ ਸ਼ਕਤੀ ਦੀ ਜ਼ਰੂਰਤ ਹੈ। ਇਸ ਗੱਲ ਦੀ ਜ਼ਰੂਰਤ ਹੈ ਕਿ ਜੇ ਅਸੀਂ ਅਜਿਹੇ ਅੰਧਵਿਸ਼ਵਾਸਾਂ ਨੂੰ ਖਤਮ ਕਰਨਾ ਹੈ ਤਾਂ ਦੇਸ਼ ਦੇ ਕਾਨੂੰਨ ਨੂੰ ਆਪਣਾ ਕੰਮ ਕਰਨਾ ਚਾਹੀਦਾ ਹੈ। ਸਾਡਾ ਫੈਡਰਲ ਸਿਸਟਮ ਹੈ, ਸਾਡੀ ਬਿਓਰੋਕਰੇਸੀ, ਸਾਡੇ ਅਫ਼ਸਰ ਵੀ ਮੌਕੇ ਤੇ ਮੌਜੂਦ ਹਨ, ਉਨ੍ਹਾਂ ਨੂੰ ਇਨ੍ਹਾਂ ਕੁਰੀਤੀਆਂ ਖਿਲਾਫ ਆਪਣੀ ਡਿਊਟੀ ਬਾਖੂਬੀ ਨਿਭਾਉਣੀ ਚਾਹੀਦੀ ਹੈ। ਜਿਵੇਂ ਮਹਾਰਾਸ਼ਟਰ ਵਿਚ ਕਾਨੂੰਨ ਬਣਿਆ ਹੈ, ਮੈਂ ਯੂ.ਪੀ. ਦੀ ਇਕ ਉਦਾਹਰਨ ਦੇਣੀ ਚਾਹੁੰਦਾ ਹਾਂ। ਯੂ.ਪੀ. ਵਿੱਚ ਜਿਸ ਤਰੀਕੇ ਨਾਲ ਕਾਨੂੰਨ ਵਿੱਚ ਅਮੈਂਡਮੈਂਟਸ ਕੀਤੀਆਂ ਜਾ ਰਹੀਆਂ ਹਨ, ਉਨ੍ਹਾਂ ਅਮੈਂਡਮੈਂਟਸ ਦੇ ਤਹਿਤ ਇਸ ਦੀ ਮੰਗ/ਗੱਲ ਕੀਤੀ ਜਾ ਰਹੀ ਹੈ ਕਿ ਕਿਸੇ ਦੀ ਰਸੋਈ ਵਿਚ ਕੀ

ਪੱਕਿਆ ਹੈ, ਕਿਸੇ ਦੇ ਫਰਿੱਜ ਵਿੱਚ ਕਿਹੜਾ ਮੀਟ ਰੱਖਿਆ ਹੋਇਆ ਹੈ, ਉਸ ਦੀ ਤਲਾਸ਼ੀ ਲੈਣ ਦੀ ਵੀ ਇਜਾਜ਼ਤ ਹੋਵੇ। ਜਿਸ ਤਰੀਕੇ ਨਾਲ ਘੱਟ ਗਿਣਤੀਆਂ ਦੇ ਉਪਰ ਇਸ ਤਰ੍ਹਾਂ ਦੇ ਕਾਨੂੰਨ ਬਣਾ ਕੇ ਥੋਪਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ, ਉਸ ਤੋਂ ਮੈਨੂੰ ਇਸ ਤਰ੍ਹਾਂ ਲਗਦਾ ਹੈ ਕਿ ਉਹ ਕਿਸੇ ਦੇ ਮਾਨਵ ਅਧਿਕਾਰ ਉੱਪਰ ਹਮਲਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

*11.53 ਵਜੇ ਪੂਰਵ ਦੁਪਹਿਰ) (*ਇਸ ਸਮੇਂ ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਮੈਂਬਰ, ਪੈਨਲ ਆਫ ਚੇਅਰਮੈੱਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

**ਡਾਕਟਰ ਰਾਜ ਕੁਮਾਰ ਵੇਰਕਾ:** ਮੈਂ ਹੋਰ ਗੱਲ ਕਰਨਾ ਚਾਹੁੰਦਾ ਹਾਂ। ਬਹੁਤ ਸਾਰੇ ਧਰਮਾਂ ਵਿਚ, ਮੈਂ ਇਕ ਧਰਮ ਦੀ ਗੱਲ ਨਹੀਂ ਕਰ ਰਿਹਾ, ਕਈ ਧਰਮਾਂ ਵਿਚ ਅੰਧਵਿਸ਼ਵਾਸ ਹੈ। ਨੀਲੀ, ਕਾਲੀ, ਪੀਲੀ ਚਟਣੀ ਅਤੇ ਗੋਲ-ਗੱਪਿਆਂ ਦਾ ਜ਼ਿਕਰ ਹੁੰਦਾ ਹੈ ਅਤੇ ਬਾਬੇ ਟੀ.ਵੀ. ਤੇ ਵੱਡੇ ਵੱਡੇ ਵਿਗਿਆਪਨ ਦਿੰਦੇ ਹਨ। ਇਹ ਸਾਰਾ ਮਾਮਲਾ ਕੇਂਦਰ ਸਰਕਾਰ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ। ਕੇਂਦਰ ਸਰਕਾਰ ਇਸ ਤਰ੍ਹਾਂ ਦੇ ਬਾਬਿਆਂ ਤੇ ਨੱਥ ਪਾਉਣ ਲਈ ਕਿਹੜਾ ਕਾਨੂੰਨ ਲੈ ਕੇ ਆਈ ਹੈ? ਅਜਿਹੀਆਂ ਚੀਜ਼ਾਂ ਨੂੰ ਬੰਦ ਕਰਨਾ ਚਾਹੀਦਾ ਹੈ। ਸੋਮ ਪ੍ਰਕਾਸ਼ ਜੀ ਦੀ ਇੱਛਾ ਨੂੰ ਮੈਂ ਸਮਝਦਾ ਹਾਂ ਕਿ ਅੰਧਵਿਸ਼ਵਾਸ ਖਤਮ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਦੇ ਬਾਬਿਆਂ ਨੂੰ ਨੱਥ ਪਾਉਣੀ ਚਾਹੀਦੀ ਹੈ। ਉਨ੍ਹਾਂ ਦੇ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ। ਡੋਅਰੀ ਐਕਟ ਤਹਿਤ ਜੇਕਰ ਝਗੜਾ ਹੁੰਦਾ ਹੈ ਤਾਂ ਪੂਰੇ ਪਰਿਵਾਰ ਨੂੰ ਫੜ੍ਹ ਕੇ ਅੰਦਰ ਦੇ ਦਿੱਤਾ ਜਾਂਦਾ ਸੀ ਪਰ ਸੁਪਰੀਮ ਕੋਰਟ ਦੇ ਇੰਟਰਵੀਨ ਕਰਨ ਨਾਲ ਅਮੈਂਡਮੈਂਟ ਆਈ ਹੈ। ਸੋ, ਸਾਨੂੰ ਕਾਨੂੰਨੀ ਮਾਹਿਰਾਂ ਦੀ ਰਾਏ ਲੈਣੀ ਚਾਹੀਦੀ ਹੈ ਤਾਂ ਜੋ ਕਿਸੇ ਕਾਨੂੰਨ ਦਾ ਮਿਸਯੂਜ਼ ਨਾ ਹੋਵੇ। ਕਾਨੂੰਨ ਦੀ ਠੀਕ ਵਰਤੋਂ ਹੋਣੀ ਚਾਹੀਦੀ ਹੈ। ਵੱਡੇ ਵੱਡੇ ਸਮਾਗਮਾਂ ਵਿਚ ਵੱਡੀਆਂ ਵੱਡੀਆਂ ਕਿਰਪਾਵਾਂ ਹੋ ਰਹੀਆਂ ਹਨ। ਸ਼ਰਤੀਆ ਮੁੰਡਾ ਹੋਣ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ। ਇਹ ਸਭ ਕੁਦਰਤ ਨਾਲ ਖਿਲਵਾੜ ਹੈ। ਇਨ੍ਹਾਂ ਤੇ ਜ਼ਰੂਰ ਕਾਰਵਾਈ ਹੋਣੀ ਚਾਹੀਦੀ ਹੈ। ਮਨੂੰਵਾਦੀ ਤਾਕਤਾਂ ਨੇ ਇਹ ਅੰਧਵਿਸ਼ਵਾਸ ਫੈਲਾਇਆ ਹੈ।ਦੇਸ਼ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਅਜਿਹੇ ਕੀੜੇ-ਮਕੌੜੇ ਜੋ ਹਾਲੇ ਵੀ ਮੌਜੂਦ ਹਨ, ਉਨ੍ਹਾਂ ਦੇ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ। ਮੈਂ ਚਾਹੁੰਦਾ ਹਾਂ ਕਿ ਕਿਸੇ ਵੀ ਕਾਨੂੰਨ ਦਾ ਜਿਹੜਾ ਠੀਕ ਪਹਿਲੂ ਹੈ ਉਸ ਤੇ ਵਿਚਾਰ ਕਰਨਾ ਚਾਹੀਦਾ ਹੈ ਪਰ ਕਾਨੂੰਨ ਦੀ ਦੁਰਵਰਤੋਂ ਨਾ ਹੋਵੇ, ਇਸ ਨੂੰ ਵੀ ਵੇਖਣਾ ਚਾਹੀਦਾ ਹੈ। ਧੰਨਵਾਦ ਜੀ।

**ਸਰਦਾਰ ਗੁਰਪ੍ਰੀਤ ਸਿੰਘ (ਬੱਸੀ ਪਠਾਣਾ) :** ਸਭਾਪਤੀ ਜੀ, ਮਾਮਲੇ ਦੀ ਜਾਂਚ ਕੀਤੀ ਗਈ ਹੈ। ਪੰਜਾਬ ਰਾਜ ਵਿਚ ਅੰਧਵਿਸ਼ਵਾਸ ਸਬੰਧੀ ਰਿਪੋਰਟ ਦੇ ਕੇਸ ਗਿਣਤੀ ਵਿੱਚ ਕੁਝ ਹੀ ਹਨ। ਇਸ ਲਈ ਪੰਜਾਬ ਸਰਕਾਰ ਦੁਆਰਾ ਪੰਜਾਬ ਵਿਚ ਅੰਧਵਿਸ਼ਵਾਸ ਅਤੇ ਕਾਲੇ ਜਾਦੂ ਨਾਲ ਨਜਿੱਠਣ ਲਈ ਇਕ ਵੱਖਰਾ ਕਾਨੂੰਨ ਬਣਾਉਣ ਲਈ ਹੁਣ ਤੱਕ ਕੋਈ ਲੋੜ ਮਹਿਸੂਸ ਨਹੀਂ ਕੀਤੀ ਹੈ। ਵਰਤਮਾਨ ਸਮੇਂ ਅਜਿਹੇ ਸਾਰੇ ਕੇਸਾਂ ਨੂੰ ਮੌਜੂਦਾ ਅਪਰਾਧਿਕ ਕਾਨੂੰਨਾਂ ਤਹਿਤ ਲਾਗੂ ਕੀਤਾ ਗਿਆ ਹੈ ਜਿਵੇਂ ਕਿ ਭਾਰਤੀ ਪੀਨਲ ਕੋਡ, ਫੌਜਦਾਰੀ ਦੰਡ ਵਿਧਾਨ ਅਤੇ ਭਾਰਤੀ ਸਬੂਤ ਕਾਨੂੰਨ, ਜੇ ਕੋਈ ਵਿਅਕਤੀ ਅੰਧ ਵਿਸ਼ਵਾਸ ਜਾਂ ਕਾਲਾ ਜਾਦੂ ਦੀ ਵਰਤੋਂ ਰਾਹੀਂ ਕਿਸੇ ਹੋਰ ਵਿਅਕਤੀ ਨੂੰ ਕੋਈ ਸਰੀਰਕ ਜਾਂ ਕੋਈ ਹੋਰ ਨੁਕਸਾਨ ਪਹੁੰਚਾਉਂਦਾ ਹੈ ਤਾਂ ਉਸ ਨੂੰ ਭਾਰਤੀ ਦੰਡਾਵਲੀ ਕੋਡ ਦੇ ਉਪਬੰਧਾਂ ਦੇ ਅਨੁਸਾਰ ਪੇਸ਼ ਕੀਤਾ ਜਾਂਦਾ ਹੈ। ਅੰਧਵਿਸ਼ਵਾਸ ਅਤੇ ਕਾਲਾ ਜਾਦੂ ਨਾਲ ਨਜਿੱਠਣ ਲਈ ਪੰਜਾਬ ਰਾਜ ਵਿਚ ਰਾਜ ਸਰਕਾਰ ਦੁਆਰਾ ਕੋਈ ਸਪੈਸ਼ਲ ਕਾਨੂੰਨ ਨਹੀਂ ਬਣਾਇਆ ਗਿਆ। ਇਸੇ ਤਰ੍ਹਾਂ ਕਿਸੇ ਵੀ ਵਿਅਕਤੀ ਵਿਰੁੱਧ ਅੰਧਵਿਸ਼ਵਾਸ ਦਾ ਪ੍ਰਚਾਰ ਕਰਨਾ ਜਾਂ ਕਾਲਾ ਜਾਦੂਗਰੀ ਦੀ ਕਿਸੇ ਵੀ ਕਾਰਵਾਈ ਦੌਰਾਨ ਕੋਈ ਵੀ ਸਰੀਰਕ ਨੁਕਸਾਨ ਹੋਣ ਦੇ ਮਾਮਲੇ ਵਿਚ ਭਾਰਤੀ ਦੰਡ ਵਿਧਾਨ ਦੇ ਨਿਯਮਾਂ ਦੇ ਅਧੀਨ ਪੇਸ਼ ਕੀਤਾ ਜਾ ਸਕਦਾ ਹੈ ਅਤੇ ਭਾਰਤੀ ਦੰਡ ਵਿਧਾਨ ਦੇ ਹਿਊਮਨ ਬਾਡੀ ਨੂੰ ਪ੍ਰਭਾਵਿਤ ਕਰਨ ਵਾਲੇ ਅਧਿਆਇ 16 ਦੇ ਉਪਬੰਧਾਂ ਵਿਚ ਕਾਰਵਾਈ ਸ਼ੁਰੂ ਕੀਤੀ ਜਾ ਸਕਦੀ ਹੈ। ਇਸੇ ਤਰ੍ਹਾਂ ਅੰਧ ਵਿਸ਼ਵਾਸ ਅਤੇ ਕਾਲਾ ਜਾਦੂ ਦੀ ਵਰਤੋਂ ਦੇ ਸਬੰਧ ਵਿਚ ਵਿੱਤੀ ਨੁਕਸਾਨ ਹੋਣ ਦੇ ਮਾਮਲੇ ਵਿਚ ਭਾਰਤੀ ਦੰਡਾਵਲੀ ਦੀ ਧਾਰਾ ਦੇ 17ਵੇਂ ਅਧਿਆਏ – ਜਾਇਦਾਦ ਵਿਰੁੱਧ ਅਪਰਾਧ ਦੇ ਅਨੁਸਾਰ ਢੁਕਵੀਂ ਕਾਰਵਾਈ ਸ਼ੁਰੂ ਕੀਤੀ ਜਾ ਸਕਦੀ ਹੈ। ਕਿਸੇ ਵੀ ਚੀਟਿੰਗ, ਧੋਖਾਧੜੀ ਅਤੇ ਬੇਈਮਾਨੀ ਜਾਂ ਧੱਕੇ ਨਾਲ ਪ੍ਰਾਪਤੀ ਤੇ ਜੇਕਰ ਅਜਿਹਾ ਐਕਟ ਲਾਗੂ ਹੁੰਦਾ ਹੈ ਤਾਂ ਅੰਧਵਿਸ਼ਵਾਸ ਵਾਲੇ ਕੁਝ ਲੋਕਾਂ ਦੁਆਰਾ ਧਰਮ ਵਿਰੋਧੀ ਸਮਝਿਆ ਜਾ ਸਕਦਾ ਹੈ ਕਿਉਂਕਿ ਇਕ ਵਿਅਕਤੀ ਲਈ ਵਿਸ਼ਵਾਸ ਕਿਸੇ ਹੋਰ ਵਿਅਕਤੀ ਲਈ ਵਹਿਮ ਹੋ ਸਕਦਾ ਹੈ। ਇਸ ਨੂੰ ਪੁਰਾਣੇ ਰੀਤੀ ਰਿਵਾਜਾਂ ਅਤੇ ਰਵਾਇਤਾਂ ਦੇ ਵਿਰੁੱਧ ਵੀ ਵੇਖਿਆ ਜਾ ਸਕਦਾ ਹੈ। ਖਾਸ ਤੌਰ ਤੇ ਪੁਰਾਣੀ ਪੀੜ੍ਹੀ ਦੇ ਵਿਅਕਤੀਆਂ ਵੱਲੋਂ ਇਸ ਨੂੰ ਪੁਰਾਣੇ ਰੀਤੀ ਰਿਵਾਜ਼ਾਂ ਅਤੇ ਰਵਾਇਤਾਂ ਦੇ ਵਿਰੁੱਧ ਵੀ ਵੇਖਿਆ ਜਾ ਸਕਦਾ ਹੈ। ਜੇ ਰਾਜ ਅਜਿਹੇ ਕਾਨੂੰਨ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਇਹ ਖਾਸ ਕਰਕੇ ਨੌਜਵਾਨ ਪੀੜ੍ਹੀ ਦੁਆਰਾ ਪਿਛਾਂਹ–ਖਿੱਚੂ ਕਾਨੂੰਨ ਦੇ ਤੌਰ ਤੇ ਦੇਖਿਆ ਜਾ ਸਕਦਾ ਹੈ। ਇਸ ਲਈ ਮਹਾਰਾਸ਼ਟਰ ਵਿਧਾਨ ਸਭਾ ਦੀ ਤਰਜ਼ ਤੇ ਇੱਕ ਨਵਾਂ ਕਾਨੂੰਨ ਲਾਗੂ ਕਰਨ ਦੀ ਕੋਈ ਲੋੜ ਨਹੀਂ ਜਾਪਦੀ ਕਿਉਂਕਿ ਕਾਨੂੰਨ ਦੀਆਂ ਮੌਜੂਦਾ ਧਾਰਾਵਾਂ ਵਹਿਮਾਂ–ਭਰਮਾਂ, ਕਾਲਾ ਜਾਦੂ ਆਦਿ ਦੀਆਂ ਘਟਨਾਵਾਂ ਦੇ ਹੱਲ ਲਈ ਕਾਫੀ ਹਨ। ਬਹੁਤ–ਬਹੁਤ ਧੰਨਵਾਦ ਜੀ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ (ਮਾਨਸਾ):** ਚੇਅਰਮੈਨ ਸਾਹਿਬ, ਸਾਡੇ ਸਤਿਕਾਰਯੋਗ ਮੈਂਬਰ ਸਾਹਿਬ, ਜੋ ਇਹ ਮਤਾ ਲੈ ਕੇ ਆਏ ਹਨ, ਇਸ ਬਾਰੇ ਮੈਂ ਇਹ ਦੱਸਣਾ ਚਾਹਾਂਗਾ ਕਿ ਧੋਖਾ ਅਤੇ ਠੱਗੀ ਵਰਗੇ ਮਾਮਲਿਆਂ ਨਾਲ ਨਜਿੱਠਣ ਲਈ ਪਹਿਲਾਂ ਹੀ ਆਈ.ਪੀ.ਸੀ ਦੀ ਧਾਰਾ 420 ਦੇ ਅੰਦਰ ਪ੍ਰੋਵੀਜ਼ਨ ਹੈ। ਜੇ ਕੋਈ ਠੱਗੀ ਜਾਂ ਧੋਖਾ ਕਰਕੇ ਕਿਸੇ ਦੀ ਪ੍ਰਾਪਰਟੀ ਜਾਂ ਕਿਸੇ ਦੇ ਮਾਣ ਨੂੰ ਹਾਨੀ ਪਹੁੰਚਾਉਂਦਾ ਹੈ ਜਾਂ ਕਿਸੇ ਨੂੰ harm ਕਰਦਾ ਹੈ, ਚਾਹੇ ਉਹ ਜਾਨੀ ਹੈ ਜਾਂ ਮਾਲੀ ਹੈ ਤਾਂ ਧਾਰਾ 420 ਦੇ ਅਧੀਨ ਪਰਚਾ ਦਰਜ ਕੀਤਾ ਜਾ ਸਕਦਾ ਹੈ। ਮੈਂ ਮੈਂਬਰ ਸਾਹਿਬ ਵੱਲੋਂ ਪੇਸ਼ ਕੀਤੇ ਗਏ ਮਤੇ ਦੇ ਇੰਨਾ ਵੀ ਵਿਰੁੱਧ ਨਹੀਂ ਹਾਂ ਪਰ ਨਾਲ ਜ਼ਰੂਰੀ ਇਹ ਹੈ ਕਿ ਜਿੰਨਾ ਚਿਰ ਲੋਕਾਂ ਅੰਦਰ ਕਾਨੂੰਨਾਂ ਪ੍ਰਤੀ ਜਾਗਰੂਕਤਾ ਨਹੀਂ ਆਉਂਦੀ, ਉਨਾ ਚਿਰ ਜਿੰਨੇ ਮਰਜ਼ੀ ਕਾਨੂੰਨ ਸਖ਼ਤ ਬਣਾਈ ਜਾਓ, ਇਸ ਚੀਜ਼ ਦਾ ਕੋਈ ਫਾਇਦਾ ਨਹੀਂ ਹੈ। ਲੋਕਾਂ ਨੂੰ ਅਵੇਅਰ ਕਰਨ ਲਈ ਚਾਹੀਦਾ ਤਾਂ ਇਹ ਹੈ ਕਿ ਐਜੂਕੇਸ਼ਨ ਸਿਸਟਮ ਨੂੰ ਇੰਪਰੂਵ ਕੀਤਾ ਜਾਵੇ। ਕਿਸੇ ਤਰ੍ਹਾਂ ਐਜੂਕੇਸ਼ਨ ਕੁਰੀਕੁਲਮ ਵਿੱਚ ਇਸ ਤਰ੍ਹਾਂ ਦੇ ਵਿਸ਼ੇ ਪੜ੍ਹਾ ਕੇ ਲੋਕਾਂ ਨੂੰ ਜਾਗਰੂਕ ਕਰਨ ਤੇ ਜ਼ਿਆਦਾ ਸਟਰੈਸ ਦੇਣੀ ਬਣਦੀ ਹੈ ਨਾ ਕਿ ਕਾਨੂੰਨ ਬਣਾਉਣ ਦੇ ਉੱਤੇ। ਬਹੁਤ-ਬਹੁਤ ਧੰਨਵਾਦ।

**ਸਰਦਾਰ ਤਰਸੇਮ ਸਿੰਘ ਡੀ.ਸੀ. (ਅਟਾਰੀ, ਐਸ.ਸੀ):** ਮਾਨਯੋਗ ਸਭਾਪਤੀ ਜੀ, ਮੈਂ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ। I would like to discuss it in detail before this august House. ਮੇਰੇ ਬਹੁਤ ਹੀ ਕਾਬਲ ਦੋਸਤ ਨੇ ਇਹ ਮਤਾ ਲਿਆਂਦਾ ਹੈ। ਬਹੁਤ ਕਾਬਲ ਹਨ ਲੇਕਿਨ I do not understand what is the comparison between Punjab and Maharashtra. I have remained there ਬਤੌਰ ਡਿਪਟੀ ਕਮਿਸ਼ਨਰ ਇਨਕਮ ਟੈਕਸ for 14 years. ਮੈਂ ਘੁੰਮ ਕੇ ਦੇਖਿਆ ਹੈ ਲੇਕਿਨ ਉਥੇ ਜਿਹੜੀਆਂ ਰਹੁ-ਰੀਤਾਂ ਹਨ, though we say Mumbai is the financial capital of India, it is totally westernized city, it is ok ਪਰ ਉਥੇ ਲੋਕ ਜੰਗਲਾਂ ਵਿੱਚ ਵੀ ਰਹਿੰਦੇ ਹਨ। ਜੰਗਲਾਂ ਦੇ ਵਿੱਚ ਕਬਾਇਲੀ ਰਹਿੰਦੇ ਹਨ, ਉਨ੍ਹਾਂ ਦੀਆਂ ਆਪਣੀਆਂ ਪਰੰਪਰਾਵਾਂ ਚੱਲੀਆਂ ਆਉਂਦੀਆਂ ਹਨ, ਕੁਝ ਵਿਆਹ-ਸ਼ਾਦੀਆਂ ਦੀਆਂ ਹਨ, ਕੁਝ ਉਥੇ ਜਾਦੂ-ਟੂਣੇ ਦੇ ਜਾਣੂ ਹਨ। So, they must have felt the need of enacting such laws ਲੇਕਿਨ ਪੰਜਾਬ ਇੱਕ ਬਹੁਤ ਹੀ ਅਗਾਂਹਵਧੂ ਅਤੇ ਜਾਗਰੂਕ ਲੋਕਾਂ ਦੀ ਸਟੇਟ ਹੈ। ਮੈਂ ਮੈਂਬਰ ਸਾਹਿਬ ਦੇ ਖਿਆਲਾਂ ਦੇ ਉਲਟ ਨਹੀਂ ਹਾਂ। ਉਨ੍ਹਾਂ ਦੇ ਪਰਸਨਲ ਹੋ ਸਕਦੇ ਹਨ, ਉਨ੍ਹਾਂ ਨੇ ਕੋਈ ਇੰਸੀਡੈਂਟ ਰੀਲੇਟ ਕੀਤਾ ਹੈ but on the basis of this one incident

we cannot enact a law itself because the prevailing laws are very effective to deal with all such situations. We cannot say ਕਿ ਇਥੇ ਅਜਿਹਾ ਕੁਝ ਹੋ ਗਿਆ ਜਾਂ ਇੱਥੇ ਕੋਈ ਪੈਰ ਤਿਲਕ ਕੇ ਡਿੱਗ ਗਿਆ ਤਾਂ ਇਥੇ ਵੀ ਕਾਨੂੰਨ ਬਣਾ ਦਿਓ। I do not agree with these views. Indian Penal Code, Criminal Procedure Code and Evidence Act, it covers all such incidents and our officers are capable to handle it. Since independence they are dealing with all these under the laws made by the British since 1861 and since that year they are implementing all these laws till date.

ਦੂਸਰਾ ਇਹ ਹੈ ਕਿ ਜੋ ਇਨ੍ਹਾਂ ਨੇ ਇੱਕ-ਅੱਧਾ ਇੰਸੀਡੈਂਟ ਇੱਥੇ ਦੱਸਿਆ ਹੈ, ਮੇਰੀ ਨਜ਼ਰ ਵਿੱਚ ਅੱਜ ਤੱਕ ਕਦੀ ਅਜਿਹਾ ਨਹੀਂ ਆਇਆ ਕਿ superstition ਦੀ ਵਜ੍ਹਾ ਕਰਕੇ ਬੰਦੇ ਦਾ ਕਤਲ ਕਰ ਦਿੱਤਾ ਹੋਵੇ ਜਾਂ ਕੁਝ ਕਾਲਾ ਜਾਦੂ-ਚਿੱਟਾ ਜਾਦੂ ਜਿਹੜਾ ਵੀ ਹੁੰਦਾ, ਇਹ ਮੈਨੂੰ ਨਹੀਂ ਪਤਾ ਹੈ ਲੇਕਿਨ ਜੇ ਕੋਈ ਥੋੜ੍ਹਾ ਬਹੁਤ ਪੁੱਛਾਂ ਦੇਣ ਵਾਲਾ ਹੈ, ਕੋਈ ਧਾਗੇ-ਤਵੀਤ ਦਿੰਦਾ ਹੈ ਚੋਰੀ ਛੁਪੇ ਤਾਂ ਉਸ ਲਈ ਵੀ ਕਈ ਐਨ.ਜੀ.ਓ. ਬਣੀਆਂ ਹਨ। Even when it comes to the notice of the Government and the law enforcing agencies, they are dealing with it very effectively. ਬਾਕੀ ਜੇ ਉਸ ਦੇ ਬਾਵਜੂਦ ਵੀ ਕੋਈ ਅਜਿਹਾ ਕਰਦਾ ਹੈ ਜਾਂ ਕਿਸੇ ਦੇ ਕੰਨਾਂ ਵਿੱਚ ਭਿਣਕ ਪੈਂਦੀ ਹੈ ਤਾਂ ਤਰਕਸ਼ੀਲ ਸੁਸਾਇਟੀਆਂ ਬਣੀਆਂ ਹਨ, ਸਤਿਕਾਰ ਕਮੇਟੀਆਂ ਬਣੀਆਂ ਹਨ, ਉਹ ਹੀ ਉਨ੍ਹਾਂ ਨੂੰ ਨਹੀਂ ਛੱਡਦੇ।

ਅਗਲੀ ਗੱਲ, ਆਪਾਂ ਸਾਰੇ ਜਿਹੜੇ ਪੰਜਾਬ ਵਿੱਚ ਰਹਿੰਦੇ ਹਾਂ, ਹਿੰਦੂ-ਸਿੱਖ-ਮੁਸਲਿਮ-ਈਸਾਈ, ਸਾਰਿਆਂ ਦੇ ਗਰੰਥ ਹਨ। ਜੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੇ ਇਨ੍ਹਾਂ ਸਾਰੀਆਂ ਬੁਰਾਈਆਂ ਦਾ ਖੰਡਨ ਕੀਤਾ ਹੈ ਤਾਂ ਭਾਗਵਦ ਗੀਤਾ ਵੀ ਇਸ ਨੂੰ ਉਤਸ਼ਾਹਤ ਨਹੀਂ ਕਰਦੀ। ਚਾਹੇ ਬਾਈਬਲ ਹੈ ਜਾਂ ਕੁਰਾਨ ਸ਼ਰੀਫ ਹੈ, ਅਜਿਹਾ ਕਿਸੇ ਵਿੱਚ ਵੀ ਅਲਾਓ ਨਹੀਂ ਹੈ। ਸਾਰੇ ਜਣੇ ਆਪੋ ਆਪਣੇ ਧਰਮ ਦੀ ਪਾਲਣਾ ਤਾਂ ਕਰਦੇ ਹਨ ਪਰ ਮੈਂ ਕਿਤੇ ਨਹੀਂ ਦੇਖਿਆ ਕਿ ਉਹ ਮੰਜੀਆਂ ਡਾਹ ਕੇ ਬਾਹਰ ਬੈਠੇ ਹਨ ਤੇ ਜਾਂਦੀ ਵਾਰੀ ਉਹ ਤੁਹਾਨੂੰ ਧਾਗਾ-ਤਵੀਤ ਦਿੰਦੇ ਹਨ ਜਾਂ ਰੱਖ ਪਵਾ ਦਿੰਦੇ ਹਨ। It is all just for the sake of arguments if we want to discuss it, I can satisfy the Hon'ble Members as well. ਕੋਈ ਇਹੋ ਜਿਹੀ ਗੱਲ ਨਹੀਂ ਹੈ ਜਿਸ ਵਾਸਤੇ ਸੈਪਰੇਟ ਕਾਨੂੰਨ ਬਣਾਉਣ ਦੀ ਲੋੜ ਹੈ। ਸਾਡੇ ਕੋਲ ਇਸ ਕਿਸੇ ਕਾਲੇ

ਜਾਦੂ ਨਾਲ ਜਾਂ ਕਿਸੇ ਸੁਪਰਸਟੀਸ਼ਨ ਤੋਂ ਬਿਨਾਂ ਕਿਸੇ ਨੂੰ ਮਾਰ ਦਿੰਦਾ ਹੈ ਤਾਂ ਧਾਰਾ 302 will deal with it. ਜੇ culpable homicide ਹੈ ਤਾਂ section 304 is very effective. ਜਿਹੜਾ ਸੈਕਸ਼ਨ 313 ਹੈ, I repeat 313, it deals with causing miscarriage without woman's consent. This law is available and we have seen with our own eyes, ਕੋਈ ਫਰਕ ਕੀਤੇ ਬਿਨਾਂ, ਤਕੜਾ ਹੋਵੇ, ਮਾੜਾ ਹੋਵੇ, ਉੱਚਾ ਹੋਵੇ, ਨੀਵਾਂ ਹੋਵੇ, ਕੋਰਟ ਸਜ਼ਾ ਦਿੰਦੀ ਹੈ ਅਤੇ ਇਹ ਸਾਡੇ ਸਾਹਮਣੇ ਹੋਇਆ ਹੈ। Causing injury to someone, these sections 323, 324 and 325 effectively deal with them and all sorts of punishments are there under them. Similarly, in the case of financial irregularities, ਜੇ ਕਿਸੇ ਦਾ ਕਾਲੇ ਜਾਦੂ ਨਾਲ ਨੁਕਸਾਨ ਹੁੰਦਾ ਹੈ, ਇਸ ਵਾਸਤੇ IPC ਦਾ ਚੈਪਟਰ 17 Offences Against Property ਹੈ। ਇਸ ਅਧੀਨ ਡੀਲ ਕੀਤਾ ਜਾ ਸਕਦਾ ਹੈ। ਜਿਵੇਂ ਮੇਰੇ ਦੋਸਤ ਨੇ ਕਿਹਾ ਹੈ ਕਿ ਸੈਕਸ਼ਨ 420 ਡੀਲ ਕਰਦੀ ਹੈ, cheating and dishonestly inducing delivery of property and punishment for criminal breach of trust. As such if any Act specifically for this superstition and black magic is enacted, it can be mistaken by many people. It can be mistaken because my faith can be somebody else's superstition. We cannot agree on it and at the same time, it will hurt the sentiments of those who believe in old customs and traditions of old generations, so it will not be very good for the State, because it will be treated as regressive law to suppress certain age old traditions of the people. ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਇਹ ਕਾਨੂੰਨ ਮਹਾਰਾਸ਼ਟਰ ਨੇ ਬਣਾਇਆ ਹੈ ਤਾਂ ਮਹਾਰਾਸ਼ਟਰ ਵਿੱਚ ਹੋਰ ਵੀ ਬਹੁਤ ਕੁਝ ਹੈ, ਕਰਨਾਟਕਾ ਅਤੇ ਤਾਮਿਲਨਾਡੂ ਵਿੱਚ ਬਹੁਤ ਕੁਝ ਹੈ। ਮੈਂ ਦੋ ਸਾਲ ਤਾਮਿਲਨਾਡੂ ਵਿੱਚ ਵੀ ਰਿਹਾ ਹਾਂ। ਜਿਹੜੀਆਂ ਮੰਦਰਾਂ ਵਿੱਚ ਦੇਵਦਾਸੀਆਂ ਬਣਾਈਆਂ ਜਾਂਦੀਆਂ ਹਨ why don't we stop it. It's going on. ਉੱਥੇ ਕੁੜੀਆਂ ਲੈ ਕੇ ਜਾਂਦੇ ਹਨ, ਉਨ੍ਹਾਂ ਦਾ ਬਹੁਤ ਵੱਡੇ ਲੈਵਲ ਤੇ ਸੋਸ਼ਣ ਹੁੰਦਾ ਹੈ। ਉਸ ਬਾਰੇ ਕੋਈ ਆਵਾਜ਼ ਨਹੀਂ ਉਠਾਉਂਦਾ। ਹੁਣੇ ਰਾਜ ਕੁਮਾਰ ਸਾਹਿਬ ਬੋਲ ਕੇ ਗਏ ਹਨ ਕਿ ਮਨੂੰਵਾਦੀ ਪ੍ਰਥਾਵਾਂ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ। ਕਿਸੇ ਦੇ ਘਰਾਂ ਵਿੱਚ ਸ਼ਾਦੀ ਹੈ ਤਾਂ ਪਤੀਲਿਆਂ ਦੇ ਢੱਕਣ ਚੁੱਕ ਕੇ ਵੇਖੇ ਜਾਂਦੇ ਹਨ ਕਿ ਕੀ ਬਣ ਰਿਹਾ ਹੈ। ਇਸ ਤੋਂ ਜ਼ਿਆਦਾ ਕਿਸੇ ਪਰਿਵਾਰ ਦੀ ਹਿਊਮੀਲੇਸ਼ਨ ਕੀ ਹੋ ਸਕਦੀ ਹੈ? ਇੰਡੀਆ ਵਿੱਚ

[ਸਰਦਾਰ ਤਰਸੇਮ ਸਿੰਘ ਡੀ.ਸੀ.]

29 ਜਾਂ 30 ਬੰਦੇ ਲਿੰਚਿੰਗ ਨਾਲ ਮਾਰ ਦਿੱਤੇ ਗਏ, ਕਿਸੇ ਨੇ ਆਵਾਜ਼ ਨਹੀਂ ਉਠਾਈ। ਜੋ ਮਰਜ਼ੀ ਕੀਤਾ ਜਾ ਰਿਹਾ ਹੈ। ਤੁਸੀਂ ਚਲੇ ਜਾਉ, ਕੁੰਭ ਦਾ ਮੇਲਾ ਹੈ, I don't say, it's age old tradition, ਚੱਲੀ ਆ ਰਹੀ ਹੈ, I respect the sentiments of Hindus ਹੁਣ ਇੱਥੇ ਤਾਂ ਕਹਿੰਦੇ ਹਨ ਕਿ ਤਵੀਤ ਦਿੰਦੇ ਹਨ ਪਰ ਉੱਥੇ ਜਿੰਨੇ ਵੀ ਹਵਨ ਹੁੰਦੇ ਹਨ, ਕੋਈ ਮੁੰਡੇ ਵਾਸਤੇ ਕਰਵਾਈ ਜਾਂਦਾ ਹੈ, ਕੋਈ ਕੁੜੀ ਵਾਸਤੇ ਕਰਵਾਈ ਜਾਂਦਾ ਹੈ, ਕੋਈ ਕੁਝ ਹੋਰ ਵਾਸਤੇ ਕਰਵਾਈ ਜਾਂਦਾ ਹੈ। ਉਨ੍ਹਾਂ ਨੂੰ ਬੰਦ ਨਹੀਂ ਕਰਦੇ, ਕਰਨਾ ਚਾਹੀਦਾ ਹੈ, ਇਸ ਵਾਸਤੇ ਕਾਨੂੰਨ ਲਿਆਉ, ਆਪਾਂ ਇਹੋ ਜਿਹੇ ਕਾਨੂੰਨ ਕਿਉਂ ਨਹੀਂ ਬਣਾਉਂਦੇ? ਕੁੜੀਆਂ ਦਾ ਵੱਡੇ ਲੈਵਲ ਤੇ ਸੋਸ਼ਣ ਹੋ ਰਿਹਾ ਹੈ, ਉਸ ਵਾਸਤੇ ਕਾਨੂੰਨ ਕਿਉਂ ਨਹੀਂ ਬਣਾਉਂਦੇ?

**ਸ਼੍ਰੀ ਸਭਾਪਤੀ :** ਵਾਈਂਡ ਅੱਪ ਕਰੋ ਜੀ।

**ਸਰਦਾਰ ਤਰਸੇਮ ਸਿੰਘ ਡੀ.ਸੀ.:** ਸੋ, ਮੇਰਾ ਇਹ ਕਹਿਣ ਦਾ ਭਾਵ ਹੈ ਕਿ ਕਾਨੂੰਨ ਦੀ ਬਿਲਕੁਲ ਜ਼ਰੂਰਤ ਨਹੀਂ ਹੈ। There are already existing laws of the State and State is dealing with it very effectively. There are so many other evils in the Society which are visible before our eyes. Why don't we stop them? ਮੈਨੂੰ ਮਾਫ ਕਰਨਾ it is one of the religious Granth of the Hindus, Manusmriti. What is it? ढोर, शूद्र और नारी तीनों ताड़न के अधिकारी। ਫਿਰ ਆਪਾਂ ਕਿਉਂ ਪ੍ਰੋਪੇਗੇਟ ਕਰਦੇ ਹਾਂ। ਅੱਜ ਵੀ ਇੱਕ ਪਾਸੇ ਆਪਾਂ ਕਹਿੰਦੇ ਹਾਂ ਕਿ ਔਰਤ ਨੂੰ ਬਰਾਬਰ ਦੇ ਅਧਿਕਾਰ ਦੇ ਦਿੱਤੇ ਹਨ ਅਤੇ ਦੂਜੇ ਪਾਸੇ ਜਦੋਂ ਇਸ ਦੀ ਵਿਆਖਿਆ ਕਰਦੇ ਹਾਂ ਤਾਂ ਬੜੀ ਸ਼ਰਮ ਵਾਲੀ ਗੱਲ ਹੈ, ਆਪਾਂ ਬਲਦ ਦੇ ਬਰਾਬਰ ਕਹਿੰਦੇ ਹਾਂ। ਬੜੀ ਹਿਊਮੀਲਿਏਸ਼ਨ ਵਾਲੀ ਗੱਲ ਹੈ। ਇਸ ਦੀ ਵਿਆਖਿਆ ਇਸ ਤਰ੍ਹਾਂ ਕਰਦੇ ਹਨ ਕਿ ਜਿਸ ਤਰ੍ਹਾਂ ਸਵੇਰੇ ਉਠਦੇ ਹੀ ਬਲਦ ਦੀ ਤਰ੍ਹਾਂ ਪਰਾਣੀ ਫੇਰ ਲਈਏ ਤਾਂ ਫਿਰ ਉਹ ਸਾਰੀ ਦਿਹਾੜੀ ਅੱਖ ਚੁੱਕ ਕੇ ਨਹੀਂ ਦੇਖਦਾ, ਉਸੇ ਤਰ੍ਹਾਂ ਔਰਤ ਨੂੰ ਸਵੇਰੇ ਉਠ ਕੇ ਇੱਕ ਵਾਰੀ ਡੰਡਾ ਫੇਰ ਲਓ। ਇਵੇਂ ਹੀ ਸ਼ੂਦਰ ਬਾਰੇ ਕਿਹਾ ਹੈ ਕਿ ਜਦੋਂ ਸਵੇਰੇ ਕੰਮ ਤੇ ਆਉਂਦਾ ਹੈ ਤਾਂ ਇੱਕ ਵਾਰੀ ਉਸ ਨੂੰ ਡੰਡਾ ਫੇਰ ਦਿਓ। ਇਸ ਤਰ੍ਹਾਂ ਉਹ ਸਾਰੀ ਦਿਹਾੜੀ ਆਪਣਾ ਕੰਮ ਕਰਨ ਲਈ ਲੱਗਾ ਰਹੇਗਾ, ਜਿਵੇਂ ਡੰਗਰ ਨੂੰ ਕਰਦੇ ਹਾਂ। ਆਪਾਂ ਗੱਲ ਕਿਉਂ ਨਹੀਂ ਕਰਦੇ ਹਾਂ ਕਿਉਂਕਿ ਪਾਰਟੀ ਦਾ ਸਵਾਲ ਆ ਜਾਂਦਾ ਹੈ। ਇਹ ਗੱਲ ਵੀ ਕਰਨੀ ਚਾਹੀਦੀ ਹੈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਬੈਠ ਕੇ ਸ਼ਾਦੀਆਂ ਹੁੰਦੀਆਂ ਹਨ। ਇਸ ਤੋਂ ਪਵਿੱਤਰ ਰਿਸ਼ਤਾ ਕੋਈ ਨਹੀਂ ਹੋ ਸਕਦਾ ਹੈ, ਇਸ ਤੋਂ ਤਕੜੀ ਗੰਢ ਰਿਸ਼ਤਿਆਂ ਵਿੱਚ ਕੋਈ ਨਹੀਂ ਹੋ ਸਕਦੀ ਹੈ। ਬਹੁਤ ਹੀ ਮਰਿਆਦਾ ਹੈ ਕਿ ਸ੍ਰੀ ਗੁਰੂ

ਗ੍ਰੰਥ ਸਾਹਿਬ ਜੀ ਦੇ ਅੱਗੇ ਆਪਾਂ ਸਹੁੰ ਚੁੱਕਦੇ ਹਾਂ ਕਿ ਆਪਾਂ ਸਾਥ ਨਿਭਾਵਾਂਗੇ ਪਰ ਅੱਜ ਇਹ ਜਿਹੜੀ ਬਾਹਰ ਭੱਜਣ ਦੀ ਦੌੜ ਲੱਗੀ ਹੈ, ਇਸ ਕਾਰਨ ਝੂਠੀਆਂ ਸ਼ਾਦੀਆਂ ਹੋ ਰਹੀਆਂ ਹਨ। ਕਦੇ ਕਿਸੇ ਨੇ ਅਵਾਜ਼ ਨਹੀਂ ਉਠਾਈ। ਉੱਥੇ ਜਿਹੜੇ ਸਾਰੇ ਨਜ਼ਦੀਕੀ ਹਾਜ਼ਰ ਹੁੰਦੇ ਹਨ ਉਨ੍ਹਾਂ ਨੂੰ ਵੀ ਪਤਾ ਹੁੰਦਾ ਹੈ ਕਿ ਇਹ ਝੂਠੀ ਸ਼ਾਦੀ ਹੈ ਔਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜੋ ਸਾਡੇ ਵਾਸਤੇ ਸਰਵਉੱਚ ਹੈ, ਆਪਾਂ ਉਸ ਦੀ ਗਵਾਹੀ ਪਾਉਂਦੇ ਹਾਂ। ਉਸ ਬਾਰੇ ਆਵਾਜ਼ ਕਿਉਂ ਨਹੀਂ ਉਠਦੀ? ਇੱਥੇ ਤਾਂ ਗੁਰੂਆਂ ਦੀ ਰਹਿਮਤ ਹੈ।ਸ੍ਰੀ ਗੁਰੂ ਨਾਨਕ ਦੇਵ ਜੀ ਸਾਹਿਬ ਨੇ ਜਦੋਂ ਇਹ ਕਹਿ ਦਿੱਤਾ ਕਿ -

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥

ਇਸ ਧਰਮ ਦੇ ਵਿੱਚ ਇਸ ਤੋਂ ਉਤੇ ਕੋਈ ਗੱਲ ਨਹੀਂ ਹੋ ਸਕਦੀ। ਫਿਰ ਟੂਣਿਆਂ ਦੀ ਗੱਲ ਕਿੱਥੇ ਰਹਿ ਜਾਂਦੀ ਹੈ ਜਿੱਥੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਸਾਰਿਆਂ ਤੋਂ ਅੱਗੇ ਆ ਕੇ ਖੜ੍ਹ ਜਾਂਦੇ ਹਨ। ਤੁਸੀਂ ਥੋੜ੍ਹਾ ਪੰਜਾਬ ਤੋਂ ਬਾਹਰ ਜਾਓ, ਅੱਜ ਬਾਹਰ ਨਿਕਲ ਕੇ ਦੇਖੋ ਰਾਜਸਥਾਨ ਵਿੱਚ ਜਾਓ, ਤਾਮਿਲਨਾਡੂ ਵਿੱਚ ਜਾਓ। ਰਾਜਸਥਾਨ ਵਿੱਚ ਸਰਦਾਰ ਬੂਟਾ ਸਿੰਘ ਜੀ ਬਤੌਰ ਹੋਮ ਮਨਿਸਟਰ ਜਦੋਂ ਮੰਦਿਰ ਵਿੱਚ ਗਏ ਸੀ ਤਾਂ ਮੰਦਿਰ ਨੂੰ ਬਾਅਦ ਵਿੱਚ ਦੁੱਧ ਨਾਲ ਧੋਤਾ ਗਿਆ ਸੀ। ਉਸ ਉੱਪਰ ਕੋਈ ਅੰਕੁਸ਼ ਕਿਉਂ ਨਹੀਂ ਉਠਿਆ? ਆਪਣੇ ਰਾਸ਼ਟਰਪਤੀ ਸਾਹਿਬ ਬਿਹਾਰ ਦੇ ਮੰਦਿਰ ਵਿੱਚ ਜਦੋਂ ਗਏ ਤਾਂ ਉੱਥੇ ਧੱਕਾ-ਮੁੱਕੀ ਕੀਤੀ ਗਈ ਕਿ ਅੰਦਰ ਨਹੀਂ ਵੜਨ ਦੇਣਾ। ਪੁਲਿਸ ਨੇ ਉਨ੍ਹਾਂ ਨੂੰ ਬਦੋ-ਬਦੀ ਮੰਦਿਰ ਵਿੱਚ ਵਾੜਿਆ, ਉਸ ਬਾਰੇ ਕੋਈ ਪ੍ਰਸ਼ਨ ਕਿਉਂ ਨਹੀਂ ਉਠਾਉਂਦੇ? ਉੱਥੇ ਵੀ ਕੋਈ ਕਾਨੂੰਨ ਬਣਾਓ। ਮੰਦਿਰ ਅੱਜ ਵੀ ਅਪਵਿੱਤਰ ਹੋ ਰਹੇ ਹਨ। ਇਨ੍ਹਾਂ ਗੱਲਾਂ ਨਾਲ ਇੱਕ ਪਰਟੀਕੁਲਰ ਕਮਿਊਨਿਟੀ ਦਾ ਸੋਸ਼ਣ ਹੋ ਰਿਹਾ ਹੈ। ਜੇ ਧਾਗੇ ਪਾਉਣ ਨਾਲ ਸੋਸ਼ਣ ਹੋ ਰਿਹਾ ਹੈ ਤਾਂ ਇੱਕ ਪ੍ਰੈਜ਼ੀਡੈਂਟ ਲੈਵਲ ਦੇ ਬੰਦੇ ਨੂੰ ਮੰਦਿਰ ਵਿੱਚੋਂ ਧੱਕੇ ਮਾਰ ਕੇ ਬਾਹਰ ਕੱਢ ਦਿਓ ਤਾਂ ਉਹ ਕਿਸੇ ਦਾ ਸੋਸ਼ਣ ਨਹੀਂ ਹੁੰਦਾ? ਆਪਾਂ ਗੱਲ ਕਿਉਂ ਨਹੀਂ ਕਰਦੇ ਹਾਂ? ਕਿੰਨੇ ਮੰਦਿਰ ਹਨ, ਕੋਈ ਉੱਥੇ ਜਾ ਕੇ ਦਿਖਾਵੇ, ਤਾਮਿਲਨਾਡੂ ਵਿੱਚ ਜਾ ਕੇ ਦਿਖਾਵੇ, ਉੱਥੇ ਜਾਤ-ਪਾਤ ਇੰਨੀ ਜ਼ਿਆਦਾ ਹੈ। ਅਸੀਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਤਹਿ ਦਿਲੋਂ ਸ਼ੁਕਰਾਨਾ ਕਰਦੇ ਹਾਂ ਜਿਨ੍ਹਾਂ ਨੇ ਇਹ ਸਾਰਾ ਕੁਝ ਮਿਟਾਉਣ ਦੀ ਬਹੁਤ ਵੱਡੇ ਲੈਵਲ ਤੇ ਕੋਸ਼ਿਸ਼ ਕੀਤੀ। ਅੱਜ ਜੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਾਂ ਸਾਡੇ ਗੁਰੂ

[ਸਰਦਾਰ ਤਰਸੇਮ ਸਿੰਘ ਡੀ.ਸੀ.]
ਸਾਹਿਬ ਜਾਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਾਹਿਬ ਨੇ ਇਹ ਨਾ ਕੀਤਾ ਹੁੰਦਾ ਤਾਂ ਅੱਜ ਜਿੱਥੇ ਅਸੀਂ ਬੈਠੇ ਹਾਂ ਤਾਂ ਇੱਥੇ ਆਉਣ ਨੂੰ ਅਜੇ 300 ਸਾਲ ਹੋਰ ਲੱਗਣੇ ਸੀ। ਸੋ, ਜੇ ਆਪਾਂ ਕੁਝ ਕਰਨਾ ਹੀ ਚਾਹੁੰਦੇ ਹਾਂ ਤਾਂ ਸਮਾਜਿਕ ਬੁਰਾਈਆਂ ਜਿਹੜੀਆਂ ਵਿਜ਼ੀਬਲੀ ਅਸੀਂ ਰੋਜ਼ ਫੇਸ ਕਰਦੇ ਹਾਂ, ਰੋਜ ਹਿਊਮੀਲਿਏਟ ਹੁੰਦੇ ਹਾਂ, ਉਨ੍ਹਾਂ ਨੂੰ ਖ਼ਤਮ ਕਰੀਏ। ਚੇਅਰਮੈਨ ਸਾਹਿਬ, ਤੁਸੀਂ ਦੇਖੋ ਕਿ 90 ਪ੍ਰਾਈਵੇਟ ਕਾਲਜਾਂ ਦੇ ਮਾਲਕਾਂ ਨੇ ਆਪਣੇ 90 ਕਾਲਜਾਂ ਵਿੱਚ ਸਾਰੀ ਬੋਗਸ ਭਰਤੀ ਕਰ ਲਈ ਅਤੇ ਐਸ.ਸੀ. ਵਿਦਿਆਰਥੀਆਂ ਦਾ ਕਰੋੜਾਂ ਰੁਪਏ ਦਾ ਵਜ਼ੀਫਾ ਲੈ ਕੇ ਖਾ ਗਏ। ਜਦੋਂ ਇੱਥੇ ਵਿਧਾਨ ਸਭਾ ਵਿੱਚ ਮਾਮਲਾ ਚੁੱਕਿਆ ਗਿਆ ਤਾਂ ਉਨ੍ਹਾਂ ਨੇ ਪੈਸੇ ਵਾਪਸ ਕਰ ਦਿੱਤੇ ਅਤੇ ਉਨ੍ਹਾਂ ਤੇ ਐਕਸ਼ਨ ਨਹੀਂ ਹੋਇਆ। ਇਸ ਤਰ੍ਹਾਂ ਕਿਉਂ ਹੈ? ਮੈਂ ਮੰਤਰੀ ਦਾ ਨਾਮ ਨਹੀਂ ਲੈਣਾ ਜਿਹੜਾ ਪਿਛਲੀ ਸਰਕਾਰ ਵਿੱਚ ਸੀ। ਉਹ ਮੰਤਰੀ ਸਾਹਿਬ ** ** ਸਨ, ਮੈਂ ਪੂਰਾ ਨਾਂ ਨਹੀਂ ਲੈਂਦਾ। ਉਨ੍ਹਾਂ ਨੇ ਇਹ ਮੈਟਰ ਕਲੋਜ਼ ਕਰਵਾ ਦਿੱਤਾ।

**ਸ਼੍ਰੀ ਸਭਾਪਤੀ :** ** ** ਦਾ ਨਾਂ ਐਕਸਪੰਜ ਕਰ ਦਿਉ ਜੀ।

**ਸਰਦਾਰ ਤਰਸੇਮ ਸਿੰਘ ਡੀ.ਸੀ. :** ਮੈਂ ਕਹਿੰਦਾ ਹਾਂ ਕਿ ਜਿਹੜੇ 90 ਕਾਲਜਾਂ ਨੇ ਉਹ ਵਜੀਫਾ ਖਾਧਾ ਸੀ ਉਹ ਮੰਤਰੀ ਸਾਹਿਬ ਦੇ ਕਹਿਣ ਤੇ ਕਲੋਜ਼ ਕਰ ਦਿੱਤਾ ਗਿਆ ਜਦ ਕਿ ਉਨ੍ਹਾਂ ਤੇ ਪਰਚਾ ਹੋਣਾ ਚਾਹੀਦਾ ਸੀ, ਉਹ ਕਾਲਜ ਬਲੈਕਲਿਸਟ ਹੋਣੇ ਚਾਹੀਦੇ ਸਨ। ਉਨ੍ਹਾਂ ਨੇ ਇੱਕ ਸਾਲ ਦਾ ਪੈਸਾ ਤਾਂ ਜਮ੍ਹਾਂ ਕਰਵਾ ਦਿੱਤਾ ਪਰ ਪਿਛਲੇ ਸਾਲਾਂ ਦਾ ਪੈਸਾ ਕਿੱਧਰ ਗਿਆ? ਉਹ ਵੀ ਜਮ੍ਹਾਂ ਕਰਵਾਉਣਾ ਚਾਹੀਦਾ ਸੀ। ਸੋ, ਮੇਰੇ ਕਹਿਣ ਦਾ ਭਾਵ ਹੈ ਕਿ ਅਸੀਂ ਕਈ ਗੱਲਾਂ ਦੇ ਵਿੱਚ ਅੱਖਾਂ ਮਿਟ ਲੈਂਦੇ ਹਾਂ ਅਤੇ ਜਦੋਂ ਮਤਲਬ ਦੀ ਗੱਲ ਆਉਂਦੀ ਹੈ ਉਦੋਂ ਅੱਖਾਂ ਖੋਲ੍ਹ ਲੈਂਦੇ ਹਾਂ। ਗੱਲਾਂ ਸਿਰਫ਼ ਕਰਨ ਦੀ ਖ਼ਾਤਰ ਨਹੀਂ ਕਰਨੀਆਂ ਚਾਹੀਦੀਆਂ, ਜੇ ਕਰਨੀਆਂ ਹਨ ਤਾਂ ਸਾਰੀਆਂ ਹੀ ਸੱਚੀ ਨੀਅਤ ਨਾਲ ਕਰੋ। ਅਸੀਂ ਸਾਰਿਆਂ ਦੇ ਨਾਲ ਹਾਂ ਪਰ ਮੈਂ ਇਸ ਮਤੇ ਨਾਲ ਬਿਲਕੁਲ ਸਹਿਮਤ ਨਹੀਂ ਕਿਉਂਕਿ ਇਸ ਵਿੱਚ ਚੇਂਜ ਕਰਨ ਦੀ ਕੋਈ ਗੁੰਜਾਇਸ਼ ਨਹੀਂ ਹੈ। ਸਾਡੀ ਸਟੇਟ ਦੇ ਬਹੁਤ ਹੀ ਇਫੈਕਟਿਵ ਲਾਅਜ਼ ਹਨ। ਇਸ ਸਟੇਟ ਨੇ ਇੰਨੇ ਵੱਡੇ ਕੰਮ ਕੀਤੇ ਹਨ ਜਿਵੇਂ ਅੱਤਵਾਦ ਨੂੰ ਖ਼ਤਮ ਕੀਤਾ ਹੈ ਅਤੇ ਇਥੋਂ ਦੀ ਪੁਲਿਸ ਨੂੰ ਦੁਨੀਆਂ ਦੀ ਸਭ ਤੋਂ ਵਧੀਆ ਪੁਲਿਸ ਫੋਰਸ ਕਿਹਾ ਜਾਂਦਾ ਹੈ, ਇਹ ਵੱਖਰੀ ਗੱਲ ਹੈ ਕਿ ਕਿਤੇ ਨਾ ਕਿਤੇ ਪਾਲੀਟਿਸ਼ਨਜ਼ ਟੇਢ-ਮੇਢ ਕਰਵਾ ਦਿੰਦੇ ਹਨ ਅਤੇ ਫਿਰ ਕੰਮ ਖਰਾਬ ਹੁੰਦਾ ਹੈ। ਇਹ ਵਧੀਆ ਪੁਲਿਸ ਫੋਰਸ ਹੈ ਅਤੇ ਇਸ ਨੂੰ ਬਣਾ ਕੇ ਰੱਖੋ। ਜੱਜ ਵਧੀਆ ਹਨ ਅਤੇ ਕਿੰਨੇ ਹੀ ਕਾਨੂੰਨ ਹਨ, ਜਿਹੜੇ ਸੁਪਰੀਮ ਕੋਰਟ ਤੋਂ ਜਾ ਕੇ ਆਪਣੇ ਕੋਲ ਆਉਂਦੇ ਹਨ ਔਰ ਵਧੀਆ ਹੁੰਦੇ ਹਨ। ਆਪਣੀ ਸਟੇਟ ਦਾ ਕਾਨੂੰਨ ਬਹੁਤ ਹੀ

** ** Expunged as ordered by the Chair.

ਵਧੀਆ ਹੈ। ਕਿਤੇ ਥੋੜ੍ਹੀ ਬਹੁਤ ਕਾਨੂੰਨ ਵਿੱਚ ਸੋਧ ਦੀ ਲੋੜ ਹੈ ਅਤੇ ਉਹ ਸੋਧ ਬਿਲਕੁਲ ਕੀਤੀ ਜਾ ਸਕਦੀ ਹੈ ਲੇਕਿਨ ਵੱਖਰਾ ਕਾਨੂੰਨ ਬਣਾਉਣ ਦੀ ਕੋਈ ਗੁੰਜਾਇਸ਼ ਨਹੀਂ ਹੈ। ਸਾਡਾ ਸਿਸਟਮ ਬਿਲਕੁਲ ਵਧੀਆ ਚੱਲ ਰਿਹਾ ਹੈ। ਮੈਂ ਮੈਂਬਰ ਸਾਹਿਬ ਦੇ ਵਿਚਾਰ ਨਾਲ ਸਹਿਮਤ ਨਹੀਂ ਹਾਂ। ਸੋ, ਮੈਂ ਤੁਹਾਡਾ ਬਹੁਤ ਹੀ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ। ਮੈਂ ਸਾਰੇ ਭਰਾਵਾਂ ਦਾ ਵੀ ਬਹੁਤ ਧੰਨਵਾਦੀ ਹਾਂ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ (ਜਗਰਾਉਂ, ਐਸ.ਸੀ.) :** ਧੰਨਵਾਦ ਚੇਅਰਮੈਨ ਸਾਹਿਬ, ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ। ਜਿਹੜਾ ਮੁੱਦਾ ਮੈਂ ਚੁੱਕਣ ਜਾ ਰਹੀ ਹਾਂ, ਉਹ ਇੱਕੋ ਹੀ ਗੱਲ ਹੈ ਕਿ ਸਾਰੇ ਇਹ ਸੋਚੋ ਕਿ ਇਹ ਸਾਡੇ ਲਈ being mother and father ਵਾਲੀ ਗੱਲ ਹੈ। ਚੇਅਰਮੈਨ ਸਾਹਿਬ, ਜਿਹੜੇ ਵਹਿਮ-ਭਰਮ ਵੱਧ ਰਹੇ ਹਨ ਉਹ ਇਸ ਕਾਰਨ ਕਿਉਂਕਿ ਲੋਕ ਡੇਰਿਆਂ ਵਿੱਚ ਜਾ ਰਹੇ ਹਨ। ਜੇਕਰ ਅਸੀਂ ਗਿਣਤੀ ਨੂੰ ਵੇਖੀਏ ਕਿ ਉੱਥੇ ਕਿਹੜੀ ਵੱਧ ਗਿਣਤੀ ਸ਼ਾਮਲ ਹੁੰਦੀ ਹੈ? ਉਹ ਲੇਡੀਜ਼ ਦੀ ਗਿਣਤੀ ਹੈ। ਲੇਡੀਜ਼ ਸਿਰਫ਼ ਤੇ ਸਿਰਫ਼ ਇਸ ਵਾਸਤੇ ਜਾਂਦੀਆਂ ਹਨ ਕਿਉਂਕਿ ਜੇ ਅਸੀਂ ਦੂਜੀਆਂ ਸਟੇਟਾਂ ਜਾਂ ਬਾਹਰਲੇ ਮੁਲਕਾਂ ਦੀ ਗੱਲ ਕਰੀਏ ਤਾਂ ਉੱਥੇ ਉਨ੍ਹਾਂ ਨੂੰ ਸਾਇਕੈਟਰਿਸਟ ਮਿਲਦੇ ਹਨ ਅਤੇ ਸਾਡੇ ਇੱਥੇ ਬਾਬੇ ਮਿਲਦੇ ਹਨ। ਜਿਹੜੀਆਂ ਲੇਡੀਜ਼ ਦੀਆਂ ਬੇਸਿਕ ਪ੍ਰਾਬਲਮਜ਼ ਹਨ, ਅਸੀਂ ਉਨ੍ਹਾਂ ਨੂੰ ਨਹੀਂ ਸਮਝਦੇ ਅਤੇ ਉਹ ਉਨ੍ਹਾਂ ਬੇਸਿਕ ਪ੍ਰਾਬਲਮਜ਼ ਨੂੰ ਲੁਕਾਉਣ ਲਈ ਕਿਸੇ ਨਾ ਕਿਸੇ ਬਾਬਿਆਂ ਕੋਲ ਡੇਰਿਆਂ ਵਿੱਚ ਜਾਂਦੀਆਂ ਹਨ। ਉਨ੍ਹਾਂ ਨੂੰ ਲਗਦਾ ਹੈ ਕਿ ਸਾਨੂੰ ਰੈਮੇਡੀਅਲ ਐਕਸ਼ਨ ਇੱਥੇ ਹੀ ਮਿਲ ਸਕਦਾ ਹੈ। ਚੇਅਰਮੈਨ ਸਾਹਿਬ, ਸਾਡੇ ਦੇਸ਼ ਵਿੱਚ ਫਿਮੇਲ ਹਾਈਜੀਨ ਸਭ ਤੋਂ ਵੱਡੀ ਪ੍ਰਾਬਲਮ ਹੈ। 60% ਤੋਂ 70% ਗਰਲਜ਼ ਜਦੋਂ ਆਪਣੇ ਨੈਚੁਰਲ ਪੀਰੀਅਡ ਵਿੱਚ ਆਉਂਦੀਆਂ ਹਨ ਤਾਂ ਉਨ੍ਹਾਂ ਨੂੰ ਉਹ ਫੈਸਿਲਟੀ ਸਕੂਲਾਂ ਵਿੱਚ ਅਤੇ ਘਰਾਂ ਵਿਚ ਪ੍ਰੋਵਾਈਡ ਨਹੀਂ ਹੁੰਦੀ, ਜਿਹੜੀ ਉਨ੍ਹਾਂ ਨੂੰ ਪ੍ਰੋਵਾਈਡ ਹੋਣੀ ਚਾਹੀਦੀ ਹੈ। ਆਪਣੇ ਪੰਜਾਬ ਵਿੱਚ 73% ਪਰਿਵਾਰ ਅਜਿਹੇ ਹਨ ਜਿਨ੍ਹਾਂ ਦੀ ਕਮਾਈ 5000/- ਰੁਪਏ ਪ੍ਰਤੀ ਮਹੀਨਾ ਤੋਂ ਘੱਟ ਹੈ। 5000/- ਰੁਪਏ ਦੇ ਵਿੱਚ ਕੋਈ ਮਹਿੰਗਾ ਪ੍ਰੋਡਕਟ ਲੈ ਕੇ ਉਨ੍ਹਾਂ ਦੀ ਜ਼ਰੂਰਤ ਪੂਰੀ ਕਰ ਸਕਣੀ, ਉਨ੍ਹਾਂ ਦੇ ਵੱਸ ਦੀ ਗੱਲ ਨਹੀਂ ਹੈ। ਜਿਸ ਕਾਰਨ ਇਹ ਪ੍ਰਾਬਲਮ ਇੰਨੀ-ਕੁ ਵੱਧ ਜਾਂਦੀ ਹੈ ਕਿ ਜਦੋਂ ਉਹ ਕੋਈ ਅਨ-ਹਾਈਜੈਨਿਕ ਪ੍ਰੋਡਕਟਸ ਯੂਜ਼ ਕਰਦੀਆਂ ਹਨ ਜਾਂ ਕੁਝ ਵੀ ਕਰਦੀਆਂ ਹਨ, ਉਸ ਨਾਲ ਉਨ੍ਹਾਂ ਨੂੰ ਪੇਟ ਦੀ ਪ੍ਰਾਬਲਮ, ਸਵੈਲਿੰਗ ਜਾਂ ਸਰਵੀਕਲ ਕੈਂਸਰ ਦੀ ਸ਼ੁਰੂਆਤ ਹੋ ਜਾਂਦੀ ਹੈ। ਜਦੋਂ ਇਸ ਤਰ੍ਹਾਂ ਦੇ ਕੈਂਸਰ ਦੀ ਸ਼ੁਰੂਆਤ ਵੇਲੇ ਉਹ ਹਸਪਤਾਲਾਂ ਵਿੱਚ ਪਹੁੰਚਦੀਆਂ ਹਨ ਉਥੇ ਜਾਂ ਤਾਂ ਉਨ੍ਹਾਂ ਨੂੰ ਕੋਈ

ਡਾਕਟਰ ਗਾਈਡ ਕਰੇ ਪਰ ਉੱਥੇ ਉਨ੍ਹਾਂ ਨੂੰ ਉਹ ਫੈਸਿਲਟੀ ਨਹੀਂ ਮਿਲਦੀ, ਜਿਹੜੀ ਉਨ੍ਹਾਂ ਨੂੰ ਮਿਲਣੀ ਚਾਹੀਦੀ ਹੈ। ਫਿਰ ਉਹ ਕੀ ਕਰਦੀਆਂ ਹਨ? ਉਹ ਕਿਸੇ ਨਾ ਕਿਸੇ ਤਰ੍ਹਾਂ ਛੋਟੀਆਂ-ਛੋਟੀਆਂ ਗੋਲੀਆਂ ਲੈ ਕੇ, ਕਿਸੇ ਬਾਬੇ ਤੋਂ ਟੂਣਾ-ਟਾਮਣਾ ਕਰਵਾ ਕੇ ਆਪਣੀ ਇਸ ਚੀਜ਼ ਦੀ ਰਿਕਵਰੀ ਕਰਨ ਦੀਆਂ ਕੋਸ਼ਿਸ਼ਾਂ ਕਰਦੀਆਂ ਹਨ।

ਚੇਅਰਮੈਨ ਸਾਹਿਬ, ਪਿਛਲੀ ਵਾਰ ਆਪਣੇ ਬਜਟ ਵਿੱਚ ਅਸੀਂ ਕਿਹਾ ਸੀ ਕਿ ਵੈਂਡਿੰਗ ਮਸ਼ੀਨਾਂ ਲਗਾਵਾਂਗੇ ਤਾਂ ਕਿ ਸਾਡੀਆਂ ਬੱਚੀਆਂ ਨੂੰ ਇਸ ਮੰਥਲੀ ਪ੍ਰੋਸੈੱਸ ਦੇ ਵਿੱਚ ਜਦੋਂ ਉਨ੍ਹਾਂ ਨੂੰ ਪ੍ਰਾਬਲਮ ਆਉਂਦੀ ਹੈ, ਅਸੀਂ ਉਨ੍ਹਾਂ ਨੂੰ ਸੈਨੇਟਰੀ ਨੈਪਕਿਨ ਪ੍ਰੋਵਾਈਡ ਕਰਵਾ ਸਕੀਏ। ਤਿੰਨ-ਚਾਰ ਸਕੂਲਾਂ ਵਿੱਚ ਲਗਾਉਣ ਦੀ ਕੋਸ਼ਿਸ਼ ਵੀ ਕੀਤੀ ਗਈ ਪਰ ਇਸ ਚੀਜ਼ ਨੂੰ ਅੱਗੇ ਨਹੀਂ ਵਧਾਇਆ ਗਿਆ। ਮੈਂ ਫਾਈਨਾਂਸ ਮਨਿਸਟਰ ਸਾਹਿਬ ਦਾ ਇਸ ਗੱਲ ਤੇ ਧਿਆਨ ਦਿਵਾਉਣਾ ਚਾਹਾਂਗੀ ਕਿ ਬਜਟ ਆ ਰਿਹਾ ਹੈ, ਸਾਡੀਆਂ ਧੀਆਂ ਲਈ ਥੋੜ੍ਹਾ ਜਿਹਾ ਤਾਂ ਸੋਚੋ, ਇਹ ਉਨ੍ਹਾਂ ਦੀ ਬੇਸਿਕ ਜ਼ਰੂਰਤ ਹੈ। ਇਹ ਐਸੀ ਜ਼ਰੂਰਤ ਹੈ ਕਿ ਜਦੋਂ ਉਨ੍ਹਾਂ ਨੂੰ ਮੰਥਲੀ ਪ੍ਰਾਬਲਮ ਆਉਂਦੀ ਹੈ ਤਾਂ ਉਹ ਆਪਣੇ ਆਪ ਨੂੰ ਸਮਾਜ ਤੋਂ ਲੁਕਾਉਂਦੀਆਂ ਫਿਰਦੀਆਂ ਹਨ। ਜੇ ਸਮਾਜ ਉਨ੍ਹਾਂ ਨੂੰ ਐਸ਼ਿਓਰੈਂਸ ਨਹੀਂ ਦੇਵੇਗਾ ਅਤੇ ਸਮਾਜ ਉਨ੍ਹਾਂ ਨੂੰ ਪ੍ਰੋਟੈਕਟ ਨਹੀਂ ਕਰੇਗਾ ਅਤੇ ਮਜ਼ਾਕ ਦਾ ਪਾਤਰ ਬਣਾਏਗਾ ਤਾਂ ਸ਼ਾਇਦ ਉਹ ਗਲਤ ਜਗ੍ਹਾ ਤੇ ਜਾਣਗੀਆਂ ਜਿੱਥੇ ਉਨ੍ਹਾਂ ਨੂੰ ਬਿਮਾਰੀਆਂ ਦਾ ਸਾਹਮਣਾ ਕਰਨਾ ਪਵੇਗਾ। ਸਾਡੇ ਹਸਪਤਾਲਾਂ ਵਿੱਚ ਕੁਝ ਨਹੀਂ ਲੱਭਦਾ। ਸਾਨੂੰ ਪਹਿਲ ਦੇ ਆਧਾਰ ਤੇ ਇਸ ਚੀਜ਼ ਵੱਲ ਧਿਆਨ ਦੇਣਾ ਚਾਹੀਦਾ ਹੈ। ਪਿਛਲੇ ਬਜਟ ਵਿੱਚ ਅਸੀਂ ਹੈਲਥ ਵਾਸਤੇ 4 ਹਜ਼ਾਰ 11 ਕਰੋੜ ਰੁਪਿਆ ਰੱਖਿਆ ਸੀ ਜੇਕਰ ਉਸ ਦਾ ਥੋੜ੍ਹਾ ਜਿਹਾ ਪਾਰਟ ਵੀ ਅਸੀਂ ਸਰਕਾਰੀ ਸਕੂਲਾਂ ਦੀਆਂ ਜ਼ਰੂਰਤਾਂ ਲਈ ਰੱਖਦੇ ਹਾਂ ਤਾਂ ਇਹ ਬਹੁਤ ਵਧੀਆ ਹੋਵੇਗਾ। ਇਹ ਕੋਈ ਖਾਣ ਦੀ ਚੀਜ਼ ਨਹੀਂ, ਇਹ ਤਾਂ ਸਾਡੀਆਂ ਉਨ੍ਹਾਂ ਧੀਆਂ ਦੀ ਜ਼ਰੂਰਤ ਹੈ, ਜਿਨ੍ਹਾਂ ਕੋਲ ਸੈਨੇਟਰੀ ਪੈਡ ਖਰੀਦਣ ਲਈ ਕੋਈ ਪੈਸਾ ਨਹੀਂ ਹੁੰਦਾ। ਉਨ੍ਹਾਂ ਕੋਲ ਵਰਦੀ ਖਰੀਦਣ ਲਈ ਵੀ ਪੈਸਾ ਨਹੀਂ ਹੁੰਦਾ, ਫਿਰ ਉਹ ਇਹ ਕਿੱਥੋਂ ਖਰੀਦ ਸਕਦੀਆਂ ਹਨ? ਜੇਕਰ ਉਹ ਕੋਈ ਘਟੀਆ ਪ੍ਰੋਡਕਟ ਯੂਜ਼ ਕਰਦੀਆਂ ਹਨ ਜਾਂ ਕੱਪੜਾ ਯੂਜ਼ ਕਰਦੀਆਂ ਹਨ, ਇਹ ਗੱਲ ਕਹਿਣ ਵਿੱਚ ਮੈਂ ਕੋਈ ਸ਼ਰਮ ਮਹਿਸੂਸ ਨਹੀਂ ਕਰਾਂਗੀ ਸਗੋਂ ਮਾਣ ਮਹਿਸੂਸ ਕਰਾਂਗੀ ਕਿਉਂਕਿ ਮੈਂ ਸਦਨ ਵਿੱਚ ਖੜ੍ਹੀ ਹਾਂ, ਇੱਥੇ ਸਾਰੇ ਭਰਾ ਅਤੇ ਪਿਤਾ ਸਮਾਨ ਬੈਠੇ ਹਨ, ਜਦੋਂ ਉਹ ਕਿਸੇ ਤਰ੍ਹਾਂ ਦਾ ਘਟੀਆ ਕੱਪੜਾ ਯੂਜ਼ ਕਰਦੀਆਂ ਹਨ ਤਾਂ ਉਨ੍ਹਾਂ ਨੂੰ ਇੰਫੈਕਸ਼ਨ ਹੋਣ ਕਾਰਨ ਸਰਵੀਕਲ ਕੈਂਸਰ ਵਰਗੀਆਂ ਬਿਮਾਰੀਆਂ ਸ਼ੁਰੂ ਹੋ ਜਾਂਦੀਆਂ ਹਨ। ਉਨ੍ਹਾਂ ਵਿਚਾਰੀਆਂ ਕੋਲ ਟਰੀਟਮੈਂਟ ਲਈ ਕੋਈ ਪੈਸਾ ਨਹੀਂ ਹੁੰਦਾ। ਮੈਂ ਇੱਕ

ਗੱਲ ਹੋਰ ਕਹਾਂਗੀ ਕਿ ਪਿਛਲੇ ਬਜਟ ਵਿੱਚ 24 ਕਰੋੜ ਰੁਪਿਆ ਰੱਖਣ ਦਾ ਪਰਪੋਜ਼ਲ ਆਇਆ ਸੀ ਪਰ ਉਹ 24 ਕਰੋੜ ਅਜੇ ਤੱਕ ਪਾਸ ਨਹੀਂ ਹੋਇਆ। ਆਪਾਂ ਫੈਕਟਰੀਆਂ-ਇੰਡਸਟਰੀਜ਼ ਬਹੁਤ ਬਣਾ ਲਵਾਂਗੇ, ਸਭ ਕੁਝ ਬਣ ਜਾਵੇਗਾ ਪਰ ਜਦੋਂ ਤੱਕ ਸਾਡੀਆਂ ਬੱਚੀਆਂ ਇਸ ਚੀਜ਼ ਬਾਰੇ ਅਵੇਅਰ ਨਹੀਂ ਹੋਣਗੀਆਂ ਜਿਵੇਂ ਚੇਅਰਮੈਨ ਸਾਹਿਬ, ਜੇਕਰ ਕੋਈ ਪ੍ਰਾਈਵੇਟ ਕੰਪਨੀ ਸਕੂਲ ਵਿੱਚ ਬੱਚੀਆਂ ਨੂੰ ਅਵੇਅਰ ਕਰਨ ਲਈ ਕੋਈ ਕੈਂਪ ਲਗਾਉਂਦੀ ਹੈ ਜਾਂ ਆਪਣੀ ਐਡਵਰਟਾਈਜ਼ਮੈਂਟ ਕਰਨ ਲਈ ਉਹ ਆਪਣੇ ਕੁਝ ਪ੍ਰੋਡਕਟਸ ਬੱਚੀਆਂ ਨੂੰ ਦੇ ਕੇ ਜਾਂਦੇ ਹਨ, ਉਹ ਪ੍ਰੋਡਕਟ ਬੱਚੀਆਂ ਤੱਕ ਕਦੇ ਨਹੀਂ ਪਹੁੰਚੇ। ਸਾਡੇ ਸਕੂਲਾਂ ਵਿੱਚ ਵੱਡੀ ਅਤੇ ਘਟੀਆ ਗੱਲ ਇਹ ਹੈ ਕਿ ਨੌਵੀਂ ਜਮਾਤ ਤੋਂ ਬਾਅਦ ਸਾਡੀਆਂ ਬੱਚੀਆਂ ਲਈ ਪਰਾਪਰ ਬਾਥਰੂਮ ਦਾ ਪ੍ਰਬੰਧ ਨਹੀਂ ਹੁੰਦਾ। ਸਾਡੀਆਂ ਬੱਚੀਆਂ ਆਪਣੇ ਮੰਥਲੀ ਪੀਰੀਅਡਜ਼ ਦੌਰਾਨ, ਆਪਣੀ ਸੁਰੱਖਿਆ ਲਈ ਕਿਉਂਕਿ ਆਪਣੇ ਆਪ ਨੂੰ ਸਾਫ ਵੀ ਰੱਖਣਾ ਹੁੰਦਾ ਹੈ, ਉਹ ਸਕੂਲ ਤੋਂ ਪੰਜ ਜਾਂ ਛੇ ਦਿਨ ਛੁੱਟੀ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਸਾਡੇ ਪੰਜਾਬ ਵਿੱਚ ਅਜਿਹੀ ਪਰੰਪਰਾ ਹੈ ਕਿ ਬੱਚੀ ਨੂੰ ਮੰਥਲੀ ਪੀਰੀਅਡਜ਼ ਦੌਰਾਨ ਇਹ ਇੰਪਰੈਸ਼ਨ ਪਾਇਆ ਜਾਂਦਾ ਹੈ ਕਿ ਤੁਸੀਂ ਗੁਰਦੁਆਰੇ ਜਾਂ ਮੰਦਿਰ ਨਹੀਂ ਜਾ ਸਕਦੀਆਂ। ਉਸ ਨੂੰ ਇਹ ਮਹਿਸੂਸ ਹੋਣ ਲਗਦਾ ਹੈ ਕਿ ਮੈਂ ਕਿਸੇ ਭਿਆਨਕ ਬਿਮਾਰੀ ਦਾ ਸ਼ਿਕਾਰ ਹਾਂ ਅਤੇ ਇਸ ਤੋਂ ਸਿਰਫ ਤੇ ਸਿਰਫ ਮੈਨੂੰ ਕੋਈ ਦੈਵਿਕ ਗੁਰੂ ਹੀ ਬਚਾਅ ਸਕਦਾ ਹੈ। ਜੇ ਕੋਈ ਬਾਬਾ ਮੈਨੂੰ ਟੂਣਾ-ਟਾਮਣਾ ਦੇਵੇਗਾ ਤਾਂ ਸ਼ਾਇਦ ਮੈਂ ਇਸ ਬਿਮਾਰੀ ਤੋਂ ਛੇਤੀ ਬਾਹਰ ਨਿਕਲ ਸਕਦੀ ਹਾਂ।

ਚੇਅਰਮੈਨ ਸਾਹਿਬ, ਅਸੀਂ ਬੱਚੀਆਂ ਨੂੰ ਸੱਤ ਸਾਲ ਦੀ ਉਮਰ ਤੋਂ ਇਸ ਸਬੰਧੀ ਅਵੇਅਰ ਕਰਨਾ ਸ਼ੁਰੂ ਕਰ ਦੇਈਏ ਕਿ ਇਹ ਪ੍ਰਾਬਲਮ ਤੁਹਾਨੂੰ ਆਉਣ ਵਾਲੀ ਹੈ ਅਤੇ ਇਹ ਪ੍ਰਾਬਲਮ ਨੈਚੂਰਲ ਪ੍ਰਾਸੈਸ ਹੈ। ਤੁਸੀਂ ਹਿਊਮਨ ਹੋ ਅਤੇ ਇਹ ਇਸ ਕਰਕੇ ਹੋ ਰਹੀ ਹੈ। ਜਦੋਂ ਉਨ੍ਹਾਂ ਨੂੰ ਕੋਈ ਬਾਬਾ ਟੂਣਾ-ਟਾਮਣਾ ਦੇਣ ਦੀ ਕੋਸ਼ਿਸ਼ ਕਰੇਗਾ ਤਾਂ ਬੱਚੀਆਂ ਨੂੰ ਪਹਿਲਾਂ ਪਤਾ ਹੋਵੇਗਾ। ਸਾਡੀਆਂ ਬੱਚੀਆਂ ਨੂੰ ਤਾਂ ਅਸੀਂ ਜਿਵੇਂ-ਕਿਵੇਂ ਅਰੇਂਜ ਕਰਕੇ ਦੇ ਦਿੰਦੇ ਹਾਂ। ਭਰਾ ਵੀ ਆਪਣੀ ਧੀ ਨੂੰ ਦਿੰਦਾ ਹੈ ਪਰ ਸਭ ਤੋਂ ਵੱਡੀ ਅੱਜ ਦੇ ਸਮਾਜ ਵਿੱਚ ਸਾਡੀ ਇਹ ਜ਼ਰੂਰਤ ਹੈ ਕਿ ਆਪਣੀਆਂ ਗਰੀਬ ਧੀਆਂ ਨੂੰ ਹੱਥ ਫੜ ਕੇ ਦੱਸੀਏ ਕਿ ਮੇਰੀ ਬੇਟੀ ਤੈਨੂੰ ਕੋਈ ਬਿਮਾਰੀ ਨਹੀਂ ਲੱਗੀ ਹੈ, ਜਿਸ ਲਈ ਤੈਨੂੰ ਕਿਸੇ ਬਾਬੇ ਦੀ ਲੋੜ ਹੈ। ਤੈਨੂੰ ਕੋਈ ਅਜਿਹੀ ਸਮੱਸਿਆ ਨਹੀਂ ਹੋਈ, ਜਿਸ ਨਾਲ ਤੈਨੂੰ ਲੱਗੇ ਕਿ ਕਿਸੇ ਬਾਬੇ ਦੇ ਟੂਣੇ-ਟਾਮਣੇ ਨਾਲ ਠੀਕ ਹੋ ਸਕਦਾ ਹੈ। ਇਹ ਤੈਨੂੰ ਕੁਦਰਤ ਦਾ ਵਰਦਾਨ ਮਿਲਿਆ ਹੈ ਜਿਹੜੀ ਤੈਨੂੰ ਮੰਥਲੀ ਪ੍ਰਾਬਲਮ ਹੋਈ ਹੈ ਅਤੇ ਇਸ

ਕਰਕੇ ਤੂੰ ਸਮਾਜ ਦੀ ਸੰਰਚਨਾ ਵਿੱਚ ਵਾਧਾ ਕਰੇਗੀ। ਤੂੰ ਸਮਾਜ ਨੂੰ ਅੱਗੇ ਵਧਾਉਣ ਦਾ ਇੱਕ ਹਿੱਸਾ ਬਣੇਗੀ ਤਾਂ ਸ਼ਾਇਦ ਅਜਿਹਾ ਦੱਸਣ ਨਾਲ ਇਨ੍ਹਾਂ ਬਾਬਿਆਂ ਦੀ ਗਿਣਤੀ ਘੱਟ ਜਾਵੇਗੀ। ਕਈ ਅਣਭੋਲ ਵਿਚਾਰੀਆਂ ਪੇਟ ਦਰਦ, ਸਰਵੀਕਲ ਕੈਂਸਰ ਜਾਂ ਜਿਹੜੀ ਅੰਦਰ ਹੋਈ ਸੋਜਿਸ਼, ਸਿਰਦਰਦ ਦੀ ਪ੍ਰਾਬਲਮ ਜਾਂ ਕਿਸੇ ਹੋਰ ਪ੍ਰਾਬਲਮ ਦੇ ਲਈ ਬਾਬੇ ਤੋਂ ਟੂਣਾ-ਟਾਮਣਾ ਕਰਵਾਉਂਦੀਆਂ ਹਨ, ਮੱਥਾ ਟੇਕਦੀਆਂ ਹਨ। ਇਸ ਪ੍ਰਾਬਲਮ ਦਾ ਦੋ-ਤਿੰਨ ਦਿਨ ਦਾ ਪ੍ਰਾਸੈਸ ਹੁੰਦਾ ਹੈ। ਜਦੋਂ ਉਹ ਠੀਕ ਹੁੰਦੀਆਂ ਹਨ ਤਾਂ ਬਾਬਾ ਕਹਿੰਦਾ ਹੈ ਕਿ ਮੈਂ ਜਿੱਤ ਗਿਆ। ਜੇਕਰ ਆਪਾਂ ਵਹਿਮਾਂ-ਭਰਮਾਂ ਨੂੰ ਦੂਰ ਕਰਨਾ ਹੈ ਤਾਂ ਸਭ ਤੋਂ ਪਹਿਲਾਂ ਇਸ ਵਿੱਚ ਸਾਡੇ ਹੈਲਥ ਮਨਿਸਟਰ ਸਾਹਿਬ, ਐਜੂਕੇਸ਼ਨ ਮਨਿਸਟਰ ਸਾਹਿਬ ਅਤੇ ਫਾਈਨਾਂਸ ਮਨਿਸਟਰ ਸਾਹਿਬ ਨੂੰ ਇਹ ਬੇਨਤੀ ਹੈ ਕਿ ਇਹ ਕੰਮ ਬਜਟ ਤੋਂ ਬਿਨਾਂ ਨਹੀਂ ਹੋਵੇਗਾ। ਸੋ, ਇਸ ਵਾਸਤੇ ਅਸੀਂ ਆਮ ਆਦਮੀ ਪਾਰਟੀ ਵੱਲੋਂ ਇੱਕ 'SHE revolutionary camp' ਲਗਾ ਰਹੇ ਹਾਂ ਪਰ ਤੁਹਾਡੇ ਸਾਥ ਤੋਂ ਬਿਨਾਂ ਸਾਡਾ ਕੈਂਪ ਕੁਝ ਨਹੀਂ ਹੈ। ਜੇਲ੍ਹ ਵਿੱਚ ਕੈਦੀਆਂ ਨੂੰ ਵੀ ਟਰੇਂਡ ਕਰਨ ਦੀ ਜ਼ਰੂਰਤ ਹੈ। ਅਸੀਂ ਸਾਰਾ ਕੁਝ ਫਰੀ ਵਿੱਚ ਕਰਾਂਗੇ ਪਰ ਸਾਨੂੰ ਤੁਹਾਡੇ ਸਾਥ ਦੀ ਲੋੜ ਹੈ ਕਿਉਂਕਿ ਆਪਾਂ ਆਪਣੀ ਧੀ ਨੂੰ ਉਦੋਂ ਬਚਾਅ ਸਕਦੇ ਹਾਂ ਜੇਕਰ ਅਸੀਂ ਉਸ ਨੂੰ ਆਉਣ ਵਾਲੀਆਂ ਸਮੱਸਿਆਵਾਂ ਤੋਂ ਜਾਣੂੰ ਕਰਵਾਵਾਂਗੇ। ਧੰਨਵਾਦ ਜੀ।(ਥੰਪਿੰਗ)

**ਸਕੂਲ ਸਿੱਖਿਆ ਮੰਤਰੀ (ਸ਼੍ਰੀ ਓਮ ਪ੍ਰਕਾਸ਼ ਸੋਨੀ):** ਮੈਂ ਸਾਰੇ ਹਾਊਸ ਦੀ ਜਾਣਕਾਰੀ ਲਈ ਇਹ ਦੱਸਣਾ ਚਾਹੁੰਦਾ ਹਾਂ ਕਿ ਐਜੂਕੇਸ਼ਨ ਡਿਪਾਰਟਮੈਂਟ ਵੱਲੋਂ ਦਸ ਕਰੋੜ ਦਾ ਸੈਨੇਟਰੀ ਨੈਪਕਿਨ ਦਾ ਟੈਂਡਰ ਨੋਟਿਸ ਆ ਗਿਆ ਹੈ। ਇੱਕ ਮਹੀਨੇ ਦੇ ਅੰਦਰ ਛੇ ਸਾਲ ਤੋਂ ਉੱਪਰ ਦੀਆਂ ਸਾਰੀਆਂ ਲੜਕੀਆਂ ਨੂੰ ਸੈਨੇਟਰੀ ਨੈਪਕਿਨ ਸਕੂਲਾਂ ਵਿਚ ਪ੍ਰੋਵਾਈਡ ਕਰਾ ਦਿੱਤੇ ਜਾਣਗੇ।(ਥੰਪਿੰਗ)

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ (ਬਰਨਾਲਾ) :** ਧੰਨਵਾਦ ਚੇਅਰਮੈਨ ਸਾਹਿਬ, ਤੁਸੀਂ ਮੈਨੂੰ ਵਹਿਮਾਂ-ਭਰਮਾਂ ਦਾ ਜਿਹੜਾ ਰੈਜ਼ੋਲਿਊਸ਼ਨ ਹੈ, ਉਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਜਿਹੜੇ ਸੂਬਿਆਂ ਜਾਂ ਦੇਸ਼ਾਂ ਵਿਚ ਅਨਪੜ੍ਹਤਾ ਜ਼ਿਆਦਾ ਹੈ, ਵਹਿਮ-ਭਰਮ ਵੀ ਉੱਥੇ ਹੀ ਜ਼ਿਆਦਾ ਹਨ। ਅੱਜ ਅਸੀਂ ਭਾਵੇਂ 21ਵੀਂ ਸਦੀ ਵਿਚ ਪਹੁੰਚ ਗਏ ਹਾਂ ਪਰ ਅੱਜ ਵੀ ਛੋਟੀਆਂ ਛੋਟੀਆਂ ਗੱਲਾਂ ਕਰਕੇ ਸਾਡੇ ਮਾਨਯੋਗ ਮੈਂਬਰ ਸਾਹਿਬਾਨ ਵੀ ਜਿਹੜੇ ਇਸ ਸਦਨ ਵਿਚ ਬੈਠੇ ਹਨ ਜੇ ਕਿਤੇ ਛਿੱਕ ਵੱਜ ਜਾਵੇ ਤਾਂ ਉਹ ਵੀ ਦੋ ਮਿੰਟ ਗੱਡੀ ਰੋਕ ਲੈਂਦੇ ਹਨ। ਜੇ ਸੜਕ ਤੇ ਜਾਂਦੀ ਬਿੱਲੀ ਰਸਤਾ ਕੱਟ ਜਾਵੇ ਤਾਂ ਉੱਥੇ ਵੀ ਅਸੀਂ ਦੋ ਮਿੰਟ ਲਈ ਖੜ੍ਹ ਜਾਂਦੇ ਹਾਂ। ਇਹ ਇਸ ਕਰਕੇ ਕਿਉਂਕਿ ਸਾਡੇ ਸੂਬੇ ਵਿਚ ਅਨਪੜ੍ਹਤਾ ਹੈ। ਇਸ ਸਾਲ ਦਾ ਜਿਹੜਾ socio-economic survey ਹੋਇਆ ਹੈ,

ਉਸ ਵਿਚ 58% ਰੂਰਲ ਪਾਪੂਲੇਸ਼ਨ ਵਿਚੋਂ 32% ਟੋਟਲ ਅਨਪੜ੍ਹ ਹਨ, 9% ਪੰਜਵੀਂ ਤੋਂ ਹੇਠਾਂ ਹੀ ਪੜ੍ਹੇ ਹਨ, 17% ਕੋਲ ਕੇਵਲ ਪੰਜਵੀਂ ਦਾ ਸਰਟੀਫਿਕੇਟ ਹੈ। ਇਹ ਸਾਡੇ ਸੂਬੇ ਦੀ ਬੜੀ ਬਦਕਿਸਮਤੀ ਹੈ ਕਿ ਸਾਡੀ ਰੂਰਲ ਪਾਪੂਲੇਸ਼ਨ ਵਿਚ ਕੇਵਲ 3% ਹੀ ਗ੍ਰੈਜੂਏਟ ਹਨ। ਸਾਡੇ ਦੇਸ਼ ਦੀ ਔਸਤ 3.4% ਬਣਦੀ ਹੈ ਪਰ ਅੱਜ ਪੰਜਾਬ ਉਸ ਨਾਲੋਂ ਵੀ ਘੱਟ ਹੈ। ਮੈਂ ਸਮਝਦਾ ਹਾਂ ਕਿ ਇਹ ਜਿਹੜੇ ਵਹਿਮ-ਭਰਮ ਫੈਲਦੇ ਹਨ, ਇਸ ਦਾ ਸਭ ਤੋਂ ਵੱਡਾ ਕਾਰਨ ਅਨਪੜ੍ਹਤਾ ਹੈ। ਬਾਹਰਲੇ ਦੇਸ਼, ਜਿਨ੍ਹਾਂ ਨੇ ਸਾਡੇ ਤੋਂ ਬਾਅਦ ਵਿੱਚ ਆਜ਼ਾਦ ਹੋ ਕੇ ਤਰੱਕੀਆਂ ਕੀਤੀਆਂ ਹਨ, ਉਨ੍ਹਾਂ ਨੇ ਕੋਈ ਹੋਰ ਮੱਲ੍ਹਾਂ ਨਹੀਂ ਮਾਰੀਆਂ, ਉਨ੍ਹਾਂ ਨੇ ਸਭ ਤੋਂ ਪਹਿਲਾਂ ਆਪਣੇ ਲੋਕਾਂ ਨੂੰ ਪੜ੍ਹਾਈ ਦਿੱਤੀ ਹੈ। ਉੱਥੇ ਜੇਕਰ ਕਿਸੇ ਨੂੰ ਕੋਈ ਦਿਮਾਗੀ ਪ੍ਰੇਸ਼ਾਨੀ ਆਉਂਦੀ ਹੈ ਤਾਂ ਉਹ ਸਾਡੀ ਤਰ੍ਹਾਂ ਕਿਸੇ ਬਾਬੇ ਕੋਲ ਨਹੀਂ ਲੈ ਕੇ ਜਾਂਦੇ ਬਲਕਿ ਸਾਈਕੇਟਰਿਟਜ਼ ਨੂੰ ਦਿਖਾਉਂਦੇ ਹਨ ਅਤੇ ਇਲਾਜ ਕਰਵਾਉਂਦੇ ਹਨ। ਹੁਣ ਸਾਡੀ ਮਾਨਸਿਕਤਾ ਦੇਖੋ ਕਿ ਸਾਡੇ ਲੋਕ ਬਾਬਿਆਂ ਕੋਲ ਜਾਂਦੇ ਹਨ, ਉੱਥੇ ਉਨ੍ਹਾਂ ਲੋਕਾਂ ਦੀ ਲੁੱਟ ਵੀ ਹੁੰਦੀ ਹੈ ਅਤੇ ਉਨ੍ਹਾਂ ਤੇ ਅੱਤਿਆਚਾਰ ਵੀ ਹੁੰਦਾ ਹੈ। ਸੋ, ਸਰਕਾਰ ਨੂੰ ਮੇਰੀ ਬੇਨਤੀ ਹੈ ਕਿ ਜੇ ਲੋਕਾਂ ਨੂੰ ਵਹਿਮਾਂ-ਭਰਮਾਂ ਤੋਂ ਦੂਰ ਕਰਨਾ ਹੈ ਤਾਂ ਪੜ੍ਹਾਈ ਹਰ ਵਰਗ ਦੇ ਹਰ ਨੌਜਵਾਨ ਤੱਕ ਪਹੁੰਚਣੀ ਬਹੁਤ ਜ਼ਰੂਰੀ ਹੈ। ਅਸੀਂ ਜਿਹੜੇ ਪੜ੍ਹਾਈ ਵਾਸਤੇ ਵਾਅਦੇ ਕੀਤੇ ਹਨ ਉਨ੍ਹਾਂ ਨੂੰ ਪੂਰਾ ਕਰੀਏ। ਇਹ ਮਤਾ ਪਾਸ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ, ਪਹਿਲਾਂ ਅਸੀਂ ਮੈਨੀਫੈਸਟੋ ਵਿਚ ਜਿਹੜੇ ਐਜੂਕੇਸ਼ਨ ਵਾਸਤੇ ਵਾਅਦੇ ਕੀਤੇ ਸੀ, ਉਹ ਪੂਰੇ ਕਰੀਏ। ਸਰਕਾਰ ਬਣਨ ਤੋਂ ਬਾਅਦ ਸੌ ਦਿਨਾਂ ਵਿਚ ਹੀ ਜਿਹੜੇ 50 ਡਿਗਰੀ ਕਾਲਜ ਬਣਾਉਣ ਬਾਰੇ ਕਿਹਾ ਸੀ ਹਰ ਸਬ-ਡਵੀਜ਼ਨ ਵਿਚ ਪਹਿਲਾਂ ਉਹ ਬਣਾਈਏ ਤਾਂ ਕਿ ਲੋਕ ਜਾਗਰੂਕ ਹੋ ਸਕਣ ਅਤੇ ਹੋਰ ਵੀ ਅਸੀਂ ਐਜੂਕੇਸ਼ਨ ਵਾਸਤੇ ਜਿਹੜੇ ਵਾਅਦੇ ਕੀਤੇ ਸੀ ਉਹ ਵੀ ਪੂਰੇ ਕਰੀਏ ਤਾਂ ਕਿ ਲੋਕ ਵਹਿਮਾਂ-ਭਰਮਾਂ ਵਿਚੋਂ ਨਿਕਲ ਸਕਣ। ਧੰਨਵਾਦ।

**Mr. Chairman :** Thank you. ਕਿਸੇ ਹੋਰ ਮੈਂਬਰ ਸਾਹਿਬਾਨ ਨੇ ਆਪਣੀ ਗੱਲ ਕਰਨੀ ਹੋਵੇ।

**ਸ਼੍ਰੀ ਪਵਨ ਕੁਮਾਰ ਟੀਨੂ (ਆਦਮਪੁਰ, ਐਸ.ਸੀ.):** ਮਾਨਯੋਗ ਚੇਅਰਮੈਨ ਸਾਹਿਬ, ਧੰਨਵਾਦ। ਵਹਿਮਾਂ-ਭਰਮਾਂ ਦੇ ਗੈਰ-ਸਰਕਾਰੀ ਮਤੇ ਤੇ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਸੋਮ ਪ੍ਰਕਾਸ਼ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਇਹ ਰੈਜੋਲਿਊਸ਼ਨ ਲਿਆਂਦਾ। ਜਿਵੇਂ ਹੋਰ ਵੀ ਮੈਂਬਰ ਸਾਹਿਬਾਨ ਨੇ ਕਿਹਾ ਹੈ ਕਿ ਵਹਿਮ-ਭਰਮ ਅਸਲ ਵਿਚ ਅਨਪੜ੍ਹਤਾ ਨਾਲ ਜੁੜੇ ਹੋਏ ਹਨ। ਅਸੀਂ ਦੇਸ਼ ਦੀ

[ਸ਼੍ਰੀ ਪਵਨ ਕੁਮਾਰ ਟੀਨੂ]

ਅਜ਼ਾਦੀ ਤੋਂ ਬਾਅਦ ਕਿਹੋ-ਜਿਹੀ ਐਜੂਕੇਸ਼ਨ ਦੇ ਸਕੇ ਹਾਂ? ਸਾਈਂਟੀਫਿਕ ਐਜੂਕੇਸ਼ਨ ਜਾਂ ਕੁਆਲਿਟੀ ਐਜੂਕੇਸ਼ਨ ਦੇਣ ਵਿਚ ਅਸੀਂ ਅੱਜ ਤੱਕ ਅਸਫ਼ਲ ਰਹੇ ਹਾਂ। ਕੋਈ ਜ਼ਮਾਨਾ ਸੀ ਜਦੋਂ ਲੋਕਾਂ ਦੀ ਸਾਰੀ ਟੇਕ, ਲੋਕਾਂ ਦੀ ਨਿਰਭਰਤਾ ਸਰਕਾਰੀ ਸਕੂਲਾਂ ਤੇ ਹੋਇਆ ਕਰਦੀ ਸੀ। ਚੇਅਰਮੈਨ ਸਾਹਿਬ, ਅੱਜ ਕਮਰਸ਼ੀਅਲ ਯੁੱਗ ਆ ਗਿਆ ਹੈ, ਗੈਰ-ਸਰਕਾਰੀ ਇੰਸਟੀਚਿਊਸ਼ਨ ਆ ਗਏ ਹਨ, ਪ੍ਰਾਈਵੇਟ ਕਮਰਸ਼ੀਅਲ ਪ੍ਰਾਫਿਟ ਮੇਕਿੰਗ ਸਕੂਲ ਆ ਗਏ ਹਨ, ਯੂਨੀਵਰਸਿਟੀਆਂ ਆ ਗਈਆਂ ਹਨ ਲੇਕਿਨ ਅੱਜ ਵੀ ਸਮਾਜ ਦਾ ਪਿੱਛੇ ਰਹਿ ਗਿਆ 80% ਤੋਂ ਵੱਧ ਤਬਕਾ ਸਰਕਾਰੀ ਸੰਸਥਾਨਾਂ ਤੇ ਹੀ ਨਿਰਭਰ ਕਰ ਰਿਹਾ ਹੈ। ਗਰੀਬ ਨੂੰ ਲਗਦਾ ਹੈ ਕਿ ਮੈਨੂੰ ਅੱਗੇ ਵਧਾਉਣ ਲਈ ਪਤਾ ਨਹੀਂ ਕਿਸ ਨੇ ਮੇਰੇ ਕੰਮ ਆ ਜਾਣਾ ਹੈ ਉਹ ਰਾਤੋ-ਰਾਤ ਕਾਮਯਾਬ ਹੋਣ ਲਈ ਹਰ ਹੱਥ ਮਾਰਦਾ ਹੈ ਕਿ ਮੈਂ ਕਿਸੇ ਤਰ੍ਹਾਂ ਆਪਣੇ ਬੱਚਿਆਂ ਨੂੰ ਆਪਣੇ ਪਰਿਵਾਰ ਨੂੰ ਅੱਗੇ ਵਧਾ ਲਵਾਂ।

*12.29 ਵਜੇ ਬਾਅਦ ਦੁਪਹਿਰ) (ਇਸ * ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਸਪੀਕਰ ਸਾਹਿਬ, ਜਿਹੜਾ ਗਰੀਬ ਹੈ, ਉਹ ਹੀ ਇਸ ਬਿਮਾਰੀ ਜਾਂ ਇਸ ਤਰਾਸਦੀ ਦਾ ਜ਼ਿਆਦਾ ਸ਼ਿਕਾਰ ਹੈ। ਸਪੀਕਰ ਸਾਹਿਬ, ਅਨਪੜ੍ਹ ਬੰਦਾ ਜਾਂ ਗਰੀਬ ਬੰਦਾ ਤਾਂ ਹਨੇਰੇ ਵਿੱਚ ਹੱਥ ਮਾਰਦਾ ਹੀ ਹੈ ਪਰ ਮੈਨੂੰ ਹੈਰਾਨੀ ਉਦੋਂ ਹੁੰਦੀ ਹੈ, ਜਦੋਂ ਵੱਡੇ ਵੱਡੇ ਬੰਦੇ ਬਲਕਿ ਕਾਂਗਰਸ ਪਾਰਟੀ ਦੇ ਪ੍ਰਧਾਨ ਬਾਰੇ, ਹੁਣ ਸਰਦਾਰ ਤਰਸੇਮ ਸਿੰਘ ਡੀ.ਸੀ. ਬੋਲ ਕੇ ਗਏ ਹਨ, ਸਾਊਥ ਇੰਡੀਆ ਦੇ ਕਿਸੇ ਮੰਦਰ ਦੀ ਇਨ੍ਹਾਂ ਨੇ ਗੱਲ ਕੀਤੀ ਸੀ ਕਿ ਉਥੇ ਜਾਣ ਨਹੀਂ ਦਿੰਦੇ, ਔਰਤ ਨੂੰ ਨਹੀਂ ਜਾਣ ਦਿੰਦੇ ਜਾਂ ਹੋਰ ਜਾਤਾਂ ਨੂੰ ਨਹੀਂ ਜਾਣ ਦਿੰਦੇ। ਜਦੋਂ ਵੱਡੇ ਵੱਡੇ ਲੋਕ, ਜਿਨ੍ਹਾਂ ਨੂੰ ਲੋਕ ਆਪਣਾ ਆਦਰਸ਼ ਮੰਨਦੇ ਹਨ, ਉਹ ਵੀ ਜਦੋਂ ਵਹਿਮਾਂ-ਭਰਮਾਂ ਵਿੱਚ ਆ ਕੇ, ਮਿਹਨਤ ਨੂੰ ਛੱਡ ਕੇ ਉਥੇ ਗੇੜੇ ਮਾਰਦੇ ਹਨ, ਕਾਂਗਰਸ ਦੇ ਪ੍ਰਧਾਨ ਵੀ ਉਸ ਮੰਦਰ ਵਿੱਚ ਗਏ, ਜਿਸ ਬਾਰੇ ਸਰਦਾਰ ਤਰਸੇਮ ਸਿੰਘ ਡੀ.ਸੀ. ਸਾਹਿਬ ਨੇ ਗੱਲ ਕੀਤੀ ਹੈ, ਇਸ ਦਾ ਮਤਲਬ ਉਹ ਵੀ ਵਹਿਮ-ਭਰਮ ਕਰਦੇ ਹਨ।

ਅਗਲੀ ਗੱਲ, ਪੰਜਾਬ ਵਿਧਾਨ ਸਭਾ ਦੇ ਆਪਣੇ ਵੀ ਇੱਕ ਮਾਨਯੋਗ ਮੈਂਬਰ ਹਨ, ਮਨਿਸਟਰ ਹਨ। ਉਨ੍ਹਾਂ ਨੇ ਵੀ ਆਪਣੀ ਕੋਠੀ ਦਾ ਮੂੰਹ ਪੰਡਤ ਦੇ ਕਹਿਣ ਤੇ, ਪੁਜਾਰੀ ਦੇ ਕਹਿਣ ਤੇ ਪਲਟਾ ਕੇ ਦੂਜੇ ਪਾਸੇ ਕਰ ਦਿੱਤਾ। ਆਪਾਂ ਅਖਬਾਰਾਂ ਵਿੱਚ ਵੀ ਸੁਣਿਆ ਸੀ। ਤੁਹਾਨੂੰ ਸਾਰਿਆਂ ਨੂੰ ਪਤਾ ਹੈ। ਮੰਤਰੀ ਜੀ ਬੈਠੇ ਹਨ (ਤਕਨੀਕੀ ਸਿੱਖਿਆ ਮੰਤਰੀ, ਸਰਦਾਰ ਚਰਨਜੀਤ ਸਿੰਘ ਚੰਨੀ ਵੱਲ ਇਸ਼ਾਰਾ) ਇਹੀ ਨਹੀਂ, ਲੋਕਲ ਬਾਡੀਜ਼ ਮਨਿਸਟਰ ਬਾਰੇ ਪੰਜਾਬ ਵਿੱਚ ਬੜੀ ਚਰਚਾ ਹੈ ਕਿ ਇਹ ਵੀ ਬੜੇ ਵਹਿਮੀ ਹਨ। ਇਨ੍ਹਾਂ ਨੇ ਵੀ ਸਾਰੀ ਕੋਠੀ

ਪਤਾ ਨਹੀਂ ਕਿਸ ਨਾਲ ਪਵਿੱਤਰ ਕਰਵਾਈ। ਪਹਿਲਾਂ ਉਸ ਦੀਆਂ ਦਿਸ਼ਾਵਾਂ ਦੇਖੀਆਂ – ਨੌਰਥ, ਸਾਊਥ ਪੁੱਛਿਆ, ਹਵਨ–ਹੁਵਨ ਕਰਵਾਏ। ਇਹ ਸਾਰੇ ਵਹਿਮ ਹਨ ਅਤੇ ਜਦੋਂ ਵੱਡੇ ਵੱਡੇ ਬੰਦੇ ਕਰਦੇ ਹਨ ਤਾਂ ਗਰੀਬ ਬੰਦਾ ਵਿਚਾਰਾ ਅਜਿਹਾ ਹੁੰਦਾ ਵੇਖਦਾ ਹੈ। ਜਦੋਂ ਗਰੀਬ ਬੰਦਾ ਵੇਖਦਾ ਹੈ ਕਿ ਸ਼ਾਇਦ ਇਹ ਵਹਿਮਾਂ–ਭਰਮਾਂ ਕਰਕੇ ਅੱਗੇ ਆ ਗਏ, ਵੱਡੇ ਬਣ ਗਏ, ਮੰਤਰੀ ਬਣ ਗਏ, ਉਹ ਵਿਚਾਰਾ ਫਿਰ ਖਿੱਚਿਆ ਜਾਂਦਾ ਹੈ। ਉਹ ਵੀ ਪਿੱਛੇ ਤੁਰ ਪੈਂਦਾ ਹੈ। ਮਾਨਯੋਗ ਸਪੀਕਰ ਸਾਹਿਬ, ਇਹੀ ਨਹੀਂ, ਅਫਸਰਾਂ ਦਾ ਵੀ ਇਹੀ ਹਾਲ ਹੈ। ਆਈ.ਏ.ਐਸ. ਵੀ ਕਰ ਲਈ, ਆਈ.ਪੀ.ਐਸ. ਵੀ ਕਰ ਲਈ, ਜੱਜ ਵੀ ਬਣ ਗਏ, ਮੈਂ ਇਨ੍ਹਾਂ ਨੂੰ ਡੇਰਿਆਂ ਤੇ ਜਾ ਕੇ ਮੱਥੇ ਘਸਾਉਂਦਿਆਂ ਨੂੰ ਦਿਖਾ ਦਿੰਦਾ ਹਾਂ। ਮਤਲਬ ਸਾਡੀ ਇਹ ਸਾਰੀ ਸੋਸਾਇਟੀ ਵਿੱਚ ਹੀ ਵਾਇਰਸ ਹੈ, ਇਸ ਵਾਇਰਸ ਨੂੰ ਆਪਾਂ ਐਜੂਕੇਸ਼ਨ ਦੇ ਨਾਲ ਦੂਰ ਕਰ ਸਕਦੇ ਹਾਂ। ਜਿੰਨੀ ਦੇਰ ਕੋਈ ਸੂਬਾ ਐਜੂਕੇਸ਼ਨ ਚੰਗੀ ਨਹੀਂ ਦਿੰਦਾ, ਵਹਿਮਾਂ–ਭਰਮਾਂ ਦੀਆਂ ਬਿਮਾਰੀਆਂ ਹੀ ਨਹੀਂ, ਹੋਰ ਬਿਮਾਰੀਆਂ ਜਾਂ ਅਪਰਾਧ ਤੋਂ ਵੀ ਪੀੜ੍ਹਤ ਰਹੇਗਾ।

ਸਰਦਾਰ ਤਰਸੇਮ ਸਿੰਘ ਡੀ.ਸੀ. ਸਾਹਿਬ ਦੱਸ ਰਹੇ ਸੀ, ਇਨ੍ਹਾਂ ਨੇ ਪ੍ਰਾਈਵੇਟ ਕਾਲਜਾਂ ਵਿੱਚ ਵਜ਼ੀਫੇ ਦੀ ਗੱਲ ਕੀਤੀ ਹੈ।ਸਪੀਕਰ ਸਾਹਿਬ, ਮੈਂ ਇਸ ਗੱਲ ਦਾ ਜਵਾਬ ਦੇ ਦੇਵਾਂ। ਇਹ ਗੱਲ ਠੀਕ ਹੈ, ਸਾਰੇ ਮਾਨਯੋਗ ਮੈਂਬਰ ਬੈਠੇ ਹਨ। ਪਿਛਲੀ ਸਰਕਾਰ ਵਿੱਚ ਮੈਂ ਵੀ ਮੈਂਬਰ ਸੀ। ਉਦੋਂ ਇੱਕ ਪੋਸਟ ਮੈਟ੍ਰਿਕ ਸਕਾਲਰਸ਼ਿਪ ਦਾ ਮਾਮਲਾ ਆਇਆ ਸੀ, ਜਿਸ ਵਿੱਚ ਡਿਪਾਰਟਮੈਂਟ ਦਾ ਕੋਈ ਘਪਲਾ ਸੀ, ਕਾਲਜਿਜ਼ ਨੇ ਘਪਲਾ ਕੀਤਾ ਸੀ। ਉਦੋਂ ਮੈਂ, ਸੋਮ ਪ੍ਰਕਾਸ਼ ਜੀ, ਜਸਟਿਸ ਨਿਰਮਲ ਸਿੰਘ, ਸਾਡੇ ਐਮ.ਐਲ.ਏ. ਸਨ, ਅਸੀਂ ਮੰਗ ਕੀਤੀ ਸੀ। ਅਸੀਂ ਰੂਲਿੰਗ ਬੈਂਚਾਂ ਤੇ ਬੈਠ ਕੇ ਮੰਗ ਕੀਤੀ ਸੀ ਕਿ ਇਸ ਘਪਲੇ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ। ਉਦੋਂ ਮੰਤਰੀ ਜੀ ਕਹਿੰਦੇ ਸਨ ਕਿ ਸਾਡਾ ਡਿਪਾਰਟਮੈਂਟ ਇਨਕੁਆਇਰੀ ਕਰ ਲਵੇਗਾ। ਅਸੀਂ ਕਿਹਾ ਨਹੀਂ, ਵਿਜੀਲੈਂਸ ਇਨਕੁਆਇਰੀ ਕਰਵਾਓ। ਅਸੀਂ ਵੀ ਉਦੋਂ ਰੂਲਿੰਗ ਬੈਂਚਾਂ ਤੇ ਬੈਠੇ ਸੀ। ਅਸੀਂ ਕਿਹਾ ਸੀ ਕਿ ਵਿਜੀਲੈਂਸ ਦੀ ਇਨਕੁਆਇਰੀ ਕਰਵਾਓ। ਉਦੋਂ ਡਿਪਟੀ ਸੀ.ਐਮ. ਸਾਹਿਬ, ਸਰਦਾਰ ਸੁਖਬੀਰ ਸਿੰਘ ਬਾਦਲ ਨੇ ਕਿਹਾ ਸੀ ਕਿ ਅਸੀਂ ਇਸ ਦੀ ਵਿਜੀਲੈਂਸ ਇਨਕੁਆਇਰੀ ਕਰਾਵਾਂਗੇ, ਉਹ ਕਰਵਾਈ ਗਈ।

ਹੁਣ ਗੱਲ ਅੱਜ ਦੀ ਹੈ। ਅੱਜ ਇਸ ਸਰਕਾਰ ਵਿੱਚ ਕੇਂਦਰ ਤੋਂ ਭਲਾਈ ਵਾਸਤੇ, ਵਿੱਦਿਆ ਰਾਹੀਂ ਚਾਨਣ ਫੈਲਾਉਣ ਵਾਸਤੇ, ਵਹਿਮਾਂ ਭਰਮਾਂ ਨੂੰ ਦੂਰ ਕਰਨ ਵਾਸਤੇ ਜਿਹੜਾ ਪੈਸਾ ਆਇਆ, ਇਹ ਕਰੋੜਾਂ ਰੁਪਿਆ ਹੈ। ਸਪੀਕਰ ਸਾਹਿਬ, 327 ਕਰੋੜ ਰੁਪਿਆ ਪਹਿਲਾਂ ਆਇਆ, ਫਿਰ 115 ਕਰੋੜ ਰੁਪਿਆ ਆਇਆ, ਫਿਰ 455 ਕਰੋੜ ਰੁਪਿਆ ਆਇਆ। ਇਨ੍ਹਾਂ ਨੇ ਉਸ ਵਿੱਚ 68 ਕਰੋੜ ਰੁਪਿਆ ਪਾਉਣਾ ਸੀ,

[ਸ਼੍ਰੀ ਪਵਨ ਕੁਮਾਰ ਟੀਨੂ]

ਉਹ ਪੈਸਾ ਕਿੱਥੇ ਗਿਆ? ਪਹਿਲਾਂ ਕਿਹਾ ਗਿਆ ਕਿ 400 ਕਰੋੜ ਰੁਪਿਆ ਫੜ੍ਹ ਲਿਆ ਹੈ। ਫਿਰ ਇਹ 56 ਕਰੋੜ ਤੇ ਆ ਗਏ ਅਤੇ ਹੁਣ ਕਹਿੰਦੇ ਹਨ ਕਿ 28 ਕਰੋੜ ਰੁਪਿਆ ਹੈ। ਇਹ ਸਾਰੇ ਮਾਮਲੇ ਸਰਕਾਰ ਵੱਲੋਂ ਬੱਚਿਆਂ ਨੂੰ ਐਜੂਕੇਸ਼ਨ ਤੋਂ ਦੂਰ ਰੱਖਣ ਲਈ ਹੋ ਰਹੇ ਹਨ। ਸਰਕਾਰ ਚਾਹੁੰਦੀ ਹੈ ਕਿ ਗਰੀਬ ਲੋਕ, ਦਲਿਤ ਲੋਕ ਅਨਪੜ੍ਹ ਰਹਿਣ। ਇਨ੍ਹਾਂ ਨੂੰ ਮਾੜੀ-ਮੋਟੀ ਐਜੂਕੇਸ਼ਨ ਦਿਓ ਤਾਂ ਕਿ ਇਹ ਪੜ੍ਹ-ਲਿਖ ਕੇ ਅੱਗੇ ਨਾ ਵੱਧ ਜਾਣ। ਉਸ ਵਿੱਚ ਜ਼ਿੰਮੇਵਾਰ ਤੁਹਾਡੀ ਸਰਕਾਰ ਵੀ ਹੈ, ਤੁਹਾਡੇ ** ** ਇਹ ਚਾਹੁੰਦੇ ਹਨ ਕਿ ਇਨ੍ਹਾਂ ਗਰੀਬਾਂ ਨੂੰ ਚੰਗੀ ਐਜੂਕੇਸ਼ਨ ਨਾ ਮਿਲੇ, ਸਾਡਾ ਹੀ ਢਿੱਡ ਭਰ ਜਾਵੇ। ਇਨ੍ਹਾਂ ਦਾ ਮਹਿਕਮਾ ਅਤੇ ਇਹ ਆਪ ਵੀ ਸ਼ੱਕ ਦੇ ਦਾਇਰੇ ਵਿੱਚ ਹਨ ਕਿਉਂਕਿ ਇਨ੍ਹਾਂ ਦੇ ਮਹਿਕਮੇ ਵਿੱਚ ਕੁਰੱਪਸ਼ਨ ਹੋਈ ਹੈ। ਸਾਰੇ ਅਫਸਰਾਂ ਨੇ ਪੈਸੇ ਲਏ ਹਨ। ਇਹ ਜਿਹੜਾ ਰੈਜ਼ੋਲਿਊਸ਼ਨ ਹੈ, ਮੈਂ ਇਸ ਦੇ ਹੱਕ ਵਿਚ ਹਾਂ। ਵਹਿਮਾਂ-ਭਰਮਾਂ ਦਾ ਇਲਾਜ ਸਿਰਫ ਪੜ੍ਹਾਈ ਹੈ....(ਵਿਘਨ)

**ਮਾਨਯੋਗ ਸਪੀਕਰ :** ਹਾਂ ਜੀ, ਸਰਦਾਰ ਸਾਧੂ ਸਿੰਘ ਜੀ।

**ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ (ਸਰਦਾਰ ਸਾਧੂ ਸਿੰਘ):** ਸਪੀਕਰ ਸਾਹਿਬ, ਗੱਲ ਇਹ ਹੈ ਕਿ ਛੱਜ ਤਾਂ ਬੋਲੇ ਛਾਨਣੀ ਕੀ ਬੋਲੇ? (ਥੰਪਿੰਗ) ਮੈਂ ਕੱਲ੍ਹ ਵੀ ਕਿਹਾ ਸੀ ਅਤੇ ਅੱਜ ਫਿਰ ਮੈਂ ਆਪਣੀ ਗੱਲ ਤੇ ਖੜ੍ਹਾ ਹਾਂ। ਸਾਲ 2014-15, 2015-16 ਅਤੇ 2016-17 ਦਾ ਤੁਸੀਂ ਰੁਪਿਆ ਨਹੀਂ ਦੇ ਕੇ ਗਏ। ਅਸੀਂ ਦਿੱਲੀ ਜਾ ਕੇ, ਗੇੜੇ ਮਾਰ ਕੇ ਪੈਸੇ ਲਿਆ ਕੇ ਕਾਲਜਾਂ ਨੂੰ ਦੇ ਰਹੇ ਹਾਂ। ਤੁਸੀਂ ਤਾਂ ਬੰਦ ਕਰਕੇ ਚਲੇ ਗਏ ਸੀ, ਇਸ ਕਰਕੇ ਤੁਹਾਨੂੰ ਬੋਲਣ ਦਾ ਕੋਈ ਹੱਕ ਨਹੀਂ ਹੈ।(ਟਰੇਜ਼ਰੀ ਬੈਂਚਿਜ਼ ਵਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ)

**ਮਾਨਯੋਗ ਸਪੀਕਰ:** ਅਗਲਾ ਬੁਲਾਰਾ ਜੀ।

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, 2016-17 ਦੇ ਪੈਸੇ ਅਸੀਂ ਦਿੱਤੇ ਸੀ। (ਵਿਘਨ, ਸ਼ੋਰ) ਇਹ ਤਾਂ ਦਿੱਲੀ ਦੇ ਅਫਸਰਾਂ ਨਾਲ ਗੱਲ ਹੀ ਨਹੀਂ ਕਰ ਸਕਦੇ। (ਵਿਘਨ)

**ਮਾਨਯੋਗ ਸਪੀਕਰ:** ਬੈਠ ਜਾਉ.... ਹਾਂ ਜੀ, ਚੰਨੀ ਜੀ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ):** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਦਾ ਬੜਾ ਸਤਿਕਾਰ ਕਰਦਾ ਹਾਂ ਪਰ ਝੂਠ ਬੋਲਣ ਲੱਗਿਆਂ ਆਪਣੇ ਆਪ ਨੂੰ ਵੀ ਦੇਖ ਲਿਆ ਜਾਣਾ ਚਾਹੀਦਾ ਹੈ। ਪਹਿਲਾਂ ਇਨ੍ਹਾਂ ਨੇ ਆਪਣੀ ਮੁੰਦੀ ਅੰਦਰ ਨੂੰ ਘੁਮਾਈ ਕਿ ਮੇਰਾ ਨਗ ਨਾ

---

** ** Expunged as ordered by the Chair.

ਦਿਖ ਜਾਵੇ ਕਿ ਮੈਂ ਕਿਹੜਾ ਨਗ ਪਾਇਆ ਹੋਇਆ ਹੈ।(ਹਾਸਾ) ਸੁਣੋ, ਮੈਂ ਦੇਖਿਆ ਕਿ ਇਨ੍ਹਾਂ ਨੇ ਨਗ ਕਿਹੜਾ ਪਾਇਆ ਹੋਇਆ ਹੈ, ਇਨ੍ਹਾਂ ਨੇ ਮੁੰਦੀ ਅੰਦਰ ਨੂੰ ਘੁਮਾਈ ਹੋਈ ਸੀ। ਇੱਕ ਮਿੰਟ ਸੁਣੋ। ਜਦ ਬੈਠ ਗਏ ਤਾਂ ਇਨ੍ਹਾਂ ਨੇ ਬਾਹਰ ਨੂੰ ਘੁਮਾ ਲਈ। ਤੁਸੀਂ ਮੈਨੂੰ ਇਹ ਦੱਸੋ ਕਿ ਤੁਸੀਂ ਕਿਹੜੇ ਪੰਡਿਤ ਤੋਂ ਮੁੰਦੀ ਪੁਆਈ ਹੋਈ ਹੈ ਔਰ ਕਿਹੜਾ ਨਗ ਹੈ।(ਹਾਸਾ) ਇਹ ਜਿੰਨੀ ਦੇਰ ਬੋਲਦੇ ਰਹੇ, ਮੁੰਦੀ ਅੰਦਰ ਨੂੰ ਘੁਮਾ ਕੇ ਰੱਖੀ।(ਹਾਸਾ) ਮੈਂ ਕਹਿੰਦਾ ਹਾਂ ਕਿ ਇਨ੍ਹਾਂ ਦੀ ਪਾਰਟੀ ਦੇ ਪ੍ਰਧਾਨ ਦੇ ਮੈਂ ਖੰਭਣੀਆਂ ਬੰਨ੍ਹੀਆਂ ਵੀ ਵਿਖਾ ਦਿਆਂਗਾ ਜਿਹੜੇ ਉਨ੍ਹਾਂ ਨੇ ਹਵਨ ਕਰਵਾਏ ਹਨ। ਉਨ੍ਹਾਂ ਨੇ ਸਾਈਡ ਵਾਲੀ ਇੱਕ ਉਂਗਲੀ ਵਿਚ ਸ਼ੁੱਕਰ ਦਾ ਨਗ ਪਾਇਆ ਹੋਇਆ ਹੈ।(...ਵਿਘਨ) ਸੁਣੋ, ਜੇ ਨਾ ਹੋਇਆ ਤਾਂ ਕੱਲ੍ਹ ਨੂੰ ਖੜ੍ਹੇ ਕਰ ਲਵਾਂਗੇ, ਤੁਹਾਨੂੰ ਦਿਖਾ ਦਿਆਂਗਾ। ਜਿਸ ਤਰ੍ਹਾਂ ਮੈਂ ਉਨ੍ਹਾਂ ਦੀ ਕਿਰਪਾਨ ਦਿਖਾਈ ਸੀ ਕਿ ਨਹੀਂ ਪਾਈ ਹੈ।(....ਵਿਘਨ) ਇੱਕ ਮਿੰਟ ਸੁਣੋ, ਜਿਸ ਤਰ੍ਹਾਂ ਮੈਂ ਪਹਿਲਾਂ ਉਨ੍ਹਾਂ ਦੀ ਕਿਰਪਾਨ ਦਿਖਾਈ ਸੀ ਕਿ ਪਾਈ ਨਹੀਂ ਹੋਈ, ਕੱਲ੍ਹ ਨੂੰ ਉਨ੍ਹਾਂ ਨੂੰ ਇਥੇ ਖੜ੍ਹੇ ਕਰਕੇ ਦਿਖਾ ਦਿਆਂਗੇ ਕਿ ਉਨ੍ਹਾਂ ਨੇ ਨਗ ਪਾਇਆ ਹੋਇਆ ਹੈ ਜਾਂ ਨਹੀਂ ਔਰ ਉਹ ਤੀਸਰੇ ਦਿਨ ਪੰਡਿਤਾਂ ਕੋਲ ਜਾਂਦੇ ਹਨ। ਸੋਚ ਕੇ ਬੋਲਿਆ ਕਰੋ, ਪਹਿਲਾਂ ਦੇਖ ਲਿਆ ਕਰੋ।

**ਮਾਨਯੋਗ ਸਪੀਕਰ:** ਚਲੋ, ਬੈਠੋ। ਹਾਂ ਜੀ, ਸੋਨੀ ਜੀ।

**ਸਕੂਲ ਸਿੱਖਿਆ ਮੰਤਰੀ (ਸ਼੍ਰੀ ਓਮ ਪ੍ਰਕਾਸ਼ ਸੋਨੀ) :** ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਬੋਲਦੇ ਹੋਏ ਸੈਂਟਰ ਗਰਾਂਟ ਦੀ ਗੱਲ ਕਰ ਰਹੇ ਸਨ। ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਸੈਂਟਰ ਸਰਕਾਰ ਦੇ ਭਾਈਵਾਲ ਹਨ, ਜਿਹੜੀ ਐਜੂਕੇਸ਼ਨ ਡਿਪਾਰਟਮੈਂਟ ਨੂੰ ਗਰਾਂਟ ਆਉਂਦੀ ਸੀ, ਕੇਂਦਰ ਸਰਕਾਰ ਨੇ ਉਸ ਉਤੇ 40% ਕੱਟ ਲਗਾ ਦਿੱਤਾ ਹੈ। (ਟਰੇਜ਼ਰੀ ਬੈਂਚਿਜ਼ ਵਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ)

**ਮਾਨਯੋਗ ਸਪੀਕਰ :** ਹਾਂ ਜੀ, ਨਾਗਰਾ ਜੀ। ਨਾਗਰਾ ਜੀ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਮੈਨੂੰ ਜਵਾਬ ਦੇ ਲੈਣ ਦਿਉ।

**ਮਾਨਯੋਗ ਸਪੀਕਰ :** ਟੀਨੂ ਜੀ, ਤੁਸੀਂ ਬਹਿ ਜਾਉ, there will be no end..... ਟੀਨੂ ਜੀ, ਇਸ ਤਰ੍ਹਾਂ ਗੱਲ ਮੁੱਕਣੀ ਨਹੀਂ ਹੈ..... ਟੀਨੂ ਜੀ ਦਾ ਮਾਈਕ ਖੋਲ੍ਹ ਦਿਉ।

**ਸ਼੍ਰੀ ਪਵਨ ਕੁਮਾਰ ਟੀਨੂ :** ਮੰਤਰੀ ਜੀ, ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਕੇਂਦਰ ਦੀ ਗਰਾਂਟ ਦੀ ਗੱਲ ਕੀਤੀ ਹੈ। ਤੁਹਾਨੂੰ ਕਿਤਾਬਾਂ ਦੀਆਂ ਗਰਾਂਟਾਂ ਆਈਆਂ, ਤੁਸੀਂ ਕਿਤਾਬਾਂ ਨਹੀਂ ਲੈ ਕੇ ਦਿੱਤੀਆਂ। ਤੁਹਾਨੂੰ ਵਰਦੀਆਂ ਦੀਆਂ ਗਰਾਂਟਾਂ ਆਈਆਂ, ਤੁਸੀਂ ਵਰਦੀਆਂ ਨਹੀਂ ਦਿੱਤੀਆਂ।(ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ

[ਸ਼੍ਰੀ ਪਵਨ ਕੁਮਾਰ ਟੀਨੂ]

ਦੇ ਬੈਂਚਿਜ਼ ਵਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਮੰਤਰੀ ਜੀ, ਪੈਸੇ ਕਿੱਥੇ ਗਏ? ਕਿੱਥੇ ਗਏ ਪੈਸੇ, ਮੰਤਰੀ ਜੀ?

**ਸਕੂਲ ਸਿੱਖਿਆ ਮੰਤਰੀ :** ਸਪੀਕਰ ਸਾਹਿਬ....

**ਮਾਨਯੋਗ ਸਪੀਕਰ:** ਸੋਨੀ ਸਾਹਿਬ, ਇਸ ਤਰ੍ਹਾਂ ਗੱਲ ਮੁੱਕਣੀ ਨਹੀਂ ਹੈ।

**ਸਕੂਲ ਸਿੱਖਿਆ ਮੰਤਰੀ:** ਇੱਕ ਮਿੰਟ ਜੀ। ਸੈਂਟਰ ਸਰਕਾਰ ਨੇ ਪੈਸੇ ਛੇ ਮਹੀਨੇ ਲੇਟ ਦਿੱਤੇ ਹਨ। ਅਸੀਂ ਹੁਣ ਟੈਂਡਰ ਲਗਾਏ ਹਨ, ਜਦੋਂ ਪੈਸੇ ਆਏ ਹਨ ਤਾਂ ਟੈਂਡਰ ਲਗਾਏ ਹਨ। ਲੇਟ ਸੈਂਟਰ ਗੌਰਮਿੰਟ ਨੇ ਕੀਤਾ ਹੈ। ਜਿਹੜੀਆਂ ਕਿਤਾਬਾਂ ਦੀ ਗੱਲ ਕਰ ਰਹੇ ਹਨ, ਇਸ ਸਾਲ ਇੱਕ ਮਹੀਨਾ ਪਹਿਲਾਂ ਕਿਤਾਬਾਂ ਬੱਚਿਆਂ ਨੂੰ ਮਿਲ ਗਈਆਂ ਅਤੇ ਇਕ ਮਹੀਨਾ ਪਹਿਲਾਂ ਫਰੀ ਕਿਤਾਬਾਂ ਮਿਲੀਆਂ ਹਨ। ਚਾਹੇ ਇਸ ਦੀ ਇਨਕੁਆਰੀ ਕਰਵਾ ਲਵੋ।

**ਮਾਨਯੋਗ ਸਪੀਕਰ:** ਨਾਗਰਾ ਜੀ... ਨਾਗਰਾ ਜੀ।

**ਸਰਦਾਰ ਕੁਲਜੀਤ ਸਿੰਘ ਨਾਗਰਾ (ਫਤਿਹਗੜ੍ਹ ਸਾਹਿਬ):** ਸਪੀਕਰ ਸਾਹਿਬ, ਧੰਨਵਾਦ। ਤੁਸੀਂ ਇਹ ਜਿਹੜਾ ਰੈਜ਼ੋਲਿਊਸ਼ਨ ਸਾਡੇ ਸਤਿਕਾਰਯੋਗ ਮੈਂਬਰ ਸਾਹਿਬ ਨੇ ਰੱਖਿਆ ਹੈ, ਉਸ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੇਰੇ ਤੋਂ ਪਹਿਲਾਂ ਮੇਰੇ ਸਤਿਕਾਰਯੋਗ ਸਾਥੀਆਂ ਨੇ ਇਸ ਉਤੇ ਬਹੁਤ ਵਿਚਾਰਾਂ ਹੱਕ ਦੇ ਵਿੱਚ ਵੀ ਅਤੇ ਵਿਰੋਧ ਵਿਚ ਵੀ ਰੱਖੀਆਂ ਹਨ। ਮੈਨੂੰ ਇਸ ਗੱਲ ਉਤੇ ਬੜੀ ਹੈਰਾਨੀ ਆਈ ਕਿ ਇਹ ਗੈਰ ਸਰਕਾਰੀ ਮਤਾ ਲਿਆਉਣ ਵਾਲੇ ਜਿਹੜੇ ਸਾਡੇ ਸਤਿਕਾਰਯੋਗ ਮੈਂਬਰ ਹਨ, ਮੈਂ ਉਨ੍ਹਾਂ ਦੀ ਬਹੁਤ ਇੱਜ਼ਤ ਕਰਦਾ ਹਾਂ ਕਿਉਂਕਿ ਉਹ ਬਹੁਤ ਗਿਆਨੀ ਬੰਦੇ ਹਨ। ਮੈਂ ਕੁਝ ਇੱਕ ਵਿਅਕਤੀਆਂ ਦੀ ਇੱਜ਼ਤ ਕਰਦਾ ਹਾਂ ਅਤੇ ਉਨ੍ਹਾਂ ਵਿੱਚ ਸ਼੍ਰੀ ਸੋਮ ਪ੍ਰਕਾਸ਼ ਜੀ ਵੀ ਹਨ ਕਿਉਂਕਿ ਇਹ ਹਮੇਸ਼ਾ ਬੜੀ ਵਧੀਆ ਗੱਲ ਕਰਦੇ ਹਨ ਪਰ ਮੈਨੂੰ ਇਥੇ ਸਮਝ ਨਹੀਂ ਲੱਗੀ ਕਿ ਸੋਮ ਪ੍ਰਕਾਸ਼ ਜੀ ਜਿਹੜੀ ਪਾਰਟੀ (ਭਾਰਤੀ ਜਨਤਾ ਪਾਰਟੀ) ਨਾਲ ਸਬੰਧ ਰੱਖਦੇ ਹਨ, ਉਸ ਪਾਰਟੀ ਦਾ ਅਤੇ ਜਿਹੜੀ ਪਾਰਟੀ ਨਾਲ ਇਨ੍ਹਾਂ ਦਾ ਪੰਜਾਬ ਵਿੱਚ ਗਠਬੰਧਨ ਹੈ, ਦੋਹਾਂ ਪਾਰਟੀਆਂ ਦਾ ਜੇਕਰ ਸੁਮੇਲ ਕਰ ਲਿਆ ਜਾਵੇ, ਜੇਕਰ ਇਨ੍ਹਾਂ ਦੋਹਾਂ ਦੀ ideology ਨੂੰ, ਸੋਚ ਨੂੰ ਦੇਖਿਆ ਜਾਵੇ ਤਾਂ ਮੈਨੂੰ ਇਸ ਗੱਲ ਦੀ ਸਮਝ ਨਹੀਂ ਆ ਰਹੀ ਕਿ ਸੋਮ ਪ੍ਰਕਾਸ਼ ਜੀ, ਇਹ ਗੈਰ ਸਰਕਾਰੀ ਮਤਾ ਲਿਆ ਕੇ ਤੁਸੀਂ ਕੋਈ ਗਲਤੀ ਤਾਂ ਨਹੀਂ ਕਰ ਲਈ? ਜਿਸ ਗੱਲ ਵਾਸਤੇ (ਵਹਿਮਾਂ ਭਰਮਾਂ ਵਿਰੁੱਧ) ਮਤਾ ਲਿਆਂਦਾ ਗਿਆ ਹੈ, ਸੈਕੂਲਰ ਸੋਚ ਵਾਲੀਆਂ ਪਾਰਟੀਆਂ ਇੱਥੇ ਬੈਠੀਆਂ ਹਨ ਪਰ ਧਰਮ ਦੀ ਰਾਜਨੀਤੀ ਕਰਨ ਵਾਲੀਆਂ ਇਹ ਦੋਵੇਂ ਪਾਰਟੀਆਂ ਹਨ। ਵਹਿਮਾਂ-ਭਰਮਾਂ ਦੇ ਸ਼ਿਕਾਰ ਤਾਂ ਤੁਸੀਂ ਆਪ ਲੋਕਾਂ ਨੂੰ ਕੀਤਾ

ਹੋਇਆ ਹੈ।(ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਤੁਸੀਂ ਸੈਕੂਲਰ ਏਜੰਡੇ ਤੇ ਚੱਲੋ ਅਤੇ ਦੇਸ਼ ਦੇ ਕਾਂਸਟੀਚਿਊਸ਼ਨ ਨੂੰ, ਦੇਸ਼ ਦੇ ਸੰਵਿਧਾਨ ਨੂੰ, ਦੇਸ਼ ਦੇ ਕਾਨੂੰਨ ਨੂੰ, ਦੇਸ਼ ਦੇ ਸੰਵਿਧਾਨ ਦੀ Preamble ਨੂੰ ਜੇਕਰ ਇੰਨ ਬਿਨ ਲਾਗੂ ਕਰਨ ਦੀ ਕੋਸ਼ਿਸ਼ ਕਰੋ ਤਾਂ ਵਹਿਮ-ਭਰਮ ਇੱਥੇ ਕੋਈ ਨਾ ਰਹੇ।

ਸਪੀਕਰ ਸਾਹਿਬ, ਅੱਜ ਦੇਸ਼ ਦੇ ਸੰਵਿਧਾਨ ਨੂੰ ਇਨ੍ਹਾਂ ਲੋਕਾਂ ਤੋਂ ਖ਼ਤਰਾ ਹੈ। ਖ਼ਤਰਾ RSS ਤੋਂ ਹੈ, ਜਿਹੜੀ ਚਾਹੁੰਦੀ ਹੈ ਕਿ ਦੇਸ਼ ਦਾ ਸੰਵਿਧਾਨ ਬਦਲ ਦਿੱਤਾ ਜਾਵੇ। ਅੱਜ ਦੇਸ਼ ਵਿੱਚ ਸਭ ਤੋਂ ਵੱਡੀ ਚਰਚਾ ਇਹ ਹੈ। ਸਪੀਕਰ ਸਾਹਿਬ, ਤੁਹਾਡੇ ਮਾਰਫ਼ਤ ਮੈਂ ਇਹ ਗੱਲ ਇਸ ਸਦਨ ਵਿੱਚ ਇਸ ਕਰਕੇ ਕਰ ਰਿਹਾ ਹਾਂ ਕਿ ਸਾਨੂੰ ਇਕ ਸੋਚ ਤੇ ਪਹਿਰਾ ਦੇਣਾ ਪਵੇਗਾ। ਸਭ ਤੋਂ ਪਹਿਲਾਂ ਮੈਂ ਕਹਿਣਾ ਚਾਹੁੰਦਾ ਹਾਂ ਕਿ ਹੋ ਸਕਦਾ ਹੈ ਕਿ ਮੇਰੇ ਵਿੱਚ 100 ਕਮੀਆਂ ਹੋਣ, ਮੈਂ ਕਹਿੰਦਾ ਹਾਂ ਕਿ ਮੈਂ ਸਭ ਤੋਂ ਮਾੜਾ ਹਾਂ ਕਿਉਂਕਿ ਮੈਂ ਇਨਸਾਨ ਹਾਂ, ਮੈਂ ਰੱਬ ਨਹੀਂ ਹਾਂ ਪਰ ਇੱਥੇ ਸਾਡੇ ਸਦਨ ਵਿੱਚ ਉਹ ਲੋਕ ਜਿਹੜੇ ਸਾਡੇ ਵਾਲੇ ਪਾਸੇ ਦੋ ਸਾਲ ਪਹਿਲਾਂ ਬੈਠਦੇ ਸਨ, ਉਹ ਆਪਣੇ ਆਪ ਨੂੰ ਰੱਬ ਸਮਝ ਕੇ ਬੈਠ ਗਏ। ਅੱਜ ਉਨ੍ਹਾਂ ਨੂੰ, ਉਨ੍ਹਾਂ ਦੀ ਸੋਚ ਨੂੰ ਲੋਕਾਂ ਨੇ ਅਜਿਹੀ ਥਾਂ ਤੇ ਖੜ੍ਹਾ ਕਰ ਦਿੱਤਾ ਹੈ ਕਿ ਅੱਜ ਉਨ੍ਹਾਂ ਨੂੰ ਮੂੰਹ ਦਿਖਾਉਣਾ ਔਖਾ ਹੋਇਆ ਪਿਆ ਹੈ। ਸਪੀਕਰ ਸਾਹਿਬ, ਅੱਜ ਸਭ ਤੋਂ ਵੱਡੀ ਜ਼ਰੂਰਤ ਕੀ ਹੈ? ਇਕ ਸੈਕੂਲਰ ਸੋਚ ਦੀ ਜ਼ਰੂਰਤ ਹੈ, ਪੂਰੇ ਹਿੰਦੁਸਤਾਨ ਵਿੱਚ ਹੀ ਨਹੀਂ, ਪੰਜਾਬ ਵਿੱਚ ਜਿੱਥੇ ਅਸੀਂ ਸਾਰੇ ਭਾਈਚਾਰੇ ਨਾਲ, ਮਿਲ ਜੁਲ ਕੇ ਰਹਿੰਦੇ ਹਾਂ। ਉਸ ਸੋਚ ਤੇ ਪਹਿਰਾ ਦੇਣ ਦੀ ਲੋੜ ਹੈ। ਜਦੋਂ ਅਸੀਂ ਇਹ ਮਨ ਬਣਾ ਲਿਆ, ਮੈਂ ਮੈਂਬਰ ਸਾਹਿਬ ਨੂੰ ਕਹਾਂਗਾ ਕਿ ਪਹਿਲਾਂ ਮਨ ਬਣਾਓ, ਤੁਸੀਂ ਕਿਹੜੀ ਸੋਚ ਤੇ ਪਹਿਰਾ ਦੇਣਾ ਹੈ? ਪਹਿਲਾਂ ਮਨ ਬਣਾਓ ਕਿ ਡਾ. ਭੀਮ ਰਾਓ ਅੰਬੇਦਕਰ ਜੀ ਜਿਨ੍ਹਾਂ ਨੇ ਸਾਡਾ ਸੰਵਿਧਾਨ ਲਿਖਿਆ ਹੋਇਆ ਹੈ, ਉਨ੍ਹਾਂ ਦੀ ਸੋਚ ਤੇ ਪਹਿਰਾ ਦੇਣਾ ਹੈ ਜਾਂ ਉਨ੍ਹਾਂ ਮਨੂਵਾਦੀ ਤਾਕਤਾਂ ਦੀ ਸੋਚ ਤੇ ਪਹਿਰਾ ਦੇਣਾ ਹੈ।(ਥੰਪਿੰਗ)

**ਸ਼੍ਰੀ ਪਵਨ ਕੁਮਾਰ ਟੀਨੂ (ਬੈਠੇ-ਬੈਠੇ) :** ਕਾਂਗਰਸ ਤਾਂ ਉਸ ਨੂੰ ਵੀ ਨਹੀਂ ਮੰਨਦੀ। (ਟਰੇਜ਼ਰੀ ਬੈਂਚਿਜ਼ ਵਲੋਂ ਵਿਘਨ)

**ਸਰਦਾਰ ਕੁਲਜੀਤ ਸਿੰਘ ਨਾਗਰਾ :** ਇਕ ਮਿੰਟ ਤੁਸੀਂ ਚੁੱਪ ਕਰੋ....

(ਇਸ ਸਮੇਂ ਸ਼੍ਰੀ ਪਵਨ ਕੁਮਾਰ ਟੀਨੂ, ਮੈਂਬਰ ਸ਼੍ਰੋਮਣੀ ਅਕਾਲੀ ਦਲ ਆਪਣੀ ਸੀਟ ਤੇ ਬੈਠੇ ਬੈਠੇ ਬੋਲ ਰਹੇ ਸਨ।)

**ਸਰਦਾਰ ਕੁਲਜੀਤ ਸਿੰਘ ਨਾਗਰਾ :** ਮੈਨੂੰ ਪਤਾ ਹੈ ਕਿ ਤੁਸੀਂ ਛੇੜਨਾ ਹੈ....ਮੇਰੇ ਵੀਰ ਜਦੋਂ ਤੂੰ ਬੋਲ ਰਿਹਾ ਸੀ, ਮੈਂ ਵਿੱਚ ਨਹੀਂ ਬੋਲਿਆ। ਮੈਂ ਤੇਰੀ ਵੀ ਬਹੁਤ ਇੱਜ਼ਤ ਕਰਦਾ ਹਾਂ। ਮੈਂ ਤੇਰੇ ਬਾਰੇ ਇੱਕ ਵਾਰ ਨਹੀਂ ਬੋਲਿਆ। ਇਸ ਤਰ੍ਹਾਂ ਨਾ ਕਰ। ਸਪੀਕਰ ਸਾਹਿਬ, ਅੱਜ ਸਾਨੂੰ ਆਪਣੀ ਸੋਚ ਨੂੰ ਪਹਿਲਾਂ ਦੇਖਣਾ ਪਵੇਗਾ। ਅੱਜ ਸਾਡੇ ਸਮਾਜ ਦੀ ਪ੍ਰਾਬਲਮ ਕੀ ਹੈ? ਚਾਹੇ ਅਸੀਂ ਸਿਆਸੀ ਬੰਦੇ ਹਾਂ, ਚਾਹੇ ਆਮ ਜਨਤਾ ਹੈ, ਅਸੀਂ ਆਪਣੀ ਸੋਚ ਨਹੀਂ ਬਣਾ ਸਕੇ। ਜਦੋਂ ਇੱਕ ਸੋਚ ਤੇ ਪਹਿਰਾ ਦੇਣ ਦਾ ਅਸੀਂ ਤਹੱਈਆ ਕਰ ਲਿਆ ਤਾਂ ਫੇਰ ਜਿਹੜਾ ਸਾਡੇ ਦੇਸ਼ ਨੂੰ ਡਾ. ਭੀਮ ਰਾਓ ਅੰਬੇਦਕਰ ਜੀ ਦਾ ਦਿੱਤਾ ਹੋਇਆ ਸੰਵਿਧਾਨ ਹੈ, ਸਾਡੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਨਹਿਰੂ ਜੀ ਦਾ ਦਿੱਤਾ ਹੋਇਆ ਹੈ, ਉਸ ਸੰਵਿਧਾਨ ਵਿੱਚ ਇਨ੍ਹਾਂ ਵਹਿਮਾਂ-ਭਰਮਾਂ ਵਾਲੇ ਬਾਬਿਆਂ ਨੂੰ ਨੱਥ ਪਾਉਣ ਵਾਸਤੇ ਵੱਡੇ-ਵੱਡੇ ਕਾਨੂੰਨ ਹਨ। ਇਕ ਬਾਬੇ ਨੂੰ ਹੀ ਨੱਥ ਪਾਈ ਸੀ, ਮੈਂ ਐਗਜ਼ਾਂਪਲ ਦਿੰਦਾ ਹਾਂ ਤੁਹਾਡੇ ਜ਼ਿਲ੍ਹੇ ਵਿੱਚ ਇੱਥੇ ਬਾਬਾ ਭਨਿਆਰਾ ਵਾਲਾ ਬੈਠਾ ਸੀ, ਉਸ ਦੀ ਹਾਲਤ ਦੇਖੋ ਕੀ ਹੋਈ ਹੈ। ਜਦੋਂ ਵੀ ਇਹੋ ਜਿਹਾ ਬਾਬਾ ਜਾਂ ਕੋਈ ਹੋਰ ਇਹੋ ਜਿਹਾ ਵੱਡਾ ਬਾਬਾ ਇੱਥੇ ਹੋਇਆ ਹੈ, ਅੱਜ ਜੇਲ੍ਹਾਂ ਵਿੱਚ ਹਨ, ਜਿਨ੍ਹਾਂ ਨੇ ਲੋਕਾਂ ਨੂੰ ਗੁੰਮਰਾਹ ਕੀਤਾ। ਇਨ੍ਹਾਂ ਦੀ ਗਿਣਤੀ ਇੱਕ ਨਹੀਂ, ਸਗੋਂ ਸੈਂਕੜਿਆਂ ਵਿੱਚ ਹੋ ਸਕਦੀ ਹੈ। ਸਪੀਕਰ ਸਾਹਿਬ, ਸਿੱਖ ਧਰਮ ਜਿਹੜਾ ਕਿ ਸਾਡੇ ਦੇਸ਼ ਵਿਚ ਹੀ ਨਹੀਂ, ਪੂਰੀ ਦੁਨੀਆ ਵਿਚ ਸਾਰੇ ਧਰਮਾਂ ਤੋਂ ਨਿਵੇਕਲਾ ਅਤੇ ਨਵਾਂ ਧਰਮ ਸੀ, ਉਸ ਸਿੱਖ ਧਰਮ ਦੀ ਜਿਹੜੀ ਸਪਿਰਿਟ ਸੀ, ਜਿਹੜੀ ਆਇਡਿਓਲੋਜੀ ਸੀ, ਉਹ ਇਹ ਸੀ ਕਿ ਇਨ੍ਹਾਂ ਵਹਿਮਾਂ-ਭਰਮਾਂ ਵਿਚੋਂ ਨਿਕਲ ਕੇ ਲੋਕਾਂ ਨੂੰ ਉਸ ਪ੍ਰਮਾਤਮਾ ਨਾਲ ਜੁੜਨਾ ਅਤੇ ਇੱਕ ਵਾਹਿਗੁਰੂ ਨੂੰ ਮੰਨਣਾ ਚਾਹੀਦਾ ਹੈ। ਉਨ੍ਹਾਂ ਨੇ ਨਾ ਕੋਈ ਵਿੱਚ ਗੁਰੂ ਰੱਖਿਆ, ਨਾ ਚੇਲਾ ਰੱਖਿਆ, ਨਾ ਸੰਤ ਰੱਖਿਆ, ਨਾ ਡੇਰਾ ਰੱਖਿਆ, ਨਾ ਉਨ੍ਹਾਂ ਕੁਝ ਹੋਰ ਚੀਜ਼ ਵਿੱਚ ਰੱਖੀ। ਮੈਨੂੰ ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਾਡੇ ਇਸ ਸਦਨ ਵਿੱਚ ਬੈਠੇ ਸਾਥੀ, ਜਿਨ੍ਹਾਂ ਦਾ ਐਸ.ਜੀ.ਪੀ.ਸੀ. ਉਤੇ ਕਬਜ਼ਾ ਹੈ, ਉਨ੍ਹਾਂ ਨੇ ਡੇਰਿਆਂ ਦੇ ਸੰਤਾਂ ਨੂੰ ਸਭ ਤੋਂ ਵੱਧ ਪਨਾਹ ਦਿੱਤੀ ਹੈ।(ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਇਸੇ ਤਰ੍ਹਾਂ ਅੱਜ ਬੀ.ਜੇ.ਪੀ. ਦੀ ਆਇਡਿਓਲੋਜੀ, ਅੱਜ ਆਰ.ਐਸ.ਐਸ. ਦੀ ਆਇਡਿਓਲੋਜੀ ਮੰਦਰਾਂ ਵਿੱਚ ਰਾਜਨੀਤੀ ਕਰਨ ਦੀ ਹੈ। ਇੱਥੇ ਬੈਠੇ ਮੈਂਬਰ ਸਾਹਿਬ ਸਿੱਖਿਆ ਬਾਰੇ, ਹੈਲਥ ਬਾਰੇ ਬੋਲ ਰਹੇ ਸਨ, ਮੈਨੂੰ ਬੜਾ ਚੰਗਾ ਲੱਗਿਆ। ਮੇਰੇ ਭੈਣ ਜੀ ਹੁਣ ਇਥੇ ਨਹੀਂ ਬੈਠੇ, ਉਹ ਉਠ ਕੇ ਚਲੇ ਗਏ ਹਨ, ਮੈਂ ਉਨ੍ਹਾਂ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਜੋ ਸਾਡੀਆਂ ਬੱਚੀਆਂ ਅਤੇ ਭੈਣਾਂ ਦੇ ਬਾਰੇ ਵਿਚ ਇਕ ਕਨਸਰਨ ਉਠਾਇਆ, ਉਹ ਬਹੁਤ ਵੱਡਾ ਸੀ, ਮੈਂ ਉਨ੍ਹਾਂ ਦੇ ਨਾਲ ਸਹਿਮਤ ਹਾਂ। ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਸਦਨ ਵਿੱਚ ਖੜ੍ਹੇ ਹੋ ਕੇ ਉਸੇ ਵੇਲੇ

ਬਿਆਨ ਦਿੱਤਾ ਕਿ 10 ਕਰੋੜ ਰੁਪਏ ਦਾ ਟੈਂਡਰ ਲੱਗ ਰਿਹਾ ਹੈ। ਸਪੀਕਰ ਸਾਹਿਬ, ਮੈਨੂੰ ਪੰਜ ਕੁ ਮਿੰਟ ਹੋਰ ਬੋਲਣ ਲਈ ਦੇ ਦਿਉ।

**ਮਾਨਯੋਗ ਸਪੀਕਰ:** ਬੋਲੋ ਜੀ, ਬੋਲੋ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਧੰਨਵਾਦ ਜੀ। ਸਪੀਕਰ ਸਾਹਿਬ, ਮੈਨੂੰ ਤੁਹਾਡੇ ਚਿਹਰੇ ਤੋਂ ਡਰ ਲੱਗਣ ਲੱਗ ਜਾਂਦਾ ਹੈ ਜਦੋਂ ਤੁਸੀਂ ਮੇਰੇ ਵੱਲ ਇੱਦਾਂ ਦੇਖਦੇ ਹੋ।(ਹਾਸਾ) ਅੱਜ ਸਾਡੇ ਗੁਰੂਆਂ ਵਲੋਂ ਦਿੱਤੀ ਸਿੱਖਿਆ ਤੇ ਚੱਲਣ ਦੀ ਲੋੜ ਹੈ। ਆਪਸੀ ਭਾਈਚਾਰਾ, ਆਪਸੀ ਸੁਮੇਲ ਰੱਖਣਾ ਚਾਹੀਦਾ ਹੈ, ਜਾਤ ਪਾਤ ਤੋਂ ਉੱਪਰ ਉਠ ਕੇ ਮਾਨਵਤਾ ਨੂੰ ਮੰਨਣ ਦੀ ਲੋੜ ਹੈ। ਸਪੀਕਰ ਸਾਹਿਬ, ਅਸੀਂ ਚੁਣੇ ਹੋਏ ਨੁਮਾਇੰਦੇ ਹਾਂ। ਮੇਰਾ ਹਲਕਾ ਫਤਿਹਗੜ੍ਹ ਸਾਹਿਬ ਹੈ। ਜੇ ਮੈਂ ਆਪਣੇ ਹਲਕੇ ਦੇ ਸੈਂਟਰ ਵਿਚੋਂ ਲਵਾਂ ਤਾਂ ਮੈਨੂੰ 20 ਕਿਲੋਮੀਟਰ ਦਾ ਰੇਡੀਅਸ ਪੈਂਦਾ ਹੈ। ਇਸ 20 ਕਿਲੋਮੀਟਰ ਦੇ ਰੇਡੀਅਸ ਵਿਚ ਜੇ ਕੋਈ ਬਾਬਾ ਲੋਕਾਂ ਨੂੰ ਵਹਿਮਾਂ-ਭਰਮਾਂ ਵਿਚ ਪਾ ਕੇ ਉਨ੍ਹਾਂ ਦਾ ਸ਼ੋਸ਼ਣ ਕਰਦਾ ਹੈ ਅਤੇ ਜੇ ਮੈਂ ਉਸ ਦੇ ਖਿਲਾਫ ਅਵਾਜ਼ ਨਹੀਂ ਉਠਾਉਂਦਾ ਤਾਂ ਮੈਂ ਉਸ ਵਾਸਤੇ ਜ਼ਿੰਮੇਵਾਰ ਹੋਵਾਂਗਾ। ਅਸੀਂ 117 ਨੁਮਾਇੰਦੇ ਇਥੇ ਬੈਠੇ ਹਾਂ। ਸਾਨੂੰ ਸੰਵਿਧਾਨ ਤਾਕਤ ਦਿੰਦਾ ਹੈ। ਸਾਡੇ ਕੋਲ ਕਾਨੂੰਨ ਹੈ। ਕੀ ਅਸੀਂ ਉਸ ਸੰਵਿਧਾਨ ਤੇ ਕਾਨੂੰਨ ਨੂੰ ਆਪਣੇ 20 ਕਿਲੋਮੀਟਰ ਰੇਡੀਅਸ ਵਿਚ ਲਾਗੂ ਨਹੀਂ ਕਰ ਸਕਦੇ ਜੋ ਇਥੇ ਗੈਰ ਸਰਕਾਰੀ ਮਤਾ ਲਿਆਉਣ ਦੀ ਲੋੜ ਪੈ ਗਈ? ਸਾਡੀ ਕੀ ਜ਼ਿੰਮੇਵਾਰੀ ਹੈ? ਅਸੀਂ ਕਿਹੜੀ ਜ਼ਿੰਮੇਵਾਰੀ ਨਿਭਾ ਰਹੇ ਹਾਂ? ਅਸੀਂ ਵੋਟਾਂ ਦੀ ਰਾਜਨੀਤੀ ਜ਼ਰੂਰ ਕਰਦੇ ਹਾਂ ਪਰ ਅਸੀਂ ਆਪਣੇ ਲੋਕਾਂ ਦਾ ਸੋਸ਼ਣ ਉਨ੍ਹਾਂ ਲੋਕਾਂ ਦੁਆਰਾ ਨਹੀਂ ਹੋਣ ਦੇਵਾਂਗੇ ਜਿਹੜੇ ਸੋਚਦੇ ਹਨ ਕਿ ਲੋਕ ਉਨ੍ਹਾਂ ਦੇ ਵਹਿਮਾਂ-ਭਰਮਾਂ ਵਿਚ ਪੈ ਕੇ ਕੋਈ ਕੰਮ ਕਰਨਗੇ। ਇਹ ਜ਼ਿੰਮੇਵਾਰੀ ਸਾਨੂੰ ਚੁੱਕਣੀ ਪਵੇਗੀ। ਸਾਡੇ ਤੋਂ ਬਾਅਦ ਕੋਈ ਹੋਰ ਚੁੱਕੇਗਾ। ਇਸ ਕਾਨੂੰਨ ਅਤੇ ਸੰਵਿਧਾਨ ਨੂੰ ਲਾਗੂ ਕਰਨਾ ਸਾਡੀ ਪ੍ਰਾਇਮਰੀ ਜ਼ਿੰਮੇਵਾਰੀ ਹੈ। ਇਸ ਸਦਨ ਵਿੱਚ ਅਸੀਂ ਸਹੁੰ ਖਾਧੀ ਹੈ। ਸਪੀਕਰ ਸਾਹਿਬ, ਤੁਸੀਂ ਮੈਨੂੰ ਉਸ ਜਗ੍ਹਾ ਤੇ ਸਹੁੰ ਚੁਕਵਾਈ ਸੀ। ਫਿਰ ਮੈਂ ਜ਼ਿੰਮੇਵਾਰੀ ਤੋਂ ਕਿਉਂ ਬਚ ਰਿਹਾ ਹਾਂ? ਜਿਥੋਂ ਤੱਕ ਕਾਨੂੰਨ ਦੀ ਗੱਲ ਹੈ, ਜਿਥੇ ਕੋਈ ਸਾਡੇ ਕੋਲੋਂ ਲੋਟ ਨਹੀਂ ਆਉਂਦਾ, ਅਸੀਂ ਉਥੇ ਕਾਨੂੰਨ ਨੂੰ ਲਾਗੂ ਕਰਵਾਈਏ। ਸਪੀਕਰ ਸਾਹਿਬ, ਜਿਹੜੀ ਧਾਗਾ-ਤਵੀਤ ਦੀ ਗੱਲ ਹੈ। ਅੱਜ ਸ਼ਰਮਾ ਜੀ ਇੱਥੇ ਬੈਠੇ ਹਨ, ਮੈਂ ਉਨ੍ਹਾਂ ਦੇ ਗੁੱਟ ਦੇ ਉਤੇ ਬੰਨੇ ਧਾਗੇ ਦੇਖ ਰਿਹਾ ਹਾਂ....

**ਸ਼੍ਰੀ ਐਨ.ਕੇ. ਸ਼ਰਮਾ:** ਫਿਰ ਤੁਸੀਂ ਰੋਜ਼ ਪੰਡਤਾਂ ਕੋਲ ਕਿਉਂ ਜਾਂਦੇ ਹੋ?

**ਸਰਦਾਰ ਕੁਲਜੀਤ ਸਿੰਘ ਨਾਗਰਾ :** ਮੇਰੀ ਗੱਲ ਸੁਣੋ। ਸ਼ਰਮਾ ਜੀ ਪੰਡਿਤ ਹਨ। ਮੈਂ ਤੁਹਾਡੇ ਕੋਲ ਆਵਾਂਗਾ ਹੀ। ਮੈਂ ਪੰਡਿਤਾਂ ਕੋਲ ਜਾਵਾਂਗਾ ਹੀ, ਹੋਰ ਦੱਸੋ? ਪੰਡਿਤ ਮੇਰੇ ਦੋਸਤ ਹਨ, ਕੀ ਮੈਂ ਪੰਡਿਤਾਂ ਕੋਲ ਨਹੀਂ ਜਾਵਾਂਗਾ? ਕੀ ਪੰਡਿਤ ਹੋਣਾ ਮਾੜੀ ਗੱਲ ਹੈ? ਪੰਡਿਤ ਤਾਂ ਬੜਾ ਪਹੁੰਚਿਆ ਹੋਇਆ ਵਿਅਕਤੀ ਹੁੰਦਾ ਹੈ।

**ਸ਼੍ਰੀ ਐਨ.ਕੇ. ਸ਼ਰਮਾ:** ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ। ਸਪੀਕਰ ਸਾਹਿਬ, ਨਾਗਰਾ ਸਾਹਿਬ, ਵਾਰ-ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੱਲ ਕਰ ਰਹੇ ਹਨ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਨਹੀਂ ਮੰਨਦੇ। ਸਾਡੇ ਗੁਰੂਆਂ ਨੇ ਸਾਰੇ ਧਰਮਾਂ ਦਾ ਸਤਿਕਾਰ ਕਰਨਾ ਸਿਖਾਇਆ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਚਾਰੇ ਵਰਣਾਂ ਵਾਸਤੇ ਸਾਂਝੇ ਰੱਖੇ ਗਏ ਹਨ। ਮੈਂ ਪੰਡਿਤ ਹਾਂ, ਇਹ ਇਸੇ ਕਰਕੇ ਮੇਰੇ ਤੇ ਕੁਮੈਂਟ ਕਰਦੇ ਹਨ। ਕੀ ਪੰਡਿਤਾਂ ਨੂੰ ਇਥੇ ਬੈਠਣ ਦਾ ਅਧਿਕਾਰ ਨਹੀਂ ਹੈ? ਕੀ ਕਿਸੇ ਹਿੰਦੂ ਨੂੰ ਇਸ ਸਦਨ ਵਿਚ ਬੈਠਣ ਦਾ ਅਧਿਕਾਰ ਨਹੀਂ ਹੈ? ਕੀ ਤੁਹਾਡੇ ਵਾਲੇ ਪਾਸੇ ਪੰਡਿਤ ਨਹੀਂ ਬੈਠੇ? ਇਹ ਸਿਰਫ਼ ਮੇਰੀ ਇਸ ਕਰਕੇ ਬੇਇਜ਼ਤੀ ਕਰ ਰਹੇ ਹਨ ਕਿਉਂਕਿ ਮੈਂ ਇਕ ਪੰਡਿਤ ਹੋਣ ਦੇ ਨਾਤੇ ਇਥੇ ਆਇਆ ਹਾਂ। ਇਹ ਗੁਰੂ ਦੀ ਨਹੀਂ ਮੰਨਦੇ।

**ਮਾਨਯੋਗ ਸਪੀਕਰ:** ਸ਼ਰਮਾ ਜੀ, ਬੈਠੋ ਹੁਣ।

**ਸ਼੍ਰੀ ਐਨ.ਕੇ. ਸ਼ਰਮਾ:** ਸਪੀਕਰ ਸਾਹਿਬ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਵੀ ਪੰਡਿਤ ਸਨ। ਕੀ ਗੁਰੂ ਸਾਹਿਬ ਨੇ ਉਨ੍ਹਾਂ ਦਾ ਸਤਿਕਾਰ ਨਹੀਂ ਕੀਤਾ? ਕੀ ਇਹ ਪੰਡਿਤਾਂ ਕੋਲ ਨਹੀਂ ਜਾਂਦਾ, ** ** ਇਹ ਤਾਂ ਜਨਮ ਪੱਤਰੀਆਂ ਬਣਾ ਕੇ ਰਿਸ਼ਤੇ ਤੈਅ ਕਰਦੇ ਹਨ।(ਵਿਘਨ....ਸ਼ੋਰ)

**ਮਾਨਯੋਗ ਸਪੀਕਰ:** ਬੈਠੋ... ਬੈਠੋ।

**ਸ਼੍ਰੀ ਐਨ.ਕੇ. ਸ਼ਰਮਾ :** ਮੈਨੂੰ ਪਤਾ ਹੈ ਕਿਉਂਕਿ ਇਹ ਕਾਲਜ ਵਿਚ ਮੇਰਾ ਸੀਨੀਅਰ ਰਿਹਾ ਹੈ। ਸਭ ਤੋਂ ਵੱਡਾ ** ** ਪਰਿਵਾਰ ਹੈ। ਹਰ ਪੰਡਿਤ ਕੋਲ ਜਾਂਦਾ ਹੈ, ਹਰ ਡੇਰੇ ਵਿਚ ਜਾਂਦਾ ਹੈ। ਪੁੱਛ ਲਓ ਜੇ ਨਾ ਗਿਆ ਹੋਵੇ, ਮੈਂ ਇਨ੍ਹਾਂ ਦੇ ਖਾਨਦਾਨ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ।

**ਮਾਨਯੋਗ ਸਪੀਕਰ:** ਹੁਣ ਬੈਠ ਜਾਓ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਅਮਰਜੀਤ ਸਿੰਘ ਸੰਦੋਆ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਨਯੋਗ ਸਪੀਕਰ:** ** ** ਸ਼ਬਦ ਕੱਟ ਦਿਓ। ਹੁਣ ਸੰਦੋਆ ਜੀ ਬੋਲਣਾ ਚਾਹੁੰਦੇ ਹਨ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਇਕ ਮਿੰਟ ਮੈਨੂੰ ਜਵਾਬ ਦੇ ਲੈਣ ਦਿਓ। ਸੰਦੋਆ ਜੀ, ਤੁਸੀਂ ਬਾਅਦ ਵਿਚ ਬੋਲ ਲੈਣਾ।

---

** ** Expunged as ordered by the Chair.

**ਸਰਦਾਰ ਅਮਰਜੀਤ ਸਿੰਘ ਸੰਦੋਆ:** ਸਪੀਕਰ ਸਾਹਿਬ....

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸ਼੍ਰੀ ਐਨ.ਕੇ. ਸ਼ਰਮਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਸੰਦੋਆ ਜੀ, ਇਕ ਮਿੰਟ ਨਾਗਰਾ ਜੀ ਦੀ ਗੱਲ ਸੁਣ ਲਓ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਮੈਂ ਆਪਣੇ ਕਾਬਲ ਦੋਸਤ ਦਾ ਧੰਨਵਾਦ ਕਰਦਾ ਹਾਂ। ਮੇਰੇ ਖਿਆਲ ਨਾਲ ਰਾਤ ਨੂੰ ਜਾ ਕੇ ਜਦੋਂ ਇਹ ਸੌਣਗੇ ਤਾਂ ਸੌਂਦੇ ਸੌਂਦੇ ਆਪਣੇ ਮੂੰਹ ਤੇ ਚਾਰ ਪੰਜ ** ** ਜ਼ਰੂਰ ਮਾਰਨਗੇ। ਪਤਾ ਹੈ ਕਿਉਂ?

**ਮਾਨਯੋਗ ਸਪੀਕਰ:** ** ** ਸ਼ਬਦ ਐਕਸਪੰਜ ਕਰ ਦਿਓ। ਥੋੜ੍ਹਾ ਕੂਲ ਰਹੋ ਜੀ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਮੈਂ ਤਾਂ ਜਵਾਬ ਦੇ ਰਿਹਾ ਹਾਂ। ਇਨ੍ਹਾਂ ਨੇ ਜਿਹੜੀ ਆਪਣੀ ਭਾਵਨਾ ਵਿਚ ਗੱਲ ਕੀਤੀ ਹੈ.... (ਵਿਘਨ....ਸ਼ੋਰ)

**ਮਾਨਯੋਗ ਸਪੀਕਰ :** ਹੁਣ ਬੈਠ ਜਾਓ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਇਨ੍ਹਾਂ ਨੇ ਪੰਡਿਤ ਸ਼ਬਦ ਬਾਰੇ ਇਤਰਾਜ਼ ਕੀਤਾ ਹੈ। ਦੇਖੋ, ਗਿਆਨੀ, ਪੰਡਿਤ ਇਹ ਸ਼ਬਦ ਬੜੇ ਪ੍ਰਵਾਨਿਤ ਸ਼ਬਦ ਹਨ, ਇਹ ਬਹੁਤ ਸਤਿਕਾਰਯੋਗ ਸ਼ਬਦ ਹਨ। ਇਹ ਸਾਡੇ ਸਮਾਜ ਨੇ ਦਿੱਤੇ ਹਨ। ਇਹ ਤਾਂ ਡਿਗਰੀਆਂ ਹਨ। ਗਿਆਨੀ ਹੋਣਾ, ਪੰਡਿਤ ਹੋਣਾ ਇਹ ਸਭ ਡਿਗਰੀਆਂ ਹਨ ਜੇਕਰ ਮੈਂ ਕਿਸੇ ਪੰਡਿਤ ਕੋਲ ਜਾਵਾਂ ਜਾਂ ਕਿਸੇ ਗਿਆਨੀ ਕੋਲ ਜਾਵਾਂ ਤਾਂ ਇਸ ਵਿਚ ਮਾੜੀ ਗੱਲ ਕੀ ਹੈ? ਇਨ੍ਹਾਂ ਨੇ ਜਿਹੜੀ ਗੱਲ ਕੀਤੀ ਹੈ....

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਅਮਰਜੀਤ ਸਿੰਘ ਸੰਦੋਆ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਨਯੋਗ ਸਪੀਕਰ:** ਇਕ ਮਿੰਟ ਨਾਗਰਾ ਜੀ, ਸੰਦੋਆ ਸਾਹਿਬ ਨੂੰ ਬੋਲਣ ਦਿਓ।

**ਸਰਦਾਰ ਅਮਰਜੀਤ ਸਿੰਘ ਸੰਦੋਆ:** ਸਪੀਕਰ ਸਾਹਿਬ, ਧੰਨਵਾਦ। ਤੁਸੀਂ ਮੈਨੂੰ ਇਕ-ਦੋ ਮਿੰਟ ਦਾ ਸਮਾਂ ਦਿੱਤਾ ਹੈ।ਅੱਜ ਜਿਹੜਾ ਮਤਾ ਅੰਧ-ਵਿਸ਼ਵਾਸ ਤੇ ਆਇਆ ਹੈ। ਭਨਿਆਰਾ ਵਾਲੇ ਬਾਬੇ ਕੋਲ ਸਭ ਤੋਂ ਪਹਿਲਾਂ ਤੁਹਾਡੇ ਲੀਡਰ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਜੋ ਕੇਂਦਰ ਵਿਚ ਗ੍ਰਹਿ ਮੰਤਰੀ ਰਹੇ ਹਨ, ਉਹ ਜਾਂਦੇ ਹੁੰਦੇ ਸਨ। ਉਸ ਤੋਂ ਬਾਅਦ ਮੇਰੇ ਇੱਧਰ ਵਾਲੇ ਵੀਰ (ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ) ਬੈਠੇ ਹਨ, ਇਹ ਦੱਸ ਦੇਣ ਕਿ ਕੌਣ ਸਿਰਸੇ ਵਾਲੇ ਡੇਰੇ ਵਿਚ ਵੋਟਾਂ ਮੰਗਣ ਜਾਂਦਾ ਸੀ? ਅੱਜ ਤੁਸੀਂ ਅੰਧ-ਵਿਸ਼ਵਾਸ ਬਾਰੇ ਗੱਲਾਂ ਕਰ ਰਹੇ ਹੋ। ਗਾਤਰੇ ਪਾ ਕੇ ਤੁਸੀਂ ਸਾਰੇ ਉਥੇ ਗਏ ਹੋ।

** ** Expunged as ordered by the Chair.

**ਮਾਨਯੋਗ ਸਪੀਕਰ :** ਬੈਠੋ ਜੀ। ਨਾਗਰਾ ਜੀ, ਬੋਲੋ।(ਵਿਘਨ...ਸ਼ੋਰ)

**ਰਾਣਾ ਗੁਰਜੀਤ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੰਡਿਤ ਜੀ ਨੂੰ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਮਰਦਾਂ ਵਾਲੀ ਗੱਲ ਕਰਨੀ ਚਾਹੀਦੀ ਹੈ। ਤੁਸੀਂ ਤਾਂ ਜਨਾਨੀਆਂ ਤੇ ਪਹੁੰਚ ਗਏ। ਇਹ ਕੋਈ ਤਰੀਕਾ ਹੈ? ਇਹ ਜੋ ਮਰਜ਼ੀ ਕਰਨ (ਸਰਦਾਰ ਕੁਲਜੀਤ ਸਿੰਘ ਨਾਗਰਾ ਵੱਲ ਇਸ਼ਾਰਾ) ਇਸ ਨਾਲ ਮੈਨੂੰ ਕੋਈ ਇਤਰਾਜ਼ ਨਹੀਂ ਹੈ। ਇਸ ਨਾਲ ਜੋ ਮਰਜ਼ੀ ਕਰੋ ਲੇਕਿਨ ਔਰਤ ਤੇ ਪਹੁੰਚਣਾ, ਇਹ ਔਰਤ-ਸਮਾਜ ਦੀ ਤੌਹੀਨ ਹੈ। ਤੁਸੀਂ ਇਥੇ ਔਰਤਾਂ ਦੀ ਤੌਹੀਨ ਕਰਦੇ ਹੋ, ਉਹ ਸਾਡੀ ਲੜਕੀ ਹੈ, ਉਹ ਬਾਜਪੁਰ ਦੀ ਲੜਕੀ ਹੈ। ਇਹ ਸਾਡਾ ਭਾਈਆ ਹੈ, ਭਾਈਏ ਨੂੰ ਭਾਵੇਂ ਕੁਝ ਕਹਿ ਲਵੋ, ਮੈਨੂੰ ਕੋਈ ਇਤਰਾਜ਼ ਨਹੀਂ ਲੇਕਿਨ ਜੇ ਉਸ ਲੜਕੀ ਦੇ ਬਾਰੇ ਬੋਲਿਆ ਤਾਂ ** ** ਗੱਲ ਮਾੜੀ ਹੈ। ਉਥੇ ਆਪਣੀ ਸੀਟ ਤੇ ਬੈਠ ਕੇ ਪਹਿਲਾਂ ਮੁਆਫੀ ਮੰਗੋ।(ਵਿਘਨ, ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸ਼੍ਰੀ ਐਨ.ਕੇ. ਸ਼ਰਮਾ ਆਪਣੀ ਸੀਟ ਤੋਂ ਉਠ ਕੇ ਵੈੱਲ ਆਫ ਦਿ ਹਾਊਸ ਵੱਲ ਵੱਧ ਰਹੇ ਸਨ।)

**ਮਾਨਯੋਗ ਸਪੀਕਰ :** ਸ਼ਰਮਾ ਜੀ, ਸੀਟ ਤੇ ਬੈਠੋ... ਸੀਟ ਤੇ ਬੈਠੋ... ਸੀਟ ਤੇ ਬੈਠੋ। ਇਸ ਤਰ੍ਹਾਂ ਨਹੀਂ ਹੋਣਾ... ਤੁਸੀਂ ਬਾਅਦ ਵਿੱਚ ਬੋਲ ਲੈਣਾ। ਨਾਗਰਾ ਜੀ ਤੋਂ ਬਾਅਦ ਬੋਲ ਲੈਣਾ। ਹਾਂ ਜੀ, ਨਾਗਰਾ ਸੀ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਮਾਨਯੋਗ ਸਪੀਕਰ ਸਾਹਿਬ, ਇਹ ਜਿਹੜੀ ਵਿਉਂਤਬੰਦੀ ਹੋਈ ਹੈ, ਇਨ੍ਹਾਂ ਨੂੰ ਪਿੱਛੋਂ ਕਿਹਾ ਗਿਆ ਹੈ ਕਿ ਤੂੰ ਬੋਲਣ ਤੋਂ ਨਹੀਂ ਹਟਣਾ। ਮੈਂ ਇਨ੍ਹਾਂ ਦੀ ਗੱਲ ਸੁਣੀ ਹੈ। ਮੇਰੇ ਕਾਬਲ ਦੋਸਤ ਜਿਹੜੇ ਹਨ, ਇਨ੍ਹਾਂ ਨੇ ਦੱਸਿਆ ਹੈ ਕਿ ਮੈਂ ਜਦੋਂ ਯੂਨੀਵਰਸਿਟੀ ਵਿੱਚ ਸੀ ਤਾਂ ਇਹ ਕਾਲਜ ਵਿੱਚ ਸੀ। ਪਹਿਲੀ ਗੱਲ ਮੈਂ ਇਨ੍ਹਾਂ ਨਾਲ ਕਾਲਜ ਵਿੱਚ ਨਹੀਂ ਰਿਹਾ ਹਾਂ। ਦੂਸਰੀ ਗੱਲ ਇਹ ਹੈ ਕਿ ਇਨ੍ਹਾਂ ਨੂੰ ਪਿੱਛੋਂ ਜਿਹੜਾ ਵਿਉਂਤਬੰਦ ਤਰੀਕੇ ਨਾਲ ਕਿਹਾ ਜਾ ਰਿਹਾ ਹੈ ਕਿ ਤੂੰ ਬੈਠਣਾ ਨਹੀਂ ਹੈ, ਉੱਠ ਕੇ ਬੋਲੀ ਜਾਣਾ ਹੈ। ਕੋਈ ਗੱਲ ਨਹੀਂ ਕਿਉਂਕਿ ਇਹ ਸਮਝਦਾਰ ਹਨ। ਜਿਹੜੀ ਇਹ ਧਾਗੇ-ਤਵੀਤਾਂ ਦੀ ਗੱਲ ਕਰ ਰਹੇ ਹਨ....(ਵਿਘਨ, ਸ਼ੋਰ)

** ** Expunged as ordered by the Chair.

**ਸ਼੍ਰੀ ਐਨ.ਕੇ. ਸ਼ਰਮਾ:** ਸਪੀਕਰ ਸਾਹਿਬ, ਇਹ ਹਿੰਦੂ ਧਰਮ ਅਤੇ ਬ੍ਰਾਹਮਣਾਂ ਦੀ ਬੇਇੱਜ਼ਤੀ ਕਰ ਰਹੇ ਹਨ।

**ਮਾਨਯੋਗ ਸਪੀਕਰ:** ਸ਼ਰਮਾ ਜੀ, ਬਾਅਦ ਵਿੱਚ ਬੋਲ ਲੈਣਾ। ਤੁਸੀਂ ਸਾਰੀਆਂ ਗੱਲਾਂ ਦਾ ਬਾਅਦ ਵਿੱਚ ਜਵਾਬ ਦੇ ਦਿਓ। ਜਿਹੜੀਆਂ ਵੀ ਗੱਲਾਂ ਹਨ ਤੁਸੀਂ ਲਿਖ ਲਓ ਜੀ। ਨਾਗਰਾ ਸਾਹਿਬ, ਬੋਲੋ ਜੀ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਮੈਂ ਦੇਸ਼ ਦੇ ਸੰਵਿਧਾਨ ਦੀ ਗੱਲ ਕਰ ਰਿਹਾ ਸੀ। ਅੱਜ ਜਿਹੜੇ ਲੋਕ ਦੇਸ਼ ਦੇ ਸੰਵਿਧਾਨ ਨੂੰ ਬਦਲਣਾ ਚਾਹੁੰਦੇ ਹਨ, ਇਹ ਉਨ੍ਹਾਂ ਲੋਕਾਂ ਦੀ ਨੁਮਾਇੰਦਗੀ ਕਰਦੇ ਹਨ। ਸਪੀਕਰ ਸਾਹਿਬ, ਅੱਜ ਜਿਥੇ ਸਾਡੇ ਦੇਸ਼ ਕੋਲ ਸਭ ਤੋਂ ਵਧੀਆ ਸੰਵਿਧਾਨ ਅਤੇ ਕਾਨੂੰਨ ਹੈ, ਉਥੇ ਨਾਲ ਨਾਲ ਸਾਡੇ ਗੁਰੂਆਂ, ਪੀਰਾਂ, ਪੈਗੰਬਰਾਂ, ਦੇਵੀ-ਦੇਵਤਿਆਂ ਤੋਂ ਵੀ ਸਿੱਖਿਆ ਮਿਲੀ ਹੈ। ਸਾਡੇ ਦੇਸ਼ ਵਿੱਚ ਸਾਰੇ ਧਰਮਾਂ ਦਾ ਚਾਹੇ ਹਿੰਦੂ ਧਰਮ ਹੋਵੇ, ਚਾਹੇ ਸਿੱਖ ਧਰਮ ਹੋਵੇ, ਚਾਹੇ ਉਹ ਕ੍ਰਿਸਚਿਅਨ, ਮੁਸਲਿਮ ਤੇ ਬੋਧੀ ਧਰਮ ਹੋਵੇ ਅਤੇ ਚਾਹੇ ਜੈਨੀ ਹੋਵੇ, ਇਥੇ ਸਾਰੇ ਧਰਮਾਂ ਦਾ ਸਤਿਕਾਰ ਹੈ। ਇਥੇ ਸਾਰੇ ਧਰਮਾਂ ਨੂੰ ਇੱਕ ਕਰਕੇ ਮੰਨਿਆ ਜਾਂਦਾ ਹੈ। ਹਰ ਵਿਅਕਤੀ ਦੀ ਆਪਣੇ ਧਰਮ ਵਿੱਚ ਆਸਥਾ ਹੈ। ਹਰ ਵਿਅਕਤੀ ਆਸਥਾ ਦੇ ਮੁਤਾਬਿਕ ਆਪਣੇ ਧਰਮ ਨੂੰ ਮੰਨਦਾ ਹੈ। ਉਸ ਵਿੱਚ ਕਿਸੇ ਨੂੰ ਕਿਸੇ ਤੇ ਆਬਜੈਕਸ਼ਨ ਹੋ ਸਕਦਾ ਪਰ ਹਰ ਕਿਸੇ ਦੀ ਆਪਣੀ ਆਸਥਾ ਹੈ। ਸੋ, ਜਿਹੜਾ ਇਹ ਗੈਰ-ਸਰਕਾਰੀ ਮਤਾ ਹੈ, ਇਹ ਉਨ੍ਹਾਂ ਆਸਥਾਵਾਂ ਨੂੰ ਵੀ ਠੇਸ ਪਹੁੰਚਾਏਗਾ।

ਮੇਰੇ ਕਾਬਲ ਦੋਸਤ ਨੇ ਕਿਹਾ ਕਿ ਕਾਲਜਾਂ ਤੇ ਯੂਨੀਵਰਸਿਟੀਆਂ ਦੀ ਪ੍ਰਾਈਵੇਟਾਈਜ਼ੇਸ਼ਨ ਹੋ ਗਈ ਹੈ। ਮੈਂ ਇਥੇ ਤੁਹਾਡੀ ਮਾਰਫਤ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਦਸ ਸਾਲਾਂ ਦੇ ਵਿੱਚ ਜਦੋਂ ਅਕਾਲੀ ਦਲ-ਭਾਜਪਾ ਸਰਕਾਰ ਰਹੀ ਹੈ, ਸਭ ਤੋਂ ਵੱਧ ਪ੍ਰਾਈਵੇਟ ਯੂਨੀਵਰਸਿਟੀਆਂ ਅਤੇ ਸਭ ਤੋਂ ਵੱਧ ਪ੍ਰਾਈਵੇਟ ਕਾਲਜ ਜੇ ਕਿਸੇ ਸਰਕਾਰ ਨੇ ਪੰਜਾਬ ਵਿੱਚ ਬਣਾਏ ਹਨ ਤਾਂ ਉਹ ਅਕਾਲੀ ਦਲ-ਭਾਜਪਾ ਸਰਕਾਰ ਨੇ ਬਣਾਏ ਹਨ(ਟਰੇਜ਼ਰੀ ਬੈਂਚਾਂ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਅਤੇ ਜਦੋਂ ਪ੍ਰਾਈਵੇਟ ਯੂਨੀਵਰਸਿਟੀਆਂ ਬਣਦੀਆਂ ਸਨ ਤਾਂ ਅਸੀਂ ਇਸ ਲਈ ਇਨ੍ਹਾਂ ਦੇ ਖਿਲਾਫ ਬੋਲਦੇ ਸੀ ਕਿਉਂਕਿ ਉਥੇ ਫੀਸਾਂ ਅਤੇ ਹੋਰ ਗੱਲਾਂ ਦੇ ਨਾਂ ਤੇ ਲੋਕਾਂ ਦਾ ਸ਼ੋਸ਼ਣ ਹੋਣਾ ਹੈ। ਮੈਨੂੰ ਯਾਦ ਹੈ, ਜਦੋਂ ਪ੍ਰਾਈਵੇਟ ਯੂਨੀਵਰਸਿਟੀਆਂ ਵਾਲਾ ਬਿਲ ਆਇਆ ਸੀ ਤਾਂ ਮੇਰੇ ਦੋਨੋਂ ਕਾਬਲ ਦੋਸਤ ਗੈਰ-ਸਰਕਾਰੀ ਮਤਾ ਲੈ ਕੇ ਆਏ ਅਤੇ ਜਿਹੜੇ ਹੁਣੇ

[ਸਰਦਾਰ ਕੁਲਜੀਤ ਸਿੰਘ ਨਾਗਰਾ]

ਮੇਰੇ ਤੋਂ ਪਹਿਲਾਂ ਬੋਲ ਕੇ ਗਏ ਹਨ, ਇਨ੍ਹਾਂ ਨੇ ਵੀ ਉਸ ਦੇ ਖਿਲਾਫ ਬੋਲਦੇ ਹੋਏ ਕਿਹਾ ਸੀ ਕਿ ਪ੍ਰਾਈਵੇਟ ਯੂਨੀਵਰਸਿਟੀਆਂ ਵਿੱਚ ਇਹੋ ਜਿਹਾ ਸਿਸਟਮ ਲਾਗੂ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਤੇ ਕੰਟਰੋਲਿੰਗ ਬਾਡੀ ਹੋਵੇ। ਇਹ ਸਾਹਮਣੇ ਵਾਲੇ ਜਦੋਂ ਉਸ ਵੇਲੇ ਆਪ ਟਰੇਜ਼ਰੀ ਬੈਂਚਾਂ ਤੇ ਸੀ, ਇਹ ਵੀ ਇਸ ਗੱਲ ਨੂੰ ਮੰਨਦੇ ਸੀ। ਇਹ ਮਾਫੀਆ ਉਸ ਵੇਲੇ ਕਿਸ ਦੀ ਛਤਰ-ਛਾਇਆ ਥੱਲੇ ਆਇਆ ਔਰ ਕਿਸ ਤਰੀਕੇ ਨਾਲ ਅੱਜ ਸਿੱਖਿਆ ਦਾ ਘਾਣ ਕੀਤਾ ਹੈ? ਸੋ, ਸਪੀਕਰ ਸਾਹਿਬ, ਕਹਿਣ ਨੂੰ ਗੱਲਾਂ ਤਾਂ ਬਹੁਤ ਹਨ। ਅਸੀਂ ਕਹਿੰਦੇ ਕੁਝ ਹੋਰ ਹਾਂ ਅਤੇ ਕਰਦੇ ਕੁਝ ਹੋਰ ਹਾਂ।

ਅੱਜ ਮੈਨੂੰ ਮੇਰਾ ਕਾਬਲ ਦੋਸਤ ਬਹੁਤ ਕੁਝ ਕਹਿ ਗਿਆ ਹੈ। ਮੈਂ ਇਹ ਸਾਰੀਆਂ ਗੱਲਾਂ ਝੋਲੀ ਵਿੱਚ ਪਾ ਲਈਆਂ ਹਨ ਕਿਉਂਕਿ ਇਹ ਮੇਰਾ ਛੋਟਾ ਭਰਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਕਹਿਣਾ ਚਾਹੁੰਦਾ ਹਾਂ ਕਿ ਕਦੀ ਵੀ ਜ਼ਿੰਦਗੀ ਵਿੱਚ ਇਹੋ ਜਿਹੀ ਗੱਲ ਨਾ ਕਰੋ ਜਿਸ ਗੱਲ ਦਾ ਤੱਥ ਕੋਲ ਨਾ ਹੋਵੇ। ਸਪੀਕਰ ਸਾਹਿਬ, ਮੈਂ ਇੱਕ ਵੀ ਗੱਲ ਗਲਤ ਨਹੀਂ ਕਹੀ। ਮੈਂ ਕਿਹਾ ਸੀ ਕਿ ਗੁੱਟ ਤੇ ਕੁਝ ਬੰਨ੍ਹਿਆ ਹੋਇਆ ਹੈ। ਮੈਂ ਇਨ੍ਹਾਂ ਦੀ ਸ਼ਾਨ ਦੇ ਖਿਲਾਫ ਕੋਈ ਗਲਤ ਗੱਲ ਨਹੀਂ ਕਹੀ। ਇਹ ਮੇਰਾ ਦੋਸਤ ਹੈ ਪਰ ਇਹ ਜਿਹੜਾ ਕੁਝ ਬੋਲਿਆ ਹੈ, ਮੇਰੇ ਵਾਸਤੇ ਬੋਲ ਲਵੇ ਪਰ ਮੇਰੀ ਧਰਮ ਪਤਨੀ ਦੇ ਬਾਰੇ ਵਿੱਚ ਨਾ ਬੋਲੇ ਜਿਸ ਨੂੰ ਸ਼ਾਇਦ ਇਹ ਕਦੀ ਮਿਲਿਆ ਹੀ ਨਹੀਂ, ਜਿਸ ਨੂੰ ਸ਼ਾਇਦ ਇਹ ਕਿਤੇ ਜਾਣਦਾ ਨਾ ਹੋਵੇ ਔਰ ਸਾਰੇ ਸਦਨ ਵਿੱਚ ਅਜਿਹਾ ਝੂਠ ਬੋਲਣਾ, ਇਹ ਤੌਹੀਨ ਹੈ।(ਵਿਘਨ ਸ਼ੋਰ) ਤੂੰ ਔਰਤ ਜਾਤ ਦੀ ਤੌਹੀਨ ਕੀਤੀ ਹੈ, ਤੂੰ ਔਰਤ ਦੀ ਤੌਹੀਨ ਕੀਤੀ ਹੈ, ਤੂੰ ਆਪਣੀ ਧੀ-ਭੈਣ ਦੀ ਤੌਹੀਨ ਕੀਤੀ ਹੈ ਔਰ ਤੂੰ ਉਸ ਗੱਲ ਵਾਸਤੇ ਰਾਤ ਨੂੰ ਪਛਤਾਏਂਗਾ। ਮੈਂ ਇੱਕੋ ਗੱਲ ਕਹਿ ਕੇ ਖਤਮ ਕਰਾਂਗਾ। ਸਪੀਕਰ ਸਾਹਿਬ, ਇਹ ਉਹ ਇਨਸਾਨ ਹੈ, ਜਿਸ ਨੇ ਸੁਖਬੀਰ ਬਾਦਲ ਨਾਲ ਰਲ ਕੇ ਪ੍ਰਾਪਰਟੀ ਵਿੱਚ ਸਾਰੇ ਪੰਜਾਬ ਨੂੰ ਲੁੱਟਿਆ ਹੈ।(ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ।)

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਇੱਕ ਪਾਸੇ ਮੇਰੇ ਪਿਉ ਦੀ ਅਤੇ ਮੇਰੀ ਪ੍ਰਾਪਰਟੀ ਕਢਵਾ ਲਉ ਅਤੇ ਦੂਜੇ ਪਾਸੇ ਇਸ ਦੇ ਪਿਉ ਅਤੇ ਇਸ ਦੀ ਪ੍ਰਾਪਰਟੀ ਕਢਵਾ ਲਉ। ਫਿਰ ਦੇਖੋ ਕਿ 10 ਸਾਲਾਂ ਵਿੱਚ ਕਿੰਨਾ ਵੱਡਾ ਸਾਮਰਾਜ ਇਸ ਨੇ ਖੜ੍ਹਾ ਕੀਤਾ ਹੈ?(ਵਿਘਨ, ਸ਼ੋਰ) ਸਪੀਕਰ ਸਾਹਿਬ, ਮੈਂ ਇੱਥੇ ਤੁਹਾਡੇ ਤੋਂ ਮੰਗ ਕਰਦਾ ਹਾਂ ਕਿ ਸਦਨ ਮੇਰੇ ਪਰਿਵਾਰ ਦੀ ਅਤੇ ਸ਼ਰਮਾ ਜੀ ਦੇ ਪਰਿਵਾਰ ਦੀ ਪ੍ਰਾਪਰਟੀ ਦੀ ਇਨਕੁਆਰੀ ਕਰਵਾਏ।(ਵਿਘਨ, ਸ਼ੋਰ) ਸਦਨ ਇਨਕੁਆਰੀ ਕਰਵਾਏ ਕਿ 10 ਸਾਲਾਂ ਵਿੱਚ ਇਸ ਕੋਲ ਕਿੱਥੋਂ ਪੈਸਾ ਆਇਆ?(ਵਿਘਨ, ਸ਼ੋਰ) ....ਇਨਕੁਆਰੀ ਕਰਵਾਉ। ਮੇਰੀ ਅਤੇ ਇਸ ਦੀ ਪ੍ਰਾਪਰਟੀ ਦੀ ਇਨਕੁਆਰੀ ਕਰਵਾਉ, ਇਨਕੁਆਰੀ ਕਰਵਾਉ।

**ਮਾਨਯੋਗ ਸਪੀਕਰ :** ਬੈਠੋ.. ਬੈਠੋ... ਬੈਠੋ।(ਵਿਘਨ, ਸ਼ੋਰ)

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਇੱਥੇ ਹੀ ਨਹੀਂ ਜੀ, ਮੈਂ ਸਦਨ ਤੋਂ ਮੰਗ ਕਰਦਾ ਹਾਂ ਕਿ ਪਿਛਲੇ 12 ਸਾਲਾਂ ਦੀ ਇਨਕੁਆਰੀ ਕਰਵਾਈ ਜਾਵੇ।

**ਮਾਨਯੋਗ ਸਪੀਕਰ :** ਜਿਹੜਾ ਕੁਮੈਂਟ ਧਰਮ ਪਤਨੀ ਬਾਰੇ ਕੀਤਾ ਹੈ, ਉਹ ਐਕਸਪੰਜ ਕੀਤਾ ਜਾਵੇ।(ਵਿਘਨ, ਸ਼ੋਰ) ਬੈਠੋ ਸ਼ਰਮਾ ਜੀ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਮੈਂ ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਮਤਾ ਲਿਆਂਦਾ ਜਾਵੇ ਕਿ ਕੁਲਜੀਤ ਸਿੰਘ ਨਾਗਰਾ ਅਤੇ ਸ਼੍ਰੀ ਐਨ.ਕੇ. ਸ਼ਰਮਾ ਦੀ ਪ੍ਰਾਪਰਟੀ ਦੀ ਪਿਛਲੇ 12 ਸਾਲਾਂ ਦੀ ਇਨਕੁਆਰੀ ਕਰਵਾਈ ਜਾਵੇ ਅਤੇ ਜਿਹੜਾ ਦੋਸ਼ੀ ਹੋਵੇਗਾ, ਉਸ ਸਬੰਧੀ ਰਿਪੋਰਟ ਸਦਨ ਵਿੱਚ ਰੱਖੀ ਜਾਵੇ। (ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਅਗਲਾ ਸਪੀਕਰ, ਗੁਰਪ੍ਰਤਾਪ ਸਿੰਘ ਵਡਾਲਾ।(ਵਿਘਨ, ਸ਼ੋਰ) ਬ੍ਰਹਮ ਮਹਿੰਦਰਾ ਜੀ ਕੁਝ ਕਹਿਣਾ ਚਾਹੁੰਦੇ ਹਨ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇੱਥੇ ਇਸ ਵੇਲੇ ਜਿਹੜੇ ਹਾਲਾਤ ਬਣੇ ਹਨ, ਇਹ ਇੱਕ ਐਸਾ ਮਤਾ ਹੈ ਜਿਸ ਤੇ ਸਾਰੇ ਮੈਂਬਰ ਬੋਲ ਰਹੇ ਹਨ ਪਰ ਉਹ ਉਸ ਮਤੇ ਤੇ ਹੀ ਸੀਮਤ ਰਹਿਣ। ਜੇਕਰ ਕਈ ਮੈਂਬਰਜ਼ ਚਾਹੁੰਦੇ ਹਨ ਕਿ ਕਿਸੇ ਗੱਲ ਦੀ ਇਨਕੁਆਰੀ ਕਰਵਾਈ ਜਾਵੇ ਤਾਂ ਸਪੀਕਰ ਸਾਹਿਬ, ਤੁਸੀਂ ਬੇਸ਼ੱਕ ਹਾਊਸ ਦੀ ਇੱਕ ਕਮੇਟੀ ਬਣਾ ਕੇ ਇਨਕੁਆਰੀ ਕਰਵਾ ਦਿਉ।(ਵਿਘਨ, ਸ਼ੋਰ)

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, 10 ਨਾਨ-ਆਫੀਸ਼ੀਅਲ ਰੈਜ਼ੋਲਿਊਸ਼ਨ ਆਏ ਹਨ, ਜਿਨਾਂ ਵਿੱਚੋਂ ਤਿੰਨ ਇੱਕ ਹੀ ਪ੍ਰਕਾਰ ਦੇ ਹਨ। ਮੈਂ ਚਾਹੁੰਦਾ ਹਾਂ ਕਿ ਪਰਾਪਰ ਟਾਈਮ ਵੰਡ ਦਿਉ ਕਿਉਂਕਿ ਤਿੰਨਾਂ ਤੇ ਬਹਿਸ ਹੋਣੀ ਹੈ। ਤਿੰਨਾਂ ਤੇ ਹੀ ਬਹਿਸ ਕਰਵਾ ਲਉ। ਨਹੀਂ ਤਾਂ ਇੱਕ ਹੀ ਮਤਾ ਸਾਰਾ ਦਿਨ ਚਲਦਾ ਰਹੇਗਾ। ਇਹ

[ਸਰਦਾਰ ਹਰਪਾਲ ਸਿੰਘ ਚੀਮਾ]

ਤਾਂ ਨਿੱਜੀ ਕਿੜਾਂ ਕੱਢ ਰਹੇ ਹਨ। ਕੋਈ ਇੱਕ ਤੇ ਐਲੀਗੇਸ਼ਨ ਲਗਾਉਂਦਾ ਹੈ, ਕੋਈ ਇੱਧਰ ਲਗਾਉਂਦਾ ਹੈ, ਕੋਈ ਉੱਧਰ ਲਗਾਉਂਦਾ ਹੈ। ਕਿਸੇ ਵਿੱਚ ਇੱਕ ਦੂਜੇ ਤੇ ਇਨਕੁਆਰੀ ਕਰਵਾਉਣ ਦਾ ਦਮ ਨਹੀਂ ਹੈ। ਨਾ ਇਨ੍ਹਾਂ ਵਿੱਚ ਹੈ ਅਤੇ ਨਾ ਉਨ੍ਹਾਂ ਹੀ ਵਿੱਚ ਹੈ। ਬਿਲਕੁਲ ਝੂਠ ਬੋਲਦੇ ਹਨ। ਜਦੋਂ ਇਹ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵੱਲ ਇਸ਼ਾਰਾ) ਇੱਧਰ (ਟਰੇਜ਼ਰੀ ਬੈਂਚਿਜ਼ ਤੇ) ਆਉਂਦੇ ਹਨ ਤਾਂ ਇਹ ਲੁੱਟਣ ਲੱਗ ਜਾਂਦੇ ਹਨ ਅਤੇ ਜਦੋਂ ਉਹ (ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ) ਉੱਧਰ ਜਾਂਦੇ ਹਨ ਤਾਂ ਉਹ ਲੁੱਟਣ ਲੱਗ ਜਾਂਦੇ ਹਨ। ਦਸ ਮਤੇ ਹਨ, ਤੁਸੀਂ ਦਸਾਂ ਮਤਿਆਂ ਵਾਸਤੇ ਟਾਈਮ ਫਿਕਸ ਕਰ ਦਿਓ।

**ਮਾਨਯੋਗ ਸਪੀਕਰ:** ਚੀਮਾ ਜੀ, ਟਾਈਮ ਫਿਕਸ ਨਹੀਂ ਹੋਇਆ ਕਰਦਾ, ਟਾਈਮ ਫਿਕਸ ਨਹੀਂ ਹੋਇਆ ਕਰਦਾ।

**ਸਰਦਾਰ ਹਰਪਾਲ ਸਿੰਘ ਚੀਮਾ:** ਇਸ ਤਰ੍ਹਾਂ ਤਾਂ ਜਿਹੜਾ ਮਤਾ ਜ਼ਿਆਦਾ ਇੰਪਾਰਟੈਂਟ ਹੈ, ਉਸ ਤੇ ਸਾਰਾ ਹਾਊਸ ਹੀ ਡਿਸਕਸ਼ਨ ਕਰਨ ਲੱਗ ਜਾਵੇਗਾ।

**ਮਾਨਯੋਗ ਸਪੀਕਰ:** ਇਹ ਤਾਂ ਆਪਾਂ ਕਹਿੰਦੇ ਹਾਂ ਪਰੰਤੂ ਇਸ ਵਿੱਚ ਕੋਈ ਟਾਈਮ ਲਿਮਟ ਨਹੀਂ ਹੁੰਦੀ।

**ਸਰਦਾਰ ਹਰਪਾਲ ਸਿੰਘ ਚੀਮਾ:** ਸਰ, ਪਲੀਜ਼ ਅਮਨ ਅਰੋੜਾ ਜੀ ਦਾ ਮਤਾ ਰਹਿ ਜਾਵੇਗਾ, ਇਹ ਇੰਪਾਰਟੈਂਟ ਮਤਾ ਹੈ।

**ਮਾਨਯੋਗ ਸਪੀਕਰ:** ਚੀਮਾ ਜੀ, ਇਸ ਵਿੱਚ ਸਮਾਂ ਲਿਮਟ ਨਹੀਂ ਕੀਤਾ ਜਾ ਸਕਦਾ।

**ਸਰਦਾਰ ਹਰਪਾਲ ਸਿੰਘ ਚੀਮਾ:** ਸਰ, ਪਲੀਜ਼ ਅੱਧਾ-ਅੱਧਾ ਘੰਟਾ ਤਿੰਨੋਂ ਮਤਿਆਂ ਲਈ ਲਿਮਟ ਕਰ ਦਿਓ। ਸਿਰਫ ਤਿੰਨ ਮਤੇ ਹੀ ਹਨ।

**ਮਾਨਯੋਗ ਸਪੀਕਰ:** ਤੁਹਾਡੀ ਗੱਲ ਠੀਕ ਹੈ ਪਰ ਟਾਈਮ ਲਿਮਟ ਨਹੀਂ ਕੀਤਾ ਜਾ ਸਕਦਾ।

**ਸਰਦਾਰ ਹਰਪਾਲ ਸਿੰਘ ਚੀਮਾ:** ਸਰ, ਪਲੀਜ਼ ਟਾਈਮ ਲਿਮਟ ਕਰ ਦਿਓ ਤਾਂ ਕਿ ਗੱਲ ਕਰਨ ਦੀ ਪਾਬੰਦੀ ਲੱਗ ਸਕੇ।

**ਮਾਨਯੋਗ ਸਪੀਕਰ:** ਕੀ ਕਰੀਏ, ਸਾਰੇ ਮੈਂਬਰ ਬੋਲਣਾ ਚਾਹੁੰਦੇ ਹਨ। ਸੋਮ ਪ੍ਰਕਾਸ਼ ਜੀ ਬੋਲਣਾ ਚਾਹੁੰਦੇ ਹਨ।

**ਸ਼੍ਰੀ ਸੋਮ ਪ੍ਰਕਾਸ਼:** ਚੀਮਾ ਸਾਹਿਬ, ਮੇਰੀ ਬੇਨਤੀ ਹੈ ਕਿ ਪਲੀਜ਼ ਬੈਠ ਜਾਓ। ਮੈਂ ਇਹ ਮਤਾ ਲੈ ਕੇ ਆਇਆ ਸੀ ਕਿ ਵਹਿਮ-ਭਰਮ ਖਤਮ ਹੋਣ, ਜਾਦੂ-ਟੂਣੇ ਖਤਮ ਹੋਣ ਪਰ ਮੈਨੂੰ ਲਗਦਾ ਹੈ ਕਿ ਬਹੁਤ ਸਾਰੇ ਮੈਂਬਰ ਆਪ ਹੀ ਇਸ ਵਿੱਚ ਗ੍ਰਸਤ ਹਨ। ਮੈਂਬਰ ਆਪ ਹੀ ਵਹਿਮਾਂ-ਭਰਮਾਂ ਵਿੱਚ ਪਏ ਹੋਏ ਹਨ। ਇਸ ਕਰਕੇ ਇਸ ਦੇ ਵਿਰੋਧ ਵਿੱਚ

ਗੱਲ ਕਰਦੇ ਹਨ। ਆਪਣੀਆਂ ਕਿੜਾਂ ਕੱਢਣ ਲਈ ਇੱਕ ਦੂਜੇ ਦੇ ਖਿਲਾਫ ਦੂਸ਼ਣਬਾਜ਼ੀ ਕਰਦੇ ਹਨ। ਇਹ ਬਹੁਤ ਗੰਦੀ ਗੱਲ ਹੈ। ਮੈਨੂੰ ਹੈਰਾਨੀ ਹੈ ਕਿ ਅਸੀਂ ਪਹਿਲਾਂ ਵਿੱਚ ਹੀ ਸੰਵਿਧਾਨ ਦੀ ਗੱਲ ਕਰਨ ਲੱਗ ਗਏ, ਫੇਰ ਡਾ. ਅੰਬੇਦਕਰ ਦੀ ਗੱਲ ਕਰਨ ਲੱਗ ਗਏ ਅਤੇ ਫੇਰ ਆਰ.ਐਸ.ਐਸ. ਦੀ ਗੱਲ ਵੀ ਕਰਨ ਲੱਗ ਗਏ। ਇਹ ਘਟੀਆ ਗੱਲਾਂ ਕਰਨ ਦਾ ਲਾਭ ਕੀ ਹੈ? Standard of discussion ਵਾਸਤੇ ਕੋਈ ਪੱਧਰ ਤਾਂ ਮੇਨਟੇਨ ਕਰਨਾ ਚਾਹੀਦਾ ਹੈ? ਆਪਾਂ free for all ਜਿਸ ਮਰਜ਼ੀ ਵਿਰੁੱਧ ਜੋ ਮਰਜ਼ੀ ** ** ਕਰ ਦੇਈਏ ਉਸ ਦੀ ਕੋਈ ਤੁੱਕ ਨਹੀਂ ਹੈ।

**ਮਾਨਯੋਗ ਸਪੀਕਰ:** ** ** ਸ਼ਬਦ ਐਕਸਪੰਜ ਕਰ ਦਿਓ। ਤੁਸੀਂ ਤਾਂ ਠੀਕ ਬੋਲੋ। ਤੁਸੀਂ ** ** ਕਹਿ ਦਿੱਤਾ ਹੈ, ਤੁਸੀਂ ਤਾਂ ਠੀਕ ਬੋਲੋ।

**ਸ਼੍ਰੀ ਸੋਮ ਪ੍ਰਕਾਸ਼:** ਮੈਂ ਆਪਣਾ ਸ਼ਬਦ ਵਾਪਸ ਲੈ ਲੈਂਦਾ ਹਾਂ ਜੀ। ਇਹ ਰਹਿਣ ਦਿਓ ਜੀ, ਇਹ ਵਾਪਸ ਲੈ ਲਿਆ ਹੈ। ਮੇਰੀ ਹੱਥ ਜੋੜ ਕੇ ਬੇਨਤੀ ਹੈ ਕਿ ਇਹ ਆਪਾਂ free for all ਕਰ ਦਿੰਦੇ ਹਾਂ ਜੀ।

**ਮਾਨਯੋਗ ਸਪੀਕਰ:** ਬੈਠੋ.. ਬੈਠੋ.... ਗੁਰਪ੍ਰਤਾਪ ਵਡਾਲਾ ਜੀ।

**ਸ਼੍ਰੀ ਸੋਮ ਪ੍ਰਕਾਸ਼:** ਸਰ, ਮੈਨੂੰ ਪੂਰਾ ਤਾਂ ਕਰ ਲੈਣ ਦਿਓ ਜੀ।

**ਮਾਨਯੋਗ ਸਪੀਕਰ:** ਤੁਸੀਂ ਅਜੇ ਕੁਝ ਕਹਿਣਾ ਹੈ, ਕਹਿ ਲਓ, ਕਹਿ ਲਓ। ਗੁਰਪ੍ਰਤਾਪ ਜੀ, ਕਹਿ ਲੈਣ ਦਿਓ।

**ਸ਼੍ਰੀ ਸੋਮ ਪ੍ਰਕਾਸ਼:** ਸਰ, ਡਾ. ਅੰਬੇਦਕਰ ਸਾਹਿਬ ਦੀ ਗੱਲ ਕੀਤੀ ਹੈ, ਬੀ.ਜੇ.ਪੀ. ਦੀ ਗੱਲ ਕੀਤੀ ਹੈ, ਆਰ.ਐਸ.ਐਸ. ਦੀ ਗੱਲ ਕੀਤੀ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਕੁਲਜੀਤ ਸਿੰਘ ਨਾਗਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਤੁਸੀਂ ਆਪਣੀ ਗੱਲ ਖਤਮ ਕਰ ਦਿੱਤੀ ਹੈ। ਹੁਣ ਬੈਠ ਜਾਓ। ਸ਼ਰਮਾ ਜੀ, ਤੁਸੀਂ ਕੀ ਕਹਿੰਦੇ ਹੋ?

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਰ, ਇਨਕੁਆਰੀ ਕਰਵਾਓ। ** **

---

** ** Expunged as ordered by the Chair.

**ਮਾਨਯੋਗ ਸਪੀਕਰ:** ਨਾਗਰਾ ਜੀ, ਪਰਸਨਲ ਨਾ ਬਣਾਓ.... ਪਰਸਨਲ ਨਾ ਬਣਾਓ।(....ਵਿਘਨ) ਨਾਗਰਾ ਜੀ, ਪਰਸਨਲ ਨਾ ਬਣਾਓ... ਬੈਠੋ.... ਬੈਠੋ। ਨਾਗਰਾ ਜੀ, ਪਲੀਜ਼ ਬੈਠੋ...... ਨਾਗਰਾ ਜੀ, ਬੈਠੋ..... ਨਾਗਰਾ ਜੀ, ਬੈਠੋ.... ਸੋਮ ਪ੍ਰਕਾਸ਼ ਜੀ ਨੂੰ ਬੋਲਣ ਦਿਓ..... ਨਿੱਜੀ ਮਸਲੇ ਨੂੰ ਨਾ ਲਿਆਓ..... ਸੋਮ ਪ੍ਰਕਾਸ਼ ਜੀ।

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਇੱਕ ਆਨਰੇਬਲ ਮੈਂਬਰ ਬੜੀ ਦੇਰ ਤੋਂ ਕਹਿ ਰਹੇ ਹਨ ਅਤੇ ਦੋਨੋਂ ਪਾਸੇ ਗੱਲ ਹੋ ਰਹੀ ਹੈ, ਆਪਾਂ ਇਨਕੁਆਰੀ ਕਿਉਂ ਨਹੀਂ ਮਾਰਕ ਕਰ ਦਿੰਦੇ ਹਾਂ? ਆਪਾਂ ਇਨਕੁਆਰੀ ਕਿਉਂ ਨਹੀਂ ਕਰਵਾ ਲੈਂਦੇ ਹਾਂ? ਸਪੀਕਰ ਸਾਹਿਬ, ਇਨਕੁਆਰੀ ਕਰਵਾਓ।

**ਮਾਨਯੋਗ ਸਪੀਕਰ:** ਸ਼ਰਮਾ ਜੀ.... ਸ਼ਰਮਾ ਜੀ, ਕੀ ਕਹਿੰਦੇ ਹੋ?

**ਸੰਸਦੀ ਮਾਮਲੇ ਮੰਤਰੀ :** ਸ਼ਰਮਾ ਜੀ ਵੀ ਕਹਿੰਦੇ ਹਨ ਕਿ ਇਨਕੁਆਇਰੀ ਕਰਵਾਓ।

**ਸ਼੍ਰੀ ਐਨ.ਕੇ. ਸ਼ਰਮਾ:** ਜਿੰਨੀਆਂ ਮਰਜ਼ੀ ਇਨਕੁਆਰੀਆਂ ਕਰਵਾ ਲਓ ਜੀ, ਕੋਈ ਪਰਵਾਹ ਨਹੀਂ। ਜ਼ਿੰਦਗੀ ਵਿੱਚ ਨਾ ਕਦੇ ਇੱਕ ਰੁਪਏ ਦਾ ਲਾਲਚ ਕਰਿਆ ਹੈ ਅਤੇ ਨਾ ਹੀ ਕਦੇ ਕਰਾਂਗੇ।(ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਠੀਕ ਹੈ ਜੀ। ਸਦਨ ਇਨਕੁਆਇਰੀ ਕਰਵਾਏਗਾ ਜੀ.... ਕਰਵਾਵਾਂਗੇ ਜੀ... ਇਨਕੁਆਰੀ ਕਰਵਾਵਾਂਗੇ... ਇਨਕੁਆਰੀ ਹੋਵੇਗੀ... ਇਨਕੁਆਰੀ ਹੋਵੇਗੀ। ਦੋਨੋਂ ਧਿਰਾਂ ਦੀ ਸਹਿਮਤੀ ਹੈ, ਇਸ ਕਰਕੇ ਇਨਕੁਆਰੀ ਹੋਵੇਗੀ। ਦੋਵਾਂ ਧਿਰਾਂ ਦੀ ਸਹਿਮਤੀ ਹੈ।

**ਸ਼੍ਰੀ ਸੋਮ ਪ੍ਰਕਾਸ਼ :** ਸਰ, ਮੈਂ ਬੇਨਤੀ ਕਰ ਰਿਹਾ ਸੀ ਅਤੇ ਸਰਦਾਰ ਤਰਸੇਮ ਸਿੰਘ, ਡੀ.ਸੀ. ਸਾਹਿਬ ਵੀ ਬੋਲੇ ਹਨ ਕਿ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਾਂ ਅਤੇ ਇਸ ਕਰਕੇ ਸਾਡੇ ਵਿੱਚ ਵਹਿਮਾਂ-ਭਰਮਾਂ ਵਾਲੀ ਕੋਈ ਗੱਲ ਨਹੀਂ ਹੈ ਅਤੇ ਨਾ ਹੀ ਕੋਈ ਜਾਤ-ਪਾਤ ਦੀ ਗੱਲ ਹੈ। ਪੰਜਾਬ ਵਿੱਚ ਆਪਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਦੇ ਹਾਂ। ਮੈਂ ਦੁਆਬੇ ਦਾ ਰਹਿਣ ਵਾਲਾ ਹਾਂ ਅਤੇ ਟੀਨੂ ਸਾਹਿਬ, ਤੁਸੀਂ ਵੀ ਦੁਆਬੇ ਦੇ ਰਹਿਣ ਵਾਲੇ ਹੋ। ਹਰ ਪਿੰਡ ਵਿੱਚ ਐਸ.ਸੀਜ਼. ਦਾ ਸ਼ਮਸ਼ਾਨ ਘਾਟ ਵੱਖਰਾ ਹੈ, ਦੂਜਿਆਂ ਦਾ ਵੱਖਰਾ ਹੈ।(....ਵਿਘਨ) ਮੈਂ ਆਪਣੇ ਦੁਆਬੇ ਦੇ ਪਿੰਡਾਂ ਦੀ ਗੱਲ ਕਰ ਰਿਹਾ ਹਾਂ। ਇਹ ਪਿੰਡਾਂ ਵਿੱਚ ਅਜੇ ਵੀ ਹੈ। ਗੁਰਦੁਆਰੇ ਵੀ ਵੱਖਰੇ-ਵੱਖਰੇ ਹਨ। ਆਪਾਂ ਕਹਿੰਦੇ ਹਾਂ ਆਪਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਦੇ ਹਾਂ ਪਰ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਤੋਂ ਪਰ੍ਹੇ ਹਾਂ। ਅਸੀਂ ਪਿਛਲੀ ਵਾਰ ਹਾਊਸ ਵਿੱਚ ਇਹ ਕਿਹਾ ਸੀ ਅਤੇ ਯੂਨੈਨੀਮਸਲੀ ਇੱਕ ਰੈਜ਼ੋਲਿਊਸ਼ਨ ਪਾਸ ਹੋਇਆ ਸੀ ਕਿ ਜਿਹੜੇ ਪਿੰਡ ਸ਼ਮਸ਼ਾਨਘਾਟ ਇਕੱਠੇ ਕਰ ਲੈਣਗੇ, ਉਨ੍ਹਾਂ ਨੂੰ 5 ਲੱਖ ਰੁਪਏ ਦੀ ਸਪੈਸ਼ਲ ਗ੍ਰਾਂਟ ਦਿੱਤੀ ਜਾਵੇਗੀ। ਉਹ ਮਤਾ ਉੱਥੇ ਦਾ ਉੱਥੇ ਹੀ ਰਹਿ ਗਿਆ, ਅਸੀਂ ਉਹ ਸ਼ੁਰੂ ਨਹੀਂ ਕਰ ਸਕੇ। ਉਹ ਮਤਾ ਪਾਸ ਕਰਵਾਉਣ ਵਾਲਿਆਂ ਵਿੱਚ ਚੰਨੀ ਸਾਹਿਬ ਸਭ ਤੋਂ ਅੱਗੇ ਸਨ।

**ਤਕਨੀਕੀ ਸਿੱਖਿਆ ਤੇ ਉਦਯਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ) (ਬੈਠੇ-ਬੈਠੇ):** ਕਿਹੜਾ ਮਤਾ ਜੀ?

**ਸ਼੍ਰੀ ਸੋਮ ਪ੍ਰਕਾਸ਼:** ਸਪੀਕਰ ਸਾਹਿਬ ਕਿਹਾ ਗਿਆ ਸੀ ਕਿ ਜਿਹੜੇ ਪਿੰਡਾਂ ਵਿੱਚ ਐਸ.ਸੀਜ਼ ਅਤੇ ਦੂਸਰੇ ਸ਼ਮਸ਼ਾਨਘਾਟ ਇੱਕ ਕਰ ਲੈਣਗੇ, ਉਨ੍ਹਾਂ ਨੂੰ 5 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾਵੇਗੀ। 2 ਸਾਲ ਲੰਘ ਗਏ ਹਨ ਪਰ ਉਸ ਤੇ ਕੁਝ ਵੀ ਨਹੀਂ ਕੀਤਾ ਗਿਆ। ਤੁਸੀਂ ਵੀ ਚੁੱਪ ਕਰਕੇ ਬੈਠ ਗਏ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਰ, ਪੁਆਇੰਟ ਆਫ ਆਰਡਰ। ਪਲੀਜ਼ ਸਰ....

**ਸ਼੍ਰੀ ਸੋਮ ਪ੍ਰਕਾਸ਼ :** ਇੱਕ ਮਿੰਟ ਜੀ, ਇੱਕ ਮਿੰਟ।

**ਮਾਨਯੋਗ ਸਪੀਕਰ:** ਤੁਸੀਂ ਇੱਕ ਮਿੰਟ ਬਾਅਦ ਬੋਲ ਲੈਣਾ।

**ਸ਼੍ਰੀ ਸੋਮ ਪ੍ਰਕਾਸ਼:** ਸਰ, ਇੱਕ ਮਿੰਟ ਜੀ....

**ਮਾਨਯੋਗ ਸਪੀਕਰ:** ਵੜਿੰਗ ਜੀ ਨੂੰ ਬੋਲ ਲੈਣ ਦਿਉ। ਸੋਮ ਪ੍ਰਕਾਸ਼ ਜੀ, ਤੁਸੀਂ ਵੀ ਵਿੱਚ ਹੀ ਬੋਲ ਰਹੇ ਹੋ, ਤੁਸੀਂ ਆਪਣੀ ਗੱਲ ਪਹਿਲਾਂ ਕਰ ਚੁੱਕੇ ਹੋ। ਹਾਂ ਜੀ, ਵੜਿੰਗ ਸਾਹਿਬ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਪੀਕਰ ਸਾਹਿਬ, ਇਹ ਰੀਤੀ ਰਿਵਾਜ਼ ਦੁਬਾਰਾ ਚਲਾਏ ਜਾ ਰਹੇ ਹਨ। ਅੱਜ ਪੰਜਾਬ ਦੇ ਅੰਦਰ ਨਾ ਕੋਈ ਇਹ ਸਮਝਦਾ ਹੈ ਕਿ ਇਹ ਹਿੰਦੂ ਹੈ, ਨਾ ਕੋਈ ਇਹ ਸਮਝਦਾ ਹੈ ਕਿ ਇਹ ਮੁਸਲਮਾਨ ਹੈ, ਨਾ ਕੋਈ ਇਹ ਸਮਝਦਾ ਹੈ ਕਿ ਇਹ ਦਲਿਤ ਹੈ, ਨਾ ਕੋਈ ਇਹ ਸਮਝਦਾ ਹੈ ਕਿ ਇਹ ਪੱਕਾ ਸਿੱਖ ਹੈ। ਜਿਹੜੀ ਨਵੀਂ ਗੱਲ ਤੁਸੀਂ ਕਰਦੇ ਹੋ ਕਿ ਜਿੱਥੇ ਸ਼ਮਸ਼ਾਨਘਾਟ ਇੱਕ ਹੋ ਜਾਵੇਗਾ, ਉਨ੍ਹਾਂ ਨੂੰ 5 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾਵੇਗੀ, ਇਹ ਚੰਗਾ ਹੋਇਆ ਕਿ 5 ਲੱਖ ਰੁਪਏ ਦੀ ਗ੍ਰਾਂਟ ਵਾਲਾ ਮਤਾ ਮਨਜ਼ੂਰ ਨਹੀਂ ਕੀਤਾ ਗਿਆ। ਇੱਥੇ ਰੋਜ਼ੀ ਬਰਕੰਦੀ ਜੀ (ਸਰਦਾਰ ਕੰਵਰਜੀਤ ਸਿੰਘ) ਬੈਠੇ ਹਨ ਜੋ ਕਿ ਮੁਕਤਸਰ ਜ਼ਿਲ੍ਹੇ ਨਾਲ ਸਬੰਧਿਤ ਹਨ। ਅੱਜ ਤਕਰੀਬਨ ਸਾਰੇ ਪਿੰਡਾਂ ਵਿੱਚ ਇੱਕ ਹੀ ਸ਼ਮਸ਼ਾਨਘਾਟ ਹੈ ਜਿੱਥੇ ਅਸੀਂ ਅੰਤਿਮ-ਸੰਸਕਾਰ ਕਰਦੇ ਹਾਂ। ਨਵੀਆਂ ਗੱਲਾਂ, ਨਵੀਂ ਪਿਰਤ, ਨਵਾਂ ਫਰਕ ਕਿ ਉਨ੍ਹਾਂ ਨੂੰ 5 ਲੱਖ ਰੁਪਿਆ ਦਿੱਤਾ ਜਾਵੇਗਾ, ਸਪੀਕਰ ਸਾਹਿਬ, ਐਸੀ ਕੋਈ ਗੱਲ ਪਿੰਡਾਂ ਵਿਚ ਨਹੀਂ ਹੈ। ਮੇਰੀ ਬੇਨਤੀ ਹੈ ਕਿ ਸਾਨੂੰ ਰੋਲ-ਮਾਡਲ ਬਣਨਾ ਚਾਹੀਦਾ ਹੈ। ਇਹ ਮਤਾ ਜਿਹੜਾ ਲਿਆਂਦਾ ਗਿਆ ਹੈ, ਇਸ ਬਾਰੇ ਮੈਂ ਕਾਫੀ ਦੇਰ ਦਾ ਸੋਚ ਰਿਹਾ ਸੀ ਪਰ ਮੈਂ ਬੋਲਿਆ ਨਹੀਂ। ਅਸੀਂ ਪੰਡਿਤਾਂ ਕੋਲ ਜਾਂਦੇ ਹਾਂ, ਅਸੀਂ ਨਗ ਖਰੀਦਦੇ ਹਾਂ,

ਸੋਮ ਪ੍ਰਕਾਸ਼ ਜੀ ਨੇ ਵੀ ਪਾਇਆ ਹੈ। ਉਹ ਪੰਡਿਤ ਸਾਨੂੰ ਨਗ ਦਿੰਦਾ ਹੈ ਅਤੇ ਦੋ ਫੋਟੋਆਂ ਸਾਡੇ ਨਾਲ ਖਿਚਵਾਉਂਦਾ ਹੈ। ਫਿਰ ਜਿਹੜੀ ਗਰੀਬ ਜਨਤਾ ਹੈ, ਉਹ ਵੀ ਵੇਖਦੀ ਹੈ ਕਿ ਸੋਮ ਪ੍ਰਕਾਸ਼ ਜੀ ਦਾ ਕਲਿਆਣ ਹੋ ਗਿਆ। ਪਹਿਲਾਂ ਆਈ.ਏ.ਐਸ. ਰਹੇ ਹਨ ਅਤੇ ਹੁਣ ਐਮ.ਐਲ.ਏ. ਬਣ ਗਏ, ਆਪਾਂ ਵੀ ਚੱਲੀਏ। ਉਨ੍ਹਾਂ ਪੰਡਿਤਾਂ ਦਾ ਕੰਮ ਇੱਥੋਂ ਚੱਲਦਾ ਹੈ। ਸਾਨੂੰ ਇਹ ਮਤਾ ਲਿਆਉਣ ਤੋਂ ਪਹਿਲਾਂ ਸਦਨ ਦੇ ਸਾਰੇ ਮੈਂਬਰਾਂ ਨੂੰ ਇੱਥੇ ਸਹੁੰ ਚੁੱਕਣੀ ਚਾਹੀਦੀ ਹੈ ਕਿ ਨਾ ਪੰਡਿਤ ਕੋਲ, ਨਾ ਨਗ ਵਾਲੇ ਕੋਲ ਜਾਵਾਂਗੇ। ਸੋਮ ਪ੍ਰਕਾਸ਼ ਜੀ, ਜਿਹੜਾ ਤੁਸੀਂ ਪਾਇਆ ਹੈ, ਪਹਿਲਾਂ ਇਹ ਹੁਣੇ ਲਾਹ ਕੇ ਸੁੱਟੋ।(ਵਿਘਨ..ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸ਼੍ਰੀ ਐਨ.ਕੇ. ਸ਼ਰਮਾ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਸ਼੍ਰੀ ਸੋਮ ਪ੍ਰਕਾਸ਼ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ।)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸ਼ਰਮਾ ਜੀ, ਮੈਂ ਮੁਆਫੀ ਮੰਗਦਾ ਹਾਂ, ਪੰਡਿਤ ਜਾਂ ਡੇਰਾ ਜੋ ਵੀ ਹੈ। (ਵਿਘਨ..ਸ਼ੋਰ) ਇਕ ਮਿੰਟ ਸ਼ਰਮਾ ਜੀ, ਪਲੀਜ਼। ਮੇਰੇ ਕਹਿਣ ਦਾ ਮਤਲਬ ਸਾਨੂੰ ਰੋਲ ਮਾਡਲ ਬਣਨਾ ਚਾਹੀਦਾ ਹੈ ਜੇਕਰ ਅਸੀਂ ਵੋਟਾਂ ਲੈਣ ਦੇ ਚੱਕਰ ਵਿੱਚ ਕੋਈ ਇਸ ਤਰ੍ਹਾਂ ਦੇ ਕੰਮ ਕਰਾਂਗੇ ਤਾਂ ਆਮ ਜਨਤਾ ਸਾਨੂੰ ਦੇਖ ਕੇ ਉਤਸ਼ਾਹਤ ਹੁੰਦੀ ਹੈ ਅਤੇ ਉਹ ਇਨ੍ਹਾਂ ਕੰਮਾਂ ਵਿੱਚ ਪੈਂਦੀ ਹੈ। ਆਓ ਅਸੀਂ ਰਲ-ਮਿਲ ਕੇ ਸਦਨ ਵਿੱਚ ਇਸ ਗੱਲ ਦੀ ਸਹੁੰ ਚੁੱਕੀਏ (ਵਿਘਨ..ਸ਼ੋਰ) ਕਿ ਨਾ ਵੋਟਾਂ ਲੈਣ ਪਿੱਛੇ ਅਤੇ ਨਾ ਹੋਰ ਨਗਾਂ ਦੇ ਪਿੱਛੇ ਜਾਵਾਂਗੇ, ਫਿਰ ਹੀ ਮਤਾ ਲਿਆਉਣ ਦੀ ਕੋਸ਼ਿਸ਼ ਕਰੋ। ਇਹ ਗੱਲ ਬਿਲਕੁਲ ਨਾ ਕਰੋ ਕਿ ਸ਼ਮਸ਼ਾਨਘਾਟ ਇੱਕ ਹੋਵੇ, ਸ਼ਮਸ਼ਾਨਘਾਟ ਪਹਿਲਾਂ ਹੀ ਇੱਕ ਹਨ।(ਵਿਘਨ..ਸ਼ੋਰ) ਕੋਈ ਵੀ ਦਲਿਤ ਭਰਾ ਕਿਤੇ ਵੀ ਜਾ ਕੇ ਆਪਣੇ ਪਰਿਵਾਰ ਦੇ ਜੀਅ ਦਾ ਅੰਤਿਮ ਸਸਕਾਰ ਕਰ ਸਕਦਾ ਹੈ। ਇਹ ਪੰਜਾਬ ਦੀ ਸੱਭਿਅਤਾ ਹੈ, ਕੋਈ ਵੀ ਰੋਕਥਾਮ ਨਹੀਂ ਹੈ। ਇਹ ਤਾਂ ਹੋ ਸਕਦਾ ਹੈ ਜੇਕਰ ਕਿਸੇ ਪਿੰਡ ਨੇ ਆਪਣਾ ਵੱਖਰਾ ਸ਼ਮਸ਼ਾਨਘਾਟ ਬਣਾਇਆ ਹੋਵੇ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸ਼੍ਰੀ ਐਨ. ਕੇ ਸ਼ਰਮਾ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਸ਼੍ਰੀ ਸੋਮ ਪ੍ਰਕਾਸ਼ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ।)

**ਮਾਨਯੋਗ ਸਪੀਕਰ :** ਸੋਮ ਪ੍ਰਕਾਸ਼ ਜੀ ਬੋਲ ਰਹੇ ਸੀ.... ਸੋਮ ਪ੍ਰਕਾਸ਼ ਜੀ ਬੋਲ ਰਹੇ ਸੀ.... ਸ਼ਰਮਾ ਜੀ, ਤੁਸੀਂ ਬੈਠ ਜਾਓ।

**ਸ਼੍ਰੀ ਸੋਮ ਪ੍ਰਕਾਸ਼:** ਸਰ, ਇਹ ਬਿਲਕੁਲ ਗਲਤ ਗੱਲ ਕਰ ਰਹੇ ਹਨ ਕਿ ਸਾਰੇ ਪੰਜਾਬ ਦੇ ਸ਼ਮਸ਼ਾਨਘਾਟ ਇੱਕ ਹਨ। ਪਿੱਛੇ ਜਿਹੇ ਬਟਾਲੇ ਦੀ ਇੱਕ ਖਬਰ ਆਈ ਸੀ। ਸ਼ਮਸ਼ਾਨਘਾਟ ਵਿੱਚ ਸਸਕਾਰ ਕਰਨ ਗਏ, ਉਹ ਸਿੱਖ, ਸਰਦਾਰ ਸਨ। ਜਦੋਂ ਸ਼ਮਸ਼ਾਨਘਾਟ ਵਿੱਚ ਲੈ ਕੇ ਗਏ ਤਾਂ ਅੱਗੋਂ ਉਨ੍ਹਾਂ ਨੂੰ ਕਹਿਣ ਲੱਗੇ ਕਿ ਇੱਥੇ ਸਸਕਾਰ ਨਹੀਂ ਕਰਨ ਦਿੱਤਾ ਜਾਵੇਗਾ ਕਿਉਂਕਿ ਇਹ ਐਸ.ਸੀ. ਹੈ, ਮਜ਼੍ਹਬੀ ਸਿੱਖ ਹੈ। ਉਸ ਦਾ ਸਸਕਾਰ ਦੂਸਰੀ ਜਗ੍ਹਾ ਤੇ ਜਾ ਕੇ ਕਰਵਾਇਆ ਗਿਆ ਲੇਕਿਨ ਤੁਸੀਂ ਕਹਿੰਦੇ ਹੋ ਕਿ ਇਸ ਤਰ੍ਹਾਂ ਨਹੀਂ ਹੈ। ਤੁਸੀਂ ਪਹਿਲਾਂ ਘੁੰਮ ਕੇ ਵੇਖੋ ਅਤੇ ਆਪਣੀ ਨਾਲੇਜ ਵਾਈਡ ਕਰੋ। ਤੁਸੀਂ ਮੇਰੇ ਨਾਲ ਚੱਲੋ ਅਤੇ ਦੱਸੋ ਕਿ ਕਿਹੜਾ ਪਿੰਡ ਹੈ ਜਿੱਥੇ ਇੱਕੋ ਹੀ ਸ਼ਮਸ਼ਾਨਘਾਟ ਹੈ?

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਉਨ੍ਹਾਂ ਬੰਦਿਆਂ ਤੇ ਪਰਚਾ ਦਰਜ ਕਰਵਾਉਣਾ ਚਾਹੀਦਾ ਸੀ ਜਿਨ੍ਹਾਂ ਨੇ ਅੰਤਿਮ ਸਸਕਾਰ ਨਹੀਂ ਹੋਣ ਦਿੱਤਾ ਸੀ। ਤੁਸੀਂ ਆਪਣੀ ਡਿਊਟੀ ਤੋਂ ਕੁਤਾਹੀ ਵਰਤੀ ਹੈ। ਅਗਰ ਗਿੱਦੜਬਾਹਾ ਹਲਕੇ ਦੇ ਅੰਦਰ ਕਿਸੇ ਦਲਿਤ ਭਰਾ ਨੂੰ ਕੋਈ ਜ਼ਿਮੀਂਦਾਰ, ਜੱਟ ਜਾਂ ਹੋਰ ਕਿਸੇ ਜਾਤੀ ਦਾ ਵਿਅਕਤੀ ਅੰਤਿਮ ਸਸਕਾਰ ਨਹੀਂ ਕਰਨ ਦੇਵੇਗਾ, ਇਹ ਰਾਜਾ ਵੜਿੰਗ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਲੜਾਈ ਲੜੇ ਅਤੇ ਉਨ੍ਹਾਂ ਤੇ ਪਰਚਾ ਹੋਣਾ ਚਾਹੀਦਾ ਸੀ। ਸ਼ਮਸ਼ਾਨਘਾਟ ਸਭ ਦੇ ਸਾਂਝੇ ਹਨ, ਬਿਲਕੁਲ ਜਾਤ-ਪਾਤ ਦਾ ਕੋਈ ਫਰਕ ਨਹੀਂ ਹੈ। ਜੇ ਕਿਸੇ ਇੱਕ ਪਿੰਡ ਨੇ ਅਜਿਹੀ ਗਲਤੀ ਕੀਤੀ ਹੈ ਤਾਂ ਤੁਹਾਨੂੰ ਲੜਾਈ ਲੜਨੀ ਚਾਹੀਦੀ ਸੀ, ਪਰਚਾ ਦਰਜ ਹੋਣਾ ਚਾਹੀਦਾ ਸੀ।

**ਸ਼੍ਰੀ ਸੋਮ ਪ੍ਰਕਾਸ਼:** ਮੇਰੀ ਬੇਨਤੀ ਹੈ, ਤੁਸੀਂ ਐਵੇਂ ਚੈਂਪੀਅਨ ਨਾ ਬਣੋ। ਮੇਰੀ ਬੇਨਤੀ ਸੁਣ ਲਓ।

**ਮਾਨਯੋਗ ਸਪੀਕਰ:** ਕਾਂਗੜ ਸਾਹਿਬ, ਕੁਝ ਕਹਿਣਾ ਚਾਹੁੰਦੇ ਹਨ? ਸੋਮ ਪ੍ਰਕਾਸ਼ ਜੀ, ਉਨ੍ਹਾਂ ਨੂੰ ਬੋਲ ਲੈਣ ਦਿਉ।

**ਊਰਜਾ ਮੰਤਰੀ (ਸਰਦਾਰ ਗੁਰਪ੍ਰੀਤ ਸਿੰਘ ਕਾਂਗੜ):** ਸਪੀਕਰ ਸਾਹਿਬ, ਬੜੀ ਡਿਸਕਸ਼ਨ ਹੋ ਰਹੀ ਹੈ ਪਰ ਹਰੇਕ ਮੈਂਬਰ ਦੇ ਦਿਮਾਗ ਉੱਤੇ ਬੋਝ ਹੈ। ਲੰਮੇ ਸਮੇਂ ਤੋਂ ਡਿਸਕਸ਼ਨ ਹੋ ਰਹੀ ਹੈ, ਸ਼੍ਰੀ ਐਨ.ਕੇ. ਸ਼ਰਮਾ ਜੀ ਅਤੇ ਸਰਦਾਰ ਕੁਲਜੀਤ ਸਿੰਘ ਨਾਗਰਾ ਜੀ ਦੀ ਆਪਸ ਵਿੱਚ ਕਾਫੀ ਡਿਸਕਸ਼ਨ ਹੋਈ ਹੈ। ਇਨਕੁਆਇਰੀ ਲਈ ਮਤਾ ਵੀ ਪਾਸ ਕਰ ਦਿੱਤਾ ਗਿਆ ਹੈ ਕਿ ਇਨ੍ਹਾਂ ਦੀਆਂ ਪ੍ਰਾਪਰਟੀਜ਼ ਦੀ ਇਨਕੁਆਇਰੀ ਕੀਤੀ ਜਾਵੇ। ਮੈਂ ਆਪਣੇ ਵੱਲੋਂ ਤੁਹਾਡੇ ਜ਼ਰੀਏ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਸ਼ਰਮਾ ਜੀ ਅਤੇ ਨਾਗਰਾ ਸਾਹਿਬ ਦੀ ਪ੍ਰਾਪਰਟੀ ਦੀ ਇਨਕੁਆਰੀ ਹੋ ਰਹੀ ਹੈ ਤਾਂ ਯੂਨਾਨੀਮਸਲੀ ਇੱਕ ਇਨਕੁਆਇਰੀ

ਸਰਦਾਰ ਮਨਪ੍ਰੀਤ ਸਿੰਘ ਬਾਦਲ ਅਤੇ ਸਰਦਾਰ ਸੁਖਬੀਰ ਸਿੰਘ ਬਾਦਲ ਜੀ ਦੀ ਪ੍ਰਾਪਰਟੀ ਦੀ ਵੀ ਕਰਵਾ ਦੇਈਏ।(ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਹ ਸਭ ਬੜੇ ਧਿਆਨ ਨਾਲ ਦੇਖ ਕੇ ਕੀਤਾ ਜਾਵੇ ਤਾਂ ਜੋ ਸਾਰਾ ਕੁਝ ਪਤਾ ਲੱਗ ਸਕੇ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਹਾਜ਼ਰ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ:** ਬੈਠੋ ਜੀ।(ਵਿਘਨ, ਸ਼ੋਰ) ਗੁਰਪ੍ਰਤਾਪ ਵਡਾਲਾ ਜੀ ਪਹਿਲਾਂ ਦੇ ਖੜ੍ਹੇ ਹਨ। ਗੁਰਪ੍ਰਤਾਪ ਵਡਾਲਾ ਜੀ ਦਾ ਮਾਈਕ ਖੋਲ੍ਹੋ ਜੀ.... ਮਾਈਕ ਖੋਲ੍ਹੋ। (ਵਿਘਨ, ਸ਼ੋਰ) ਮੈਂ ਸਾਰੇ ਸਦਨ ਨੂੰ ਪ੍ਰਾਰਥਨਾ ਕਰਦਾ ਹਾਂ ਕਿ ਇਸ ਨੂੰ ਨਿੱਜੀ ਨਾ ਬਣਾਓ, ਡਿਸਕਸ਼ਨ ਚੱਲ ਰਹੀ ਹੈ, ਇਸ ਨੂੰ ਪਲੀਜ਼ ਚੱਲਣ ਦਿਓ।ਹਾਂ ਜੀ, ਸਰਦਾਰ ਗੁਰਪ੍ਰਤਾਪ ਵਡਾਲਾ ਜੀ।(ਵਿਘਨ, ਸ਼ੋਰ)

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ (ਨਕੋਦਰ):** ਸਪੀਕਰ ਸਾਹਿਬ, ਜਿਹੜਾ ਸਾਡੇ ਸਤਿਕਾਰਯੋਗ ਮੈਂਬਰ ਸ਼੍ਰੀ ਸੋਮ ਪ੍ਰਕਾਸ਼ ਜੀ ਨੇ ਮਤਾ ਲਿਆਂਦਾ ਹੈ, ਉਹ ਬੜਾ ਇੰਪਾਰਟੈਂਟ ਮਤਾ ਹੈ। ਬ੍ਰਹਮ ਮਹਿੰਦਰਾ ਜੀ is such a seasoned and old hand politician of Punjab. ਆਪਣਾ ਹਾਊਸ ਵਹਿਮਾਂ-ਭਰਮਾਂ superstition, black magic ਤਾਂਤਰਿਕ ਅਤੇ ਹੋਰ ਸਾਧੂ ਜਿਹੜੇ ਪਾਖੰਡ ਕਰਦੇ ਹਨ, ਉਨ੍ਹਾਂ ਬਾਰੇ ਵਿਚਾਰ ਕਰ ਰਿਹਾ ਹੈ ਪਰ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਆਪਾਂ ਕਿਹੜੇ ਰਸਤੇ ਵੱਲ ਤੁਰ ਪਏ ਹਾਂ। ਅਸੀਂ ਤੁਹਾਨੂੰ ਸਾਰਿਆਂ ਨੂੰ ਬੇਨਤੀ ਕਰਦੇ ਹਾਂ ਕਿ ਤੁਹਾਡੇ ਕੋਲ ਬੜੀ brute majority ਹੈ। ਤੁਸੀਂ ਆਪਣੀ ਇੰਨੀ ਮੈਜਾਰਿਟੀ ਨੂੰ ਦੇਖਦੇ ਹੋਏ, ਜਿਹੜਾ ਇੱਧਰਲਾ ਪੱਖ ਹੈ, ਉਸ ਨੂੰ suppress ਕਰਨ ਦੀ ਕੋਸ਼ਿਸ਼ ਨਾ ਕਰੀਏ। ਇਹ ਜਿਹੜਾ ਸੋਮ ਪ੍ਰਕਾਸ਼ ਜੀ ਨੇ ਮਤਾ ਲਿਆਂਦਾ ਹੈ, ਜੇਕਰ ਆਪਾਂ ਸਾਰੇ ਆਪਣੇ ਅੰਦਰ ਘੋਖ ਕਰੀਏ, ਆਪਣੀ conscience ਨੂੰ ਪੁੱਛੀਏ ਤਾਂ ਸਾਰੇ ਹੀ ਇਸ ਮਤੇ ਦੀ support ਕਰਨਗੇ। ਠੀਕ ਹੈ ਕਿ CrPC, IPC ਵਿੱਚ ਬੜਾ ਕੁਝ ਆਲਰੇਡੀ ਹੈ, ਇਸ ਵਿੱਚ ਵਿਧਾਨਕ ਸੋਧ ਦੀ ਕੋਈ ਲੋੜ ਨਹੀਂ ਹੈ ਪਰ ਸਭ ਤੋਂ ਵੱਡੀ ਗੱਲ ਇਹ ਹੈ ਕਿ ਅੱਜ ਆਪਾਂ ਪੰਜਾਬ ਨੂੰ ਕੀ ਸੁਨੇਹਾ ਦੇਣ ਜਾ ਰਹੇ ਹਾਂ? ਇਹ ਜਿਹੜੇ ਵਹਿਮ-ਭਰਮ, ਪਾਖੰਡ ਹਨ, ਜਿਨ੍ਹਾਂ ਨਾਲ ਸਮਾਜ ਨੂੰ ਬਹੁਤ ਖਤਰਾ ਅਤੇ ਨੁਕਸਾਨ ਵੀ ਹੁੰਦਾ ਹੈ ਜੇਕਰ ਆਪਾਂ ਇਨ੍ਹਾਂ ਵਹਿਮਾਂ-ਭਰਮਾਂ ਨੂੰ ਰੋਕ ਸਕਾਂਗੇ ਤਾਂ ਹੀ ਵਧੀਆ ਰੋਲ ਅਦਾ ਕਰ ਸਕਾਂਗੇ ਲੇਕਿਨ ਇਸ ਨੂੰ ਆਪਾਂ ਪਹਿਲਾਂ ਹੀ ਧਾਰਮਿਕ ਅਖਾੜਾ ਬਣਾ ਲਿਆ। ਬਿਲਕੁਲ ਠੀਕ, Mr. Raja Ji or whoever said it ਕਿ ਆਪਾਂ ਸਾਰੇ ਬਰਾਬਰ ਹਾਂ। ਅਸੀਂ ਹਿੰਦੂ, ਸਿੱਖ, ਇਸਾਈ, ਜੈਨੀ, ਮੁਸਲਮਾਨ, ਬੋਧੀ ਸਾਰਿਆਂ ਦਾ ਸਤਿਕਾਰ

ਕਰਦੇ ਹਾਂ, ਕੋਈ ਫਰਕ ਨਹੀਂ ਹੈ। ਜਦੋਂ ਦਸ਼ਮੇਸ਼ ਪਿਤਾ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ, ਉਸ ਸਮੇਂ ਜਾਤ-ਪਾਤ ਦਾ ਅੰਧ-ਵਿਸ਼ਵਾਸ ਹੀ ਖਤਮ ਕਰ ਦਿੱਤਾ ਸੀ। ਫਿਰ ਆਪਾਂ ਧਰਮ ਦਾ ਨਾਂ ਵਿੱਚ ਕਿਉਂ ਲਿਆਂਦੇ ਹਾਂ? ਸਰਦਾਰ ਕੁਲਜੀਤ ਸਿੰਘ ਨਾਗਰਾ ਜੀ ਨੂੰ ਵੀ ਚਾਹੀਦਾ ਹੈ ਕਿ ਥੋੜ੍ਹਾ ਜਿਹਾ ਸੰਜਮ ਨਾਲ ਗੱਲ ਕਰਨ। Why are we in slanging match against each other? ਠੀਕ ਹੈ, ਪ੍ਰਾਪਰਟੀਜ਼ ਸਭ ਦੀਆਂ ਆਪਣੀਆਂ-ਆਪਣੀਆਂ ਹਨ ਪਰ ਜਦੋਂ ਇਸ ਸਬੰਧੀ ਇਸ਼ੂ ਆਵੇਗਾ, ਉਸ ਵੇਲੇ ਹੀ ਆਪਾਂ ਨੂੰ ਪ੍ਰਾਪਰਟੀਜ਼ ਦੇ ਇਸ਼ੂ ਨੂੰ ਟੇਕਅੱਪ ਕਰਨਾ ਚਾਹੀਦਾ ਹੈ। ਸੋਮ ਪ੍ਰਕਾਸ਼ ਜੀ ਮਤਾ ਲੈ ਕੇ ਆਏ ਹਨ, ਕਿਉਂਕਿ ਇਨ੍ਹਾਂ ਦੇ ਸਾਹਮਣੇ ਇੰਸੀਡੈਂਸ ਆਇਆ ਹੈ, ਜਿਹੜੀ ਭਾਵਨਾ ਨਾਲ ਉਹ ਇਹ ਮਤਾ ਲੈ ਕੇ ਆਏ ਹਨ, ਉਸੀ ਭਾਵਨਾ ਨਾਲ ਬਹਿਸ ਹੋਣੀ ਚਾਹੀਦੀ ਹੈ। ਮੈਂ ਸਮਝਦਾ ਹਾਂ ਕਿ ਇਹ ਸਾਰਿਆਂ ਵਾਸਤੇ ਹੀ ਚੰਗਾ ਮਤਾ ਹੈ। ਸਾਰਿਆਂ ਦੀ ਬਿਹਤਰੀ ਲਈ ਹੈ। ਪੰਜਾਬ ਅਤੇ ਸਮਾਜ ਵਾਸਤੇ ਇਸ ਮਤੇ ਨਾਲ ਚੰਗੇ ਸਿੱਟੇ ਨਿਕਲਣਗੇ ਤੇ ਆਪਾਂ ਸਾਰੇ ਇਸ ਨੂੰ ਸਰਬਸੰਮਤੀ ਨਾਲ ਪਾਸ ਕਰੀਏ।

ਸਪੀਕਰ ਸਾਹਿਬ, ਬਹੁਤ ਪੁਰਾਣੇ ਸਮਿਆਂ ਤੋਂ ਲੈ ਕੇ ਹੁਣ ਤੱਕ ਜੇਕਰ ਦੇਖਿਆ ਜਾਵੇ ਤਾਂ ਹਿਸਟਰੀ ਇਹ ਦੱਸਦੀ ਹੈ ਕਿ ਸਮੇਂ-ਸਮੇਂ ਸਿਰ ਕਾਨੂੰਨ ਦੀ ਸੋਧ ਹੁੰਦੀ ਰਹੀ ਹੈ। ਜਿਹੜੇ ਸੁਸਾਇਟੀ ਵਾਸਤੇ ਲੋੜੀਂਦੇ ਕੰਮਕਾਜ ਹਨ, ਉਹ ਆਪਾਂ ਕਰਦੇ ਵੀ ਰਹੇ ਹਾਂ। ਕੋਈ ਇਹ ਗੱਲ ਨਹੀਂ ਕਿ ਕਾਨੂੰਨ ਹੁਣ ਚੇਂਜ ਨਹੀਂ ਹੋ ਸਕਦਾ। ਜੇਕਰ ਆਪਾਂ ਇਹ ਕਹੀਏ ਕਿ ਇਹ ਨਗ ਕਿਸ ਨੇ ਪਾਇਆ ਹੈ, ਇਹ ਗਾਂਨਾ ਕਿਸ ਨੇ ਪਾਇਆ ਹੈ, Speaker Sahib, this is a question of your personal faith, ਇਹ ਤੁਹਾਡਾ ਪਰਸਨਲ ਫੇਥ ਹੈ। ਜੇ ਕੋਈ ਔਲਾਦ ਦੀ ਗੱਲ ਕਰਕੇ ਤਾਂਤਰਿਕਾਂ ਕੋਲ ਜਾਂਦਾ ਹੈ ਜਾਂ ਕੋਈ ਕਿਸੇ ਨਾਲ ਧੋਖਾ ਕਰਦਾ ਹੈ, ਬੀਬੀ ਮਾਣੂਕੇ ਜੀ ਨੇ ਬਹੁਤ ਵਧੀਆ ਗੱਲ ਆਖੀ ਹੈ ਕਿ ਜੇ ਬੀਬੀਆਂ ਨਾਲ ਖਿਲਵਾੜ ਹੁੰਦਾ ਹੈ, ਬੀਬੀਆਂ ਦਾ ਸ਼ੋਸ਼ਣ ਹੁੰਦਾ ਹੈ ਤਾਂ ਕਿਉਂ ਨਹੀਂ ਆਪਾਂ ਇਸ ਵਾਸਤੇ ਆਵਾਜ਼ ਬੁਲੰਦ ਕਰ ਸਕਦੇ? Why not? ਇਹ ਹੋਣਾ ਚਾਹੀਦਾ ਹੈ, ਆਪਾਂ ਨੂੰ ਇਹ ਮੰਨਣਾ ਚਾਹੀਦਾ ਹੈ। ਠੀਕ ਹੈ ਮਹਾਰਾਸ਼ਟਰ, ਗੁਜਰਾਤ, ਬਿਹਾਰ, every state has its own situation and own background ਪਰ ਪੰਜਾਬ ਦੇ ਵਿਚ ਅਗਰ ਇਹ ਕਿਤੇ ਹੁੰਦਾ ਹੈ ਤਾਂ ਆਪਾਂ ਨੂੰ ਇਸ ਦਾ ਧਿਆਨ ਕਰਨਾ ਚਾਹੀਦਾ ਹੈ। ਸਭ ਨੂੰ ਇਸ ਮਤੇ ਦੀ ਪ੍ਰੋੜਤਾ ਕਰਨੀ ਚਾਹੀਦੀ ਹੈ।

ਸਪੀਕਰ ਸਾਹਿਬ, ਸਭ ਤੋਂ ਵੱਡੀ ਗੱਲ, ਇੱਥੇ ਬੜੇ ਵੱਡੇ-ਵੱਡੇ ਧਾਰਮਿਕ ਪੁਰਸ਼ ਗਿੱਲ ਸਾਹਿਬ, ਸਰਦਾਰ ਕੁਲਤਾਰ ਸਿੰਘ ਜੀ, ਇਹ ਅੰਮ੍ਰਿਤਧਾਰੀ ਹਨ, ਇਹ ਇੱਥੇ

ਬੈਠੇ ਹਨ। ਇਹ ਗੁਰੂ ਘਰ ਦੇ ਬੜੇ ਸ਼ਰਧਾਲੂ ਹਨ। ਇੱਥੇ ਗੁਰਮਤ ਦੀ ਗੱਲ ਹੋਈ, ਗੁਰਬਾਣੀ ਦੀ ਗੱਲ ਹੋਈ। ਅਗਰ ਆਪਾਂ ਸਿੱਖ ਇਤਿਹਾਸ ਦੇਖੀਏ ਤਾਂ ਪਹਿਲੇ ਗੁਰੂ ਸਾਹਿਬਾਨ ਤੋਂ ਲੈ ਕੇ ਦਸਵੇਂ ਪਿਤਾ ਦਸਮੇਸ਼ ਜੀ ਤੱਕ ਬਹੁਤ ਵਾਰ ਇਸ ਤਰ੍ਹਾਂ ਦਾ ਸਮਾਂ ਆਇਆ, ਜਦੋਂ ਗੁਰੂ ਨਾਨਕ ਦੇਵ ਜੀ ਨੇ ਵੀ ਕਰਾਮਾਤ ਕਰਨ ਤੋਂ ਇਨਕਾਰ ਕਰ ਦਿੱਤਾ। ਇਹ ਕਰਾਮਾਤੀ ਬਾਬੇ ਜਿਨ੍ਹਾਂ ਦੀ ਆਪਾਂ ਗੱਲ ਕਰ ਰਹੇ ਹਾਂ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਇਸ ਨੂੰ ਕਹਿਰ ਦਾ ਦਰਜਾ ਦਿੱਤਾ ਸੀ। ਆਪਾਂ ਬਾਬਾ ਅਟੱਲ ਰਾਏ ਜੀ ਦਾ ਇਤਿਹਾਸ ਜਾਣਦੇ ਹਾਂ। ਜਦੋਂ ਬਾਬਾ ਅਟੱਲ ਰਾਏ ਜੀ ਨੇ ਕਰਾਮਾਤ ਕਰਕੇ ਦਿਖਾਈ ਤਾਂ ਛੇਵੇਂ ਪਾਤਸ਼ਾਹ ਜੀ ਨੇ ਆਖਿਆ ਸੀ ਕਿ ਜਾਂ ਤਾਂ ਤੁਹਾਨੂੰ ਚੋਲਾ ਛੱਡਣਾ ਪਵੇਗਾ ਜਾਂ ਮੈਂ ਚੋਲਾ ਤਿਆਗਾਂਗਾ। ਫਿਰ ਬਾਬਾ ਅਟੱਲ ਰਾਏ ਜੀ ਨੇ ਚੋਲਾ ਛੱਡਿਆ। ਜਦੋਂ ਬਹਾਦਰ ਸ਼ਾਹ ਦਾ ਦਰਬਾਰ ਲੱਗਿਆ ਸੀ, ਉਸ ਨੇ ਅਤੇ ਦਰਬਾਰੀਆਂ ਨੇ ਦਸ਼ਮੇਸ਼ ਪਿਤਾ ਜੀ ਨੂੰ ਕਿਹਾ ਕਿ ਜੇ ਤੁਸੀਂ ਆਪਣੇ ਆਪ ਨੂੰ ਗੁਰੂ ਅਖਵਾਉਂਦੇ ਹੋ ਤਾਂ ਕੋਈ ਕਰਾਮਾਤ ਦਿਖਾਓ। ਗੁਰੂ ਸਾਹਿਬ ਨੇ ਇਨਕਾਰ ਕਰ ਦਿੱਤਾ ਸੀ ਕਿ ਮੈਂ ਕਰਾਮਾਤ ਨਹੀਂ ਦਿਖਾਉਣੀ। ਸ਼੍ਰੀ ਸੋਮ ਪ੍ਰਕਾਸ਼ ਜੀ ਨੇ ਇਹ ਮਤਾ ਲਿਆ ਕੇ ਉਨ੍ਹਾਂ ਕਰਾਮਾਤੀ ਬਾਬਿਆਂ ਦੇ ਖਿਲਾਫ ਗੱਲ ਕੀਤੀ ਹੈ ਪਰ ਆਪਾਂ ਇਹ ਮਜ਼ਾਕ ਵਿਚ ਲੈ ਗਏ। ਮੈਂ ਫਿਰ ਬੇਨਤੀ ਕਰਦਾ ਹਾਂ ਕਿ ਹੁਣ ਐਸ.ਜੀ.ਪੀ.ਸੀ. ਦੀਆਂ ਇਲੈਕਸ਼ਨਾਂ ਹੋਣੀਆਂ ਹਨ। ਹੁਣ ਇੱਥੇ ਫੂਲਕਾ ਸਾਹਿਬ ਨਹੀਂ ਹਨ। ਸਪੀਕਰ ਸਾਹਿਬ, ਮੈਨੂੰ ਮਾਫ ਕਰਨਾ ਮੈਂ ਉਦੋਂ ਗੱਲ ਨਹੀਂ ਕਰ ਸਕਿਆ। ਇਹ ਬੜਾ ਵੈਲਿਡ ਪੁਆਇੰਟ ਹੈ ਜਿਹੜਾ ਸ਼ਰਮਾ ਜੀ ਨੇ, ਟੀਨੂ ਜੀ ਨੇ, ਸੋਮ ਪ੍ਰਕਾਸ਼ ਜੀ ਨੇ, ਰੋਜ਼ੀ ਜੀ ਨੇ ਪੁੱਛਿਆ ਹੈ ਕਿ what is the clear position of Phoolka sahib. ਹਾਊਸ ਇਹ ਜਾਣਨਾ ਚਾਹੁੰਦਾ ਹੈ, ਆਪਾਂ ਸਾਰੇ ਇਹ ਜਾਨਣਾ ਚਾਹੁੰਦੇ ਹਾਂ ਕਿਉਂਕਿ ਰੋਜ਼ ਅਖਬਾਰਾਂ ਵਿਚ ਆਉਂਦਾ ਹੈ। ਇਹ ਤੁਸੀਂ ਕਲੈਰੀਫਾਈ ਕਰ ਸਕਦੇ ਹੋ ਜਾਂ ਫੂਲਕਾ ਜੀ ਕਲੈਰੀਫਾਈ ਕਰ ਸਕਦੇ ਹਨ। ਫੂਲਕਾ ਜੀ ਨੇ ਐਸ.ਜੀ.ਪੀ.ਸੀ. ਦੇ ਹਾਊਸ ਦੇ ਵਿਰੁੱਧ ਸੁਪਰੀਮ ਕੋਰਟ ਵਿਚ ਕੇਸ ਕੀਤਾ ਹੈ ਕਿ ਐਸ.ਜੀ.ਪੀ.ਸੀ ਇਲੈਕਸ਼ਨ ਲੇਟ ਹੋਈ ਹੈ।

**ਮਾਨਯੋਗ ਸਪੀਕਰ :** ਕਿਉਂਕਿ ਇਹ ਸਵਾਲ ਵਾਰ-ਵਾਰ ਪੁੱਛਿਆ ਗਿਆ, ਮੈਂ ਹਾਊਸ ਦੀ ਜਾਣਕਾਰੀ ਵਾਸਤੇ ਦੱਸਣਾ ਚਾਹੁੰਦਾ ਹਾਂ, ਮੈਂ ਤੁਹਾਨੂੰ ਦੱਸਣਾ ਚਾਹਾਂਗਾ ਕਿ ਮੇਰੇ ਮੁਤਾਬਕ ਫੂਲਕਾ ਜੀ ਨੇ ਜਿਹੜਾ ਅਸਤੀਫਾ ਦਿੱਤਾ ਹੈ ਇਹ ਪਰਾਪਰ ਫਾਰਮੈਟ ਵਿਚ ਨਹੀਂ ਹੈ। ਇਸ ਵਾਸਤੇ ਅਸੀਂ 20 ਤਰੀਕ ਵਾਸਤੇ ਉਨ੍ਹਾਂ ਨੂੰ ਨੋਟਿਸ ਦਿੱਤਾ ਹੈ। ਉਹ ਜ਼ੇਰੇ ਗੌਰ ਹੈ, ਅਸੀਂ ਉਸ ਤੇ ਗੌਰ ਕਰਾਂਗੇ। ਕਾਨੂੰਨ ਮੁਤਾਬਕ ਜੋ ਵੀ ਫੈਸਲਾ ਹੋਇਆ ਉਹ ਕੀਤਾ ਜਾਵੇਗਾ। ਸੋ, ਮੈਂ ਐਡ ਕਰਦਾ ਹਾਂ ਕਿ ਜਦ ਤੱਕ ਫੈਸਲਾ ਨਹੀਂ ਹੁੰਦਾ he is very much Member of this August House.

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਇਹ ਗੱਲ ਆਉਂਦੀ ਹੈ ਕਿ is morally he justified to be present in the House? It is moral issue also.

**Mr. Speaker:** It is a different issue, it is a separate issue.

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਅਸੀਂ ਤਾਂ ਇਹ ਗੱਲ ਹਾਊਸ ਸਾਹਮਣੇ ਰੱਖ ਸਕਦੇ ਹਾਂ ਕਿ ਕੀ ਆਪਣੀ ਨੈਤਿਕਤਾ ਦੇ ਆਧਾਰ ਤੇ ਫੂਲਕਾ ਸਾਹਿਬ ਇੱਥੇ ਬੈਠ ਸਕਦੇ ਹਨ? ਠੀਕ ਹੈ ਕਿ ਫੂਲਕਾ ਸਾਹਿਬ ਬੈਠ ਗਏ। ਬਹੁਤ ਵਧੀਆ ਜੀ। Well and Good ਲੇਕਿਨ ਜੋ ਉਨ੍ਹਾਂ ਨੇ ਐਸ.ਜੀ.ਪੀ.ਸੀ. ਦੀ ਗੱਲ ਆਖੀ ਹੈ ਤਾਂ ਅਸੀਂ ਤਿਆਰ ਹਾਂ, ਐਸ.ਜੀ.ਪੀ.ਸੀ. ਦੀਆਂ...(ਵਿਘਨ)

**ਮਾਨਯੋਗ ਸਪੀਕਰ :** ਸੰਧਵਾਂ ਜੀ ਕਾਫੀ ਦੇਰ ਦੇ ਖੜ੍ਹੇ ਹਨ। ਸੰਧਵਾਂ ਜੀ, ਆਪਣੀ ਗੱਲ ਕਹਿ ਲਓ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਮਾਨਯੋਗ ਸਪੀਕਰ ਸਾਹਿਬ, ਬਹੁਤ ਧੰਨਵਾਦ ਜੀ। ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਤੁਹਾਡੀ ਬਹੁਤ ਇੱਜ਼ਤ ਕਰਦਾ ਹਾਂ ਪਰ ਜਿੱਥੋਂ ਤੱਕ ਮੇਰੀ Knowledge ਹੈ ਜਾਂ ਮੈਨੂੰ ਤੁੱਛ ਜਿਹਾ ਗਿਆਨ ਹੈ, ਇਹ ਗੇਟ ਹੈ ਜਾਂ ਜਿਹੜਾ ਉਧਰਲਾ ਗੇਟ ਹੈ, ਉਧਰੋਂ ਅੰਦਰ ਆ ਕੇ ਇਨ੍ਹਾਂ ਸੀਟਾਂ ਤੇ ਕੇਵਲ ਮੈਂਬਰ ਸਾਹਿਬ ਹੀ ਬੈਠਣੇ ਚਾਹੀਦੇ ਹਨ। ਫੂਲਕਾ ਸਾਹਿਬ ਇਸ ਹਾਊਸ ਦੇ ਮੈਂਬਰ ਹਨ। ਉਨ੍ਹਾਂ ਦੀ ਮੈਂਬਰਸ਼ਿਪ ਤੇ question ਕਰਕੇ ਇਨ੍ਹਾਂ ਨੇ ਉਨ੍ਹਾਂ ਦੀ, ਇਕ ਮੈਂਬਰ ਦੀ ਤੌਹੀਨ ਕੀਤੀ ਹੈ। ਇਹ ਮਾਨਯੋਗ ਮੈਂਬਰ ਸਾਹਿਬ ਜਾਂ ਜਿਸ ਤਰ੍ਹਾਂ ਇਨ੍ਹਾਂ ਦੇ ਨਾਲ ਵਾਲਿਆਂ ਨੇ ਦਸ ਸਾਲ ਦਾ ਸਮਾਂ ਖਰਾਬ ਕੀਤਾ ਅਤੇ ਪੰਜਾਬ ਨੂੰ ਲੁੱਟਿਆ, ਇਸੇ ਤਰ੍ਹਾਂ ਇਹ ਹੁਣ ਹਾਊਸ ਦਾ ਸਮਾਂ ਖਰਾਬ ਕਰ ਰਹੇ ਹਨ। ਜਿਹੜੇ ਮਤੇ ਤੇ ਇਨ੍ਹਾਂ ਨੂੰ ਗੱਲ ਕਰਨੀ ਚਾਹੀਦੀ ਹੈ ਉਸ ਤੇ ਤਾਂ ਇਹ ਗੱਲ ਨਹੀਂ ਕਰਦੇ। ਵਹਿਮਾਂ-ਭਰਮਾਂ ਦੀ ਗੱਲ ਚੱਲ ਰਹੀ ਹੈ, ਮੈਨੂੰ ਇਹ ਦੱਸੋ ਆਪਾਂ ਗੱਲਾਂ ਹੀ ਕਰੀ ਜਾਂਦੇ ਹਾਂ। "ਗਲੀ ਜੋਗੁ ਨ ਹੋਈ" ਕੁਝ ਕਰਕੇ ਜਾਉ। ਦੇਖਣ ਵਾਲੀ ਗੱਲ ਹੈ ਕਿ ਕਿਹੜੇ ਮਾਨਯੋਗ ਮੈਂਬਰ ਇੱਥੇ ਆਪਣੇ ਨਗ ਲਾਹ ਕੇ ਜਾਂਦੇ ਹਨ ਫਿਰ ਪਤਾ ਲੱਗੇਗਾ ਕਿ ਇਨ੍ਹਾਂ ਦਾ ਕੰਮ ਠੀਕ ਹੈ।(ਥੰਪਿੰਗ) ਸਪੀਕਰ ਸਾਹਿਬ, ਮੈਂ ਇੱਕ ਗੱਲ ਹੋਰ ਪੁੱਛਣੀ ਚਾਹੁੰਦਾ ਹਾਂ ਕਿ ਇਲੈਕਸ਼ਨ ਤੋਂ ਪਹਿਲਾਂ ਕਿਹੜੇ ਕਿਹੜੇ ਮਾਨਯੋਗ ਮੈਂਬਰ ਆਪਣੇ ਪਿਤਾ ਜੀ ਕੋਲ ਸਿਰਸਾ ਅਸ਼ੀਰਵਾਦ ਲੈਣ ਵਾਸਤੇ ਗਏ ਸੀ ਕਿ ਸਾਨੂੰ ਜਿਤਾਓ ਇਹ ਵੀ ਦੱਸ ਕੇ ਜਾਣ।....(ਵਿਘਨ).... ਮਾਨਯੋਗ ਸਪੀਕਰ ਸਾਹਿਬ, ਪਿੰਡ ਦੇ ਵਿੱਚ ਸਰਪੰਚ ਮਾਡਲ ਹੁੰਦਾ ਹੈ, ਹਲਕੇ ਵਿੱਚ ਐਮ.ਐਲ.ਏ. ਮਾਡਲ ਹੁੰਦਾ ਹੈ, ਸਟੇਟ ਵਿੱਚ ਮੰਤਰੀ ਤੇ ਮੁੱਖ ਮੰਤਰੀ ਮਾਡਲ ਹੁੰਦਾ ਹੈ। ਜੇ ਸਾਡੇ ਮਾਡਲ ਹੀ ਇਸ ਤਰ੍ਹਾਂ ਦੇ ਕੰਮ ਕਰਨਗੇ ਤਾਂ ਫਿਰ ਅਸੀਂ ਵਹਿਮਾਂ ਭਰਮਾਂ ਵਿੱਚੋਂ ਕਿਥੋਂ ਨਿਕਲਾਂਗੇ? ਇਹ ਤਾਂ ਉਥੇ ਜਾ ਕੇ ਸੇਵਾ ਵੀ ਲਵਾ ਆਏ ਸਨ।

**ਮਾਨਯੋਗ ਸਪੀਕਰ :** ਬੈਠ ਜਾਓ ਹੁਣ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਬੜਾ ਮਾਣ ਵਾਲਾ ਕੰਮ ਕੀਤਾ ਹੈ ਜੀ, ਬਹੁਤ ਮਾਣ ਵਾਲਾ ਕੰਮ....(ਵਿਘਨ)...

**ਮਾਨਯੋਗ ਸਪੀਕਰ :** ਵਡਾਲਾ ਜੀ .... ਵਡਾਲਾ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਬਹੁਤ ਮਾਣ ਵਾਲਾ ਕੰਮ ਕੀਤਾ ਹੈ ....(ਵਿਘਨ)... ਬਹੁਤ ਮਾਣ ਵਾਲਾ ਕੰਮ ਕੀਤਾ ਹੈ ....(ਵਿਘਨ)....

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ, ਜਿਹੜੀ ....(ਵਿਘਨ)... ਬਹਿ ਜਾ ਯਾਰ, ਫਿਰ ਗੱਲ ਕਰ ਲੈਣਾ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਬਹੁਤ ਮਾਣ ਵਾਲਾ ਕੰਮ ਕੀਤਾ ਹੈ ...(ਵਿਘਨ)...

**ਮਾਨਯੋਗ ਸਪੀਕਰ :** ਵਡਾਲਾ ਜੀ .... ਵਡਾਲਾ ਜੀ ...(ਵਿਘਨ)...

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਠੀਕ ਹੈ, ਸੰਧਵਾਂ ਸਾਹਿਬ ਨੇ ਬੜੀ ਸਿਆਣੀ ਗੱਲ ਆਖੀ ਹੈ। ਇਹ ਵੀ ਗੁਰਸਿੱਖ ਹਨ, ਅਸੀਂ ਵੀ ਗੁਰਸਿੱਖ ਹਾਂ। ਸਪੀਕਰ ਸਾਹਿਬ, ਕੱਲ੍ਹ ਵੀ ਗੱਲ ਆਈ ਸੀ। ਰਾਜ ਕੁਮਾਰ ਵੇਰਕਾ ਜੀ ਨੇ ਆਖਿਆ.... ਸਪੀਕਰ ਸਾਹਿਬ, ਗੁਰਮਤਿ ਵਿੱਚ, ਸਿੱਖੀ ਵਿੱਚ, ਸਿੱਖ ਇਤਿਹਾਸ ਵਿੱਚ ਹਰ ਗੁਰੂ ਨਾਨਕ ਨਾਮ ਲੇਵਾ ਸੰਗਤ ਦਾ ਇਹ ਫਰਜ਼ ਬਣਦਾ ਹੈ ਕਿ ਜਦ ਮਰਜ਼ੀ ਜਾ ਕੇ, ਅਕਾਲ ਤਖਤ ਸਾਹਿਬ ਤੇ ਪੇਸ਼ ਹੋ ਕੇ ਜਾਂ ਉਥੇ ਹਰਿਮੰਦਰ ਸਾਹਿਬ ਦਰਬਾਰ ਸਾਹਿਬ ਜਾ ਕੇ ਸੇਵਾ ਕਰ ਸਕਦਾ ਹੈ। ਅਗਰ ਇਹ ਸਾਡੀ ਸੇਵਾ ਤੇ ਵੀ ਕੁਐਸਚਨ ਮਾਰਕ ਲਾਉਂਦੇ ਹਨ ਤਾਂ it is very unfortunate, ਇਹ ਬਹੁਤ ਮੰਦਭਾਗਾ ਹੈ।....(ਵਿਘਨ)... ਸੁਣ ਲਵੋ ਜੀ। ਰੰਧਾਵਾ ਸਾਹਿਬ, ਜਦੋਂ ਆਪਾਂ ਸ੍ਰੀ ਦਰਬਾਰ ਸਾਹਿਬ ਚਲੇ ਗਏ, ਸ੍ਰੀ ਅਕਾਲ ਤਖਤ ਸਾਹਿਬ ਜਾ ਕੇ ਆਪਾਂ ਸਨਮੁੱਖ ਹੋ ਗਏ ਤਾਂ ਫਿਰ ਸਾਰਾ ਕੁਝ ਖਤਮ ਹੋ ਜਾਂਦਾ ਹੈ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਇਹ ** ** ਲੋਕ ਹਨ। ....(ਵਿਘਨ)....

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਾਰਾ ਕੁਝ ਖਤਮ ਹੋ ਜਾਂਦਾ ਹੈ।....(ਵਿਘਨ)... ਸਪੀਕਰ ਸਾਹਿਬ.....

**ਮਾਨਯੋਗ ਸਪੀਕਰ :** ਇੱਕ ਸੈਕਿੰਡ। ** ** ਸ਼ਬਦ ਐਕਸਪੰਜ ਕਰ ਦਿਓ। ਪਲੀਜ਼ ਲੈਂਗੁਏਜ਼ ਦਾ....(ਵਿਘਨ).... ਪਲੀਜ਼... ਪਲੀਜ਼... ਪਲੀਜ਼... ਪਲੀਜ਼। ਪਹਿਲਾਂ ਮੇਰੀ ਪ੍ਰਾਰਥਨਾ ਹੈ....(ਵਿਘਨ)... ਮੇਰੀ ਪ੍ਰਾਰਥਨਾ ਸੁਣੋ ....(ਵਿਘਨ)....

---

** **Expunged as ordered by the Chair.

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਪੀਕਰ ਸਾਹਿਬ, ਇਹ ਗੁਰਬਾਣੀ ਦਾ ਸ਼ਬਦ ਹੈ .....(ਵਿਘਨ)...

**ਮਾਨਯੋਗ ਸਪੀਕਰ :** ਨਹੀਂ, ਨਹੀਂ ....(ਵਿਘਨ)... ਨਹੀਂ, ਨਹੀਂ, ਨਹੀਂ। ਮੇਰੀ ਸਾਰੇ ਮੈਂਬਰਜ਼ ਨੂੰ ਪ੍ਰਾਰਥਨਾ ਹੈ ਕਿ ਸ਼ਬਦਾਂ ਦਾ ਇਸਤੇਮਾਲ ਪਰਾਪਰ ਕਰੋ। ਰੰਧਾਵਾ ਜੀ....(ਵਿਘਨ)... ਰੰਧਾਵਾ ਜੀ.... ਰੰਧਾਵਾ ਜੀ।

**ਸਹਿਕਾਰਤਾ, ਜੇਲ੍ਹਾਂ ਮੰਤਰੀ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ) :** ਸਪੀਕਰ ਸਾਹਿਬ, ਵਡਾਲਾ ਸਾਹਿਬ ਨੇ ਜਿਹੜੀ ਗੱਲ ਕਹੀ ਹੈ, ਵਾਕਿਆ ਹੀ ਇਨ੍ਹਾਂ ਨੇ ਬਹੁਤ ਸੋਹਣੀ ਗੱਲ ਕੀਤੀ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ ਕੋਈ ਵੀ ਜਾ ਕੇ, ਇਕੱਲਾ ਸਿੱਖ ਨਹੀਂ, ਕਿਸੇ ਵੀ ਧਰਮ ਦਾ ਹੋਵੇ, ਜਾ ਸਕਦਾ ਹੈ। ਉਥੇ ਆਪਾਂ ਦੇਖਦੇ ਹਾਂ ਕਿ ਹੋਰਨਾਂ ਧਰਮਾਂ ਦੇ ਵੀ ਬਹੁਤ ਸਾਰੇ ਲੋਕ ਆਉਂਦੇ ਹਨ, ਜਿਹੜੇ ਉਥੇ ਨਤਮਸਤਕ ਹੁੰਦੇ ਹਨ। ਇਨ੍ਹਾਂ ਨੇ ਕਿਹਾ ਹੈ ਕਿ ਸੇਵਾ ਦੇ ਉਤੇ ਕਿੰਤੂ ਪ੍ਰੰਤੂ ਨਹੀਂ ਹੋਣਾ ਚਾਹੀਦਾ। ਬਿਲਕੁਲ ਕੋਈ ਕਿੰਤੂ ਪ੍ਰੰਤੂ ਨਹੀਂ ਪਰ ਇੱਕ ਗੱਲ ਪੁੱਛਣਾ ਚਾਹੁੰਦਾ ਹਾਂ ਕਿ ਉਥੇ ਜਿਹੜੀ ਭੁੱਲ-ਚੁੱਕ ਕਹੀ ਹੈ, ਭੁੱਲ ਕੀਤੀ ਕਿਹੜੀ ਹੈ ਅਤੇ ਚੁੱਕ ਕਿਹੜੀ ਕੀਤੀ ਹੈ, ਉਸ ਬਾਰੇ ਤਾਂ ਦੱਸਣ ....(ਵਿਘਨ).... ਇੱਕ ਮਿੰਟ, ਪੂਰੀ ਗੱਲ ਸੁਣ ਲਵੋ। ਇਹ ਕਹਿੰਦੇ ਹਨ ਕਿ ਬਾਬੇ ਦੇ ਕੋਲ ਲਿਖਤੀ ਗੱਲ ਨਹੀਂ ਹੁੰਦੀ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਵੇਲੇ ਜਦੋਂ ਮੱਧ ਦੀ ਅਰਦਾਸ ਹੋਈ ਹੈ, ਉਸ ਵੇਲੇ ਜਿਹੜਾ ਅਰਦਾਸੀਆ ਸੀ, ਉਹ ਪੂਰੀ ਲਿਖਤੀ ਵਿੱਚ ਲੈ ਕੇ ਉਥੇ ਖੜ੍ਹਾ ਬੋਲ ਰਿਹਾ ਸੀ ਕਿ ਫਲਾਣੀ ਭੁੱਲ-ਚੁੱਕ ਹੈ। ਜੇ ਉਹ ਤੁਹਾਡੀ ਲਿਖੀ ਅਰਦਾਸ ਕਰ ਸਕਦਾ ਹੈ ਤਾਂ ਫਿਰ ਲੋਕਾਂ ਨੂੰ ਵੀ ਦੱਸੋ ਕਿ ਭੁੱਲ-ਚੁੱਕ ਕੀਤੀ ਕਿਹੜੀ ਹੈ? ਕਿਹੜਾ ਗੁਨਾਹ ਕੀਤਾ ਹੈ, ਜਿਸ ਦੀ ਮੁਆਫੀ ਮੰਗਣ ਗਏ ਅਤੇ ਕਿਉਂ ਉਥੇ ਪਾਲਿਸ਼ ਕਰਦੇ ਰਹੇ ਅਤੇ ਬੁਰਸ਼ ਵੀ ਗਲਤ ਬੂਟਾਂ ਤੇ ਫੇਰੀ ਗਏ ਹੋ, ਉਸ ਬਾਰੇ ਵੀ ਜ਼ਰੂਰ ਦੱਸੋ।

**(ਇੱਕ ਆਵਾਜ਼ :** ਤੁਸੀਂ ਬੂਟ ਹੀ ਖਰਾਬ ਕਰ ਦਿੱਤੇ।**)** ....(ਵਿਘਨ)....

**ਸਰਦਾਰ ਹਰਮਿੰਦਰ ਸਿੰਘ ਗਿੱਲ :** ਧੰਨਵਾਦ ਸਪੀਕਰ ਸਾਹਿਬ। ਮੇਰੇ ਮਾਨਯੋਗ ਮੈਂਬਰ ਸੋਮ ਪ੍ਰਕਾਸ਼ ਜੀ ਨੇ ਜਿਹੜਾ ਮਤਾ ਪੇਸ਼ ਕੀਤਾ ਹੈ, ਮੈਂ ਸਮਝਦਾ ਹਾਂ ਕਿ ਇਸ ਮਤੇ ਨੂੰ ਲਿਆਉਣ ਦੀ ਕੋਈ ਲੋੜ ਨਹੀਂ ਸੀ। ਐਕਚੂਅਲੀ ਗੁਰੂ ਸਾਹਿਬਾਨਾਂ ਨੇ ਸਾਡੇ ਕੋਲੋਂ ....(ਵਿਘਨ)....

**ਮਾਨਯੋਗ ਸਪੀਕਰ :** ਗਿੱਲ ਸਾਹਿਬ, ਜੇ ਤੁਸੀਂ ਬੋਲਣਾ ਹੈ ਤਾਂ ਵਡਾਲਾ ਸਾਹਿਬ ਤੋਂ ਬਾਅਦ ਬੋਲ ਲੈਣਾ। ਜੇਕਰ ਕੋਈ ਪੁਆਇੰਟ ਆਫ ਆਰਡਰ ਹੈ ਤਾਂ ਗੱਲ ਕਰ ਲਵੋ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਠੀਕ ਹੈ ਜੀ, ਪੁਆਇੰਟ ਆਫ ਆਰਡਰ ਕਰ ਲੈਂਦਾ ਹਾਂ।

**ਮਾਨਯੋਗ ਸਪੀਕਰ :** ਪੁਆਇੰਟ ਆਫ ਆਰਡਰ ਦੱਸੋ ਕੀ ਹੈ?

**ਸਰਦਾਰ ਹਰਮਿੰਦਰ ਸਿੰਘ ਗਿੱਲ :** ਸਰ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਰੱਬ ਨੇ ਸਾਡੇ ਕੋਲੋਂ ਇਹ ਗੱਲ ਲੁਕਾਈ ਹੈ ਕਿ ਸਾਨੂੰ ਪਤਾ ਨਹੀਂ ਹੁੰਦਾ ਅਸੀਂ ਜਾਣਾ ਕਦੋਂ ਹੈ ਅਤੇ ਆਉਣਾ ਕਦੋਂ ਹੈ? ਐਂਟਰਟੇਨਮੈਂਟ ਵਾਸਤੇ ਹਰ ਕੋਈ ਬੰਦਾ ਕਿਸੇ ਨਾ ਕਿਸੇ ਬਾਬੇ ਕੋਲ ਪੁੱਛਣ ਜਾਂਦਾ ਹੈ ਕਿ ਮੈਨੂੰ ਟਿਕਟ ਮਿਲੇਗੀ ਕਿ ਨਹੀਂ ਮਿਲੇਗੀ, ਮੈਂ ਜਿੱਤਾਂਗਾ ਕਿ ਨਹੀਂ ਜਿੱਤਾਂਗਾ। ਇਸ ਕਰਕੇ ਇਹ ਤਾਂ ਐਂਟਰਟੇਨਮੈਂਟ ਹੈ, ਇਸ ਬਾਰੇ ਕਾਨੂੰਨ ਬਣਾ ਕੇ ਆਪਾਂ ਕੀ ਦੱਸਣਾ ਚਾਹੁੰਦੇ ਹਾਂ ਜੀ? ਦੂਸਰੀ ਮੇਰੀ ਬੇਨਤੀ ਇਹ ਹੈ ਕਿ ਫੂਲਕਾ ਸਾਹਿਬ ਬਾਰੇ ਗੱਲ ਹੋ ਰਹੀ ਸੀ ਕਿ ਇਹ ਅੱਜ ਕਿਉਂ ਬੈਠੇ ਹਨ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਫੂਲਕਾ ਸਾਹਿਬ ਕੱਲ੍ਹ ਵੀ ਹਾਊਸ ਵਿੱਚ ਆਏ ਸੀ। ਅੱਜ ਉਨ੍ਹਾਂ ਨੇ ਐਸ.ਜੀ.ਪੀ.ਸੀ. ਦੀ ਗੱਲ ਕਰ ਦਿੱਤੀ ਹੈ ਤਾਂ ਇਨ੍ਹਾਂ ਨੂੰ ਗੱਲ ਜ਼ਿਆਦਾ ਚੁਭੀ ਕਿ ਫੂਲਕਾ ਸਾਹਿਬ ਮੈਂਬਰ ਨਹੀਂ ਰਹਿਣੇ ਚਾਹੀਦੇ। ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਦੋਂ ਵੀ ....(ਵਿਘਨ)... ਮੈਂ ਇੱਕ ਬੇਨਤੀ ਕਰਨਾ ਚਾਹੁੰਦਾ ਹਾਂ ਕਿ 2016 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਿਆਦ ਖਤਮ ਹੋ ਚੁੱਕੀ ਹੈ ਔਰ ਉਥੇ ਸਾਨੂੰ ਪ੍ਰਬੰਧਕ ਲਗਾਉਣਾ ਚਾਹੀਦਾ ਹੈ ਅਤੇ ਉਸ ਤੋਂ ਬਾਅਦ ਇਲੈਕਸ਼ਨ ਕਰਵਾਉਣੀ ਚਾਹੀਦੀ ਹੈ। ਜਿਹੜਾ ਇਨ੍ਹਾਂ ਦਾ ਹਾਲ ਅਸੈਂਬਲੀ ਇਲੈਕਸ਼ਨ ਵਿਚ ਹੋਇਆ ਹੈ ਉਸ ਤੋਂ ਮਾੜਾ ਹਾਲ ਇਨ੍ਹਾਂ ਦਾ ਐਸ.ਜੀ.ਪੀ.ਸੀ. ਦੀਆਂ ਚੋਣਾਂ ਵਿਚ ਹੋਵੇਗਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਆਸਥਾ ਰੱਖਣ ਵਾਲੇ ਮੇਰੀ ਬੇਨਤੀ ਸੁਣੋ।.....(ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਵਲੋਂ ਵਿਘਨ)..... ਉਹ ਅਸੀਂ ਲੜਾਵਾਂਗੇ, ਅਸੀਂ ਸਿੱਖ ਨਹੀਂ ਹਾਂ? ਅਸੀਂ ਤੁਹਾਡੇ ਤੋਂ ਚੰਗੇ ਸਿੱਖ ਹਾਂ।....(ਵਿਘਨ) ..... ਫਿਕਰ ਨਾ ਕਰੋ। ਅਸੀਂ ਬਿਲਕੁਲ ਲੜਾਵਾਂਗੇ।(ਵਿਘਨ) ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਲੈਕਸ਼ਨ ਹੋਣੀ ਚਾਹੀਦੀ ਹੈ। ਜਿਹੜਾ ਮਤਾ ਪਾਸ ਕੀਤਾ ਹੈ, ਮੈਂ ਇਸ ਗੱਲ ਦੀ ਸ਼ਲਾਘਾ ਕਰਦਾ ਹਾਂ ਪਰ ਇਸ ਤੋਂ ਵੀ ਅੱਗੇ ਇੱਕ ਹੋਰ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨੇ ਆਲ ਇੰਡੀਆ ਗੁਰਦੁਆਰਾ ਐਕਟ ਦੀ ਮੰਗ ਕੀਤੀ ਸੀ। ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਆਲ ਇੰਡੀਆ ਗੁਰਦੁਆਰਾ ਐਕਟ ਬਣੇ, ਨਾ ਰਹੇਗਾ ਬਾਂਸ ਤੇ ਨਾ ਵੱਜੇਗੀ ਬਾਂਸਰੀ। ਇਨ੍ਹਾਂ ਦਾ ਸਾਰਾ ਕੰਮ ਹੀ ਖਤਮ ਹੋ ਜਾਵੇਗਾ।

**ਮਾਨਯੋਗ ਸਪੀਕਰ :** ਬੈਠੋ ਜੀ। ਹਾਂ ਜੀ, ਵਡਾਲਾ ਜੀ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ, ਰੰਧਾਵਾ ਸਾਹਿਬ ਨੇ ਬੜੀ ਸਿਆਣੀ ਗੱਲ ਆਖੀ ਹੈ, ਬੜੇ ਕਾਬਲ ਵੱਡੇ ਵੀਰ ਹਨ ਪਰ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਰੰਧਾਵਾ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨਸਾਨ ਗਲਤੀ ਦਾ ਪੁਤਲਾ ਹੈ, ਗਲਤੀ ਆਪਣੇ ਸਭ ਤੋਂ ਹੋ ਸਕਦੀ ਹੈ, ਕੋਈ ਐਸੀ ਗੱਲ ਨਹੀਂ ਹੈ ਜੀ। ਆਪਣੇ ਕੋਲੋਂ ਜਾਣੇ-ਅਣਜਾਣੇ ਵਿਚ ਵੀ ਗਲਤੀ ਹੋ ਸਕਦੀ ਹੈ। ਆਪਾਂ ਲਾਈਫ ਵਿੱਚ ਬਹੁਤ ਗਲਤੀਆਂ ਕੀਤੀਆਂ ਹਨ, ਕੋਈ ਦੁੱਧ ਧੋਤਾ ਇਨਸਾਨ ਇਸ ਦੁਨੀਆ ਵਿਚ ਨਾ ਆਇਆ ਤੇ ਨਾ ਗਿਆ। ਸੋ, ਜੇ ਉਹ ਗਲਤੀਆਂ ਹੋਈਆਂ ਤਾਂ ਰੰਧਾਵਾ ਸਾਹਿਬ, ਉਨ੍ਹਾਂ ਦੀ ਖਿਮਾ ਜਾਚਨਾ ਕਰਨ ਵਾਸਤੇ, ਸੇਵਾ ਕਰਨ ਵਾਸਤੇ ਆਪਾਂ ਜਾ ਕੇ ਉਥੇ ਨਤਮਸਤਕ ਹੋ ਸਕਦੇ ਹਾਂ। ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਨਤਮਸਤਕ ਹੋ ਸਕਦੇ ਹਾਂ, ਉਸ ਗੱਲ ਨੂੰ ਫਿਰ ਸਿਆਸੀ ਅਖਾੜੇ ਵਿਚ ਨਹੀਂ ਲਿਆਉਣਾ ਚਾਹੀਦਾ....

**ਸਹਿਕਾਰਤਾ, ਜੇਲ੍ਹਾਂ ਮੰਤਰੀ (ਬੈਠੇ-ਬੈਠੇ):** ਵਡਾਲਾ ਸਾਹਿਬ, ਤੁਸੀਂ ਕੋਈ ਗਲਤੀ ਨਹੀਂ ਕੀਤੀ ਤੇ ਨਾ ਹੀ ਤੁਹਾਡੇ ਵੱਡਿਆਂ ਨੇ ਕੀਤੀ ਹੈ.... (ਵਿਘਨ)

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਫਿਰ ਵੀ ਇਨਸਾਨ ਗਲਤੀ ਦਾ ਪੁਤਲਾ ਹੈ ਜੀ। ਸਪੀਕਰ ਸਾਹਿਬ, ਗਿੱਲ ਸਾਹਿਬ ਬੜੇ ਕੁਰਬਾਨੀ ਵਾਲੇ ਵੀਰ ਹਨ। ਇਨ੍ਹਾਂ ਨੇ ਬੜੀ ਕੁਰਬਾਨੀ ਕੀਤੀ ਹੈ, ਚਾਹੀਦਾ ਤਾਂ ਇਹ ਸੀ.....(ਵਿਘਨ) ਗਿੱਲ ਸਾਹਿਬ ਨੂੰ ਇਥੇ ਬੈਠਣਾ ਚਾਹੀਦਾ ਸੀ ਪਰ ਗਲਤੀ ਨਾਲ ਉੱਧਰ ਚਲੇ ਗਏ ਹਨ।

**ਸਰਦਾਰ ਹਰਮਿੰਦਰ ਸਿੰਘ ਗਿੱਲ (ਬਿਨਾਂ ਮਾਈਕ ਤੋਂ):** ਤੁਸੀਂ ਸਾਨੂੰ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ.....(ਵਿਘਨ)

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਅਸੀਂ ਤਾਂ ਤੁਹਾਨੂੰ ਕਿਹਾ ਹੈ ਕਿ ਤੁਹਾਨੂੰ ਇੱਥੇ ਆਉਣਾ ਚਾਹੀਦਾ ਸੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਹਰਮਿੰਦਰ ਸਿੰਘ ਗਿੱਲ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਗਿੱਲ ਸਾਹਿਬ, ਤੁਹਾਡੇ ਲਈ ਚੰਗੀ ਗੱਲ ਹੀ ਆਖੀ ਹੈ.....(ਵਿਘਨ) ਠੀਕ ਹੈ, ਇਨ੍ਹਾਂ ਨੂੰ ਉਸ ਗੱਲ ਦਾ ਗੁੱਸਾ ਲੱਗਿਆ....(ਵਿਘਨ) ਸਪੀਕਰ ਸਾਹਿਬ, ਐਸ.ਜੀ.ਪੀ.ਸੀ. ਦੀ ਗੱਲ ਹੋਈ ਹੈ.... ਗਿੱਲ ਸਾਹਿਬ, ਹੁਣ ਸੁਣ ਲਵੋ.....(ਵਿਘਨ)

**ਮਾਨਯੋਗ ਸਪੀਕਰ :** ਗਿੱਲ ਸਾਹਿਬ, ਬੈਠ ਜਾਉ.... ਗਿੱਲ ਸਾਹਿਬ, ਪਲੀਜ਼ ਬੈਠ ਜਾਉ.... ਬੈਠ ਜਾਉ। ਜ਼ਰਾ ਸੁਣ ਲਵੋ, ਸੁਣ ਲਵੋ। (ਵਿਘਨ, ਸ਼ੋਰ)

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਗਿੱਲ ਸਾਹਿਬ ਨੇ ਐਸ.ਜੀ.ਪੀ.ਸੀ. ਦੀ ਗੱਲ ਆਖੀ ਹੈ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਅਤੇ ਇਨ੍ਹਾਂ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜਦੋਂ ਇਥੇ ਪੰਜਾਬ ਵਿਚ ਪ੍ਰੈਜ਼ੀਡੈਂਟ ਰੂਲ ਸੀ, ਉਦੋਂ 10-15 ਸਾਲ ਐਸ.ਜੀ.ਪੀ.ਸੀ. ਦੀ ਇਲੈਕਸ਼ਨ ਨਹੀਂ ਹੋਈ ਸੀ.....(ਵਿਘਨ) ਕਾਂਗੜ ਸਾਹਿਬ, ਗੱਲ ਸੁਣ ਲਵੋ, ਤੁਸੀਂ ਬਹੁਤ ਚੰਗੇ ਬ੍ਰਦਰ ਹੋ। ਸਪੀਕਰ ਸਾਹਿਬ, ਇਕ ਵਾਰੀ ਆਪਣੇ ਸੱਜਣਾਂ ਨੇ ਐਸ.ਜੀ.ਪੀ.ਸੀ. ਦੀ ਇਲੈਕਸ਼ਨ ਲੜਨ ਦੀ ਕੋਸ਼ਿਸ਼ ਕੀਤੀ ਸੀ। ਇੱਕ ਸਾਧ ਸੰਗਤ ਬੋਰਡ ਬਣਾਇਆ ਸੀ, ਜਦੋਂ ਐਸ.ਜੀ.ਪੀ.ਸੀ. ਦੀ ਇਲੈਕਸ਼ਨ ਹੋਈ.... ਰੰਧਾਵਾ ਸਾਹਿਬ, ਹੱਸ ਰਹੇ ਹਨ, ਇਨ੍ਹਾਂ ਨੂੰ ਪਤਾ ਹੈ। ਉਸ ਤੋਂ ਬਾਅਦ ਲੋਕ ਇਕ ਗਾਣਾ ਗਾਉਂਦੇ ਹੁੰਦੇ ਸੀ : ਸਾਧ ਚਲੇ ਗਏ ਡੇਰਿਆਂ ਨੂੰ, ਸੰਗਤ ਚਲੀ ਗਈ ਘਰਾਂ ਨੂੰ..... (ਵਿਘਨ) ਮੇਰੀ ਗੱਲ ਤਾਂ ਸੁਣ ਲਵੋ....(ਵਿਘਨ) ਫਿਰ ਪੰਥ ਕੋਲ ਐਸ.ਜੀ.ਪੀ.ਸੀ. ਦੀ ਸੇਵਾ ਆਈ। ਸਪੀਕਰ ਸਾਹਿਬ, ਸਾਨੂੰ ਹੁਣ ਵੀ ਯਕੀਨ ਹੈ ਕਿ ਐਸ.ਜੀ.ਪੀ.ਸੀ. ਦੀ ਸੇਵਾ ਫਿਰ ਸਿੱਖ ਪੰਥ ਕੋਲ ਆਉਣੀ ਹੈ, ਐਸੀ ਗੱਲ ਕੋਈ ਨਹੀਂ ਹੈ। ਠੀਕ ਹੈ, ਪੰਥ ਦੀ ਸੇਵਾ ਕਰਦਿਆਂ ਬਹੁਤ ਸਾਰੀਆਂ ਕੁਤਾਹੀਆਂ ਹੋ ਸਕਦੀਆਂ ਹਨ, ਮੰਨਦੇ ਹਾਂ, ਸਾਨੂੰ ਉਸ ਦਾ ਹਰਜਾਨਾ ਵੀ ਭੁਗਤਣਾ ਪਿਆ, ਇਹ ਵੀ ਮੰਨਦੇ ਹਾਂ, ਇਸ ਬਾਰੇ ਕੋਈ ਸ਼ੱਕ ਨਹੀਂ ਹੈ...... (ਵਿਘਨ) ਰੰਧਾਵਾ ਸਾਹਿਬ, ਤੁਸੀਂ ਬਾਅਦ ਵਿਚ ਗੱਲ ਕਰ ਲੈਣਾ।

**ਮਾਨਯੋਗ ਸਪੀਕਰ:** ਗਿੱਲ ਸਾਹਿਬ, ਤੁਸੀਂ ਬੋਲ ਲਏ। ਰੰਧਾਵਾ ਜੀ।

**ਸਹਿਕਾਰਤਾ, ਜੇਲ੍ਹਾਂ ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੇ ਹੁਣੇ ਗੱਲ ਕੀਤੀ ਹੈ ਕਿ ਸਾਧ ਸੰਗਤ ਬੋਰਡ ਬਣਿਆ। ਪਤਾ ਨਹੀਂ ਕੀ ਗੱਲ ਕੀਤੀ ਹੈ, ਕੀ ਕਿਹਾ ਹੈ। ਮੈਨੂੰ ਇਹ ਪਤਾ ਹੈ ਕਿ ਵੱਡੇ ਵਡਾਲਾ ਸਾਹਿਬ ਨੂੰ ਕਿਵੇਂ ਅਕਾਲੀ ਦਲ ਵਿਚੋਂ ਕੱਢਿਆ ਗਿਆ ਅਤੇ ਅਸੀਂ ਦੋਵੇਂ ਡੇਰਾ ਬਾਬਾ ਨਾਨਕ ਜਾ ਕੇ ਅਰਦਾਸਾਂ ਕਰਦੇ ਰਹੇ ਹਾਂ। ਤੁਹਾਨੂੰ ਯਾਦ ਹੋਣਾ, ਜਿਸ ਵੇਲੇ ਵੱਡੇ ਬਾਦਲ ਸਾਹਿਬ ਡੇਰਾ ਬਾਬਾ ਨਾਨਕ ਗਏ, ਉਥੇ ਵਡਾਲਾ ਸਾਹਿਬ ਨੂੰ ਕਮਰੇ ਵਿਚ ਬੰਦ ਕਰ ਦਿੱਤਾ ਸੀ ਕਿ ਤੈਨੂੰ ਨਹੀਂ ਮਿਲਣ ਦੇਣਾ, ਤੇਰੀ ਕਰਤਾਰਪੁਰ ਦੇ ਕਾਰੀਡੋਰ ਲਈ ਅਰਦਾਸ ਨਹੀਂ ਹੋਣ ਦੇਣੀ। ਉਥੇ ਵਡਾਲਾ ਸਾਹਿਬ ਬੰਦ ਰਹੇ ਸੀ।

ਜਿਹੜੀ ਵੱਡੇ ਵਡਾਲਾ ਸਾਹਿਬ ਦੀ ਅਕਾਲੀ ਦਲ ਲਈ ਕੁਰਬਾਨੀ ਹੈ, ਮੈਂ ਤੁਹਾਡਾ ਜਿਗਰਾ ਮੰਨ ਗਿਆ ਕਿਉਂਕਿ ਤੁਸੀਂ ਅੱਜ ਵੀ ਉਸ ਅਕਾਲੀ ਦਲ ਨਾਲ ਖੜ੍ਹੇ ਹੋਏ ਹੋ। ਵੱਡੇ ਵਡਾਲਾ ਸਾਹਿਬ ਵਿੱਚ ਜਿਹੜੀ ਗੱਲ ਸੀ, ਤੁਸੀਂ ਥੋੜ੍ਹਾ ਜਿਹਾ ਉਸ ਨੂੰ ਧਿਆਨ ਵਿੱਚ ਰੱਖੋ ਅਤੇ ਜਿਹੜੀ ਤੁਸੀਂ ਭੁੱਲ-ਚੁੱਕ ਦੀ ਮਾਫੀ ਮੰਗੀ ਹੈ, ਉਸ ਸਬੰਧੀ ਲੋਕਾਂ ਨੂੰ ਸਚਾਈ ਬਾਰੇ ਪਤਾ ਲੱਗੇ। ਜਿਵੇਂ ਵੱਡੇ ਵਡਾਲਾ ਸਾਹਿਬ ਸੱਚ ਬੋਲਦੇ ਸੀ, ਤੁਸੀਂ ਉਸ ਸੱਚ ਤੇ ਜ਼ਰੂਰ ਪਹਿਰਾ ਦਿਓ। (ਇਸ ਸਮੇਂ ਟਰੇਜ਼ਰੀ ਬੈਂਚਿਜ਼ ਵਲੋਂ ਮੇਜ਼ ਥਪਥਪਾਏ ਗਏ।)

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ, ਜਿਹੜੀ ਰੰਧਾਵਾ ਸਾਹਿਬ ਨੇ ਵਡਾਲਾ ਸਾਹਿਬ ਬਾਰੇ ਗੱਲ ਆਖੀ ਹੈ, ਕੱਲ੍ਹ ਵੀ ਜਦੋਂ ਰੰਧਾਵਾ ਸਾਹਿਬ ਗਵਰਨਰ ਐਡਰੈਸ ਤੇ ਬੋਲ ਰਹੇ ਸਨ, ਇਨ੍ਹਾਂ ਨੇ ਕਿਹਾ ਸੀ ਕਿ ਜਦੋਂ ਪ੍ਰਣਬ ਮੁਖਰਜੀ ਆਏ ਸਨ, ਉਦੋਂ ਵਡਾਲਾ ਸਾਹਿਬ ਨੂੰ ਇਕ ਕਮਰੇ ਵਿੱਚ ਬੰਦ ਕਰ ਦਿੱਤਾ ਗਿਆ ਸੀ ਪਰ ਮੈਂ ਹਾਊਸ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਬਾਦਲ ਸਾਹਿਬ ਉਸ ਵੇਲੇ ਮੁੱਖ ਮੰਤਰੀ ਸਨ। ਬਾਦਲ ਸਾਹਿਬ ਦਾ ਫੋਨ ਆਇਆ ਕਿ ਵਡਾਲਾ ਸਾਹਿਬ, ਪ੍ਰਣਬ ਮੁਖਰਜੀ ਆ ਰਹੇ ਹਨ ਅਤੇ ਅਸੀਂ ਉਥੇ ਪਹੁੰਚ ਰਹੇ ਹਾਂ। ਤੁਸੀਂ ਉਥੇ ਚੱਲੋ, ਆਪਾਂ ਡੇਰਾ ਬਾਬਾ ਨਾਨਕ ਜਾ ਕੇ ਕਰਤਾਰਪੁਰ ਕਾਰੀਡੋਰ ਦਾ ਰਸਤਾ ਦੇਖ ਕੇ ਆਉਣਾ ਹੈ। ਤੁਹਾਨੂੰ ਵੀ ਰੰਧਾਵਾ ਸਾਹਿਬ ਇਸ ਬਾਰੇ ਪਤਾ ਹੋਵੇਗਾ, ਬਾਦਲ ਸਾਹਿਬ ਨੇ ਵਡਾਲਾ ਸਾਹਿਬ ਨੂੰ ਸੱਦਿਆ ਤਾਂ ਉਹ ਉਥੇ ਗਏ ਸਨ। (ਵਿਘਨ...ਸ਼ੋਰ) ਤੁਸੀਂ ਵੀ ਉਥੇ ਗਏ ਸੀ।

**ਸਹਿਕਾਰਤਾ, ਜੇਲ੍ਹਾਂ ਮੰਤਰੀ :** ਤੁਸੀਂ ਝੂਠ ਬੋਲਦੇ ਹੋ। (ਵਿਘਨ...ਸ਼ੋਰ)

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਰੰਧਾਵਾ ਸਾਹਿਬ, ਰੱਬ ਨੂੰ ਜਾਨ ਦੇਣੀ ਹੈ, ਝੂਠ ਨਹੀਂ ਬੋਲਦਾ।

**ਸਹਿਕਾਰਤਾ, ਜੇਲ੍ਹਾਂ ਮੰਤਰੀ :** ਸਪੀਕਰ ਸਾਹਿਬ, ਮੈਂ ਗੱਲ ਕਲੀਅਰ ਕਰਨੀ ਚਾਹੁੰਦਾ ਹਾਂ....

**ਮਾਨਯੋਗ ਸਪੀਕਰ :** ਵਡਾਲਾ ਜੀ ਦੀ ਗੱਲ ਪੂਰੀ ਹੋ ਲੈਣ ਦਿਓ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਰੰਧਾਵਾ ਜੀ, ਫੇਰ ਬੋਲ ਲੈਣਾ।

**ਸਹਿਕਾਰਤਾ, ਜੇਲ੍ਹਾਂ ਮੰਤਰੀ :** ਮੈਨੂੰ ਉਥੇ ਰੋਕਿਆ ਗਿਆ, ਕਹਿਣ ਲੱਗੇ ਕਿ ਤੂੰ ਅੰਦਰ ਨਹੀਂ ਜਾ ਸਕਦਾ ਅਤੇ ਵਡਾਲਾ ਸਾਹਿਬ ਨੂੰ ਵੀ ਉਥੇ ਬੰਦ ਕੀਤਾ ਗਿਆ। ਆਪਾਂ ਇੱਥੇ ਗਲਤ ਗੱਲ ਨਾ ਕਰੀਏ, ਮੈਂ ਵੀ ਉਥੇ ਮੌਜੂਦ ਸੀ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਬਾਦਲ ਸਾਹਿਬ ਨੇ ਵਡਾਲਾ ਸਾਹਿਬ ਨੂੰ ਖੁਦ ਸੱਦਿਆ ਸੀ।

**ਸਹਿਕਾਰਤਾ, ਜੇਲ੍ਹਾਂ ਮੰਤਰੀ :** ਗੁਰੂ ਨੂੰ ਜਾਨ ਦੇਣੀ ਹੈ, ਆਪਾਂ ਗਲਤ ਗੱਲ ਨਹੀਂ ਕਰਨੀ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ, ਮੈਂ ਵਾਈਂਡ ਅੱਪ ਕਰਦਾ ਹਾਂ। ਇਹ ਧਾਰਮਿਕ ਗੱਲਾਂ ਹਨ। ਮੈਂ ਹਾਊਸ ਦੇ ਸਾਮ੍ਹਣੇ ਇਹ ਗੱਲ ਰੱਖਣੀ ਚਾਹੁੰਦਾ ਹਾਂ ਕਿ ਜਿਹੜਾ ਮਤਾ ਸ਼੍ਰੀ ਸੋਮ ਪ੍ਰਕਾਸ਼ ਜੀ ਨੇ ਲਿਆਂਦਾ ਹੈ, ਮੈਂ ਸਮਝਦਾ ਹਾਂ ਕਿ ਮਾਡਰਨ ਸੁਸਾਇਟੀ ਵਾਸਤੇ superstitions, black magic ਜਾਂ ਜੰਤਰ-ਮੰਤਰ-ਤੰਤਰ ਆਦਿ ਬਹੁਤ ਹਾਨੀਕਾਰਕ ਹਨ ਅਤੇ ਗੁਰਮਤਿ ਦੇ ਉਲਟ ਹੈ। ਆਪਾਂ ਨੂੰ ਗੁਰੂ ਸਾਹਿਬਾਨਾਂ ਨੇ ਵੀ ਇਹ ਸਿੱਖਿਆ ਦਿੱਤੀ ਹੈ ਕਿ ਕਿਸੇ ਵੀ ਸਮਾਜਿਕ ਵਰਗ ਦਾ ਸ਼ੋਸ਼ਣ ਨਹੀਂ ਹੋਣਾ ਚਾਹੀਦਾ। ਇਨ੍ਹਾਂ ਵਹਿਮਾਂ-ਭਰਮਾਂ ਵੱਲ ਐਜੂਕੇਟਿਡ, ਅਨਐਜੂਕੇਟਿਡ, ਪੜ੍ਹੇ-ਲਿਖੇ ਅਤੇ ਅਨਪੜ੍ਹ ਸਭ ਜਾਂਦੇ ਹਨ ਅਤੇ ਸਾਰੇ ਹੀ ਕੁਰਹਿਤਾਂ ਦਾ ਸ਼ਿਕਾਰ ਹੁੰਦੇ ਹਨ। ਬਾਕੀ ਗੱਲਾਂ ਛੱਡੋ, ਸਾਰੇ ਹਾਊਸ ਨੂੰ ਸਿਆਸਤ ਨੂੰ ਦੇਖਦੇ ਹੋਏ ਨਹੀਂ ਬਲਕਿ ਇਸ ਮਤੇ ਦੀ ਸਪਿਰਟ ਨੂੰ ਦੇਖਦੇ ਹੋਏ ਪ੍ਰੋੜ੍ਹਤਾ ਕਰਨੀ ਚਾਹੀਦੀ ਹੈ। ਸਮਾਜ ਵਿਚਲੀਆਂ ਕਮਜ਼ੋਰੀਆਂ ਦੂਰ ਕਰਨ ਲਈ, ਕੁਰਹਿਤਾਂ ਨੂੰ ਖਤਮ ਕਰਨ ਲਈ, ਇਸ ਤਰ੍ਹਾਂ ਦੇ ਵਹਿਮ-ਭਰਮ, ਪਾਖੰਡ ਖਤਮ ਕਰਨ ਲਈ ਆਪਾਂ ਸਾਰਿਆਂ ਨੂੰ ਇਕਜੁੱਟ ਹੋ ਕੇ ਖੜ੍ਹੇ ਹੋਣ ਦੀ ਲੋੜ ਹੈ। ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ।

**ਸ਼੍ਰੀ ਅਮਨ ਅਰੋੜਾ (ਸੁਨਾਮ) :** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ। ਤੁਸੀਂ ਮੈਨੂੰ ਇਸ ਰੈਜ਼ੋਲਿਊਸ਼ਨ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, I will be very brief and precise. ਮੈਂ ਕੋਈ ਧਾਰਮਿਕ ਵਿਦਵਾਨ ਨਹੀਂ ਹਾਂ ਪਰ ਮੈਂ ਮਨੁੱਖਤਾ ਅਤੇ ਇਨਸਾਨੀਅਤ ਵਿੱਚ ਵਿਸ਼ਵਾਸ ਜ਼ਰੂਰ ਰੱਖਦਾ ਹਾਂ। ਮੈਂ ਕਹਾਂਗਾ, ਠੀਕ ਹੈ, ਪਰਮਾਤਮਾ ਹੈ, ਇਕ natural force ਹੈ, ਉਸ ਵਿੱਚ ਵਿਸ਼ਵਾਸ ਜ਼ਰੂਰ ਹੈ ਜਿਹੜੀ ਕਿ ਸਾਰੀ ਦੁਨੀਆ ਨੂੰ ਚਲਾ ਰਹੀ ਹੈ। ਬੇਨਤੀ ਇਹ ਹੈ ਕਿ ਜਦੋਂ ਅਸੀਂ ਆਪਣੀਆਂ ਆਪਣੀਆਂ ਪੁਲੀਟੀਕਲ ਪਾਰਟੀਆਂ ਤੋਂ ਟਿਕਟਾਂ ਲਈਆਂ, ਚਾਹੇ ਕਾਂਗਰਸ ਹੈ, ਬੀ.ਜੇ.ਪੀ. ਹੈ, ਅਕਾਲੀ ਦਲ ਹੈ ਜਾਂ ਅਸੀਂ ਹਾਂ, ਉਸ ਵਿੱਚ ਇਹ ਲਿਖਿਆ ਹੁੰਦਾ ਹੈ ਕਿ we are a secular party. ਜਦੋਂ ਅਸੀਂ ਇੱਥੇ ਆ ਕੇ ਤੁਹਾਡੀ ਜਗ੍ਹਾ ਕੋਲ ਖੜ੍ਹ ਕੇ ਸਹੁੰ ਚੁੱਕਦੇ ਹਾਂ, ਉਦੋਂ ਵੀ ਅਸੀਂ ਕਾਂਸਟੀਚਿਊਸ਼ਨ ਦੀ ਸਹੁੰ ਖਾਧੀ, ਕਿਸੇ ਧਰਮ ਦੀ ਸਹੁੰ ਨਹੀਂ ਖਾਧੀ। ਮੇਰੀ ਸਿਰਫ਼ ਤੇ ਸਿਰਫ਼ ਬੇਨਤੀ ਇਹ ਹੈ ਕਿ ਜੇਕਰ ਅਸੀਂ ਸਾਰੇ ਧਰਮਾਂ-ਮਜ਼ਹਬਾਂ ਦਾ ਨਿਚੋੜ ਕੱਢ ਲਈਏ ਤਾਂ ਅਲਟੀਮੇਟਲੀ ਮਨੁੱਖਤਾ ਅਤੇ ਇਨਸਾਨੀਅਤ ਦਾ ਨਿਚੋੜ ਹੀ ਨਿਕਲਦਾ ਹੈ। ਉਸ ਨੂੰ ਆਪਾਂ ਜਿਸ ਤਰ੍ਹਾਂ

ਮਰਜ਼ੀ elaborate ਕਰ ਲਈਏ। ਮੇਰੇ ਮੁਤਾਬਿਕ ਰਾਜਨੀਤੀ ਦਾ ਧਰਮ ਹੋਣਾ ਚਾਹੀਦਾ ਹੈ ਪਰ ਸਾਡੇ ਮੁਲਕ ਦੀ ਬਦਕਿਸਮਤੀ ਇਹ ਹੈ ਕਿ ਧਰਮ ਦੀ ਰਾਜਨੀਤੀ ਹੋਣ ਲੱਗ ਪਈ। ਰਾਜਨੀਤੀ ਦਾ ਧਰਮ ਹੋਣਾ ਚਾਹੀਦਾ ਹੈ ਪਰ ਉਲਟ ਹੋਣ ਲੱਗ ਪਿਆ, ਧਰਮ ਦੀ ਰਾਜਨੀਤੀ ਹੋਣ ਲੱਗ ਪਈ। ਮੇਰੀ ਤੁਹਾਡੇ ਚਰਨਾਂ ਵਿੱਚ ਸਿਰਫ ਇੰਨੀ ਬੇਨਤੀ ਹੈ ਕਿ ਅਜਿਹਾ ਪਹਿਲਾਂ ਵੀ ਕਈ ਵਾਰ ਹੋਇਆ ਹੈ ਅਤੇ ਅੱਜ ਵੀ ਇਹੀ ਹੋ ਰਿਹਾ ਹੈ ਕਿ ਹਰੇਕ ਬੰਦੇ ਨੂੰ ਉਸ ਦਾ ਆਪਣਾ ਧਰਮ, ਆਪਣਾ ਮਜ਼ਹਬ, ਕਿਸ ਨੂੰ ਮੰਨਣਾ ਹੈ ਜਾਂ ਕਿਸ ਨੂੰ ਨਹੀਂ ਮੰਨਣਾ, ਸਤਿਕਾਰ ਹਰੇਕ ਦਾ ਕਰਨਾ ਚਾਹੀਦਾ ਹੈ ਪਰ ਕਿਸ ਨੂੰ ਮੰਨਣਾ ਹੈ ਜਾਂ ਕਿਹੜਾ faith follow ਕਰਨਾ ਹੈ, ਇਹ ਉਸ ਦੀ ਆਪਣੀ ਡਿਸਕ੍ਰੀਸ਼ਨ ਹੋਣੀ ਚਾਹੀਦੀ ਹੈ। ਸਰ, ਮੇਰੀ ਤਾਂ ਸਿਰਫ ਤੇ ਸਿਰਫ ਬੇਨਤੀ ਇੰਨੀ ਹੀ ਹੈ ਕਿਸੇ ਵੀ ਵਿਅਕਤੀ ਨੂੰ ਵਹਿਮਾਂ-ਭਰਮਾਂ ਵਿਚ ਨਹੀਂ ਪੈਣਾ ਚਾਹੀਦਾ। ਜਿਵੇਂ ** ਗੁਰਬਾਣੀ ਵਿੱਚ ਫ਼ਰਮਾਇਆ ਹੈ: ਸਾਚੇ ਹਾਥਿ ਵਡਾਈ ਹੇ॥ ਕਿਸੇ ਨੂੰ ਵੀ ਵਹਿਮਾਂ ਵਿਚ ਨਹੀਂ ਪੈਣਾ ਚਾਹੀਦਾ। ਇਥੇ ਸਿਰਸੇ ਡੇਰੇ ਦੀ ਗੱਲ ਚੱਲੀ। ਮੈਂ ਜਦੋਂ ਇਧਰਲੇ ਪਾਸੇ ਕਾਂਗਰਸ ਵਿੱਚ ਸੀ...

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਅਰੋੜਾ ਜੀ, ਇਹ ਗੁਰਬਾਣੀ ਦੀ ਤੁਕ ਹੈ। ਇਸ ਨੂੰ ਦਰੁਸਤ ਕਰ ਲਵੋ।

**ਸ਼੍ਰੀ ਅਮਨ ਅਰੋੜਾ:** ਠੀਕ ਹੈ ਜੀ, ਮੈਂ ਗਲਤੀ ਮੰਨਦਾ ਹਾਂ। ਮੈਂ ਇਹੀ ਬੇਨਤੀ ਕਰ ਰਿਹਾ ਸੀ ਕਿ ਸਾਲ 2007 ਵਿਚ ਜਦੋਂ ਮੈਂ ਕਾਂਗਰਸ ਵੱਲ ਸੀ, ਉਦੋਂ ਇਲੈਕਸ਼ਨਾਂ ਤੋਂ ਪਹਿਲਾਂ ਮੈਂ ਸਿਰਸੇ ਡੇਰੇ ਵਿੱਚ ਸਾਲ 2007 ਵਿੱਚ ਅਤੇ 2012 ਵਿਚ ਵੀ ਗਿਆ, ਬੜੇ ਗੋਡੇ ਰਗੜੇ, ਬੜੀਆਂ ਮਿੰਨਤਾਂ ਕੀਤੀਆਂ, ਗੱਲ ਨਹੀਂ ਬਣੀ। ਇਸ ਵਾਰੀ ਉਥੋਂ ਸੁਨੇਹੇ ਆਉਂਦੇ ਰਹੇ ਕਿ ਆ ਜਾਓ, ਮੈਂ ਕਿਹਾ ਕਿ ਜਾਣਾ ਨਹੀਂ ਹੈ, ਜੋ ਪ੍ਰਮਾਤਮਾ ਨੂੰ ਸੱਚੇ ਪਾਤਸ਼ਾਹ ਨੂੰ ਮਨਜ਼ੂਰ ਹੈ, ਉਹ ਹੋ ਜਾਵੇਗਾ। ਫਿਰ ਮੈਨੂੰ 30,300 ਦੀਆਂ ਰਿਕਾਰਡ ਤੋੜ ਵੋਟਾਂ ਤੇ ਮਾਲਕ ਨੇ ਜਿਤਾ ਦਿੱਤਾ। ਮੇਰੀ ਇਹੀ ਬੇਨਤੀ ਹੈ ਕਿ ਆਪਾਂ ਇਥੇ ਪੰਜਾਬ ਦੇ ਲੋਕਾਂ ਦੇ ਜਿਹੜੇ ਮਸਲੇ ਹਨ, ਉਨ੍ਹਾਂ ਨੂੰ ਹੱਲ ਕਰਨ ਵਾਸਤੇ ਇਕੱਠੇ ਹੋਏ ਹਾਂ। ਅਸੀਂ ਉਨ੍ਹਾਂ ਮਸਲਿਆਂ ਨੂੰ ਡਿਸਕਸ ਕਰਨ ਲਈ ਇਥੇ ਆਉਂਦੇ ਹਾਂ ਨਾ ਕਿ ਕਿਸੇ ਦੇ ਧਰਮ, ਵਿਸ਼ਵਾਸ ਜਾਂ ਫੇਥ ਦੇ ਉਪਰ ਡਿਸਕਸ ਕਰਨ ਲਈ ਆਏ ਹਾਂ।

ਸਰ, ਲੀਡਰ ਆਫ ਦਿ ਆਪੋਜ਼ੀਸ਼ਨ ਸਰਦਾਰ ਹਰਪਾਲ ਸਿੰਘ ਚੀਮਾ ਜੀ ਨੇ

---

**ਗੁਰਬਾਣੀ ਦੇ ਸਤਿਕਾਰ ਵਿੱਚ ਪੰਕਤੀ ਠੀਕ ਪਾਈ ਗਈ ਹੈ।

[ਸ਼੍ਰੀ ਅਮਨ ਅਰੋੜਾ]

ਤੁਹਾਡੇ ਚਰਨਾਂ ਵਿੱਚ ਇਕ ਬੇਨਤੀ ਕੀਤੀ ਹੈ, ਮੈਂ ਵੀ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਕਿ ਅੱਜ ਦੀ ਕਾਰਜ ਸੂਚੀ ਵਿੱਚ ਚਾਰ ਮਤੇ ਲੱਗੇ ਹੋਏ ਸੀ। ਇਕ ਮਤਾ ਸਾਡੇ ਅਕਾਲੀ ਦਲ ਦੇ ਸਾਥੀਆਂ ਦਾ ਹਿਸਟੌਰੀਕਲ ਪਲੇਸਿਜ਼ ਦੀ ਸਾਂਭ-ਸੰਭਾਲ ਵਾਸਤੇ ਹੈ, ਕਾਂਗਰਸ ਦੇ ਮੇਰੇ ਭਰਾਵਾਂ ਰਾਜ ਕੁਮਾਰ ਚੱਬੇਵਾਲ ਜੀ, ਸਰਦਾਰ ਹਰਮਿੰਦਰ ਸਿੰਘ ਗਿੱਲ ਜੀ ਅਤੇ ਸ਼੍ਰੀ ਨੱਥੂ ਰਾਮ ਜੀ ਨੇ ਵੀ ਇਕ ਮਤਾ ਲਗਾਇਆ ਹੈ, this issue is very very close to my heart also. ਇਨ੍ਹਾਂ ਨੇ (ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਵੱਲ ਇਸ਼ਾਰਾ) ਪੰਜਾਬ ਦੇ ਸਕੂਲਾਂ ਦੀਆਂ ਅਨਸੇਫ ਬਿਲਡਿੰਗਜ਼ ਸਬੰਧੀ ਰੈਜੋਲਿਊਸ਼ਨ ਲਗਾਇਆ ਹੈ ਅਤੇ ਉਨ੍ਹਾਂ ਦੀ ਜਗ੍ਹਾ ਤੇ ਸੇਫ ਬਿਲਡਿੰਗਜ਼ ਮੁਹੱਈਆ ਕਰਵਾਉਣ ਦੀ ਗੱਲ ਕੀਤੀ ਹੈ ਤਾਂ ਜੋ ਉਥੇ ਪੜ੍ਹਨ ਵਾਲੇ ਬੱਚਿਆਂ ਦੀ ਜਾਨ ਮਾਲ ਦਾ ਕੋਈ ਨੁਕਸਾਨ ਨਾ ਹੋ ਜਾਵੇ। ਮੈਂ ਅਤੇ ਮੇਰੇ ਸਾਥੀ ਸਰਦਾਰ ਜੈ ਕ੍ਰਿਸ਼ਨ ਸਿੰਘ ਰੋੜੀ ਜੀ ਨੇ ਰੈਜ਼ੋਲਿਊਸ਼ਨ ਲਗਾਇਆ ਹੋਇਆ ਹੈ ਕਿ ਜਿਹੜੀ ਇਨ੍ਹਾਂ ਦੀ (ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਵੱਲ ਇਸ਼ਾਰਾ) ਸਰਕਾਰ ਆਪਣੇ ਸਮੇਂ ਦੌਰਾਨ ਪੰਜਾਬ ਦੇ ਤਿੰਨ ਪ੍ਰਾਈਵੇਟ ਪਲਾਂਟਾਂ ਨਾਲ ਐਗਰੀਮੈਂਟ ਕਰ ਗਈ ਸੀ ਕਿ ਜੇ ਇਕ ਯੂਨਿਟ ਵੀ ਪਰਚੇਜ਼ ਨਹੀਂ ਕਰਾਂਗੇ ਤਾਂ ਵੀ ਉਨ੍ਹਾਂ ਨੂੰ 2800 ਕਰੋੜ ਰੁਪਿਆ ਹਰ ਸਾਲ ਨੂੰ ਦੇਣਾ ਪਵੇਗਾ, ਇਹ 25 ਸਾਲਾਂ ਦਾ ਐਗਰੀਮੈਂਟ ਹੈ। ਇਸ ਤਰ੍ਹਾਂ ਨਾਲ 70,000 ਕਰੋੜ ਰੁਪਿਆ ਬਣ ਜਾਣਾ ਹੈ। ਜੇ ਬੱਚਿਆਂ ਦੀ ਸੇਫਟੀ ਨਾਲੋਂ, ਜੇ ਪੰਜਾਬ ਦੇ 70,000 ਕਰੋੜ ਰੁਪਏ ਦੇ ਲੋਕਾਂ ਦੇ ਇਮਾਨਦਾਰੀ ਦੇ ਪੈਸੇ ਨਾਲੋਂ ** **

**ਮਾਨਯੋਗ ਸਪੀਕਰ:** ਇਸ ਹਾਊਸ ਨੇ ਤੁਹਾਡੇ ਮੁਤਾਬਕ ਨਹੀਂ ਚੱਲਣਾ।

**ਸ਼੍ਰੀ ਅਮਨ ਅਰੋੜਾ:** ** **

**ਮਾਨਯੋਗ ਸਪੀਕਰ:** ਤੁਸੀਂ ਹਾਊਸ ਨੂੰ ਡਿਕਟੇਟ ਨਹੀਂ ਕਰ ਸਕਦੇ।

**ਸ਼੍ਰੀ ਅਮਨ ਅਰੋੜਾ:** ** **

**Mr. Speaker:** You are nobody to dictate. Mind your language, you are nobody to dictate. You are nobody to dictate.

**ਸ਼੍ਰੀ ਅਮਨ ਅਰੋੜਾ:** ** **

**Mr. Speaker:** You are nobody to dictate. ਠੀਕ ਹੈ, ਬੈਠੋ। ਇਹ ballot ਨਾਲ ਹੁੰਦਾ ਹੈ। ਇਹ ਤੁਹਾਡੇ ਮੁਤਾਬਕ ਨਹੀਂ ਹੋਣਾ।

**ਸ਼੍ਰੀ ਅਮਨ ਅਰੋੜਾ:** ** **

---

** **Expunged as ordered by the Chair.

**Mr. Speaker:** It will not be according to you.

**ਸ਼੍ਰੀ ਅਮਨ ਅਰੋੜਾ:** ** **

**Mr. Speaker:** No, No. ਇਸ ਵਿੱਚ ਕੋਈ ਟਾਈਮ ਲਿਮਟ ਨਹੀਂ ਹੋ ਸਕਦੀ। ਕਿਸੇ ਰੈਜ਼ੋਲਿਊਸ਼ਨ ਤੇ ਤੁਸੀਂ ਚਾਹੋ ਕਿ ਟਾਈਮ ਲਿਮਟ ਹੋ ਜਾਵੇ, ਕਿਸੇ ਤੇ ਤੁਸੀਂ ਚਾਹੋ ਕਿ ਅਨਲਿਮਟਿਡ ਹੋ ਜਾਵੇ, House will not go with you.

**ਸ਼੍ਰੀ ਅਮਨ ਅਰੋੜਾ:** ** **

**ਮਾਨਯੋਗ ਸਪੀਕਰ:** ਨਹੀਂ, ਅਜਿਹਾ ਨਹੀਂ ਹੁੰਦਾ।

**ਸ਼੍ਰੀ ਅਮਨ ਅਰੋੜਾ:** ** **

**ਮਾਨਯੋਗ ਸਪੀਕਰ:** ਬੱਸ, ਫਿਰ ਠੀਕ ਹੈ। ਨਾ ਦਿਉ, ਚੱਲੇਗਾ। ਸਰਦਾਰ ਗੁਰਕੀਰਤ ਸਿੰਘ।

**ਸ਼੍ਰੀ ਅਮਨ ਅਰੋੜਾ:** ** **

**Mr. Speaker:** The House will go as per the rules. The House will go as per the rules.

**ਸਰਦਾਰ ਗੁਰਕੀਰਤ ਸਿੰਘ ਕੋਟਲੀ (ਖੰਨਾ):** ਸਪੀਕਰ ਸਾਹਿਬ, ਧੰਨਵਾਦ ਜੀ। ਅੱਜ ਬਹੁਤ ਹੀ ਅਹਿਮ ਮਤਾ ਹਾਊਸ ਵਿੱਚ ਆਇਆ ਹੈ ਜਿਸ ਤੇ ਸਾਰੇ ਮੈਂਬਰਾਂ ਨੇ ਆਪੋ ਆਪਣੇ ਵਿਚਾਰ ਰੱਖੇ ਹਨ। ਤੁਸੀਂ ਮੈਨੂੰ ਵਹਿਮਾਂ ਭਰਮਾਂ ਸਬੰਧੀ ਪੇਸ਼ ਹੋਏ ਇਸ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ, ਮੈਂ ਕੋਈ ਜ਼ਿਆਦਾ ਸਮਾਂ ਨਹੀਂ ਲੈਣਾ। ਸਪੀਕਰ ਸਾਹਿਬ, ਜੇ ਅੱਜ ਤੋਂ ਚਾਰ ਦਹਾਕੇ ਪਿੱਛੇ ਚਲੇ ਜਾਈਏ, ਉਦੋਂ ਸਾਡਾ ਸਮਾਜ ਵਾਕਿਆ ਹੀ ਵਹਿਮਾਂ-ਭਰਮਾਂ ਦੇ ਵਿਚ ਜਕੜਿਆ ਪਿਆ ਸੀ। ਜਿਵੇਂ ਜਿਵੇਂ ਐਜੂਕੇਸ਼ਨ ਆਉਂਦੀ ਗਈ, ਸਮਾਜ ਦੀ ਸੋਚ ਬਦਲਦੀ ਗਈ। ਠੀਕ ਹੈ, ਅਜੇ ਵੀ ਬਹੁਤ ਕੁਝ ਕਰਨ ਦੀ ਲੋੜ ਹੈ। ਜਿਸ ਕੌਮ ਕੋਲ ਇੰਨਾ ਵੱਡਾ ਗੁਰੂਆਂ ਦਾ ਕੁਰਬਾਨੀਆਂ ਭਰਿਆ ਇਤਿਹਾਸ ਹੋਵੇ, ਜਿਸ ਧਰਤੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਪ੍ਰਕਾਸ਼ ਹੋਵੇ , ਉਹ ਵਹਿਮਾਂ- ਭਰਮਾਂ ਵਿਚ ਨਹੀਂ ਫਸ ਸਕਦੀ ਪਰ ਅੱਜ ਕੱਲ੍ਹ ਲੋਕਾਂ ਦਾ ਸ਼ੋਸ਼ਣ ਕਰਨ ਲਈ ਬਹੁਤ ਢੰਗ ਤਰੀਕੇ ਵਰਤੇ ਜਾਂਦੇ ਹਨ। ਇਨ੍ਹਾਂ ਵਹਿਮਾਂ-ਭਰਮਾਂ ਨੂੰ ਅੱਜ ਕਮਰਸ਼ੀਅਲ ਕੀਤਾ ਜਾ ਰਿਹਾ ਹੈ। ਕੁਝ ਲੋਕਾਂ ਨੇ ਇਸ ਨੂੰ ਆਪਣੀ ਕਮਾਈ ਦਾ

---

** **Expunged as ordered by the Chair.

[ਸਰਦਾਰ ਗੁਰਕੀਰਤ ਸਿੰਘ ਕੋਟਲੀ]

ਧੰਦਾ ਬਣਾਇਆ ਹੋਇਆ ਹੈ। ਆਮ ਲੋਕ ਇਸ ਜਾਲ ਵਿਚ ਫਸਦੇ ਜਾ ਰਹੇ ਹਨ। ਜੇਕਰ ਆਪਾਂ ਸਹੀ ਮਾਅਨਿਆਂ ਵਿਚ ਲੋਕਾਂ ਦੇ ਸੋਸ਼ਣ ਨੂੰ ਰੋਕਣਾ ਚਾਹੁੰਦੇ ਹਾਂ, ਜੇਕਰ ਲੋਕਾਂ ਨੂੰ ਵਹਿਮਾਂ-ਭਰਮਾਂ ਦੀ ਜਕੜਨ ਤੋਂ ਬਚਾਉਣਾ ਚਾਹੁੰਦੇ ਹਾਂ ਤਾਂ ਜਿਹੜੀਆਂ ਅਖਬਾਰਾਂ ਅਤੇ ਟੀ.ਵੀ. ਵਿਚ ਇਸ ਤਰ੍ਹਾਂ ਦੀਆਂ ਐਡਵਰਟਾਈਜ਼ਮੈਂਟਸ ਆਉਂਦੀਆਂ ਹਨ, ਜਿਨ੍ਹਾਂ ਰਾਹੀਂ ਲੋਕਾਂ ਨੂੰ ਵਹਿਮਾਂ ਭਰਮਾਂ ਵਿਚ ਫਸਾਇਆ ਜਾਂਦਾ ਹੈ। ਉਨ੍ਹਾਂ ਲੋਕਾਂ ਨੂੰ ਇਸ ਜਾਲ ਵਿਚੋਂ ਕੱਢਣ ਵਾਸਤੇ ਸਾਨੂੰ ਇਕ ਅਜਿਹਾ ਕਾਨੂੰਨ ਬਣਾਉਣਾ ਚਾਹੀਦਾ ਹੈ ਜਿਸ ਰਾਹੀਂ ਅਖਬਾਰਾਂ ਅਤੇ ਟੀ.ਵੀ. ਵਿਚ ਆ ਰਹੀਆਂ ਅਜਿਹੀਆਂ ਐਡਵਰਟਾਈਜ਼ਮੈਂਟਸ ਤੇ ਮੁਕੰਮਲ ਬੈਨ ਲੱਗ ਸਕੇ। ਸੋ, ਸਪੀਕਰ ਸਾਹਿਬ, ਮੇਰੀ ਮੰਗ ਹੈ ਕਿ ਸਾਰਾ ਹਾਊਸ ਇਸ ਮਤੇ ਤੇ ਸਹਿਮਤੀ ਪ੍ਰਗਟ ਕਰੇ ਅਤੇ ਅਜਿਹੀਆਂ ਐਡਵਰਟਾਈਜ਼ਮੈਂਟਸ ਨੂੰ ਬੈਨ ਕੀਤਾ ਜਾਵੇ। ਧੰਨਵਾਦ ਜੀ।

**ਪਸ਼ੂ ਪਾਲਣ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ):** ਸਪੀਕਰ ਸਾਹਿਬ, ਸੋਮ ਪ੍ਰਕਾਸ਼ ਜੀ ਨੇ ਜਿਹੜਾ ਮਤਾ ਲਿਆਂਦਾ ਹੈ, ਇਨ੍ਹਾਂ ਦੀ ਗੱਲ ਠੀਕ ਹੈ ਪਰ ਇਸ ਦੀ ਜ਼ਰੂਰਤ ਕਿਉਂ ਪਈ? ਸਾਡੇ ਲੋਕ ਡੇਰਿਆਂ ਜਾਂ ਸਾਧਾਂ ਸੰਤਾਂ ਦੇ ਚੱਕਰਾਂ ਵਿਚ ਕਿਸ ਕਾਰਨ ਪਏ? ਸਾਡੀ ਸਭ ਤੋਂ ਸਿਰਮੌਰ ਸੰਸਥਾ ਐਸ.ਜੀ.ਪੀ.ਸੀ. ਜੋ ਕਿ ਸਿੱਖ ਧਰਮ ਦੇ ਸਿਧਾਂਤਾਂ ਤੇ ਪਹਿਰਾ ਦਿੰਦੀ ਹੈ, ਉਹ ਅੱਜ ਕੁਝ ਸਿਆਸੀ ਬੰਦਿਆਂ ਦੀ ਕਠਪੁਤਲੀ ਬਣ ਕੇ ਰਹਿ ਗਈ ਹੈ। ਉਸ ਸੰਸਥਾ ਦਾ ਸਿਆਸੀਕਰਨ ਹੋ ਗਿਆ ਹੈ। ਅੱਜ ਪੜ੍ਹੇ ਲਿਖੇ ਜਾਂ ਵਿਦਵਾਨ ਲੋਕਾਂ ਦੀ ਬਜਾਏ, ਸਿਆਸੀ ਬੰਦੇ ਐਸ.ਜੀ.ਪੀ.ਸੀ. ਦੇ ਮੈਂਬਰ ਬਣਦੇ ਹਨ ਅਤੇ ਜਦੋਂ ਉਹ ਸਰਕਾਰ ਤੋਂ ਬਾਹਰ ਹੋਣ ਤਾਂ ਉਹੀ ਪ੍ਰਧਾਨ ਵੀ ਬਣਦੇ ਹਨ। ਇਸ ਲਈ ਐਸ.ਜੀ.ਪੀ.ਸੀ. ਆਪਣਾ ਸਹੀ ਰੋਲ ਪਲੇਅ ਨਹੀਂ ਕਰ ਰਹੀ ਜਿਸ ਕਾਰਨ ਲੋਕਾਂ ਦਾ ਡੇਰਿਆਂ ਵੱਲ ਝੁਕਾਅ ਵਧਿਆ ਹੈ।(ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਜਿਵੇਂ ਅੱਜ ਫੂਲਕਾ ਸਾਹਿਬ ਨੇ ਗੱਲ ਕੀਤੀ ਸੀ ਕਿ ਐਸ.ਜੀ.ਪੀ.ਸੀ. ਦੀਆਂ ਚੋਣਾਂ ਹੋਣੀਆਂ ਚਾਹੀਦੀਆਂ ਹਨ। ਸਪੀਕਰ ਸਾਹਿਬ, ਇਨ੍ਹਾਂ ਚੋਣਾਂ ਵਿਚ ਅਜਿਹੇ ਨਿਰਪੱਖ ਲੋਕ ਚੁਣੇ ਜਾਣ ਜੋ ਨਿਰੋਲ ਧਾਰਮਿਕ ਹੋਣ ਅਤੇ ਲੋਕਾਂ ਨੂੰ ਸਹੀ ਦਿਸ਼ਾ ਵੱਲ ਲੈ ਕੇ ਜਾ ਸਕਣ। ਅੱਜ ਅਕਾਲੀ ਦਲ ਨੇ ਇਸ ਸੰਸਥਾ ਤੇ ਕਬਜ਼ਾ ਕੀਤਾ ਹੋਇਆ ਹੈ। ਉਹ ਕਬਜ਼ਾ ਸਾਨੂੰ ਤੋੜਨਾ ਪੈਣਾ ਹੈ।

(**ਅਵਾਜ਼ਾਂ:** ਲੋਕ ਤੋੜਨਗੇ।)

**ਪਸ਼ੂ ਪਾਲਣ ਮੰਤਰੀ :** ਅਸੀਂ ਵੀ ਸਿੱਖ ਹਾਂ, ਅਸੀਂ ਵੀ ਸਵੇਰੇ ਉੱਠ ਕੇ ਪਾਠ ਕਰਦੇ ਹਾਂ, ਗੁਰਦੁਆਰਾ ਸਾਹਿਬ ਮੱਥਾ ਟੇਕਣ ਜਾਂਦੇ ਹਾਂ ਪਰ ਇਹ ਸਾਨੂੰ ਸਿੱਖ ਹੀ ਨਹੀਂ ਸਮਝਦੇ। ਲੋਕ ਤਿਆਰ ਬੈਠੇ ਹਨ ਕਿ ਐਸ.ਜੀ.ਪੀ.ਸੀ. ਵਿਚ ਸਹੀ ਬੰਦੇ ਅੱਗੇ ਆਉਣ। ਸਾਨੂੰ ਇਸ ਵਾਸਤੇ ਕੰਮ ਕਰਨ ਦੀ ਲੋੜ ਹੈ। ਧੰਨਵਾਦ ਜੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਨਯੋਗ ਸਪੀਕਰ :** ਹਾਂ ਜੀ, ਨੱਥੂ ਰਾਮ ਜੀ। ਚੰਦੂਮਾਜਰਾ ਜੀ, ਤੁਸੀਂ ਬਾਅਦ ਵਿਚ ਬੋਲ ਲੈਣਾ।

**ਸ਼੍ਰੀ ਨੱਥੂ ਰਾਮ (ਬੱਲੂਆਣਾ, ਐਸ.ਸੀ.):** ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਇਸ ਗੈਰ ਸਰਕਾਰੀ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਕਾਫੀ ਮੈਂਬਰਾਂ ਨੇ ਇਸ ਮਤੇ ਦੇ ਹੱਕ ਅਤੇ ਵਿਰੋਧ ਵਿਚ ਆਪਣੇ ਵਿਚਾਰ ਦਿੱਤੇ ਹਨ। ਵਹਿਮਾਂ-ਭਰਮਾਂ ਦੇ ਖਿਲਾਫ਼ ਇਹ ਮਤਾ ਮੇਰੇ ਮਾਨਯੋਗ ਸਾਥੀ ਨੇ ਲਿਆਂਦਾ ਹੈ। ਇਹ ਪਰੰਪਰਾ ਸਦੀਆਂ ਤੋਂ ਚਲਦੀ ਆ ਰਹੀ ਹੈ। ਗੁਰੂ ਸਾਹਿਬਾਨ ਦੀਆਂ ਦਿੱਤੀਆਂ ਸੇਧਾਂ ਦੇ ਮੁਤਾਬਿਕ ਸਾਡੇ ਪੰਜਾਬ ਦਾ ਵਰਤਾਰਾ ਹੌਲੀ ਹੌਲੀ ਬਦਲਣਾ ਸ਼ੁਰੂ ਹੋਇਆ ਹੈ। ਮੇਰੇ ਸਾਥੀ ਨੇ ਪੰਜਾਬ ਸਟੇਟ ਵਿਚ ਮਹਾਰਾਸ਼ਟਰ ਦੀ ਤਰਜ਼ ਤੇ ਬਿਲ ਪਾਸ ਕਰਨ ਲਈ ਇਹ ਮਤਾ ਲਿਆਂਦਾ ਹੈ। ਮਹਾਰਾਸ਼ਟਰ ਅਤੇ ਪੰਜਾਬ ਦਾ ਜ਼ਮੀਨ ਅਸਮਾਨ ਦਾ ਅੰਤਰ ਹੈ। ਮੈਂ ਨਹੀਂ ਸਮਝਦਾ ਕਿ ਮੇਰੇ ਸਾਥੀ ਜਿਸ ਪਾਰਟੀ ਨਾਲ ਸਬੰਧਤ ਹਨ, ਇਨ੍ਹਾਂ ਨੇ ਆਪਣੇ ਪਾਰਟੀ ਦੇ ਆਗੂਆਂ ਨਾਲ, ਜਿਹੜੀ ਇਨ੍ਹਾਂ ਦੀ ਸਿਰਮੌਰ ਲੀਡਰਸ਼ਿਪ ਹੈ, ਜੋ ਆਪ ਇਸ ਵਰਤਾਰੇ ਵਿੱਚ ਲੱਗੀ ਹੋਈ ਹੈ ਅਤੇ ਦੇਸ਼ ਵਿੱਚ ਫਿਰਕਾਪ੍ਰਸਤੀ ਪੈਦਾ ਕਰ ਰਹੀ ਹੈ, ਕਦੇ ਧਰਮ ਦੇ ਨਾਂ ਤੇ, ਕਦੇ ਗਊਮਾਤਾ ਦੇ ਨਾਂ ਤੇ..... (ਵਿਘਨ) ਮੈਨੂੰ ਬੋਲ ਲੈਣ ਦਿਓ ....

**ਮਾਨਯੋਗ ਸਪੀਕਰ:** ਸੋਮ ਪ੍ਰਕਾਸ਼ ਜੀ, ਪਹਿਲਾਂ ਹੀ ਤੁਸੀਂ ਕਾਫੀ ਬੋਲ ਚੁੱਕੇ ਹੋ। ਦੱਸੋ ਕੀ ਕਹਿਣਾ ਹੈ?

**ਸ਼੍ਰੀ ਸੋਮ ਪ੍ਰਕਾਸ਼:** ਸਰ, ਮੇਰੀ ਬੇਨਤੀ ਹੈ ਕਿ ਮੈਂ ਮਤਾ ਲੈ ਕੇ ਆਇਆ ਹਾਂ ਇਸ ਵਿੱਚ ਪਾਰਟੀ ਦਾ ਕੀ ਤਾਅਲੁਕ ਹੈ? ਇਹ ਮਹਾਰਾਸ਼ਟਰ ਬਾਰੇ ਕਹਿ ਰਹੇ ਹਨ, ਮਹਾਰਾਸ਼ਟਰ ਵਿੱਚ ਬੀ.ਜੇ.ਪੀ ਦੀ ਹੀ ਸਰਕਾਰ ਹੈ, ਉਨ੍ਹਾਂ ਨੇ ਮਤਾ ਪਾਸ ਕੀਤਾ ਹੈ।

**ਸ਼੍ਰੀ ਨੱਥੂ ਰਾਮ:** ਸਪੀਕਰ ਸਾਹਿਬ, ਮੈਂ ਉਸੇ ਗੱਲ ਤੇ ਆਵਾਂਗਾ। ਸੋਮ ਪ੍ਰਕਾਸ਼ ਜੀ, ਮੈਂ ਅੱਜ ਤੱਕ ਕੋਈ ਗਲਤ ਗੱਲ ਨਹੀਂ ਕੀਤੀ। ਮੈਂ ਤੁਹਾਡੀ ਕਦਰ ਕਰਦਾ ਹਾਂ। ਤੁਸੀਂ ਬਤੌਰ ਆਈ.ਏ.ਐਸ. ਕਿਰਤ ਮਹਿਕਮੇ ਨਾਲ ਜੁੜੇ ਰਹੇ ਹੋ। ਜੋ ਕੁਝ ਕਿਰਤ ਮੰਤਰਾਲੇ ਵਿੱਚ ਕਿਰਤੀਆਂ ਵਾਸਤੇ ਤੁਸੀਂ ਕੀਤਾ ਹੈ, ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਤੇ ਮੈਂ ਵੀ ਜਾਣਦਾ ਹਾਂ।

**(ਅਵਾਜ਼ਾਂ:** ਚੰਗਾ ਕੀਤਾ ਜਾਂ ਮਾੜਾ ਕੀਤਾ?) (ਵਿਘਨ, ਸ਼ੋਰ)

**ਸ਼੍ਰੀ ਨੱਥੂ ਰਾਮ :** ਚੰਗਾ-ਮਾੜਾ ਇਹ ਤਾਂ ਸਮੇਂ ਦੀ ਗੱਲ ਹੈ। ਮੈਨੂੰ ਗੱਲ ਕਰ ਲੈਣ ਦਿਓ ਜੀ। ਤੁਸੀਂ ਸਾਰਿਆਂ ਨੇ ਗੱਲ ਕਰ ਲਈ ਹੈ। ਮੈਂ ਬੋਲਣਾ ਨਹੀਂ ਚਾਹੁੰਦਾ ਸੀ ਪਰ ਮੈਂ ਉਸ ਪਰਿਵਾਰ ਵਿੱਚ ਜੰਮਿਆ ਹਾਂ ਜਿਹੜਾ ਕਿਸੇ ਵੀ ਧਰਮ ਵਿੱਚ ਵਿਸ਼ਵਾਸ ਨਹੀਂ ਰੱਖਦਾ ਅਤੇ ਪੂਰੀ ਤਰ੍ਹਾਂ ਨਾਸਤਕ ਹੈ। ਮੈਂ ਬੋਲਣਾ ਨਹੀਂ ਚਾਹੁੰਦਾ ਸੀ ਪਰ ਮਹਾਰਾਸ਼ਟਰ ਦਾ ਸੂਬਾ ਜਿੱਥੇ ਬੋਲਣ ਦੀ ਆਜ਼ਾਦੀ ਨਾ ਹੋਵੇ, ਉਸ ਸੂਬੇ ਵਿੱਚ ਇਹੋ ਜਿਹਾ ਮਤਾ ਪਾਸ ਹੋ ਜਾਵੇ? ਪੰਜਾਬ ਵਿੱਚ ਵੀ ਤਰਕਸ਼ੀਲ ਹਨ ਜਿਹੜੇ ਲੋਕਾਂ ਨੂੰ ਵਹਿਮਾਂ-ਭਰਮਾਂ ਵਿੱਚੋਂ ਕੱਢਣ ਵਾਸਤੇ ਉਪਰਾਲੇ ਕਰ ਰਹੇ ਹਨ ਪਰ ਉਨ੍ਹਾਂ ਦਾ ਕਦੇ ਕਿਸੇ ਨੇ ਸਹਿਯੋਗ ਨਹੀਂ ਦਿੱਤਾ। ਮਹਾਰਾਸ਼ਟਰ ਵਿੱਚ ਗੋਬਿੰਦ ਪਨਸਾਰੇ ਵਰਗਾ ਇੱਕ ਵਧੀਆ ਡੈਮੋਕਰੇਟਿਕ ਸੋਚ ਵਾਲਾ ਇਨਸਾਨ ਅਤੇ ਵਧੀਆ ਤਰਕਸ਼ੀਲ ਜਿਹੜਾ ਲੋਕਾਂ ਵਿੱਚ ਜਾਗ੍ਰਿਤੀ ਪੈਦਾ ਕਰਦਾ ਸੀ, ਉਹ ਦਿਨ-ਦਿਹਾੜੇ ਸਵੇਰੇ ਸੈਰ ਕਰਨ ਨੂੰ ਜਾਂਦਾ ਹੈ ਤਾਂ ਉਸ ਵੇਲੇ ਉਹ ਗੋਲੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਅੱਜ ਤੱਕ ਉਸ ਦੇ ਕਾਤਲ ਨਹੀਂ ਲੱਭੇ ਹਨ। ਉਹ ਸਰਕਾਰ ਵਹਿਮਾਂ-ਭਰਮਾਂ ਦੇ ਖਿਲਾਫ ਮਤੇ ਪਾਸ ਕਰਦੀ ਹੈ? ਤੁਸੀਂ ਇਹੋ ਜਿਹੇ ਆਗੂ ਨੂੰ ਜਿਹੜਾ ਚੇਤਨਾ ਪੈਦਾ ਕਰਦਾ ਸੀ, ਉਸ ਦੇ ਕਾਤਲਾਂ ਨੂੰ ਤੁਸੀਂ ਅੱਜ ਤੱਕ ਨਹੀਂ ਫੜ ਸਕੇ।

ਦੂਸਰੀ ਗੱਲ, ਉੜੀਸਾ ਦੀ ਬਹੁਤ ਵਧੀਆ ਪੱਤਰਕਾਰ ਅਤੇ ਤਰਕਸ਼ੀਲ ਬੀਬੀ ਗੌਰੀ ਲੰਕੇਸ਼, ਜਿਹੜੀ ਸਮਾਜ ਵਿੱਚ ਚੇਤਨਾ ਪੈਦਾ ਕਰਦੀ ਸੀ ਤਾਂ ਕਿ ਸਮਾਜ ਚੇਤਨ ਹੋਵੇ, ਜਿਸ ਪਾਰਟੀ ਨਾਲ ਇਹ ਸਬੰਧ ਰੱਖਦੇ ਹਨ ਮੇਰੇ ਸਾਥੀ ਇਨ੍ਹਾਂ ਨੂੰ ਇਹ ਗੱਲ ਮਹਿਸੂਸ ਹੋਵੇਗੀ, ਉਹ ਇਹ ਨਹੀਂ ਚਾਹੁੰਦੇ ਹਨ ਕਿ ਸਮਾਜ ਵਿੱਚ ਚੇਤਨਾ ਪੈਦਾ ਕਰਨ ਵਾਲੇ ਇਨਸਾਨ ਇੱਥੇ ਜ਼ਿੰਦਾ ਰਹਿਣ, ਇਥੇ ਵੱਸਦੇ ਰਹਿਣ, ਇਸ ਲਈ ਗੌਰੀ ਲੰਕੇਸ਼ ਦਾ ਕਤਲ ਕੀਤਾ ਗਿਆ।

ਤੀਸਰਾ, ਇਸੇ ਤਰ੍ਹਾਂ ਦਾ ਇੱਕ ਹੋਰ ਬਹੁਤ ਵਧੀਆ ਇਨਸਾਨ ਦਬੋਲਕਰ ਜੀ ਸਨ। ਉਹ ਵੀ ਤਰਕਸ਼ੀਲ ਸੁਸਾਇਟੀ ਨਾਲ ਸਬੰਧ ਰੱਖਦੇ ਸੀ, ਉਨ੍ਹਾਂ ਦਾ ਵੀ ਕਤਲ ਹੋ ਗਿਆ। ਇਨ੍ਹਾਂ ਤਿੰਨਾਂ ਦਾ ਕਤਲ ਹੋਇਆ ਪਰ ਕਾਤਲ ਅੱਜ ਤੱਕ ਨਹੀਂ ਲੱਭਿਆ। ਸਾਰਿਆਂ ਨਾਲੋਂ ਵੱਡੀ ਗੱਲ, ਹਿੰਦੁਸਤਾਨ ਦੀ ਜਵਾਹਰ ਲਾਲ ਯੂਨੀਵਰਸਿਟੀ, ਜਿਸ ਤੋਂ ਪੜ੍ਹ ਕੇ ਨੌਜਵਾਨ ਬੱਚੇ ਦੇਸ਼ ਦੇ ਅਹਿਮ ਅਹੁਦਿਆਂ ਤੇ ਪਹੁੰਚੇ ਹਨ, ਜਿਸ ਨੂੰ ਸਿਆਸਤ ਦੀ nursery ਕਿਹਾ ਜਾਂਦਾ ਹੈ, ਉਸ ਦੇ ਵਿੱਚ ਕਈ technocrat, ਕਈ ਹੋਰ ਕਿਸਮ ਦੇ ਆਗੂ, ਧਾਰਮਿਕ ਆਗੂ ਵੀ ਉਸ ਦੇ ਵਿੱਚੋਂ ਪੈਦਾ ਹੋਏ ਹੋਣਗੇ, ਸਿਆਸੀ ਆਗੂ ਵੀ ਉਸ ਤੋਂ ਹੀ ਪੈਦਾ ਹੋਏ ਹਨ, ਹੁਣ ਦੇ ਮੌਜੂਦਾ ਕਈ ਆਗੂ ਵੀ ਹਨ ਜਿਨ੍ਹਾਂ ਨੇ ਜਵਾਹਰ ਲਾਲ ਨਹਿਰੂ ਯੂਨਵਰਸਿਟੀ ਤੋਂ ਵਿੱਦਿਆ ਹਾਸਲ ਕੀਤੀ ਹੈ, ਇਸ ਯੂਨੀਵਰਸਿਟੀ ਨੂੰ ਸਾਰੇ ਹਿੰਦੁਸਤਾਨ ਵਿੱਚ ਸਿਆਸਤ ਦਾ ਕੇਂਦਰ ਸਮਝਿਆ ਜਾਂਦਾ ਹੈ, ਉਥੇ ਜਿਹੜੇ ਸਹੀ

ਸੋਚ ਵਾਲੇ ਬੱਚੇ ਹਨ, ਉਨ੍ਹਾਂ ਦੀ ਅਵਾਜ਼ ਨੂੰ ਦਬਾਉਣ ਵਾਸਤੇ ਉਥੇ ਫੌਜ ਲਗਾ ਦਿੱਤੀ ਜਾਂਦੀ ਹੈ ਅਤੇ ਉਨ੍ਹਾਂ ਨੌਜਵਾਨਾਂ ਤੇ ਦੇਸ਼ਧ੍ਰੋਹ ਦੇ ਮੁਕੱਦਮੇ ਦਰਜ ਹੋ ਜਾਂਦੇ ਹਨ। ਦੇਸ਼ ਦੇ ਸਿਰਮੌਰ ਆਗੂ, ਜਿਨ੍ਹਾਂ ਨੇ ਦੇਸ਼ ਨੂੰ ਅੱਗੇ ਲੈ ਕੇ ਜਾਣਾ ਹੈ, ਸਾਰੀ ਦੁਨੀਆਂ ਵਿੱਚ ਹਿੰਦੁਸਤਾਨ ਦਾ ਨਾਂ ਚਮਕਾਉਣਾ ਹੈ, ਉਹ ਧਰਮ ਦੀ ਆੜ ਵਿੱਚ..... ਮੈਨੂੰ ਇਹ ਨਹੀਂ ਕਹਿਣਾ ਚਾਹੀਦਾ ਸੀ, ਭਾਵੇਂ ਮੈਂ ਨਾਸਤਿਕ ਹਾਂ।

ਸਪੀਕਰ ਸਾਹਿਬ, ਮੈਂ ਹਰ ਧਰਮ ਦੀ ਕਦਰ ਕਰਦਾ ਹਾਂ। ਮੈਂ ਗੁਰਦੁਆਰਾ ਸਾਹਿਬ ਵੀ ਜਾਂਦਾ ਹਾਂ, ਮੈਂ ਮੰਦਰ ਵਿੱਚ ਵੀ ਜਾਂਦਾ ਹਾਂ, ਮੈਂ ਚਰਚ ਵਿੱਚ ਵੀ ਜਾਂਦਾ ਹਾਂ, ਮੈਂ ਮਸਜਿਦ ਵਿੱਚ ਵੀ ਜਾਂਦਾ ਹਾਂ, ਮੈਂ ਬੋਧੀਆਂ ਦੇ ਵੀ ਜਾਂਦਾ ਹਾਂ, ਮੈਂ ਪਾਰਸੀਆਂ ਦੇ ਵੀ ਜਾਂਦਾ ਹਾਂ, ਜਿਹੜੇ ਵੀ ਮੇਰੇ ਹਲਕੇ ਨਾਲ ਸਬੰਧ ਰੱਖਦੇ ਹਨ। ਦੇਸ਼ ਨੂੰ ਇਹੋ ਜਿਹੇ ਇਨਸਾਨ ਦੀ ਅਗਵਾਈ ਚਾਹੀਦੀ ਹੈ, ਜਿਹੜਾ ਦੇਸ਼ ਨੂੰ ਤਰੱਕੀ ਵਾਲੇ ਪਾਸੇ ਲੈ ਕੇ ਜਾਵੇ। ਅੱਜ ਹਿੰਦੁਸਤਾਨ ਵਿੱਚ ਇੰਜਣ ਬਣ ਰਹੇ ਹਨ, ਰਾਕੇਟ ਬਣ ਰਹੇ ਹਨ, ਉਹ ਕੋਈ ਪੂਜਾ ਪਾਠ ਕਰਨ ਨਾਲ ਨਹੀਂ ਬਣੇ, ਸਾਡੇ ਟੈਕਨੋਕਰੇਟਸ ਨੇ, ਜਿਨ੍ਹਾਂ ਨੇ ਮਿਹਨਤ ਕੀਤੀ ਹੈ, ਉਨ੍ਹਾਂ ਨੇ ਪੜ੍ਹਾਈ ਵਧੀਆ ਕੀਤੀ, ਐਜੂਕੇਸ਼ਨ ਲਈ, ਦੇਸ਼ ਨੂੰ 1947 ਤੋਂ ਲੈ ਕੇ ਅੱਜ ਤੱਕ ਕਿੱਥੋਂ ਤੱਕ ਪਹੁੰਚਾ ਦਿੱਤਾ ਹੈ। ਮੰਗਲ ਗ੍ਰਹਿ ਤੱਕ ਵੀ ਅਸੀਂ ਜਾਣ ਨੂੰ ਤਿਆਰ ਹਾਂ। ਅੱਜ ਸਾਨੂੰ ਅੰਦਰ ਝਾਤੀ ਮਾਰਨ ਦੀ ਲੋੜ ਹੈ। ਜਿੱਥੇ ਅਸੀਂ ਸਾਰੇ ਧਰਮਾਂ ਦਾ ਸਤਿਕਾਰ ਕਰਦੇ ਹਾਂ, ਸਾਰੇ ਧਰਮਾਂ ਨੂੰ ਮੰਨਦੇ ਹਾਂ, ਉੱਥੇ ਸਾਡੇ ਸਮਾਜ ਵਿੱਚ ਜੇ ਅਸੀਂ ਵਹਿਮਾਂ-ਭਰਮਾਂ ਵਾਲੇ ਪਾਸੇ ਸੁਹਿਰਦ ਹਾਂ ਤਾਂ ਸਾਨੂੰ ਇੱਥੇ ਹੀ ਕਸਮ ਪਾ ਲੈਣੀ ਚਾਹੀਦੀ ਹੈ ਕਿ ਅਸੀਂ ਕਿਸੇ ਪਾਖੰਡੀ ਕੋਲ ਧਾਗਾ-ਤਵੀਤ ਕਰਵਾਉਣ ਨਹੀਂ ਜਾਵਾਂਗੇ, ਅਸੀਂ ਕਿਸੇ ਨੂੰ ਆਪਣਾ ਹੱਥ ਨਹੀਂ ਦਿਖਾਵਾਂਗੇ, ਅਸੀਂ ਕਿਸੇ ਨੂੰ ਇਹ ਨਹੀਂ ਪੁੱਛਾਂਗੇ ਕਿ ਟਿਕਟ ਮਿਲਦੀ ਹੈ ਕਿ ਨਹੀਂ ਮਿਲਦੀ। ਅਸੀਂ ਇਹ ਨਹੀਂ ਕਹਾਂਗੇ ਕਿ ਜਿੱਤਾਂਗੇ ਕਿ ਨਹੀਂ ਜਿੱਤਾਂਗੇ।(ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

ਸਪੀਕਰ ਸਾਹਿਬ, ਇਹ ਸਾਨੂੰ 117 ਮੈਂਬਰਾਂ, ਨੂੰ ਪਹਿਲਾਂ ਆਪ ਹੀ ਇੱਥੇ ਬੈਠੇ ਹੋਏ ਸੋਚ ਲੈਣਾ ਚਾਹੀਦਾ ਹੈ। ਅਸੀਂ ਇੱਥੋਂ ਪੰਜਾਬ ਦੇ ਲੋਕਾਂ ਲਈ ਵਿਧਾਨ ਬਣਾ ਕੇ ਭੇਜਦੇ ਹਾਂ। ਪੰਜਾਬ ਦੇ ਲੋਕ ਸਾਡੇ ਵੱਲ ਦੇਖਦੇ ਹਨ। ਜਿਹੜੀ ਚਰਚਾ ਅੱਜ ਅਸੀਂ ਇੱਥੇ ਬੈਠ ਕੇ ਕਰਦੇ ਹਾਂ, ਇਹ ਬੇਸਲੈਸ ਚਰਚਾ ਹੈ। ਸਾਨੂੰ ਪੰਜਾਬ ਦਾ ਨੌਜਵਾਨ ਜਿਹੜਾ ਬੇਰੁਜ਼ਗਾਰ ਹੈ..... ਤੁਸੀਂ ਕਹੋਗੇ ਕਿ ਤੁਹਾਡੀ ਸਰਕਾਰ ਨੇ ਵਾਅਦਾ ਕੀਤਾ ਹੈ, ਸਰਕਾਰਾਂ ਆਈਆਂ ਵੀ ਹਨ, ਗਈਆਂ ਵੀ ਹਨ ਅਤੇ ਆਉਣੀਆਂ ਵੀ ਹਨ। ਪੰਜਾਬ ਦਾ ਉਹ ਨੌਜਵਾਨ ਬੱਚਾ, ਜਿਹੜਾ ਮਾਰਿਆ ਮਾਰਿਆ ਫਿਰਦਾ ਹੈ, ਉਸ ਦੇ ਰੁਜ਼ਗਾਰ ਦਾ ਪ੍ਰਬੰਧ ਕਰਨ ਵਾਸਤੇ ਸਾਨੂੰ ਇੱਥੇ ਬੈਠ ਕੇ ਸੋਚਣਾ ਚਾਹੀਦਾ ਹੈ।(ਸ਼੍ਰੋਮਣੀ ਅਕਾਲੀ

[ਸ਼੍ਰੀ ਨੱਥੂ ਰਾਮ]

ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਬੈਂਚਿਜ਼ ਵੱਲੋਂ ਥੰਪਿੰਗ) ਜਿਹੜੀ ਨਸ਼ੇ ਦੀ ਲਾਹਨਤ ਹੈ, ਜਿਹੜੀ ਸਾਡੇ ਪੰਜਾਬ ਵਿੱਚ ਨਸ਼ੇ ਦੀ ਲਾਹਨਤ ਹੈ, ਨੌਜਵਾਨ ਬੱਚੇ ਜਿਹੜੇ ਇੱਧਰਲੇ ਪਾਸੇ ਤੁਰੇ ਸਨ, ਨੌਜਵਾਨ ਬੱਚਿਆਂ ਵਿੱਚ, ਸਾਡੇ ਸਮਾਜ ਵਿੱਚ ਚੇਤਨਾ ਪੈਦਾ ਕਰਨ ਦੀ ਲੋੜ ਹੈ ਤਾਂ ਕਿ ਸਾਡਾ ਬੱਚਾ ਨਸ਼ਿਆਂ ਵਾਲੇ ਪਾਸੇ ਤੋਂ ਵਾਪਸ ਆ ਕੇ ਆਪਣੇ ਮਾਪਿਆਂ ਦੀ ਰਜ਼ਾ ਵਿੱਚ ਰਹੇ ਅਤੇ ਆਪਣੇ ਸਮਾਜ ਵਿੱਚ ਵਧੀਆ ਨਾਂ ਬਣਾਵੇ। ਸਾਨੂੰ ਉਨ੍ਹਾਂ ਬਜ਼ੁਰਗਾਂ, ਕਿਰਤੀ-ਕਾਮਿਆਂ ਬਾਰੇ ਸੋਚਣਾ ਚਾਹੀਦਾ ਹੈ ਜਿਨ੍ਹਾਂ ਨੇ ਦੇਸ਼ ਦੇ ਭਵਿੱਖ ਨੂੰ ਬਣਾਉਣ ਵਾਸਤੇ, ਇਹ ਮੰਦਰ ਜਿਸ ਵਿੱਚ ਅਸੀਂ ਬੈਠੇ ਹਾਂ, ਖੂਨ-ਪਸੀਨੇ ਨਾਲ ਮਿਹਨਤ ਕੀਤੀ ਹੈ, ਦਸਾਂ ਨਹੁੰਆਂ ਦੀ ਕਿਰਤ-ਕਮਾਈ ਕਰਕੇ ਇਹ ਮੰਦਰ ਸਾਡੇ ਵਾਸਤੇ ਉਸਾਰ ਕੇ ਦਿੱਤੇ, ਜਿੱਥੇ ਬੈਠ ਕੇ ਅਸੀਂ ਉਨ੍ਹਾਂ ਵਾਸਤੇ ਫੈਸਲਾ ਕਰਨਾ ਹੈ।

ਅੱਜ ਲੋੜ ਹੈ, ਖਾਸ ਕਰਕੇ ਪੰਜਾਬ ਦੇ ਲੋਕਾਂ ਨੂੰ, ਪੰਜਾਬ ਜਿਹੜਾ ਹਿੰਦੁਸਤਾਨ ਦਾ ਮੋਹਰੀ ਸੂਬਾ ਸੀ, ਜਦੋਂ ਪੰਜਾਬੀ ਲੋਕ ਬਾਹਰ ਸਫਰ ਕਰਦੇ ਹਨ ਅਤੇ ਉੱਥੋਂ ਦੀਆਂ ਧੀਆਂ-ਭੈਣਾਂ ਇਹ ਮਹਿਸੂਸ ਕਰਦੀਆਂ ਸਨ ਕਿ ਅੱਜ ਪੰਜਾਬੀ ਸਾਡੇ ਨਾਲ ਆ ਗਿਆ ਹੈ ਅਤੇ ਸਾਨੂੰ ਕਿਸੇ ਕਿਸਮ ਦਾ ਕੋਈ ਡਰ ਨਹੀਂ ਹੈ। ਅਸੀਂ ਅਰਾਮ ਨਾਲ ਸਫਰ ਕਰ ਸਕਦੀਆਂ ਹਾਂ। ਉਸ ਪੰਜਾਬ ਨੂੰ ਗ੍ਰਹਿਣ ਲੱਗਿਆ ਹੈ, ਇਸ ਨੂੰ ਦੂਰ ਕਰਨ ਦੀ ਲੋੜ ਹੈ। ਮੇਰੇ ਸਾਥੀਓ ਮਹਿਸੂਸ ਨਾ ਕਰਿਉ, ਮੈਂ ਤੁਹਾਡੀ ਦਿਲੋਂ ਕਦਰ ਕਰਦਾ ਹਾਂ। ਮੈਂ ਇਸ ਕਰਕੇ ਬੋਲਦਾ ਹਾਂ ਕਿਉਂਕਿ ਅੱਜ ਪੰਜਾਬ ਵਿੱਚ ਤਰਾਹੀ ਤਰਾਹੀ ਮਚੀ ਹੈ। ਇਹ ਅੱਜ ਦੀ ਨਹੀਂ ਇਹ ਪਿਛਲੇ ਸਾਲਾਂ ਤੋਂ ਪੰਜਾਬ ਨੂੰ ਗ੍ਰਹਿਣ ਲੱਗਣਾ ਸ਼ੁਰੂ ਹੋਇਆ ਹੈ। ਸਾਨੂੰ ਰਲ ਕੇ, ਸੋਚ ਵਿਚਾਰ ਕਰਕੇ ਪੰਜਾਬ ਦੀ ਬਿਹਤਰੀ ਵਾਸਤੇ ਇੱਕ ਹੋਣਾ ਚਾਹੀਦਾ ਹੈ ਤਾਂ ਹੀ ਅਸੀਂ ਸਹੀ ਮਾਅਨਿਆਂ ਵਿੱਚ ਪੰਜਾਬ ਦੇ ਚੁਣੇ ਹੋਏ ਨੁਮਾਇੰਦੇ ਕਹਾ ਸਕਾਂਗੇ। ਇਹ ਵਹਿਮ-ਭਰਮਾਂ...... ਨਾ ਵਹਿਮ ਤੁਹਾਡੇ ਤੋਂ ਅੱਜ ਮੁੱਕਣ, ਨਾ ਕੱਲ੍ਹ ਮੁੱਕਣ....

ਸਪੀਕਰ ਸਾਹਿਬ, ਮੈਂ ਇੱਕ ਗੱਲ ਕਹਿ ਕੇ ਆਪਣੀ ਗੱਲ ਖਤਮ ਕਰਾਂਗਾ। ਵਹਿਮ-ਭਰਮ ਦੀ ਗੱਲ ਕਰਦੇ ਹਾਂ, ਲੋਕ ਪਹਿਲਾਂ ਕੋਈ ਬੱਚਾ ਲੈਣ ਲਈ ਜਾਂ ਹੋਰ ਕੰਮਾਂ ਵਾਸਤੇ ਚਰਾਂਦ ਵਿੱਚ ਜਾ ਕੇ ਕੁੱਕੜ ਛੱਡ ਦਿੰਦੇ ਸਨ, ਉਸ ਦੇ ਨਾਲ ਕੁੱਜੀਆਂ ਵਿੱਚ ਚੌਲ ਜਾਂ ਗੁੜ ਰੱਖ ਦਿੰਦੇ ਸਨ, ਮੇਰੇ ਅੱਖੀਂ ਦੇਖੀ ਗੱਲ ਹੈ। ਜਦੋਂ ਮੈਂ ਛੋਟਾ ਹੁੰਦਾ ਸੀ ਤਾਂ ਸਾਡੇ ਘਰ ਦੇ ਸਾਹਮਣੇ ਪੇੜ ਹੁੰਦੇ ਸੀ ਤੇ ਮੇਰੇ ਪਿਤਾ ਜੀ ਜਿਹੜੇ ਇਸ ਪਵਿੱਤਰ ਸਦਨ ਦੇ ਤਿੰਨ ਵਾਰੀ ਮੈਂਬਰ ਰਹੇ ਹਨ ਉਸ ਵੇਲੇ ਪਿੰਡ ਦੇ ਸਰਪੰਚ ਹੁੰਦੇ ਸੀ। ਉਹ ਚੋਰਾਹੇ ਵਿੱਚ ਬਾਕੀ ਸਮਾਨ ਛੱਡ ਕੇ ਕੁੱਕੜ ਚੁੱਕ ਕੇ ਲੈ ਆਉਂਦੇ ਸੀ, ਜੇ ਸ਼ਰਾਬ ਦੀ ਬੋਤਲ ਪਈ ਹੁੰਦੀ ਸੀ ਤਾਂ ਉਹ ਚੁੱਕ ਕੇ ਲੈ ਆਉਂਦੇ ਸੀ। ਭਾਵੇਂ ਆਪ ਉਹ ਸ਼ਰਾਬ ਨਹੀਂ ਵਰਤਦੇ ਸਨ।

ਉਹ ਦੋ ਵਾਰੀ ਸਰਪੰਚ ਰਹੇ, ਇੱਕ ਵਾਰੀ ਬਲਾਕ ਸੰਮਤੀ ਦੇ ਮੈਂਬਰ ਰਹੇ, ਸੀ.ਪੀ.ਆਈ ਦੇ ਸਿਰਮੌਰ ਆਗੂ ਰਹੇ ਹਨ। ਤਿੰਨ ਵਾਰੀ ਇਸ ਪਵਿੱਤਰ ਸਦਨ ਦੇ ਮੈਂਬਰ ਰਹੇ ਹਨ, ਵਹਿਮਾਂ-ਭਰਮਾਂ ਨੇ ਉਨ੍ਹਾਂ ਦਾ ਤਾਂ ਕੁਝ ਨਹੀਂ ਵਿਗਾੜਿਆ?(ਹਾਸਾ)

ਸੋ, ਮੈਂ ਇਸ ਪਵਿੱਤਰ ਹਾਊਸ ਨੂੰ ਇਹ ਬੇਨਤੀ ਕਰਦਾ ਹਾਂ ਕਿ ਇਹੋ ਜਿਹੇ ਮਤਿਆਂ ਦੀ ਪੰਜਾਬੀਆਂ ਨੂੰ ਲੋੜ ਨਹੀਂ ਹੈ। ਪੰਜਾਬੀਆਂ ਨੂੰ ਲੋੜ ਹੈ ਸਿਰ ਜੋੜ ਕੇ ਚੱਲਣ ਦੀ, ਪੰਜਾਬੀਆਂ ਨੂੰ ਲੋੜ ਹੈ ਏਕਤਾ ਨਾਲ ਚਲ ਕੇ ਉਨ੍ਹਾਂ ਵਾਸਤੇ ਵਧੀਆ ਰੁਜ਼ਗਾਰ ਪੈਦਾ ਕਰਨ ਦੀ, ਉਨ੍ਹਾਂ ਵਿੱਚ ਕੰਮ ਦੀ ਵਧੀਆ ਸਿਰਜਣਾ ਪੈਦਾ ਕਰਨ ਦੀ ਲੋੜ ਹੈ। ਜਿਵੇਂ ਅਤਿ ਸਤਿਕਾਰਯੋਗ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਲੱਗੇ ਹਨ, ਤੁਹਾਨੂੰ ਕਈਆਂ ਨੂੰ ਭਾਵੇਂ ਪਸੰਦ ਹੋਵੇ ਜਾਂ ਨਾ ਹੋਵੇ ਪਰ ਮੈਂ ਕੈਪਟਨ ਸਾਹਿਬ ਦਾ ਇਸ ਗੱਲ ਤੋਂ ਮੁਰੀਦ ਹਾਂ ਕਿ ਉਨ੍ਹਾਂ ਨੇ ਜਿਹੜੀ ਆਪਣੀ ਇੱਕ ਧੁਨ ਫੜ ਲਈ ਕਿ ਮੈਂ ਕਿਸਾਨ ਦਾ ਕਰਜ਼ਾ ਮਾਫ ਕਰਨਾ ਹੈ.....(ਥੰਪਿੰਗ) ਬਾਕੀ ਉਹ ਹੋਵੇ ਚਾਹੇ ਨਾ ਹੋਵੇ ਉਹ ਉਸ ਪਾਸੇ ਲੱਗੇ ਹਨ। ਪੰਜਾਬ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਵਾਲੇ ਪਾਸੇ ਕਈਆਂ ਨੇ ਕਿਹਾ ਹੈ, ਮੇਰੇ ਸਾਥੀ ਨੇ ਕਿਹਾ ਹੈ ਕਿ ਪ੍ਰਾਈਵੇਟ ਅਦਾਰੇ ਹਨ, ਦੋ ਹਜ਼ਾਰ ਦੀ ਨੌਕਰੀ ਹੈ, ਤਿੰਨ ਹਜ਼ਾਰ ਦੀ ਨੌਕਰੀ ਹੈ ਪਰ ਘੱਟੋ-ਘੱਟ ਨੌਕਰੀ ਤਾਂ ਮਿਲਦੀ ਹੈ, ਵਿਹਲੇ ਨਾਲੋਂ ਤਾਂ ਵਗਾਰ ਚੰਗੀ।(ਥੰਪਿੰਗ) ਨੌਕਰੀਆਂ ਲੱਖ ਮਿਲ ਗਈਆਂ, ਸਵਾ ਲੱਖ ਮਿਲ ਗਈਆਂ, ਭਾਵੇਂ 100 ਮਿਲ ਗਈਆਂ ਪਰ ਉਹ ਉਸ ਪਾਸੇ ਜ਼ਰੂਰ ਲੱਗੇ ਹੋਏ ਹਨ। ਉਨ੍ਹਾਂ ਨੇ ਪੈਨਸ਼ਨ ਦਾ ਵਾਅਦਾ ਕੀਤਾ। ਬਾਦਲ ਸਾਹਿਬ ਨੇ 250/- ਰੁਪਏ ਤੋਂ ਵਧਾ ਕੇ 500/- ਰੁਪਿਆ ਪੈਨਸ਼ਨ ਦਾ ਕੀਤਾ। ਮੈਂ ਉਨ੍ਹਾਂ ਦਾ ਸਤਿਕਾਰ ਕਰਦਾ ਹਾਂ ਕਿਉਂਕਿ ਬਜ਼ੁਰਗ ਹਨ, ਉਨ੍ਹਾਂ ਦਾ ਮੇਰੇ ਪਿਤਾ ਜੀ ਨਾਲ ਪ੍ਰੇਮ ਸੀ। ਮੇਰੇ ਪਿਤਾ ਜੀ ਸਾਲ 1962 ਵਿੱਚ ਪਿੰਡ ਭੀਟੀਵਾਲ ਦੇ ਸਰਪੰਚ ਬਣੇ ਸਨ ਅਤੇ ਬਾਦਲ ਸਾਹਿਬ 1957 ਵਿੱਚ ਪਿੰਡ ਬਾਦਲ ਦੇ ਸਰਪੰਚ ਬਣੇ ਸਨ। ਉਸ ਤੋਂ ਬਾਅਦ ਉਹ ਇਕੱਠੇ ਬਲਾਕ ਸੰਮਤੀ, ਲੰਬੀ ਵਿੱਚੋਂ ਮੈਂਬਰ ਚੁਣੇ ਗਏ ਸਨ। ਉਨ੍ਹਾਂ ਨੇ ਸਰਕਾਰ ਦੇ ਅਖੀਰਲੇ ਸਮੇਂ ਵਿੱਚ ਆ ਕੇ ਪੈਨਸ਼ਨ 500/- ਰੁਪਏ ਕਰ ਦਿੱਤੀ ਤੇ ਕੈਪਟਨ ਸਾਹਿਬ ਨੇ ਢਾਈ ਮਹੀਨੇ ਵਿੱਚ ਹੀ 250/- ਰੁਪਏ ਹੋਰ ਵਧਾ ਕੇ 750/- ਰੁਪਏ ਕਰ ਦਿੱਤੇ।(ਥੰਪਿੰਗ) ਸ਼ਗਨ ਸਕੀਮ ਜਿਹੜੀ 1997-2002 ਵਿਚ 5100/- ਰੁਪਏ ਸੀ, ਕੈਪਟਨ ਸਾਹਿਬ ਨੇ 2002-07 ਵਿਚ 15000/- ਰੁਪਏ ਪਿਛਲੀ ਸਰਕਾਰ ਸਮੇਂ ਵਿੱਚ ਕੀਤੀ। ਫਿਰ ਉਸ ਸਕੀਮ ਤੇ ਦਸ ਸਾਲ ਕਾਟੀ ਵੱਜੀ ਰਹੀ ਅਤੇ ਕੈਪਟਨ ਸਾਹਿਬ ਨੇ ਦੁਬਾਰਾ ਆ ਕੇ ਇਸ ਸਰਕਾਰ ਦੇ ਸਮੇਂ ਵਿੱਚ 21000/- ਰੁਪਏ ਕਰ ਦਿੱਤੀ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਸਰ, ਪੁਆਇੰਟ ਆਫ ਆਰਡਰ।

**ਮਾਨਯੋਗ ਸਪੀਕਰ:** ਉਨ੍ਹਾਂ ਨੂੰ ਗੱਲ ਪੂਰੀ ਕਰ ਲੈਣ ਦਿਓ।

**ਸ਼੍ਰੀ ਨੱਥੂ ਰਾਮ:** ਮੈਨੂੰ ਗੱਲ ਪੂਰੀ ਕਰ ਲੈਣ ਦਿਓ.....(ਵਿਘਨ) ਸੀ.ਐਮ. ਸਾਹਿਬ ਨੇ ਜਿੱਥੇ ਕਿਸਾਨਾਂ ਵਾਸਤੇ ਸੋਚਿਆ, ਗਰੀਬਾਂ ਵਾਸਤੇ ਸੋਚਿਆ, ਬਜ਼ੁਰਗਾਂ ਵਾਸਤੇ ਸੋਚਿਆ, ਗਰੀਬਾਂ ਦੀ ਐਸ.ਸੀ. ਕਾਰਪੋਰੇਸ਼ਨ ਦਾ ਯਕਮੁਸ਼ਤ 50,000/- ਰੁਪਏ ਦਾ ਕਰਜ਼ਾ ਮਾਫ ਕੀਤਾ। ਸਰਕਾਰੀਆ ਜੀ ਦੀ ਅਗਵਾਈ ਵਿੱਚ ਜਿਹੜੀ ਇੱਕ ਵਿਸ਼ੇਸ਼ ਕਮੇਟੀ ਬਣੀ ਸੀ.....

(ਇਸ ਸਮੇਂ ਮਾਈਕ ਬੰਦ ਹੋ ਜਾਣ ਕਾਰਨ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ :** ਮਾਈਕ ਕਿਉਂ ਬੰਦ ਕਰ ਦਿੱਤਾ ਹੈ ਜੀ? ਬੋਲੋ ਨੱਥੂ ਰਾਮ ਜੀ।

**ਸ਼੍ਰੀ ਨੱਥੂ ਰਾਮ :** ਉਸ ਕਮੇਟੀ ਨੇ ਬੇਜ਼ਮੀਨੇ ਖੇਤ ਮਜ਼ਦੂਰਾਂ ਦੇ ਕਰਜ਼ੇ ਮੁਆਫ ਕਰਨ ਦੀ ਸਿਫਾਰਸ਼ ਕੀਤੀ ਹੈ। ਉਸ ਕਮੇਟੀ ਨੇ ਰਿਕੁਮੈਂਡੇਸ਼ਨ ਕੀਤੀ ਹੈ ਕਿ ਐਸ.ਸੀ. ਪਰਿਵਾਰਾਂ ਦੇ ਕਮਰਸ਼ੀਅਲ ਬੈਂਕਾਂ ਦੇ ਥੋੜ੍ਹੇ-ਥੋੜ੍ਹੇ ਕਰਜ਼ੇ, ਗਰੀਬਾਂ ਦਾ 20,000/-, 25,000/-, 30,000/- ਜਾਂ 50,000/- ਰੁਪਏ ਤੱਕ ਦਾ ਕਰਜ਼ਾ ਹੁੰਦਾ ਹੈ, ਉਹ ਕਰਜ਼ੇ ਮਾਈ ਭਾਗੋ ਸਕੀਮ ਤਹਿਤ ਜਾਂ ਹੋਰ ਸਕੀਮਾਂ ਤਹਿਤ ਤੁਸੀਂ ਸੀ.ਐਮ. ਸਾਹਿਬ ਤੇ ਜ਼ੋਰ ਪਾ ਕੇ ਮਾਫ ਕਰਨ ਵਾਲੇ ਪਾਸੇ ਸਾਡੀ ਮਦਦ ਕਰੋ। ਜਿਹੜੀ ਸ਼ਗਨ ਸਕੀਮ ਹੈ, ਮੰਤਰੀ ਸਾਹਿਬ ਬੈਠੇ ਹਨ, ਇਨ੍ਹਾਂ ਨੂੰ ਮੈਂ ਬੇਨਤੀ ਕਰਾਂਗਾ ਕਿ ਆਪਾਂ ਵਾਅਦਾ ਕੀਤਾ ਹੈ, ਉਸ ਵਾਅਦੇ 'ਤੇ ਫੁੱਲ ਚੜ੍ਹਾਓ ਅਤੇ ਇਸ ਨੂੰ 21000/- ਰੁਪਏ ਤੋਂ ਐਤਕੀਂ 31000/- ਰੁਪਏ ਕਰ ਦਿਓ। ਪੈਨਸ਼ਨ ਵੀ 750/- ਰੁਪਏ ਤੋਂ ਵਧਾ ਕੇ 1000/- ਰੁਪਏ ਕਰ ਦਿਓ। ਜੇ ਅਸੀਂ ਸਮਾਜ ਦੇ ਸਹੀ ਮਾਅਨਿਆਂ ਵਿੱਚ ਸੇਵਕ ਹਾਂ, ਜੇ ਅਸੀਂ ਸੱਚੇ ਸੇਵਕ ਅਖਵਾਉਣਾ ਪਸੰਦ ਕਰਦੇ ਹਾਂ ਤਾਂ ਆਪਾਂ ਨੂੰ ਸਮਾਜ ਦੀ ਬਿਹਤਰੀ ਵਾਸਤੇ ਗਰੀਬਾਂ, ਮਜ਼ਲੂਮਾਂ, ਨੌਜਵਾਨਾਂ ਤੇ ਮੁਲਾਜ਼ਮਾਂ ਦੇ ਹੱਕਾਂ ਵਾਸਤੇ ਸਹੀ ਮਾਅਨਿਆਂ ਵਿੱਚ ਇੱਥੇ ਫੈਸਲੇ ਕਰਕੇ ਸਹੀ ਸੇਧ ਦੇਣੀ ਚਾਹੀਦੀ ਹੈ। ਸਪੀਕਰ ਸਾਹਿਬ, ਇੰਨੀ ਬੇਨਤੀ ਕਰਦਾ ਹੋਇਆ ਮੈਂ ਤੁਹਾਡਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ (ਸਨੌਰ):** ਧੰਨਵਾਦ ਸਪੀਕਰ ਸਾਹਿਬ, ਮੈਂ ਸ਼੍ਰੀ ਸੋਮ ਪ੍ਰਕਾਸ਼ ਜੀ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਇਸ ਮਤੇ ਰਾਹੀਂ ਚਰਚਾ ਕਰਨ ਦਾ ਮੌਕਾ ਦਿੱਤਾ। ਇਹ ਅੱਜ ਇੱਕ ਬਹੁਤ ਹੀ ਅਹਿਮ ਅਤੇ ਗੰਭੀਰ ਚੁਣੌਤੀ ਸਾਡੇ ਸਮਾਜ ਦੇ ਅੱਗੇ ਹੈ ਪਰ ਮੈਂ ਇਹ ਵੀ ਬੜੇ ਦੁਖੀ ਦਿਲ ਦੇ ਨਾਲ ਕਹਿ ਸਕਦਾ ਹਾਂ ਕਿ ਪੰਜਾਬ ਦੀ ਇਹ ਤ੍ਰਾਸਦੀ ਹੈ ਕਿ ਅੱਜ ਸਾਨੂੰ ਇਸ ਮਤੇ ਤੇ ਚਰਚਾ ਕਰਨ ਦੀ ਲੋੜ ਪਈ। ਪੰਜਾਬ ਦੀ ਧਰਤੀ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ

ਨੇ ਰਾਜਨੀਤਿਕ ਤੇ ਸਮਾਜਿਕ ਇਨਕਲਾਬ ਦਾ ਮੁੱਢ ਬੰਨ੍ਹਿਆ ਸੀ। ਉਨ੍ਹਾਂ ਨੇ ਜਦੋਂ ਬਾਬਰ ਨੂੰ ਜ਼ਾਬਰ ਕਿਹਾ ਸੀ ਤਾਂ ਉਹ ਹਿੰਦੁਸਤਾਨ ਦੇ ਵਿੱਚ ਪਹਿਲਾਂ ਰਾਜਨੀਤਿਕ ਇਨਕਲਾਬ ਸੀ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਇਹ ਵੀ ਕਿਹਾ ਸੀ:

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਲੋਕਾਂ ਨੂੰ ਵਹਿਮਾਂ-ਭਰਮਾਂ ਵਿਚੋਂ ਕੱਢਣ ਲਈ ਇੱਕ ਸਮਾਜਿਕ ਕ੍ਰਾਂਤੀ ਦਾ ਮੁੱਢ ਬੰਨ੍ਹਿਆ ਸੀ ਅਤੇ ਔਰਤ ਨੂੰ ਸਨਮਾਨ ਦੇਣ ਦੀ ਗੱਲ ਵੀ ਕੀਤੀ ਸੀ। ਮੈਂ ਕਹਿ ਸਕਦਾ ਹਾਂ ਕਿ ਜਦੋਂ ਅਜਿਹੀ ਧਰਤੀ ਦੇ ਵਹਿਮਾਂ-ਭਰਮਾਂ ਤੇ ਚਰਚਾ ਹੋਵੇ ਤਾਂ ਉਹ ਸਾਨੂੰ ਆਪਣੇ ਆਪ ਨੂੰ ਝੰਜੋੜਨ ਦਾ ਮੌਕਾ ਦਿੰਦੀ ਹੈ। ਰਾਜਾ ਜੀ ਕਹਿ ਰਹੇ ਸਨ ਕਿ ਇਨ੍ਹਾਂ ਦੇ ਇਲਾਕੇ ਵਿਚ ਸ਼ਮਸ਼ਾਨਘਾਟ ਇੱਕ ਹੈ, ਚੰਗੀ ਗੱਲ ਹੈ। ਮੈਂ ਸਮਝਦਾ ਹਾਂ ਤੁਹਾਡੇ ਇਲਾਕੇ ਦੇ ਲੋਕਾਂ ਨੂੰ ਵਧਾਈ ਜਾਂਦੀ ਹੈ ਕਿ ਉਸ ਇਲਾਕੇ ਦੀ ਅਜਿਹੇ ਆਗੂ ਨੇ ਅਗਵਾਈ ਕੀਤੀ। ਅੱਜ ਤੁਹਾਡੇ ਬਜ਼ੁਰਗਾਂ ਨੂੰ ਵੀ ਵਧਾਈ ਜਾਂਦੀ ਹੈ। ਅੱਜ ਜਦੋਂ ਪੰਜਾਬ ਦੀ ਸੱਭਿਅਤਾ ਅਤੇ ਵਿਰਾਸਤ ਵੱਲ ਝਾਤੀ ਮਾਰੀਏ ਤਾਂ ਬੜਾ ਮਾਣ ਹੁੰਦਾ ਹੈ। ਸਾਡੀ ਬੋਲੀ ਤੋਂ ਸਾਡੇ ਰਿਸ਼ਤੇ ਪਛਾਣੇ ਜਾਂਦੇ ਸਨ, ਤਾਇਆ-ਤਾਈ, ਚਾਚੇ-ਚਾਚੀਆਂ, ਅੱਜ ਗਾਇਬ ਹੋ ਗਏ। ਜਾਤਾਂ-ਪਾਤਾਂ ਦਾ ਖਿਆਲ ਕੀਤੇ ਬਿਨਾਂ ਪਿੰਡ ਦਾ ਕੋਈ ਵੀ ਐਸਾ ਵਿਅਕਤੀ ਜਿਹੜਾ ਪਿਉ ਤੋਂ ਵੱਡਾ ਹੋਵੇ, ਉਸ ਨੂੰ ਅਸੀਂ ਤਾਇਆ ਕਹਿੰਦੇ ਸੀ, ਪਿਤਾ ਤੋਂ ਛੋਟੇ ਨੂੰ ਚਾਚਾ ਕਹਿੰਦੇ ਸੀ ਪਰ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਦਿੱਤੇ ਹੋਏ ਸਿਧਾਂਤ ਤੇ ਅੱਜ ਕੋਈ ਅਮਲ ਨਹੀਂ ਕਰ ਰਿਹਾ। ਅੱਜ ਮੁੜ ਤੋਂ ਸਾਡਾ ਸਮਾਜ ਉਨ੍ਹਾਂ ਜਾਤਾਂ-ਪਾਤਾਂ ਦੇ ਵਖਰੇਵਿਆਂ ਵਿੱਚ ਬੱਝ ਚੁੱਕਿਆ ਹੈ, ਇਹ ਕੌੜੀ ਸੱਚਾਈ ਸਾਨੂੰ ਮੰਨਣੀ ਪੈਣੀ ਹੈ। ਇਸ ਦੇ ਹੱਲ ਵਾਸਤੇ ਐਸੇ ਮਤਿਆਂ ਤੇ ਚਰਚਾ ਕਰਨੀ ਚਾਹੀਦੀ ਹੈ ਪਰ ਚਰਚਾ ਕਿਸੇ ਹੋਰ ਪਾਸੇ ਨੂੰ ਚੱਲ ਪਈ, ਚਰਚਾ ਵਿੱਚ ਸੈਕੂਲਰਿਜ਼ਮ ਵੀ ਆ ਗਿਆ। ਮੈਂ ਉਸ ਤੇ ਵੀ ਗੱਲ ਕਰਾਂਗਾ। ਸਰ, ਸੈਕੂਲਰਿਜ਼ਮ ਦੇ ਨਾਲ-ਨਾਲ ਹੋਰ ਰਾਜਨੀਤਿਕ ਦੂਸ਼ਣਬਾਜ਼ੀਆਂ ਵੀ ਆ ਗਈਆਂ ਹਾਲਾਂਕਿ ਇਹ ਚਰਚਾ ਬਹੁਤ ਗੰਭੀਰ ਸੀ। ਮੈਂ ਸ਼੍ਰੀ ਸੋਮ ਪ੍ਰਕਾਸ਼ ਜੀ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਦੇ ਇਸ ਮਤੇ ਰਾਹੀਂ, ਸਾਡੇ ਸਾਹਮਣੇ ਬੈਠੇ ਸਾਥੀਆਂ ਨੂੰ ਡਾਕਟਰ ਬੀ.ਆਰ. ਅੰਬੇਦਕਰ ਜੀ ਦੀ ਯਾਦ ਵੀ ਆ ਗਈ। ਇਸ ਦੇ ਲਈ ਵੀ ਮੈਂ ਤੁਹਾਨੂੰ ਵਧਾਈ ਦਿੰਦਾ ਹਾਂ।

ਸਰ, ਅੱਜ ਦੇ ਸਮਾਜ ਵਿੱਚ ਬਹੁਤ ਵੱਡੇ ਪੱਧਰ ਤੇ ਗਰੀਬਾਂ ਦਾ, ਬੱਚਿਆਂ ਦਾ, ਔਰਤਾਂ ਦਾ ਸ਼ੋਸ਼ਣ ਇਨ੍ਹਾਂ ਵਹਿਮਾਂ-ਭਰਮਾਂ ਦੇ ਜ਼ਰੀਏ ਹੋ ਰਿਹਾ ਹੈ, ਇਹ ਕੌੜੀ ਸੱਚਾਈ ਹੈ। ਜਿੱਥੋਂ ਤੱਕ ਸੈਕੂਲਰਿਜ਼ਮ ਦੀ ਗੱਲ ਕੀਤੀ ਗਈ ਹੈ, ਸੈਕੂਲਰਿਜ਼ਮ ਦੀ

ਡੈਫੀਨੇਸ਼ਨ ਨੂੰ ਸਮਝਣ ਦੀ ਜ਼ਰੂਰਤ ਹੈ। ਅੱਜ ਜਿਹੜੀ ਡੈਫੀਨੇਸ਼ਨ ਤੁਸੀਂ ਦੇ ਰਹੇ ਹੋ ਅਤੇ ਤੁਹਾਡੀ ਦਿੱਤੀ ਹੋਈ ਡੈਫੀਨੇਸ਼ਨ ਨੂੰ ਜਿਹੜੇ ਨੌਜਵਾਨ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ ਜਾਂ ਜਿਹੜੇ ਸਮਝ ਰਹੇ ਹਨ, ਜਿਹੜੀ ਸਾਡੀ ਛੋਟੀ ਪਨੀਰੀ ਸਮਝ ਰਹੀ ਹੈ ਉਹ ਇਹ ਹੈ ਕਿ ਉਹ ਵਿਅਕਤੀ ਸੈਕੂਲਰ ਹੈ, ਜਿਹੜਾ ਧਰਮ ਨੂੰ ਨਹੀਂ ਮੰਨਦਾ। ਸਰ, ਜੇ ਸਾਡੇ ਲੋਕ ਧਰਮ ਨੂੰ ਮੰਨਣ ਲੱਗ ਪੈਣ ਤਾਂ ਸਾਡੇ ਸਮਾਜ ਵਿੱਚ, ਖਾਸ ਤੌਰ ਤੇ ਪੰਜਾਬ ਦੀ ਸੱਭਿਅਤਾ ਵਿੱਚ ਵਹਿਮਾਂ-ਭਰਮਾਂ ਦਾ ਸਥਾਨ ਹੀ ਨਹੀਂ ਰਹੇਗਾ। ਸੈਕੂਲੇਰਿਜ਼ਮ ਦੀ ਗੱਲ ਕਰਦੇ ਹੋ, ਇੱਥੇ ਮੁਆਫੀ ਦੀਆਂ ਗੱਲਾਂ ਹੋਈਆਂ ਹਨ। ਅੱਜ ਸੈਕੂਲਰਿਜ਼ਮ ਦੀ ਗੱਲ ਕਰਨ ਵਾਲੇ ਉਹ ਲੋਕ, ਜਿਨ੍ਹਾਂ ਨੇ ਛੋਟੇ-ਛੋਟੇ ਮਾਸੂਮ ਬੱਚਿਆਂ ਦੀਆਂ ਲਾਸ਼ਾਂ ਦੇ ਉੱਤੇ ** ** ਉਹ ਅੱਜ ਸਦਨ ਨੂੰ ਸੈਕੂਲਰਿਜ਼ਮ ਦਾ ਪਾਠ ਪੜ੍ਹਾ ਰਹੇ ਹਨ। ਸਰ, ਬਹੁਤ ਮੁੱਦੇ ਹਨ ਜਿਨ੍ਹਾਂ ਤੇ ਚਰਚਾ ਕਰਨੀ ਬਣਦੀ ਹੈ।

(ਇਸ ਸਮੇਂ ਤਨਕੀਨੀ ਸਿੱਖਿਆ ਮੰਤਰੀ, ਸਰਦਾਰ ਚਰਨਜੀਤ ਸਿੰਘ ਚੰਨੀ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਚੰਨੀ ਜੀ ਪਲੀਜ਼, ਤੁਸੀਂ ਬਹੁਤ ਹੀ ਸਤਿਕਾਰਯੋਗ ਹੋ। ਮੈਂ ਨਹੀਂ ਚਾਹੁੰਦਾ, ਪੁਆਇੰਟ ਆਫ ਆਰਡਰ ਮਿਲੇ ....(ਵਿਘਨ..ਸ਼ੋਰ) ਸਰ, ਇਹ ਰੂਲ ਹੈ ਕਿ ਜੇ ਮੈਂ ਕਹਾਂਗਾ ਪੁਆਇੰਟ ਆਫ ਆਰਡਰ ਤਾਂ ਹੀ ਉਹ ਬੋਲ ਸਕਦੇ ਹਨ। ਮੈਂ ਨਹੀਂ ਚਾਹੁੰਦਾ ਕਿ ਇੰਟਰੱਪਸ਼ਨ ਹੋਵੇ।

**ਮਾਨਯੋਗ ਸਪੀਕਰ:** ਹਾਂ ਜੀ, ਚੰਨੀ ਜੀ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ):** ਮੈਂ ਸਿਰਫ ਦੋ ਗੱਲਾਂ ਕਰਨੀਆਂ ਚਾਹੁੰਦਾ ਹਾਂ। ਪਹਿਲੀ ਗੱਲ ਤਾਂ ਇਨ੍ਹਾਂ ਨੇ ਕਹੀ ਹੈ ਕਿ ਡਾਕਟਰ ਬੀ.ਆਰ. ਅੰਬੇਦਕਰ ਜੀ ਦੀ ਸਾਹਮਣੇ ਵਾਲੇ ਗੱਲ ਕਰਦੇ ਹਨ। ਡਾਕਟਰ ਬੀ.ਆਰ. ਅੰਬੇਦਕਰ ਜੀ ਨੂੰ ਔਰ ਕਾਂਗਰਸ ਨੂੰ ਅਲੱਗ-ਅਲੱਗ ਕਰਕੇ ਨਹੀਂ ਵੇਖਿਆ ਜਾ ਸਕਦਾ। ਮੈਂ ਬੇਨਤੀ ਇਹ ਕਰਨਾ ਚਾਹੁੰਦਾ ਹਾਂ.....(ਵਿਘਨ..ਸ਼ੋਰ), ਪਲੀਜ਼... ਪਲੀਜ਼। ਡਾਕਟਰ ਬੀ.ਆਰ. ਅੰਬੇਦਕਰ ਜੀ ਜਦੋਂ ਪੰਜਾਬ ਵਿੱਚ ਆਏ ਅਤੇ ਉਨ੍ਹਾਂ ਨੇ ਕਿਹਾ ਕਿ ਮੈਨੂੰ ਸਿੱਖ ਬਣਾਓ, ਮੈਂ ਸਿੱਖ ਧਰਮ ਅਡਾਪਟ ਕਰਨਾ ਚਾਹੁੰਦਾ ਹਾਂ। ਇਹ ਸ਼੍ਰੋਮਣੀ ਅਕਾਲੀ ਦਲ ਸੀ, ਜਿਨ੍ਹਾਂ ਨੇ ਉਨ੍ਹਾਂ ਨੂੰ ਸਿੱਖ ਧਰਮ ਅਡਾਪਟ ਨਹੀਂ ਕਰਨ ਦਿੱਤਾ। ਇਹ ਹਿਸਟਰੀ ਹੈ, ਇਹ ਰਿਕਾਰਡ ਹੈ। ਇਹ ਡਾਕਟਰ ਬੀ.ਆਰ. ਅੰਬੇਦਕਰ ਜੀ ਦਾ ਨਾਮ ਨਹੀਂ ਲੈ ਸਕਦੇ, ਇਨ੍ਹਾਂ ਵਾਸਤੇ ਡਾਕਟਰ ਬੀ.ਆਰ. ਅੰਬੇਦਕਰ ਜੀ ਦਾ ਨਾਮ ਲੈਣਾ ਪਾਪ ਹੈ। ਅਗਲੀ ਗੱਲ ਇਹ ਸੈਕੂਲਰਿਜ਼ਮ ਦੀ ਕਰਦੇ ਹਨ। ਇਨ੍ਹਾਂ

** **Expunged as ordered by the Hon'ble Speaker.

ਦੀ (ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ) ਧਰਮ ਤੇ ਅਧਾਰਤ ਪਾਰਟੀ ਹੈ। ਇਨ੍ਹਾਂ ਨੇ ਕਦੇ ਸੈਕੂਲਰਿਜ਼ਮ ਦੀ ਗੱਲ ਨਹੀਂ ਕੀਤੀ। ਇਸ ਕਰਕੇ ਇਨ੍ਹਾਂ ਨੂੰ ਦੋਨੋਂ ਗੱਲਾਂ ਨਹੀਂ ਫਬਦੀਆਂ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਸਾਡਾ ਤਾਂ ਧਰਮ ਹੀ ਸੈਕੂਲਰ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਚਾਂਦਨੀ ਚੌਂਕ, ਦਿੱਲੀ ਵਿੱਚ ਕਿਸੇ ਦੂਸਰੇ ਧਰਮ ਲਈ ਸ਼ਹਾਦਤ ਦੇ ਕੇ, ਆਪਣਾ ਸੀਸ ਕਟਵਾ ਕੇ ਸੈਕੂਲਰਿਜ਼ਮ ਦੀ ਇੱਕ ਐਸੀ ਬੁਨਿਆਦ ਦੇਸ਼ ਦੇ ਵਿੱਚ ਰੱਖੀ, ਜਿਸ ਦੀ ਮਿਸਾਲ ਕੋਈ ਨਹੀਂ ਦੇ ਸਕਦਾ। ਸਾਡਾ ਤਾਂ ਧਰਮ ਹੀ ਸੈਕੂਲਰ ਹੈ.... (ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਬੋਲੋ.. ਬੋਲੋ, ਚੰਦੂਮਾਜਰਾ ਜੀ, ਬੋਲੋ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਡਾਕਟਰ ਸੁਖੀ ਜੀ ਪੁਆਇੰਟ ਆਫ ਆਰਡਰ ਲੈਣਾ ਚਾਹੁੰਦੇ ਹਨ।

**ਮਾਨਯੋਗ ਸਪੀਕਰ:** ਤੁਸੀਂ ਆਪਣੀ ਗੱਲ ਕਰੋ ਜੀ। ਤੁਸੀਂ ਉਨ੍ਹਾਂ ਦੀ ਗੱਲ ਕਰਨੀ ਹੈ ਜਾਂ ਆਪਣੀ ਕਰਨੀ ਹੈ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਸਪੀਕਰ ਸਾਹਿਬ, ਮੈਂ ਚੰਨੀ ਸਾਹਿਬ ਦੀਆਂ ਗੱਲਾਂ ਵਿੱਚ ਉਲਝ ਕੇ ਇਸ ਵਿਸ਼ੇ ਨੂੰ ਹੋਰ ਪਾਸੇ ਨਹੀਂ ਲਿਜਾਉਣਾ ਚਾਹੁੰਦਾ। ਵਹਿਮ-ਭਰਮ, ਜਿਨ੍ਹਾਂ ਤੇ ਚਰਚਾ ਹੋਣੀ ਚਾਹੀਦੀ ਹੈ, ਅੱਜ ਸਮਾਜ ਇਸ ਨਿਘਾਰ ਤੱਕ ਪਹੁੰਚ ਗਿਆ ਹੈ ਕਿ ਬਜ਼ੁਰਗਾਂ ਦੇ ਭੋਗਾਂ ਤੇ ਕਰਜ਼ੇ ਲੈ ਕੇ ਲੋਕ ਜਲੇਬੀਆਂ ਛਕਾਉਂਦੇ ਹਨ। ਅੱਜ ਅਵੇਅਰਨੈੱਸ ਦੀ ਬਹੁਤ ਵੱਡੀ ਜ਼ਰੂਰਤ ਹੈ। ਟੀਨੂ ਜੀ ਨੇ ਠੀਕ ਕਿਹਾ ਹੈ, ਉਸ ਤੋਂ ਪਹਿਲਾਂ ਮਾਨਸ਼ਾਹੀਆ ਸਾਹਿਬ ਨੇ ਵੀ ਠੀਕ ਕਿਹਾ ਹੈ ਕਿ ਸਭ ਤੋਂ ਵੱਡਾ ਜ਼ਰੀਆ ਐਜੂਕੇਸ਼ਨ ਹੋ ਸਕਦਾ ਹੈ। ਐਜੂਕੇਸ਼ਨ ਹੀ ਇੱਕ ਐਸਾ ਜ਼ਰੀਆ ਹੈ, ਜਿਸ ਰਾਹੀਂ ਜੇਕਰ ਆਪਾਂ ਚੰਗਾ ਗਿਆਨ ਅਤੇ ਚੰਗਾ ਵਿਗਿਆਨ ਆਪਣੀ ਉਗਰੀ ਪਨੀਰੀ ਨੂੰ ਦੇਵਾਂਗੇ ਤਾਂ ਉਹ ਸਾਨੂੰ ਇਨ੍ਹਾਂ ਚੀਜ਼ਾਂ ਵਿੱਚੋਂ ਬਾਹਰ ਕੱਢ ਸਕਦਾ ਹੈ।

ਸਰ, ਮੈਂ ਐਸ.ਜੀ.ਪੀ.ਸੀ. ਦੀ ਗੱਲ ਤੇ ਮੁੜ ਕੇ ਆਉਂਦਾ ਹਾਂ। ਸਿੱਧੂ ਸਾਹਿਬ, ਤੁਸੀਂ ਸਤਿਕਾਰਯੋਗ ਹੋ। ਜਿੰਨੀ ਮੇਰੀ ਉਮਰ ਹੈ, ਉਸ ਤੋਂ ਦੁੱਗਣੇ ਹੀ ਹੋਵੋਗੇ। ਸਰ, ਐਸ.ਜੀ.ਪੀ.ਸੀ. ਵੱਲ ਸਿੱਧੂ ਸਾਹਿਬ ਨੇ ਬਹੁਤ ਵੱਡੀ ਉਂਗਲ ਕੀਤੀ ਹੈ। ਜਦੋਂ ਤੁਸੀਂ ਉਂਗਲ ਕਰੋ ਤਾਂ ਐਸ.ਜੀ.ਪੀ.ਸੀ. ਦੀ ਵਿਰਾਸਤ ਵੱਲ ਵੀ ਦੇਖੋ। ਸਾਡੇ ਬਜ਼ੁਰਗਾਂ ਨੇ ਗੱਡੀਆਂ ਦੇ ਥੱਲੇ ਸਿਰ ਦੇ ਕੇ ਇਸ ਸੰਸਥਾ ਦੀ ਨੀਂਹ ਰੱਖੀ ਸੀ।(ਵਿਘਨ, ਸ਼ੋਰ)

ਸਰ, ਇਨ੍ਹਾਂ ਨੇ ਬਹੁਤ ਵੱਡੀ ਤੋਹਮਤ ਲਾਈ ਹੈ।(ਵਿਘਨ, ਸ਼ੋਰ) ਇਹ ਤੋਹਮਤ ਲਾਈ ਕਿ ਐਸ.ਜੀ.ਪੀ.ਸੀ. ਦੇ ਕਾਰਨ ਹੀ ਲੋਕ ਵਹਿਮਾਂ-ਭਰਮਾਂ ਵੱਲ ਜਾ ਰਹੇ ਹਨ। ਇਨ੍ਹਾਂ ਕੇਵਲ ਇੱਕ ਧਰਮ ਦੇ ਉੱਤੇ ਉਂਗਲ ਕਰ ਦਿੱਤੀ....(ਵਿਘਨ, ਸ਼ੋਰ) ਕੇਵਲ ਸਿੱਖ ਜਾਂਦੇ ਹਨ। ਕੇਵਲ ਇੱਕ ਧਰਮ ਦੇ ਉੱਤੇ ਸਰਦਾਰ ਬਲਬੀਰ ਸਿੰਘ ਸਿੱਧੂ ਨੇ ਟਾਰਗੈਟ ਕੀਤਾ ਹੈ.....(ਵਿਘਨ, ਸ਼ੋਰ).... ਮੈਂ ਬੇਨਤੀ ਕਰਦਾ (ਵਿਘਨ, ਸ਼ੋਰ)..ਜਦੋਂ ਕਿਸੇ ਸੰਸਥਾ ਦਾ ਇਤਿਹਾਸ ਨਾ ਪਤਾ ਹੋਵੇ.....(ਵਿਘਨ, ਸ਼ੋਰ)...

**ਮਾਨਯੋਗ ਸਪੀਕਰ:** ਸਿੱਧੂ ਸਾਹਿਬ, ਬੋਲ ਲੈਣ ਦਿਓ..... (ਵਿਘਨ, ਸ਼ੋਰ) ਸਿੱਧੂ ਸਾਹਿਬ, ਤੁਸੀਂ ਆਪਣੀ ਗੱਲ ਕਹਿ ਲਈ ਹੈ। ਸਿੱਧੂ ਸਾਹਿਬ, ਕੀ ਕਹਿਣਾ ਚਾਹੁੰਦੇ ਹੋ?

**ਪਸ਼ੂ ਪਾਲਣ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ):** ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਇਹ ਮੇਰਾ ਛੋਟਾ ਵੀਰ ਹੈ। ਉਮਰ ਵਿੱਚ ਮੇਰੇ ਤੋਂ ਕਿੰਨਾ ਮਰਜ਼ੀ ਹੋਵੇ।

**ਮਾਨਯੋਗ ਸਪੀਕਰ:** ਕਿੰਨਾ ਮਰਜ਼ੀ ਨਹੀਂ, ਛੋਟਾ ਹੀ ਹੈ।(ਹਾਸਾ)

**ਪਸ਼ੂ ਪਾਲਣ ਮੰਤਰੀ :** ਸਪੀਕਰ ਸਾਹਿਬ, ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਚੰਦੂਮਾਜਰਾ ਸਾਹਿਬ ਕਦੋਂ ਤੋਂ ਸਿੱਖ ਬਣੇ ਹਨ ਅਤੇ ਕਦੋਂ ਤੋਂ ਉਹ ਅਕਾਲੀ ਦਲ ਦੇ ਮੈਂਬਰ ਬਣੇ ਹਨ? ਉਹ ਇੱਕ ਕਾਮਰੇਡ ਸੀ....(ਹਾਸਾ) ਅੱਜ ਇਹ ਸਿੱਖਾਂ ਦੀ ਗੱਲ ਕਰਦੇ ਹਨ, ਐਸ.ਜੀ.ਪੀ.ਸੀ. ਦੀ ਗੱਲ ਕਰਦੇ ਹਨ, ਕੁਰਬਾਨੀ ਦੀ ਗੱਲ ਕਰਦੇ ਹਨ...(ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਚੰਦੂਮਾਜਰਾ ਸਾਹਿਬ ਇਸ ਹਾਊਸ ਦੇ ਮੈਂਬਰ ਨਹੀਂ ਹਨ। ਸੋ, ਉਨ੍ਹਾਂ ਦਾ ਜ਼ਿਕਰ ਨਾ ਕਰੋ। ਉਨ੍ਹਾਂ ਬਾਰੇ ਜ਼ਿਕਰ ਨਾ ਕਰੋ।

**ਪਸ਼ੂ ਪਾਲਣ ਮੰਤਰੀ :** ਸਪੀਕਰ ਸਾਹਿਬ, ਮੈਂ ਤਾਂ ਗੱਲ ਕਰਦਾ ਹਾਂ ਕਿ ਇਹ ਮੁੱਢ ਕਿੱਥੋਂ ਬੱਝਿਆ?

**ਮਾਨਯੋਗ ਸਪੀਕਰ:** ਤੁਸੀਂ ਇਨ੍ਹਾਂ ਦੀ ਗੱਲ ਕਰੋ....(ਵਿਘਨ, ਸ਼ੋਰ)

**ਪਸ਼ੂ ਪਾਲਣ ਮੰਤਰੀ :** ਸਪੀਕਰ ਸਾਹਿਬ, ਮੈਂ ਇਹ ਗੱਲ ਕਹੀ ਹੈ ਕਿ ਅੱਜ ਐਸ.ਜੀ.ਪੀ.ਸੀ. ਕਠਪੁਤਲੀ ਬਣੀ ਹੋਈ ਹੈ। ਇਸ ਵਿੱਚ ਕੋਈ ਦੋ ਰਾਇ ਹੈ? ਇਸ ਗੱਲ ਵਿੱਚ ਕੋਈ ਝੂਠ ਹੈ? ਸਿਆਸੀ ਬੰਦੇ ਦਾ ਉਸ ਤੇ ਕਬਜ਼ਾ ਹੈ। ਇਹ ਗੱਲ ਦਰੁਸਤ ਹੈ। ਸਿਆਸੀ ਬੰਦਾ ਜਿਹੜਾ ਐਮ.ਐਲ.ਏ. ਰਿਹਾ ਹੈ, ਉਹ ਪ੍ਰਧਾਨ ਹੈ ਕਿ ਨਹੀਂ ਹੈ? ਉਹ ਐਸ.ਜੀ.ਪੀ.ਸੀ. ਦਾ ਪ੍ਰਧਾਨ ਹੈ ਕਿ ਨਹੀਂ ਹੈ? ਦੂਜੀ ਗੱਲ, ਜੇਕਰ ਐਸ.ਜੀ.ਪੀ.ਸੀ. ਸਹੀ ਪ੍ਰਚਾਰ ਕਰਦੀ ਜਾਂ ਲੋਕਾਂ ਵਿੱਚ ਸਹੀ ਲਿਟਰੇਚਰ ਲੈ ਕੇ ਜਾਂਦੀ ਤਾਂ ਸ਼ਾਇਦ ਅੱਜ ਲੋਕਾਂ ਨੂੰ ਡੇਰਿਆਂ ਤੇ ਜਾਣ ਦੀ ਲੋੜ ਨਹੀਂ ਸੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ (ਬੈਠੇ-ਬੈਠੇ):** ਬਿਲਕੁਲ ਠੀਕ ਕਿਹਾ।

**ਮਾਨਯੋਗ ਸਪੀਕਰ:** ਰਾਜਾ ਜੀ ਨੂੰ ਬੋਲ ਲੈਣ ਦਿਓ।(ਵਿਘਨ, ਸ਼ੋਰ) ਰਾਜਾ ਜੀ ਨੂੰ ਬੋਲ ਲੈਣ ਦਿਓ।(ਵਿਘਨ, ਸ਼ੋਰ)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਜਿੱਥੋਂ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਵਾਲ ਹੈ, ਮੈਂ ਪਹਿਲਾਂ ਵੀ ਕਈ ਵਾਰੀ ਬੋਲਦਿਆਂ ਕਿਹਾ ਹੈ ਕਿ ਕਦੇ ਸਾਡੇ ਮਾਂ-ਪਿਓ ਸਾਨੂੰ ਦੱਸਿਆ ਕਰਦੇ ਸਨ ਕਿ ਜਿਹੜਾ ਤੇਜਾ ਸਿੰਘ ਸਮੁੰਦਰੀ ਹਾਲ ਹੈ, ਉਸ ਵਿੱਚ ਬਹਿ ਕੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਰਾਖੀ ਕਰਨ ਦੀਆਂ ਗੱਲਾਂ ਹੁੰਦੀਆਂ ਸਨ, ਧਰਮ ਪ੍ਰਚਾਰ ਕਮੇਟੀਆਂ ਬਣਾਈਆਂ ਜਾਂਦੀਆਂ ਸਨ ਜੋ ਧਰਮ ਦਾ ਪ੍ਰਚਾਰ ਕਰਦੀਆਂ ਸਨ। ਸਿੱਧੂ ਸਾਹਿਬ ਨੇ ਠੀਕ ਕਿਹਾ ਹੈ। ਅਸੀਂ ਸ੍ਰੀ ਹਰਿਮੰਦਰ ਸਾਹਿਬ ਕਈ ਵਾਰੀ ਨਹੀਂ, ਅਨੇਕਾਂ ਵਾਰ ਗਏ ਹਾਂ, ਮੱਥਾ ਟੇਕਣ ਦਾ ਮੌਕਾ ਮਿਲਿਆ ਹੈ ਪਰ ਇੱਕ ਸ਼ੰਕਾ ਹੈ, ਮੈਂ ਛੋਟੀ ਗੱਲ ਕਰ ਰਿਹਾ ਹਾਂ ਕਿ ਇੱਕ ਦਸ ਰੁਪਏ ਵਾਲੇ ਨੂੰ ਸਿਰੋਪਾ ਨਹੀਂ ਦਿੱਤਾ ਜਾਂਦਾ ਪਰੰਤੂ ਸੌ ਰੁਪਏ ਵਾਲਾ ਜਦੋਂ ਕੋਈ ਵੀ ਜਾਂਦਾ ਹੈ ਤਾਂ ਉਸ ਨੂੰ ਸਿਰੋਪਾ ਤੇ ਪਤਾਸੇ ਦਿੱਤੇ ਜਾਂਦੇ ਹਨ। (ਵਿਘਨ, ਸ਼ੋਰ) ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਜਨਤਾ ਦਾ ਵਿਸ਼ਵਾਸ ਕਿਉਂ ਉੱਠ ਗਿਆ? ਉਹ ਇਸ ਲਈ ਉੱਠ ਗਿਆ ਕਿਉਂਕਿ ਸੁੱਚਾ ਸਿੰਘ ਲੰਗਾਹ ਵਰਗੇ ਧਰਮ ਪ੍ਰਚਾਰ ਕਮੇਟੀ ਦੇ ਆਗੂ ਬਣਾ ਦਿੱਤੇ ਗਏ, ਦਿਆਲ ਸਿੰਘ ਕੋਲਿਆਂਵਾਲੀ ਵਰਗਾ ** ** ਜਿਹੜਾ ਜੇਲ੍ਹ ਵਿਚ ਬੈਠਾ ਹੈ, ਉਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਾਈਸ ਪ੍ਰਧਾਨ ਬਣਾ ਦਿੱਤਾ ਗਿਆ। ਇਸ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਮੁਕੰਮਲ ਤੌਰ ਤੇ ਜਨਤਾ ਦਾ ਵਿਸ਼ਵਾਸ ਉੱਠ ਗਿਆ।

**ਮਾਨਯੋਗ ਸਪੀਕਰ :** ** ** ਐਕਸਪੰਜ ਕਰ ਦਿੱਤਾ ਜਾਵੇ। ਹਾਂ ਜੀ, ਡਾਕਟਰ ਸੁਖਵਿੰਦਰ ਜੀ, ਸੁੱਖੀ ਜੀ।

**ਡਾਕਟਰ ਸੁਖਵਿੰਦਰ ਕੁਮਾਰ :** ਥੈਂਕ ਯੂ, ਸਪੀਕਰ ਸਾਹਿਬ। ਸਾਡੇ ਮਾਨਯੋਗ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਬਾਬਾ ਸਾਹਿਬ ਅੰਬੇਦਕਰ ਨੂੰ ਕਾਂਗਰਸ ਨਾਲੋਂ ਵੱਖ ਨਹੀਂ ਕੀਤਾ ਜਾ ਸਕਦਾ। ਸ਼ਾਇਦ ਮੰਤਰੀ ਸਾਹਿਬ ਨੂੰ ਇਸ ਗੱਲ ਦਾ ਪਤਾ ਨਹੀਂ ਕਿ ਜਦੋਂ ਬਾਬਾ ਸਾਹਿਬ ਡਾਕਟਰ ਅੰਬੇਦਕਰ ਜੀ ਨੇ ਇਲੈਕਸ਼ਨ ਲੜੀ ਸੀ, ਕਾਂਗਰਸ ਪਾਰਟੀ ਨੇ ਉਨ੍ਹਾਂ ਦੇ ਖਿਲਾਫ ਉਨ੍ਹਾਂ ਦਾ ਹੀ ਸੈਕਟਰੀ ਲੜਾਇਆ ਅਤੇ ਉਸ ਨੂੰ ਜਿਤਾਇਆ। ਉਸ ਤੋਂ ਬਾਅਦ ਜਦੋਂ ਦੇਸ਼ ਦਾ ਸੰਵਿਧਾਨ ਲਿਖਿਆ ਗਿਆ, ਕਾਂਗਰਸ ਨੇ ਉਨ੍ਹਾਂ ਨਾਲ ਵਾਅਦਾ ਕੀਤਾ ਸੀ ਕਿ ਹਿੰਦੂ ਮੈਰਿਜ ਐਕਟ ਨੂੰ ਹਾਊਸ ਵਿਚ ਪਾਸ ਕਰਾਂਗੇ ਪਰ ਬਾਬਾ ਸਾਹਿਬ

**Expunged as ordered by the Chair.

ਅੰਬੇਦਕਰ ਨੂੰ ਇਸ ਕਰਕੇ ਰੀਜ਼ਾਈਨ ਕਰਨਾ ਪਿਆ ਸੀ ਕਿਉਂਕਿ ਕਾਂਗਰਸੀ ਆਪਣੇ ਵਾਅਦੇ ਤੋਂ ਮੁੱਕਰ ਗਏ ਸੀ। ਤੀਸਰਾ, ਬਾਬਾ ਸਾਹਿਬ ਨੇ ਆਪਣੀ ਕਿਤਾਬ ਵਿਚ ਲਿਖਿਆ ਹੈ ਕਿ "ਐ ਦਲਿਤ ਸਮਾਜ ਦੇ ਲੋਕੋ! ਮੇਰੇ ਜਿਊਂਦੇ-ਜੀਅ ਤਾਂ ਕੀ ਮੇਰੇ ਮਰਨ ਤੋਂ ਬਾਅਦ ਵੀ ਇਸ ਕਾਂਗਰਸ ਪਾਰਟੀ ਦੇ ਦੋ ਕੌਡੀ ਦੇ ਮੈਂਬਰ ਨਾ ਬਣਿਓ।"(ਵਿਘਨ..ਸ਼ੋਰ) ਮੰਤਰੀ ਸਾਹਿਬ ਪਤਾ ਨਹੀਂ ਇਹ ਕਿਵੇਂ ਕਹਿ ਰਹੇ ਹਨ। ਜਾਂ ਤਾਂ ਇਹ ਪੜ੍ਹਦੇ ਨਹੀਂ ਜਾਂ ਇਹ ਸਾਨੂੰ ਗੁੰਮਰਾਹ ਕਰ ਰਹੇ ਹਨ ਕਿਉਂਕਿ ਬਾਬਾ ਸਾਹਿਬ ਅੰਬੇਦਕਰ ਬਾਰੇ ਜੇ ਇਨ੍ਹਾਂ ਨੇ ਸਾਡੇ ਨਾਲ ਬਹਿਸ ਕਰਨੀ ਹੈ ਤਾਂ ਸਾਡੇ ਨਾਲ ਸਮਾਂ ਨਿਸ਼ਚਿਤ ਕਰ ਲੈਣ, ਜੇ ਇਹ ਸੱਚ ਬੋਲਦੇ ਹਨ ਤਾਂ ਇਹ ਪਰੂਵ ਕਰ ਦੇਣ ਕਿ ਜਿਊਂਦੇ-ਜੀਅ ਬਾਬਾ ਸਾਹਿਬ ਅੰਬੇਦਕਰ ਨੇ ਕਦੀ ਕਾਂਗਰਸ ਦੀ ਬਾਂਹ ਫੜੀ ਜਾਂ ਉਨ੍ਹਾਂ ਦੇ ਪਾਸੇ ਰਹੇ ਤਾਂ ਮੈਂ ਰੀਜ਼ਾਈਨ ਕਰਨ ਨੂੰ ਤਿਆਰ ਹਾਂ। ਧੰਨਵਾਦ ਸਰ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸ਼੍ਰੀ ਪਵਨ ਕੁਮਾਰ ਟੀਨੂ, ਸ਼੍ਰੀ ਐਨ.ਕੇ. ਸ਼ਰਮਾ, ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਚੰਨੀ ਜੀ, ਬਾਬਾ ਸਾਹਿਬ ਤੇ ਕੋਈ controversy ਨਾ ਕੀਤੀ ਜਾਵੇ.... ਕੋਈ controversy ਨਾ ਕੀਤੀ ਜਾਵੇ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ) :** ਸਰ, ਮੈਂ ਕੋਈ controversy ਨਹੀਂ ਕਰਦਾ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਸਰਕਾਰ ਬਣੀ ਅਤੇ ਬਾਬਾ ਸਾਹਿਬ ਜਿੱਤ ਕੇ ਆਏ ਹਾਲਾਂਕਿ ਉਹ ਦੂਸਰੀ ਪਾਰਟੀ 'ਚੋਂ ਜਿੱਤ ਕੇ ਆਏ ਸਨ ਪਰ ਕਾਂਗਰਸ ਪਾਰਟੀ ਦੇ ਲੀਡਰ ਜਵਾਹਰ ਲਾਲ ਨਹਿਰੂ ਜੀ ਨੇ ਉਨ੍ਹਾਂ ਨੂੰ ਇਨਵਾਈਟ ਕਰਕੇ....(ਵਿਘਨ...ਸ਼ੋਰ) ਹਾਲਾਂ ਕਿ ਉਹ ਉਨ੍ਹਾਂ ਦੇ ਆਪਣੇ ਐਮ.ਪੀ. ਨਹੀਂ ਸਨ ਪਰ ਫਿਰ ਵੀ ਉਨ੍ਹਾਂ ਨੂੰ ਦੇਸ਼ ਦਾ ਕਾਨੂੰਨ ਮੰਤਰੀ ਬਣਾਇਆ।(ਟਰੇਜਰੀ ਬੈਂਚਿਜ਼ ਵੱਲੋਂ ਥੰਪਿੰਗ) ਇਸ ਤੋਂ ਪਹਿਲਾਂ ਜਦੋਂ ਸੰਵਿਧਾਨ ਲਿਖਣਾ ਸੀ ਤਾਂ ਇਸ ਦੀ ਜ਼ਿੰਮੇਵਾਰੀ ਵੀ ਉਨ੍ਹਾਂ ਨੂੰ ਜਵਾਹਰ ਲਾਲ ਨਹਿਰੂ ਜੀ ਨੇ ਹੀ ਦਿੱਤੀ ਸੀ।(ਵਿਘਨ....ਸ਼ੋਰ) ਸਪੀਕਰ ਸਾਹਿਬ, ਮੈਂ ਅੱਜ ਇੱਥੇ ਮੰਤਰੀ ਹਾਂ। ਮੈਂ ਕੋਈ ਵੀ ਗੱਲ ਉਦੋਂ ਤੱਕ ਨਹੀਂ ਕਰ ਸਕਦਾ ਜਦੋਂ ਤੱਕ ਕੈਪਟਨ ਸਾਹਿਬ ਦੀ ਉਸ ਵਿਚ ਸਹਿਮਤੀ ਨਾ ਹੋਵੇ। ਹਿੰਦੁਸਤਾਨ ਦੇ ਜਿੰਨੇ ਵੀ ਰਾਮਦਾਸੀ ਜਾਂ ਜਿੰਨੇ ਵੀ ਐਸ.ਸੀਜ਼ ਹਨ ਉਨ੍ਹਾਂ ਨੂੰ ਰਿਜ਼ਰਵੇਸ਼ਨ ਦਿੱਤੀ ਗਈ। ਕੀ ਇਹ ਜਵਾਹਰ ਲਾਲ ਨਹਿਰੂ ਦੀ ਮਰਜ਼ੀ ਤੋਂ ਬਿਨਾਂ ਦਿੱਤੀ ਜਾ ਸਕਦੀ ਸੀ? ਅੰਬੇਦਕਰ ਸਾਹਿਬ ਨੇ ਇਹ ਮਤਾ ਲਿਆਂਦਾ, ਇਹ ਗੱਲ ਰੱਖੀ ਕਿ ਰਿਜ਼ਰਵੇਸ਼ਨ ਦਿੱਤੀ ਜਾਵੇ, ਜਦ ਤੱਕ

ਜਵਾਹਰ ਲਾਲ ਨਹਿਰੂ ਜੀ ਇਜਾਜ਼ਤ ਨਾ ਦਿੰਦੇ, ਅਗਰ ਕਾਂਗਰਸ ਪਾਰਟੀ ਬੇਈਮਾਨ ਹੁੰਦੀ ਤਾਂ ਇਹ ਨਹੀਂ ਦਿੱਤੀ ਜਾਣੀ ਸੀ। ਅੱਜ ਵੀ ਜੇ ਮੈਂ ਹਾਊਸ ਦੇ ਵਿਚ ਕੋਈ ਮਤਾ ਲਿਆਉਣਾ ਚਾਹਾਂ ਅਤੇ ਕੈਪਟਨ ਸਾਹਿਬ ਉਸ ਤੇ ਸਹਿਮਤ ਨਾ ਹੋਣ ਤਾਂ ਉਹ ਮਤਾ ਆ ਹੀ ਨਹੀਂ ਸਕਦਾ। ਇਸ ਕਰਕੇ ਜੇ ਸੰਵਿਧਾਨ ਦੀ ਆਤਮਾ ਅੰਬੇਦਕਰ ਜੀ ਹਨ ਤਾਂ ਉਸ ਦੀ ਰੂਹ ਜਵਾਹਰ ਲਾਲ ਨਹਿਰੂ ਜੀ ਹਨ। ਰੂਹ ਤੇ ਆਤਮਾ ਇਕੱਠੇ ਹੋ ਕੇ ਸਰੀਰ ਬਣਿਆ। ਜੋ ਵਿਧਾਨ ਰੱਖਿਆ ਗਿਆ, ਉਸ ਵਿਚ ਜੇ ਆਤਮਾ ਅੰਬੇਦਕਰ ਜੀ ਦੀ ਹੈ ਤਾਂ ਰੂਹ ਜਵਾਹਰ ਲਾਲ ਨਹਿਰੂ ਜੀ ਦੀ ਹੈ। ਮੈਂ ਮੰਨਦਾ ਹਾਂ ਕਿ ਜੇ ਕਾਂਗਰਸ ਪਾਰਟੀ ਨੇ ਸ਼ਡਿਊਲਡ ਕਾਸਟਸਜ਼ ਨੂੰ ਰਿਜ਼ਰਵੇਸ਼ਨ ਦਿੱਤੀ ਹੈ ਤਾਂ ਉਹ ਅੰਬੇਦਕਰ ਜੀ ਦੇ ਰਾਹੀਂ ਦਿੱਤੀ ਗਈ ਹੈ। ਇਹ ਕਾਂਗਰਸ ਪਾਰਟੀ ਦੀ ਦੇਣ ਹੈ ਤਾਂ ਹੀ ਮੈਂ ਅਤੇ ਮੇਰੇ ਸਾਹਮਣੇ ਬੈਠੇ ਮੈਂਬਰ (ਵਿਰੋਧੀ ਧਿਰ ਦੇ ਨੇਤਾ, ਸਰਦਾਰ ਹਰਪਾਲ ਸਿੰਘ ਚੀਮਾ ਵੱਲ ਇਸ਼ਾਰਾ ਕਰਦੇ ਹੋਏ) ਅੱਜ ਇਨ੍ਹਾਂ ਸੀਟਾਂ ਤੇ ਬੈਠੇ ਹਨ। ਨਹੀਂ ਤਾਂ ਟੋਭੇ ਤੋਂ ਪਾਣੀ ਤੱਕ ਨਹੀਂ ਪੀਣ ਦਿੱਤਾ ਜਾਂਦਾ ਸੀ। ਇਹ ਕਾਂਗਰਸ ਪਾਰਟੀ ਦੀ ਦੇਣ ਹੈ ਕਿ ਕਾਂਗਰਸ ਪਾਰਟੀ ਨੇ ਸ਼ਡਿਊਲਡ ਕਾਸਟਸਜ਼ ਦੀ ਬਾਂਹ ਫੜੀ ਅਤੇ ਉਨ੍ਹਾਂ ਨੂੰ ਚੁੱਕ ਕੇ ਉੱਪਰ ਲਿਆਂਦਾ। ਅੱਜ ਇਹ ਵੀ (ਵਿਰੋਧੀ ਧਿਰ ਦੇ ਨੇਤਾ, ਸਰਦਾਰ ਹਰਪਾਲ ਸਿੰਘ ਚੀਮਾ ਵੱਲ ਇਸ਼ਾਰਾ ਕਰਦੇ ਹੋਏ) ਆਪੋਜ਼ੀਸ਼ਨ ਪਾਰਟੀ ਦੇ ਲੀਡਰ ਬਣ ਕੇ ਬੈਠੇ ਹਨ, ਅੱਜ ਇਹ ਦੱਸ ਦੇਣ ਕਿ ਕੀ ਇਨ੍ਹਾਂ ਨੂੰ ਬਿਠਾ ਦਿੰਦੇ? ਸਾਨੂੰ ਕਿਸ ਨੇ ਐਮ.ਐਲ.ਏ. ਬਣਾਉਣਾ ਸੀ....(ਵਿਘਨ)... ਇਹ ਮੇਰੇ ਨਾਲ ਬਹਿਸ ਕਰਨਾ ਚਾਹੁੰਦੇ ਹਨ, ਕਰਨ ....(ਵਿਘਨ).... ਲੇਕਿਨ ਸ਼੍ਰੋਮਣੀ ਅਕਾਲੀ ਦਲ ਦੇ ਲੀਡਰ ਬਣ ਕੇ ਨਾ ਕਰਨ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਅਜਿਹੀ ਪਾਰਟੀ ਹੈ, ਜਿਨ੍ਹਾਂ ਨੇ ਅੰਬੇਦਕਰ ਜੀ ਦੀ ਪਿੱਠ ਵਿੱਚ ਲੱਤਾਂ ਮਾਰ ਕੇ ਇਥੋਂ ਕੱਢਿਆ। ਉਨ੍ਹਾਂ ਨੇ ਅੰਬੇਦਕਰ ਜੀ ਨੂੰ ਸਿੱਖ ਨਹੀਂ ਬਣਨ ਦਿੱਤਾ ....

**ਮਾਨਯੋਗ ਸਪੀਕਰ :** ਬੈਠੋ... ਬੈਠੋ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਜੇ ਸ਼੍ਰੋਮਣੀ ਅਕਾਲੀ ਦਲ ਨੇ ਉਨ੍ਹਾਂ ਨੂੰ ਸਿੱਖ ਬਣਨ ਦਿੱਤਾ ਹੁੰਦਾ ਤਾਂ ਅੱਜ ਪੂਰੇ ਹਿੰਦੁਸਤਾਨ ਵਿੱਚ ਸਿੱਖਾਂ ਦੀ ਮੈਜਾਰਟੀ ਹੋਣੀ ਸੀ ....

**ਮਾਨਯੋਗ ਸਪੀਕਰ :** ਬੈਠੋ... ਬੈਠੋ... ਬੈਠੋ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਅੱਜ ਸਿੱਖ ਕੌਮ ਪੂਰੇ ਹਿੰਦੁਸਤਾਨ ਵਿੱਚ ਮੈਜਾਰਟੀ ਵਿੱਚ ਹੋਣੀ ਸੀ, ਜੇਕਰ ਅਕਾਲੀ ਦਲ ਅੰਬੇਦਕਰ ਜੀ ਨੂੰ ਧੱਕੇ ਮਾਰ ਕੇ ਸਿੱਖ ਕੌਮ ਵਿੱਚੋਂ ਨਾ ਕੱਢਦਾ। ਉਹ ਪਹਿਲਾਂ ਸਿੱਖ ਧਰਮ ਅਡਾਪਟ ਕਰਨ ਲੱਗੇ ਸੀ, ਉਹ ਸਿੱਖ ਧਰਮ ਅਪਨਾਉਣਾ ਚਾਹੁੰਦੇ ਸੀ ਲੇਕਿਨ ਇਨ੍ਹਾਂ ਨੇ ਸਿੱਖ ਧਰਮ ਅਡਾਪਟ ਨਹੀਂ ਕਰਨ ਦਿੱਤਾ ਅਤੇ ਉਨ੍ਹਾਂ ਨੂੰ ਜਾ ਕੇ ਬੁੱਧ ਧਰਮ ਅਡਾਪਟ ਕਰਨਾ ਪਿਆ। ਧੰਨਵਾਦ।

**ਮਾਨਯੋਗ ਸਪੀਕਰ :** ਡਾਕਟਰ ਸੁੱਖੀ ਜੀ। ਸੁੱਖੀ ਜੀ ਨੂੰ ਬੋਲਣ ਦਿਓ। ...(ਵਿਘਨ)... ਡਾਕਟਰ ਸੁਖਵਿੰਦਰ ਜੀ।

**ਡਾਕਟਰ ਸੁਖਵਿੰਦਰ ਕੁਮਾਰ :** ਧੰਨਵਾਦ ਸਰ।

**ਮਾਨਯੋਗ ਸਪੀਕਰ :** ਡਾਕਟਰ ਸਾਹਿਬ, ਠੰਡੀ ਗੱਲ ਕਰੋ। ਅੰਬੇਦਕਰ ਜੀ ਤੇ ਕੰਟਰੋਵਰਸੀ ਨਾ ਕਰੋ।

**ਡਾਕਟਰ ਸੁਖਵਿੰਦਰ ਕੁਮਾਰ :** ਸਰ, ਗੱਲ ਕਲੀਅਰ ਤਾਂ ਕਰੀਏ ....(ਸ਼੍ਰੀ ਪਵਨ ਕੁਮਾਰ ਟੀਨੂ ਵੱਲੋਂ ਵਿਘਨ)...

**ਮਾਨਯੋਗ ਸਪੀਕਰ :** ਟਾਈਮ ਮੈਂ ਦਿੱਤਾ ਹੈ। ਟੀਨੂ ਜੀ, ਤੁਸੀਂ ਹਮੇਸ਼ਾ ਜੋਸ਼ ਵਿੱਚ ਰਹਿੰਦੇ ਹੋ। ਮੈਂ ਇਨ੍ਹਾਂ ਨੂੰ ਇਹ ਗੱਲ ਕਹੀ ਹੈ ਕਿ ਅੰਬੇਦਕਰ ਜੀ ਦੇ ਨਾਮ ਤੇ ਕੰਟਰੋਵਰਸੀ ਨਾ ਕਰੋ। ਮੈਂ ਟਾਈਮ ਤੇ ਪਾਬੰਦੀ ਨਹੀਂ ਲਗਾਈ।

**ਡਾਕਟਰ ਸੁਖਵਿੰਦਰ ਕੁਮਾਰ :** ਸਰ, ਮੈਂ....(ਵਿਘਨ)... ਇੱਕ ਮਿੰਟ ਗੱਲ ਤਾਂ ਕਰ ਲੈਣ ਦਿਓ।...(ਵਿਘਨ)..

**ਮਾਨਯੋਗ ਸਪੀਕਰ :** ਬੈਠੋ... ਬੈਠੋ.. ਬੈਠੋ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਇਹ ਜਵਾਬ ਦੇਣ ਕਿ ਕੀ ਅੰਬੇਦਕਰ ਜੀ ਸਿੱਖ ਧਰਮ ਅਡਾਪਟ ਕਰਨ ਆਏ ਸੀ ਕਿ ਨਹੀਂ? ਜੇ ਆਏ ਸੀ ਤਾਂ ਇਨ੍ਹਾਂ ਨੇ ਅਡਾਪਟ ਕਿਉਂ ਨਹੀਂ ਕਰਨ ਦਿੱਤਾ? ਉਸ ਸਮੇਂ ਮਾਸਟਰ ਤਾਰਾ ਸਿੰਘ ਤੇ ਸ਼੍ਰੋਮਣੀ ਅਕਾਲੀ ਦਲ ਸਿੱਖ ਕੌਮ ਤੇ ਕਾਬਜ਼ ਸੀ, ਜਿਸ ਤਰ੍ਹਾਂ ਇਹ ਅੱਜ ਕਾਬਜ਼ ਹਨ। ਉਨ੍ਹਾਂ ਨੇ ਅੰਬੇਦਕਰ ਜੀ ਨੂੰ ਸਿੱਖ ਧਰਮ ਅਡਾਪਟ ਨਹੀਂ ਕਰਨ ਦਿੱਤਾ ....(ਵਿਘਨ).....

**ਮਾਨਯੋਗ ਸਪੀਕਰ :** ਡਾਕਟਰ ਸੁਖਵਿੰਦਰ ਜੀ। ਡਾਕਟਰ ਸੁਖਵਿੰਦਰ ਜੀ ਨੂੰ ਬੋਲ ਲੈਣ ਦਿਓ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਇਹ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਤੋਂ ਅਸਤੀਫਾ ਦੇਣ, ਫਿਰ ਡਾਕਟਰ ਅੰਬੇਦਕਰ ਬਾਰੇ ਗੱਲ ਕਰਨ।

**ਮਾਨਯੋਗ ਸਪੀਕਰ :** ਡਾਕਟਰ ਸੁਖਵਿੰਦਰ ਜੀ ਨੂੰ ਬੋਲ ਲੈਣ ਦਿਓ।

**ਡਾਕਟਰ ਸੁਖਵਿੰਦਰ ਕੁਮਾਰ :** ਥੈਂਕ ਯੂ, ਸਰ। ਸਰ, ਮੈਂ ਇੱਕੋ ਹੀ ਗੱਲ ਕਹਿਣੀ ਹੈ ਕਿ ਜਦੋਂ ਬਾਬਾ ਸਾਹਿਬ ਡਾਕਟਰ ਅੰਬੇਦਕਰ ਨੇ ਡਬਲ ਵੋਟ ਦਾ ਅਧਿਕਾਰ ਮੰਗਿਆ, ਉਨ੍ਹਾਂ ਨੇ ਕਿਹਾ ਕਿ ਜਿਥੇ ਐਸ.ਸੀ. ਕਾਂਸਟੀਚਿਊਂਸੀਜ਼ ਹਨ, ਉਥੇ ਉਨ੍ਹਾਂ ਨੂੰ ਵੋਟ ਪਾਉਣ ਵਾਲੇ ਸਿਰਫ ਤੇ ਸਿਰਫ ਐਸ.ਸੀ. ਹੋਣਗੇ ਔਰ ਉਸ ਦਾ ਵਿਰੋਧ ਕਿਸ ਨੇ ਕੀਤਾ? ਉਸ ਵੇਲੇ ਦੇ ਕਾਂਗਰਸ ਦੇ ਪ੍ਰਧਾਨ ਨੇ ਉਨ੍ਹਾਂ ਦਾ ਵਿਰੋਧ ਕੀਤਾ ਔਰ ਉਥੇ ਮੰਤਵਯ

ਰੱਖਿਆ...(ਵਿਘਨ)... ਇੱਕ ਮਿੰਟ ਜੀ, ਜੇ ਇਹ ਗੱਲ ਸੱਚੀ ਨਹੀਂ ਤਾਂ ਮੰਤਰੀ ਸਾਹਿਬ ਕਹਿ ਦੇਣ ਕਿ ਮੈਂ ਝੂਠ ਬੋਲ ਰਿਹਾ ਹਾਂ। ਜਦੋਂ ਮੰਤਵਯ ਰੱਖਿਆ ਕਿਉਂਕਿ ਬਾਬਾ ਸਾਹਿਬ ਡਾਕਟਰ ਅੰਬੇਦਕਰ ਨੂੰ ਪਤਾ ਸੀ ਕਿ ਇਸ ਤਰ੍ਹਾਂ ਦੇ ਜਿਹੜੇ ** ** ਲੋਕ ਹਨ, ਉਹ ਜਦੋਂ ਅਸੈਂਬਲੀ ਵਿੱਚ ਜਾਣਗੇ, ਉਹ ਸਾਡੇ ਸਮਾਜ ਦੀ ਗੱਲ ਨਹੀਂ ਕਰਨਗੇ। ਉਹ ਬਾਬਾ ਸਾਹਿਬ ਅੰਬੇਦਕਰ ਦੀ ਗੱਲ ਨਹੀਂ ਕਰਨਗੇ ....(ਵਿਘਨ)....

**ਮਾਨਯੋਗ ਸਪੀਕਰ :** ਨੋ... ਨੋ... ਨੋ। ਇਹ ਸ਼ਬਦ ਐਕਸਪੰਜ ਕਰੋ। ਇਸ ਤਰ੍ਹਾਂ ਨਾ ਕਰੋ, ਇਸ ਤਰ੍ਹਾਂ ਨਾ ਕਰੋ। ...(ਵਿਘਨ)... ਤੁਸੀਂ ਗੱਲ ਤਾਂ ਸੁਣੋ। ਪਹਿਲਾਂ ਮੇਰੀ ਗੱਲ ਸੁਣੋ।

**ਡਾਕਟਰ ਸੁਖਵਿੰਦਰ ਕੁਮਾਰ :** ਸਰ, ਇਹ ਜੋ ਮਰਜ਼ੀ ਕਹਿਣ, ਅਸੀਂ ਕਹੀਏ ਤਾਂ .....(ਵਿਘਨ)...

**ਮਾਨਯੋਗ ਸਪੀਕਰ :** ਤੁਹਾਡੇ ਖਿਲਾਫ ਐਸਾ ਸ਼ਬਦ ਤਾਂ ਨਹੀਂ ਵਰਤਿਆ।

**ਡਾਕਟਰ ਸੁਖਵਿੰਦਰ ਕੁਮਾਰ :** ਸਰ, ਮੈਂ ਇਹ ਸ਼ਬਦ ਵਾਪਸ ਲੈਂਦਾ ਹਾਂ।

**ਮਾਨਯੋਗ ਸਪੀਕਰ :** ਇਹ ਐਕਸਪੰਜ ਕਰ ਦਿਓ।

**ਡਾਕਟਰ ਸੁਖਵਿੰਦਰ ਕੁਮਾਰ :** ਮੈਂ ਇਹ ਸ਼ਬਦ ਵਾਪਸ ਲੈਂਦਾ ਹਾਂ। ਸਰ, ਜਦੋਂ ਡਬਲ ਵੋਟ ਦੀ ਗੱਲ ਆਈ ਤਾਂ ਉਨ੍ਹਾਂ ਦੇ ਅਗੇਂਸਟ ਕਿਨ੍ਹਾਂ ਨੇ ਵੋਟ ਕੀਤਾ, ਕਿਸ ਨੇ ਮਰਨ ਵਰਤ ਰੱਖਿਆ? ਕੀ ਉਹ ਕਾਂਗਰਸ ਨਹੀਂ ਸੀ? ਸਿੱਖ ਬਣਨਾ ਜਾਂ ਸਿੱਖ ਨਾ ਬਣਨਾ, ਉਸ ਦਾ ਬਾਬਾ ਸਾਹਿਬ ਦੀ ਸ਼ਖਸੀਅਤ ਨਾਲ ਕੀ ਮਤਲਬ ਹੈ? ਇਹ ਬਾਬਾ ਸਾਹਿਬ ਡਾਕਟਰ ਅੰਬੇਦਕਰ ਨੂੰ ਛੋਟਾ ਕਰ ਰਹੇ ਹਨ। ਜੋ ਬਾਬਾ ਸਾਹਿਬ ਡਾਕਟਰ ਅੰਬੇਦਕਰ ਨੇ ਦਲਿਤਾਂ ਲਈ ਕੀਤਾ, ਅੱਜ ਤੱਕ ਦੂਸਰੀਆਂ ਪਾਰਟੀਆਂ ਨਹੀਂ ਕਰ ਸਕੀਆਂ। ਬਾਬਾ ਸਾਹਿਬ ਡਾਕਟਰ ਅੰਬੇਦਕਰ ਨੂੰ ਪਹਿਲੀ ਵਾਰ ਇਨ੍ਹਾਂ ਨੇ ਉਨ੍ਹਾਂ ਦਾ ਸੈਕ੍ਰੇਟਰੀ ਖੜ੍ਹਾ ਕਰਕੇ ਹਰਾਇਆ ਔਰ ਉਸ ਤੋਂ ਬਾਅਦ ਜਦੋਂ ਉਹ ਦੁਬਾਰਾ ਜਿੱਤ ਕੇ ਆਏ ਤਾਂ ਉਸ ਵੇਲੇ ਕਾਂਗਰਸ ਦੀ ਸਪੋਰਟ ਨਾਲ ਜਿੱਤ ਕੇ ਨਹੀਂ ਆਏ, ਉਹ ਆਪਣੇ ਆਪ ਜਿੱਤ ਕੇ ਆਏ ਸਨ। ਕਾਂਗਰਸ ਨੂੰ ਉਸ ਵੇਲੇ ਉਨ੍ਹਾਂ ਦੀ ਲੋੜ ਸੀ, ਉਸ ਲੋੜ ਕਰਕੇ ਉਨ੍ਹਾਂ ਨੂੰ ਭਾਰਤ ਦਾ ਪਹਿਲਾ ਕਾਨੂੰਨ ਮੰਤਰੀ ਬਣਾਇਆ।

**(ਇੱਕ ਆਵਾਜ਼ :** ਵੈਸਟ ਬੰਗਾਲ ਤੋਂ।)

---

** ** Expunged as ordered by the Chair.

**ਡਾਕਟਰ ਸੁਖਵਿੰਦਰ ਕੁਮਾਰ :** ਸਰ, ਉਸ ਦਾ ਵੀ ਇੱਕ ਕਾਰਨ ਸੀ। ਉਨ੍ਹਾਂ ਨੂੰ ਇਹ ਪਤਾ ਸੀ ਕਿ ਜੇਕਰ ਅਸੀਂ ਉਨ੍ਹਾਂ ਨੂੰ ਵੈਸਟ ਬੰਗਾਲ ਤੋਂ ਜਿਤਾ ਦਿੰਦੇ ਹਾਂ ਤਾਂ ਉਹ ਪਾਰਟ ਅਸੀਂ ਪਾਕਿਸਤਾਨ ਨੂੰ ਦੇ ਦੇਵਾਂਗੇ ਅਤੇ ਬਾਬਾ ਸਾਹਿਬ ਡਾਕਟਰ ਅੰਬੇਦਕਰ ਨੂੰ ਪਾਕਿਸਤਾਨ ਵਿੱਚ ਜਾਣਾ ਪਵੇਗਾ। ਸਰ, ਇਹ ਜਿਹੜੀ ਗੱਲ ਕਰਦੇ ਹਨ .....(ਵਿਘਨ).... ਮੰਤਰੀ ਸਾਹਿਬ ਬੜੇ ਸਤਿਕਾਰਯੋਗ ਹਨ ਜਾਂ ਤਾਂ ਇਨ੍ਹਾਂ ਨੂੰ ਪਤਾ ਨਹੀਂ ਜਾਂ ਇਹ ਪੜ੍ਹ ਕੇ ਆਉਣ। ਸਰ, ਸਵੇਰੇ ਇਹ ਪੜ੍ਹ ਕੇ ਆਉਣ, ਸਾਨੂੰ ਅੱਧਾ ਅੱਧਾ ਘੰਟਾ ਟਾਈਮ ਦੇ ਦਿਓ। ਬਾਬਾ ਸਾਹਿਬ ਅੰਬੇਦਕਰ ਤੇ ਇਹ ਬੋਲਣ। ਇਹ ਕਹਿੰਦੇ ਹਨ ਕਿ ਜਿਹੜੇ ਅਸੀਂ ਅਸੈਂਬਲੀ ਦੇ ਵਿੱਚ ਹਾਂ, ਮੈਂ ਤੁਹਾਨੂੰ ਇੱਕ ਗੱਲ ਦੱਸਦਾ ਹਾਂ ਕਿ ਜਿਹੜੇ ਲੋਕ ਮੈਡੀਕਲ ਫੈਕਲਟੀ ਵਿੱਚ ਸਾਨੂੰ ਹੱਥ ਨਹੀਂ ਲਗਾਉਂਦੇ ਸੀ, ਬਾਬਾ ਸਾਹਿਬ ਡਾਕਟਰ ਅੰਬੇਦਕਰ ਦੀ ਬਦੌਲਤ ਮੈਂ ਅੱਜ ਈ.ਐਨ.ਟੀ. ਸਰਜਨ ਹਾਂ ਔਰ ਜਿਹੜੇ ਲੋਕ ਸਾਨੂੰ ਹੱਥ ਨਹੀਂ ਲਗਾਉਂਦੇ ਸੀ, ਮੈਂ ਅੱਜ ਉਨ੍ਹਾਂ ਦੇ ਮੂੰਹਾਂ ਦੇ ਵਿੱਚ ਉਂਗਲਾਂ ਪਾ ਕੇ ਚੈੱਕ ਕਰਦਾ ਹਾਂ। ਉਹ ਕਿਸ ਦੀ ਬਦੌਲਤ ਹੈ? ਉਹ ਗਾਂਧੀ ਦੀ ਬਦੌਲਤ ਨਹੀਂ, ਉਹ ਬਾਬਾ ਸਾਹਿਬ ਡਾਕਟਰ ਅੰਬੇਦਕਰ ਦੀ ਬਦੌਲਤ ਹੈ।(ਸ਼੍ਰੋਮਣੀ ਅਕਾਲੀ ਦਲ ਵੱਲੋਂ ਥੰਪਿੰਗ)

**ਮਾਨਯੋਗ ਸਪੀਕਰ :** ਬੈਠੋ... ਬੈਠੋ। ....(ਵਿਘਨ).... ਚੰਦੂਮਾਜਰਾ ਜੀ।

**ਡਾਕਟਰ ਸੁਖਵਿੰਦਰ ਕੁਮਾਰ :** ਸਰ, ਇੱਕ ਮਿੰਟ। ਮੈਨੂੰ ਬੋਲਣ ਦਿਓ। ਜੇ ਮੈਂ ਅੱਜ ਐਮ.ਐਲ.ਏ. ਹਾਂ, ਉਹ ਕਾਂਗਰਸ ਦੀ ਬਦੌਲਤ ਨਹੀਂ, ਬਾਬਾ ਸਾਹਿਬ ਡਾਕਟਰ ਅੰਬੇਦਕਰ ਨੇ ਸਾਨੂੰ ਹੱਕ ਲੈ ਕੇ ਦਿੱਤੇ ਹਨ, ਉਸ ਦੀ ਬਦੌਲਤ ਹਾਂ। ਇਨ੍ਹਾਂ ਦੀ ਸਾਡੇ ਤੇ ਕੋਈ ਰਹਿਮਤ ਨਹੀਂ ਹੈ।(ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵਲੋਂ ਥੰਪਿੰਗ)

**ਮਾਨਯੋਗ ਸਪੀਕਰ :** ਸਰਦਾਰ ਕੁਲਤਾਰ ਸਿੰਘ ਜੀ ਨੇ ਕੁਝ ਕਹਿਣਾ ਹੈ? ਹਾਂ ਜੀ, ਸੰਧਵਾਂ ਸਾਹਿਬ ਜੀ, ਤੁਸੀਂ ਕੀ ਕਹਿਣਾ ਹੈ?

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਧੰਨਵਾਦ, ਸਪੀਕਰ ਸਾਹਿਬ। ਮੈਂ ਮੈਂਬਰਜ਼ ਨੂੰ ਬੇਨਤੀ ਕਰਦਾ ਹਾਂ ਕਿ ਮਰਿਆਦਾ ਦਾ ਥੋੜ੍ਹਾ ਜਿਹਾ ਧਿਆਨ ਰੱਖਿਆ ਜਾਵੇ। ਮਾਨਯੋਗ ਸਪੀਕਰ ਸਾਹਿਬ, ਡਾਕਟਰ ਭੀਮ ਰਾਓ ਅੰਬੇਦਕਰ ਜੀ ਬਾਰੇ ਮੈਂ ਤੁਹਾਡੇ ਰਾਹੀਂ ਇਸ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਦੀ ਇਸ ਦੇਸ਼ ਨੂੰ ਇੰਨੀ ਵੱਡੀ ਦੇਣ ਹੈ, ਇਸ ਦੇਸ਼ ਦੇ ਦਲਿਤਾਂ ਨੂੰ ਇੰਨੀ ਵੱਡੀ ਦੇਣ ਹੈ ਕਿ ਆਪਾਂ ਇੱਕ ਦਿਨ ਉਨ੍ਹਾਂ ਦੀ ਕਾਂਟਰੀਬਿਊਸ਼ਨ ਉੱਤੇ ਬਹਿਸ ਰੱਖੀਏ, ਉਸ ਨਾਲ ਸਾਡੇ ਸਮਾਜ ਨੂੰ ਵੀ ਫਾਇਦਾ ਹੋਵੇਗਾ। ਇਹ ਮੈਂ ਤੁਹਾਡੇ ਸਾਹਮਣੇ ਬੇਨਤੀ ਕਰਦਾ ਹਾਂ।

**ਮਾਨਯੋਗ ਸਪੀਕਰ :** ਹਾਂ ਜੀ, ਰੋੜੀ ਸਾਹਿਬ। ਰੋੜੀ ਸਾਹਿਬ, ਤੁਸੀਂ ਪੁਆਇੰਟ ਆਫ ਆਰਡਰ ਲੈਣਾ ਹੈ ਜਾਂ ਮਤੇ ਤੇ ਬੋਲਣਾ ਹੈ?

**ਸਰਦਾਰ ਜੈ ਕ੍ਰਿਸ਼ਨ ਸਿੰਘ :** ਸਪੀਕਰ ਸਾਹਿਬ, ਮੈਂ ਦੋ ਮਿੰਟ ਮਤੇ ਤੇ ਬੋਲਣਾ ਹੈ।

**ਮਾਨਯੋਗ ਸਪੀਕਰ :** ਮਤੇ ਤੇ ਤੁਸੀਂ ਬਾਅਦ ਵਿਚ ਬੋਲ ਲੈਣਾ। ਮੈਂ ਚੰਦੂਮਾਜਰਾ ਜੀ ਨੂੰ ਕਹਿੰਦਾ ਹਾਂ ਕਿ ਦੋ ਮਿੰਟ ਵਿਚ ਕਨਕਲੂਡ ਕਰ ਦਿਉ। ਰੋੜੀ ਜੀ ਨੇ ਬੋਲਣਾ ਹੈ, ਤੁਸੀਂ ਕਨਕਲੂਡ ਕਰ ਦੇਣਾ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਰ, ਬਹਿਸ ਤਾਂ ਵਹਿਮਾਂ-ਭਰਮਾਂ ਉੱਤੇ ਚਲਦੀ ਸੀ ਲੇਕਿਨ ਮਾਨਯੋਗ ਸਿੱਧੂ ਸਾਹਿਬ ਬਹੁਤ ਨਿੱਜੀ ਹੋ ਗਏ। ਪਹਿਲਾਂ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਤੁਸੀਂ ਮੇਰੇ ਪਿਤਾ ਜੀ ਦੀ ਗੱਲ ਕੀਤੀ ਹੈ। ਸਿੱਧੂ ਸਾਹਿਬ, ਉਨ੍ਹਾਂ ਨੇ ਆਪਣੀ ਪੜ੍ਹਾਈ ਵੀ ਜੇਲ੍ਹ ਦੀਆਂ ਸਲਾਖਾਂ ਪਿੱਛੇ ਬੈਠ ਕੇ ਪੂਰੀ ਕੀਤੀ ਸੀ। ਜਦੋਂ ਇਸ ਦੇਸ਼ ਵਿਚ ਉਸ ਸਮੇਂ ਦੀ ਪ੍ਰਧਾਨ ਮੰਤਰੀ ਨੇ ਐਮਰਜੈਂਸੀ ਲਗਾਈ ਸੀ ਤਾਂ ਸਭ ਤੋਂ ਛੋਟੀ ਉਮਰ ਦੇ... ਹੁਣ ਸਿੱਧੂ ਸਾਹਿਬ, ਹੁਣ ਨਾ ਖੜ੍ਹੇ ਹੋਇਉ। ਸਭ ਤੋਂ ਛੋਟੀ ਉਮਰ ਦਾ ਨੌਜਵਾਨ ਤੇ ਹਿੰਦੁਸਤਾਨ ਦੇ ਸਾਰੇ ਲੀਡਰ 19 ਮਹੀਨੇ ਬਾਅਦ ਬਾਹਰ ਆਏ ਸੀ ਪਰ ਸਾਰਿਆਂ ਨਾਲੋਂ ਬਾਅਦ ਵਿੱਚ, 21 ਮਹੀਨੇ ਬਾਅਦ ਉਹ ਜੇਲ੍ਹ ਦੀਆਂ ਸਲਾਖਾਂ ਤੋਂ ਬਾਹਰ ਆਏ ਸੀ। ਤੁਸੀਂ ਮੁਕਾਬਲਾ ਕਰੋਗੇ... ਉਹ ਕੋਈ ਸ਼ਰਾਬ ਵੇਚ ਕੇ ਲੀਡਰ ਨਹੀਂ ਬਣੇ ਸੀ? ਉਨ੍ਹਾਂ ਨੇ ਲੋਕਾਂ ਲਈ ਸੰਘਰਸ਼ ਕਰਦਿਆਂ ਹੋਇਆਂ, ਵਿਦਿਆਰਥੀ ਆਗੂ ਦੇ ਰੂਪ ਵਿਚ,ਸੰਘਰਸ ਕੀਤਾ ਕੁਲਜੀਤ ਸਿੰਘ ਨਾਗਰਾ ਜੀ ਨੂੰ ਵੀ ਪਤਾ ਹੋਣਾ ਹੈ।

**ਪਸ਼ੂ ਪਾਲਣ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ) :** ਸਪੀਕਰ ਸਾਹਿਬ, ਮੈਂ ਕਲੈਰੀਫਿਕੇਸ਼ਨ ਦੇਣੀ ਚਾਹੁੰਦਾ ਹਾਂ, ਇਸ ਦਾ ਜਵਾਬ ਦੇਣਾ ਚਾਹੁੰਦਾ ਹਾਂ...

**ਮਾਨਯੋਗ ਸਪੀਕਰ:** ਸਿੱਧੂ ਸਾਹਿਬ, ਉਨ੍ਹਾਂ ਨੂੰ ਆਪਣੀ ਗੱਲ ਕਹਿ ਲੈਣ ਦਿਉ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਿੱਧੂ ਸਾਹਿਬ, ਬਹਿ ਜਾਉ। ਸਿੱਧੂ ਸਾਹਿਬ, ਬਹਿ ਜਾਉ।

**ਮਾਨਯੋਗ ਸਪੀਕਰ:** ਉਨ੍ਹਾਂ ਨੂੰ ਗੱਲ ਕਰ ਲੈਣ ਦਿਉ।(....ਵਿਘਨ)

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਿੱਧੂ ਸਾਹਿਬ, ਬਹਿ ਜਾਉ। (ਵਿਘਨ) ਸਪੀਕਰ ਸਾਹਿਬ, ਇਹ ਕੀ ਗੱਲ ਹੋਈ ?

**ਪਸ਼ੂ ਪਾਲਣ ਮੰਤਰੀ :** ਇਸ ਦਾ ਮਤਲਬ ਇਹ ਨਹੀਂ ਕਿ ਤੂੰ ਜੋ ਮਰਜ਼ੀ ਕਹਿ ਜਾਵੇ...(ਵਿਘਨ, ਸ਼ੋਰ)

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਮੈਂ ਆਪਣੀ ਗੱਲ ਕੀਤੀ ਹੈ, ਮੈਂ ਤਾਂ ਕਿਸੇ ਉੱਤੇ ਉਂਗਲ ਵੀ ਨਹੀਂ ਕੀਤੀ।

**ਮਾਨਯੋਗ ਸਪੀਕਰ :** ਸਿੱਧੂ ਸਾਹਿਬ, ਦੱਸੋ ਕੀ ਕਹਿਣਾ ਚਾਹੁੰਦੇ ਹੋ? ਸਿੱਧੂ ਸਾਹਿਬ, ਇੱਕ ਮਿੰਟ। ਅੱਜ ਦੀ ਬੈਠਕ ਦੌਰਾਨ ਸ਼੍ਰੀ ਅਮਨ ਅਰੋੜਾ, ਐਮ.ਐਲ.ਏ. ਵੱਲੋਂ ਜੋ ਕੁਝ ਵੀ ਚੇਅਰ ਖਿਲਾਫ ਬੋਲਿਆ ਗਿਆ ਹੈ, ਉਹ ਐਕਸਪੰਜ ਕਰ ਦਿੱਤਾ ਜਾਵੇ।

**ਪਸ਼ੂ ਪਾਲਣ ਮੰਤਰੀ :** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਚੰਦੂਮਾਜਰਾ ਸਾਹਿਬ, ਕਿਹੜੀ ਲੜਾਈ ਲੜ ਕੇ ਜੇਲ੍ਹ ਵਿਚ ਗਏ ਸੀ? ਕੀ ਉਹ ਸੰਨ 1947 ਦੀ ਅਜ਼ਾਦੀ ਦੀ ਲੜਾਈ ਵਾਸਤੇ ਗਏ ਸੀ ਜਾਂ ਉਨ੍ਹਾਂ ਨੇ ਕੋਈ ਹੋਰ ਲੜਾਈ ਲੜੀ ਸੀ ਤਾਂ ਜੇਲ੍ਹ ਵਿੱਚ ਗਏ ਸੀ? ਕਿਸ ਕਰਕੇ ਉਹ ਸਲਾਖਾਂ ਪਿੱਛੇ ਜਾ ਕੇ ਪੜ੍ਹੇ? ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਂ ਕਿਸ ਪਰਿਵਾਰ ਨੂੰ ਬਿਲੌਂਗ ਕਰਦਾ ਹਾਂ। ਮੇਰੇ ਦੋ ਮਾਮੇ ਸਰਦਾਰ ਗੁਰਨਾਮ ਸਿੰਘ ਧਾਲੀਵਾਲ ਅਤੇ ਸਰਦਾਰ ਹਰਚਰਨ ਸਿੰਘ ਧਾਲੀਵਾਲ ਨੇ ਕਾਲੇ ਪਾਣੀ ਦੀ ਜੇਲ੍ਹ ਕੱਟੀ ਔਰ ਮੇਰੇ ਮਦਰ ਦੇ ਚਾਚਾ ਜੀ, ਡਾਕਟਰ ਸਰਵਣ ਸਿੰਘ ਪੈਪਸੂ ਅਕਾਲੀ ਦਲ ਦੇ ਜਨਰਲ ਸੈਕਟਰੀ ਰਹੇ ਸਨ। ਇਹ ਅੱਜ ਗੱਲਾਂ ਕਰਦੇ ਹਨ। ਕੱਲ੍ਹ ਤੱਕ ਇਹ ਨੈਕਸੇਲਾਈਟ ਸੀ, ਲੋਕਾਂ ਨੂੰ ਗੋਲੀਆਂ ਨਾਲ ਮਾਰਦੇ ਰਹੇ ਤਾਂ ਉਹ ਜੇਲ੍ਹ ਵਿਚ ਗਿਆ ਸੀ, ਉਹ ਇਸ ਕਰਕੇ ਜੇਲ੍ਹ ਵਿਚ ਗਿਆ ਸੀ। ਹੋਰ ਸੁਣੋ, ਮੇਰੇ ਪਰਿਵਾਰ ਦੇ ਪਸ਼ੂਆਂ ਦੀਆਂ ਖੁਰਲੀਆਂ ਵਿਚੋਂ ਕਦੇ ਪੈਸੇ ਨਹੀਂ ਨਿਕਲੇ, ਮੇਰੇ ਪਰਿਵਾਰ ਦੇ ਪਿੱਛੇ ਕਦੇ ਪੁਲਿਸ ਨਹੀਂ ਲੱਗੀ ਜਾਂ ਕਿਸੇ ਨੇ ਮੈਨੂੰ ਫੜ ਕੇ ਕਛਹਿਰੇ ਵਿਚ ਚੂਹੇ ਛੱਡੇ ਹੋਣ, ਇਹ ਉਸ ਪਰਿਵਾਰ ਨੂੰ ਬਿਲੌਂਗ ਕਰਨ ਵਾਲਾ ਆਦਮੀ ਹੈ। ਰਿਬੇਰੋ ਵੇਲੇ ਕਿਉਂ ਫੜਿਆ ਗਿਆ, ਰਿਬੇਰੋ ਵੇਲੇ ਜੇਲ੍ਹ ਵਿਚ ਕਿਉਂ ਗਿਆ ਸੀ? (ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਸਿੱਧੂ ਸਾਹਿਬ, ਚੇਅਰ ਨੂੰ ਐਡਰੈੱਸ ਕਰੋ।

**ਪਸ਼ੂ ਪਾਲਣ ਮੰਤਰੀ :** ਸਪੀਕਰ ਸਾਹਿਬ, ਗੱਲ ਇਹ ਹੈ ਕਿ ਚੰਦੂਮਾਜਰਾ ਸਾਹਿਬ ਨੇ ਸ਼ਰਾਬ ਵੇਚਣ ਬਾਰੇ ਕਿਹਾ ਹੈ। ਸ਼ਰਾਬ ਦਾ ਕੀ ਮਤਲਬ ਹੈ, ਕੀ ਅਸੀਂ ਨਜਾਇਜ਼ ਸ਼ਰਾਬ ਵੇਚਦੇ ਹਾਂ? ਸਪੀਕਰ ਸਾਹਿਬ, ਉਸ ਤੇ ਕੁਰੱਪਸ਼ਨ ਦਾ ਕੇਸ ਸੀ, 70-70 ਹਜ਼ਾਰ ਰੁਪਏ ਲੈ ਕੇ ਮੁੰਡੇ ਬੈਂਕ ਵਿਚ ਭਰਤੀ ਕੀਤੇ ਸੀ, ਅੱਜ ਵੀ ਲੋਕ ਇਸ ਗੱਲ ਦੇ ਗਵਾਹ ਹਨ... (ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ)

**ਮਾਨਯੋਗ ਸਪੀਕਰ:** ਬੈਠੋ... ਬੈਠੋ ।

**ਪਸ਼ੂ ਪਾਲਣ ਮੰਤਰੀ :** ਸਪੀਕਰ ਸਾਹਿਬ, ਤੁਹਾਨੂੰ ਤਾਂ ਸਾਰਾ ਕੁਝ ਪਤਾ ਹੈ। ਤੁਸੀਂ ਤਾਂ ਵਕੀਲ ਹੋ, ਤੁਹਾਨੂੰ ਤਾਂ ਸਾਰਾ ਪਤਾ ਹੀ ਹੈ ਕਿ ਰੋਪੜ ਵਿੱਚ ਸੀ.ਆਈ.ਏ. ਸਟਾਫ ਵਿੱਚ ਕੀ ਕੀ ਹੋਇਆ..(ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਸਿੱਧੂ ਸਾਹਿਬ, ਤੁਸੀਂ ਬੈਠੋ... ਬੈਠੋ। ਪਰਸਨਲ ਗੱਲਾਂ ਨਾ ਕਰੋ।

**ਪਸ਼ੂ ਪਾਲਣ ਮੰਤਰੀ :** ਜਿਹੜੀ ਮੈਂ ਐਸ.ਜੀ.ਪੀ.ਸੀ. ਦੀ ਗੱਲ ਕੀਤੀ ਹੈ, ਮੈਂ ਉਸ ਗੱਲ ਉਤੇ ਕਾਇਮ ਹਾਂ ਕਿ ਐਸ.ਜੀ.ਪੀ.ਸੀ. ਉਤੇ ਕਬਜ਼ਾ ਸਿਆਸੀ ਬੰਦਿਆਂ ਦਾ ਹੈ, ਧਾਰਮਿਕ ਬੰਦਿਆਂ ਦਾ ਨਹੀਂ ਹੈ। ਅੱਜ ਸਾਨੂੰ ਉਸ ਤੋਂ ਐਸ.ਜੀ.ਪੀ.ਸੀ. ਨੂੰ ਮੁਕਤ ਕਰਵਾਉਣ ਦੀ ਜ਼ਰੂਰਤ ਹੈ। ਜੋ ਅੱਜ ਅਸੀਂ ਇਲੈਕਸ਼ਨ ਦਾ ਮਤਾ ਲੈ ਕੇ ਆਏ ਹਾਂ, ਸਾਹਮਣੇ ਰੱਖਿਆ ਹੈ, ਉਹ ਸਹੀ ਮਤਾ ਹੈ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਪੀਕਰ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਘੱਟੋ ਘੱਟ ਹੁਣ ਮੈਨੂੰ ਇੰਟਰੱਪਟ ਨਾ ਕਰਿਉ....(ਵਿਘਨ) ਪਹਿਲੀ ਗੱਲ, ਮੈਂ ਤੁਹਾਡੇ ਤੇ ਕੁਮੈਂਟ ਨਹੀਂ ਕੀਤਾ, ਮੈਂ ਆਪਣੀ ਗੱਲ ਦਾ ਜਵਾਬ ਦੇ ਰਿਹਾ ਹਾਂ, ਤੁਸੀਂ ਵਜ਼ੀਰ ਹੋ ਪਰ ਤੁਹਾਡੀ ਸ਼ੈਲੀ ਤੇ ਭਾਸ਼ਾ ਵਜ਼ੀਰਾਂ ਵਾਲੀ ਨਹੀਂ ਹੈ। ਇਹ ਜਿਹੜੇ ਬਾਹਰਲੇ ਵੇਖ ਰਹੇ ਹਨ, ਤੁਹਾਡੇ ਵੱਲ ਦੇਖ ਕੇ ਮੈਂ ਸਮਝਦਾ ਹਾਂ ਕਿ ਪੰਜਾਬ ਦੀ ਤ੍ਰਾਸਦੀ ਹੈ ਕਿ ਤੁਹਾਡੇ ਵਰਗੇ ਵਜ਼ੀਰ ਵੀ ਹਨ...(ਵਿਘਨ, ਸ਼ੋਰ)..

**ਪਸ਼ੂ ਪਾਲਣ ਮੰਤਰੀ:** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ...

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਤੁਸੀਂ ਮੇਰੇ ਬਾਰੇ ਨਿੱਜੀ ਤੌਰ ਤੇ ਗੱਲ ਕੀਤੀ ਹੈ, ਤੁਸੀਂ ਸਵਾਲ ਕੀਤਾ ਸੀ, ਮੈਂ ਤੁਹਾਨੂੰ ਦੱਸਿਆ ਹੈ....(ਵਿਘਨ, ਸ਼ੋਰ) ਸਰ, ਪਲੀਜ਼ ਇਨ੍ਹਾਂ ਨੂੰ (ਪਸ਼ੂ ਪਾਲਣ ਮੰਤਰੀ ਸਰਦਾਰ ਬਲਬੀਰ ਸਿੰਘ ਸਿੱਧੂ) ਬਿਠਾਉ। ਸਰ, ਇਨ੍ਹਾਂ ਨੇ ਗੱਲ ਕੀਤੀ ਸੀ ਕਿ ਕਦੋਂ ਗਏ ਤਾਂ ਮੈਂ ਦੱਸਿਆ ਹੈ ਕਿ ਐਮਰਜੈਂਸੀ ਦੇ ਦਿਨਾਂ ਦੌਰਾਨ ਸਭ ਤੋਂ ਲੰਮੀ ਜੇਲ੍ਹ ਹਿੰਦੁਸਤਾਨ ਦੇ ਵਿਚੋਂ ਉਨ੍ਹਾਂ ਦੀ ਹੈ ਅਤੇ ਉਨ੍ਹਾਂ ਨੇ ਪੜ੍ਹਾਈ ਵੀ ਜੇਲ੍ਹ ਦੀਆਂ ਸਲਾਖਾਂ ਪਿੱਛੇ ਬੈਠ ਕੇ ਪੂਰੀ ਕੀਤੀ ਸੀ। ਜਿਹੜੀ ਇਹ ਰਿਬੇਰੋ ਦੀ ਗੱਲ ਕਰਦੇ ਹਨ, ਜਦੋਂ ਰਿਬੇਰੋ ਝੂਠੇ ਪੁਲਿਸ ਮੁਕਾਬਲੇ ਕਰਦਾ ਸੀ ਤਾਂ ਉਦੋਂ ਇਕ ਅਵਾਜ਼ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਦੀ ਉੱਠੀ ਸੀ, ਸੀ.ਬੀ.ਆਈ.ਨੇ ਇਨਕੁਆਇਰੀ ਕੀਤੀ, ਕੇਂਦਰ ਵਿਚ ਤੁਹਾਡੀ ਸਰਕਾਰ ਸੀ, ਇੱਕ ਵਾਰੀ ਨਹੀਂ, ਦੋ ਵਾਰੀ ਉਨ੍ਹਾਂ ਨੂੰ ਕਲੀਨ ਚਿੱਟ ਦਿੱਤੀ...

**ਮਾਨਯੋਗ ਸਪੀਕਰ:** ਸਦਨ, ਸ਼ੁੱਕਰਵਾਰ, ਮਿਤੀ 15 ਫਰਵਰੀ, 2019 ਦੇ 10.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੁੰਦਾ ਹੈ।

*2.30 ਵਜੇ ਬਾਅਦ ਦੁਪਹਿਰ)

(*ਇਸ ਸਮੇਂ ਸਦਨ ਸ਼ੁੱਕਰਵਾਰ, ਮਿਤੀ 15 ਫਰਵਰੀ, 2019 ਦੇ 10.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੋ ਗਿਆ।)

---

**APPENDIX**

**TO**

**PUNJAB VIDHAN SABHA**

**DEBATES**

*Thursday, the 14th February, 2019*

Vol. VII - No. 3

---

## STARRED QUESTION AND ANSWER

**ਬਹੁਮੰਤਵੀ ਇਨਡੋਰ ਸਟੇਡੀਅਮ, ਲਾਮਿਨੀ ਲਈ ਬਜਟ ਜਾਰੀ ਕਰਨਾ**

***1869. ਸ਼੍ਰੀ ਅਮਿਤ ਵਿੱਜ :** ਕੀ ਖੇਡ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਖੇਲੋ ਇੰਡੀਆ ਸਕੀਮ ਅਧੀਨ ਬਹੁਮੰਤਵੀ ਇਨਡੋਰ ਸਟੇਡੀਅਮ, ਲਾਮਿਨੀ ਪਠਾਨਕੋਟ ਲਈ ਲਗਭਗ 10 ਕਰੋੜ ਰੁਪਏ ਦਾ ਬਜਟ ਕਦੋਂ ਤੱਕ ਜਾਰੀ ਕੀਤਾ ਜਾਵੇਗਾ?

**ਰਾਣਾ ਗੁਰਮੀਤ ਸਿੰਘ ਸੋਢੀ :** ਸ਼੍ਰੀਮਾਨ ਜੀ, ਬਹੁਮੰਤਵੀ ਇਨਡੋਰ ਸਟੇਡੀਅਮ, ਲਾਮਿਨੀ, ਪਠਾਨਕੋਟ ਦੀ ਤਜਵੀਜ਼ ਪ੍ਰਾਪਤ ਹੋਈ ਹੈ ਜੋ ਵਿਚਾਰ ਅਧੀਨ ਹੈ। ਤਜਵੀਜ਼ ਯੋਗ ਪਾਉਣ ਉਪਰੰਤ ਭਾਰਤ ਸਰਕਾਰ ਨੂੰ ਸਿਫਾਰਸ਼ ਸਮੇਤ ਭੇਜ ਦਿੱਤੀ ਜਾਵੇਗੀ ਅਤੇ ਜਦੋਂ ਭਾਰਤ ਸਰਕਾਰ ਤੋਂ ਫੰਡਜ਼ ਇਸ ਪ੍ਰੋਜੈਕਟ ਲਈ ਪ੍ਰਾਪਤ ਹੋਣਗੇ ਤਾਂ ਜਾਰੀ ਕਰ ਦਿੱਤੇ ਜਾਣਗੇ।

---

© 2019

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਟਾਈਪਸੈਟ ਕਰਵਾਕੇ ਛਾਪੀ ਗਈ।

PGP, Mohali / 9985 / 06-2019 (4)